# GS CPA, INC.

ਤੁਹਾਡੀਆਂ ਸਭ ਅਕਾਊਂਟਿੰਗ ਤੇ ਟੈਕਸ ਲੋੜਾਂ ਲਈ



Gurpreet Singh, CPA, MBA
*Certified Public Accountant*
5450 Lafayette Road, Suite#3,
Indianapolis, IN 46254
**Ph:317-248-4802**
Fax: 317-800-7947
e-mail: info@gscpainc.com Website: www.gscpainc.com

10 ਸਾਲਾਂ ਤੋਂ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ



**AMANTEL.COM**
$25 'ਚ 2600 ਮਿੰਟ (43.5 ਘੰਟੇ)
ਘਰ ਦੇ ਫੋਨ ਅਤੇ ਸੈਲ ਫੋਨ ਲਈ ਇਕੋ ਰੇਟ
*24/7 Customer Service*
ਟੌਲ ਫਰੀ ਨੰਬਰ 'ਤੇ ਕਾਲ ਕਰੋ
ਜਿੰਨੀ ਦੇਰ ਗੱਲਾਂ ਕਰੋਗੇ ਉਨੇ ਹੀ ਮਿੰਟ ਕੱਟੇ ਜਾਣਗੇ
1-888-652-6268,732-983-4332/4333

**Jaspal Randhawa**
Office: 734-459-4700 x 1593
Cell: 734-325-0883
JR@SoldBuyJR.com
www.SoldBuyJR.com



ਘਰ ਖਰੀਦਣ ਜਾਂ ਵੇਚਣ ਲਈ ਸੰਪਰਕ ਕਰੋ
ਜਸਪਾਲ ਰੰਧਾਵਾ
734-325-0883
KELLER WILLIAMS
40600 Ann Arbor Rd., Ste. 100,
Plymouth, MI 48170



Fourteenth Year of Publication
ਮਿਡਵੈਸਟ ਐਡੀਸ਼ਨ Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 14, Issue 33, August 17th, 2013 20451 N Plum Grove Rd. Palatine, IL 60074 Ph:847-359-0746, Fax:847-705-9388


## ਕਾਂਗਰਸੀਆਂ ਦਾ ਹਮਲਾਵਰ ਰੁਖ; ਅਕਾਲੀ ਹੱਕੇ-ਬੱਕੇ

### ਹਰ ਫਰੰਟ 'ਤੇ ਮੁਹਿੰਮ ਛੇੜੀ

### ਹੋਰ ਸਿਆਸੀ ਧਿਰਾਂ ਨਾਲ ਮਸ਼ਵਰੇ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਅਕਾਲੀਆਂ ਦੀ ਚੋਣ ਰਣਨੀਤੀ ਅੱਗੇ ਲਗਾਤਾਰ ਚਿੱਤ ਹੋਣ ਮਗਰੋਂ ਪੰਜਾਬ ਕਾਂਗਰਸ ਨੇ ਹੁਣ ਹਮਲਾਵਰ ਰੁਖ ਅਪਨਾਇਆ ਹੈ। ਆਉਂਦੀਆਂ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਕਾਂਗਰਸ ਵੱਲੋਂ ਜਿੱਥੇ ਬਾਦਲਾਂ ਦੇ ਸ਼ਰੀਕ ਮਨਪ੍ਰੀਤ ਸਿੰਘ ਬਾਦਲ ਦੀ ਪੀਪਲਜ਼ ਪਾਰਟੀ ਆਫ ਪੰਜਾਬ ਸਣੇ ਹੋਰ ਧੜਿਆਂ ਨਾਲ ਚੋਣ ਸਮਝੌਤੇ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਉਥੇ ਲੋਕਾਂ ਦੀ ਕਚਹਿਰੀ ਵਿਚ ਸੱਤਾਧਾਰੀ ਅਕਾਲੀ-ਭਾਜਪਾ ਮੰਤਰੀਆਂ ਨੂੰ ਘੇਰਿਆ ਜਾ ਰਿਹਾ ਹੈ।

ਜ਼ਿਕਰਯੋਗ ਹੈ ਕਿ ਆਪਸੀ ਖਹਿਬਾਜ਼ੀ ਅਤੇ ਪਾਏਦਾਰ ਰਣਨੀਤੀ ਦੀ ਘਾਟ ਕਰ ਕੇ ਕਾਂਗਰਸ ਨੂੰ ਲਗਾਤਾਰ ਹਾਰਾਂ ਦਾ ਸਾਹਮਣਾ ਕਰਨਾ ਪਿਆ ਹੈ। ਹਾਈ ਕਮਾਂਡ ਨੇ ਪਾਰਟੀ ਅੰਦਰਲੇ ਕਲੇਸ਼ ਨੂੰ ਸ਼ਾਂਤ ਕਰਨ ਲਈ ਕੈਪਟਨ ਅਮਰਿੰਦਰ ਸਿੰਘ ਦੀ ਥਾਂ ਸ. ਪ੍ਰਤਾਪ ਸਿੰਘ ਬਾਜਵਾ ਨੂੰ ਕਮਾਨ ਸੌਂਪੀ ਸੀ ਪਰ ਉਹ ਵੀ ਹੁਣ ਤੱਕ ਕੋਈ ਤਸੱਲੀਬਖਸ਼ ਕਾਰਗੁਜ਼ਾਰੀ ਨਹੀਂ ਦਿਖਾ ਸਕੇ। ਹਾਈ ਕਮਾਨ ਦੀਆਂ ਝਿੜਕਾਂ ਤੋਂ ਬਾਅਦ ਹੁਣ ਸ. ਬਾਜਵਾ ਵੱਲੋਂ ਸੂਬੇ ਵਿਚ ਜਨ ਸੰਪਰਕ ਮੁਹਿੰਮ ਵਿੱਢੀ ਗਈ ਹੈ ਜਿਸ ਦੌਰਾਨ ਕਾਂਗਰਸੀ ਵਰਕਰਾਂ ਤੇ ਆਗੂਆਂ ਨੂੰ ਸਰਕਾਰ ਖਿਲਾਫ ਡਟਣ ਦੀ ਹੱਲਾਸ਼ੇਰੀ ਦਿੱਤੀ ਜਾ ਰਹੀ ਹੈ। ਕਾਂਗਰਸ ਨੇ ਹੁਣ ਅਕਾਲੀ-ਭਾਜਪਾ ਸਰਕਾਰ ਨੂੰ ਹਰ ਫਰੰਟ 'ਤੇ ਘੇਰਨ ਦੀ ਵਿਉਂਤ ਬਣਾਈ ਹੈ। ਇਸੇ ਰਣਨੀਤੀ





ਤਹਿਤ ਪਿਛਲੇ ਦਿਨੀਂ ਕਾਂਗਰਸੀ ਵਿਧਾਇਕ ਅਮਰਿੰਦਰ ਸਿੰਘ ਰਾਜਾ ਵੜਿੰਗ ਵੱਲੋਂ ਸੰਗਤ ਦਰਸ਼ਨ ਦੌਰਾਨ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨਾਲ ਆਡਾ ਲਾਇਆ ਗਿਆ। ਇਸ ਘਟਨਾ ਮਗਰੋਂ ਮੀਡੀਆ ਵਿਚ ਵੀ ਇਸ ਗੱਲ ਦੀ ਚਰਚਾ ਹੋਈ ਹੈ ਕਿ ਸੰਗਤ ਦਰਸ਼ਨਾਂ ਦੌਰਾਨ ਹਲਕੇ ਦੇ ਨੁਮਾਇੰਦੇ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਜ਼ਿਕਰਯੋਗ ਹੈ ਕਿ ਹੁਣ ਤੱਕ ਸਰਕਾਰੀ ਸਮਾਗਮਾਂ ਵਿਚ ਵਿਰੋਧੀ ਧਿਰ ਦੇ ਵਿਧਾਇਕਾਂ ਨੂੰ ਬੁਲਾਇਆ ਹੀ ਨਹੀਂ ਜਾਂਦਾ ਰਿਹਾ, ਜਦੋਂਕਿ ਹਲਕੇ ਦੇ ਲੋਕਾਂ ਨੇ ਉਨ੍ਹਾਂ ਨੂੰ ਆਪਣਾ ਨੁਮਾਇੰਦਾ ਚੁਣਿਆ ਹੈ।

ਉਧਰ, ਪੰਜਾਬ ਕਾਂਗਰਸ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਵੱਲੋਂ ਹੋਰ ਵਿਧਾਇਕਾਂ ਨੂੰ ਵੀ ਅਜਿਹਾ ਕਰਨ ਦੀ ਹੱਲਾਸ਼ੇਰੀ ਦਿੱਤੀ ਜਾ ਰਹੀ ਹੈ ਜਿਸ ਨਾਲ ਦੋਵਾਂ ਸਿਆਸੀ ਪਾਰਟੀਆਂ ਵਿਚ ਟਕਰਾਅ ਵਧਣ ਦੇ ਆਸਾਰ ਬਣ ਗਏ ਹਨ। ਸ. ਬਾਜਵਾ ਆਪਣੀ ਜਨ ਸੰਪਰਕ ਮੁਹਿੰਮ ਦੌਰਾਨ ਦੋਵਾਂ ਬਾਦਲਾਂ ਨੂੰ ਨਿਸ਼ਾਨਾ ਬਣਾਉਂਦਿਆਂ ਉਨ੍ਹਾਂ ਨੂੰ ਸ਼ਰੇਆਮ ਵੰਗਰ ਰਹੇ ਹਨ। ਸ. ਬਾਜਵਾ ਦਾ ਕਹਿਣਾ ਹੈ ਕਿ ਅਕਾਲੀ ਦਲ-ਭਾਜਪਾ ਸਰਕਾਰ ਦੀਆਂ ਲੋਕਮਾਰੂ ਤੇ ਬਦਲਾ-ਲਊ ਨੀਤੀਆਂ ਦਾ ਮੁਕਾਬਲਾ ਹਮਲਾਵਰ ਢੰਗ ਨਾਲ ਹੀ ਕੀਤਾ ਜਾ ਸਕਦਾ ਹੈ।

ਉਧਰ, ਯੂਥ ਕਾਂਗਰਸ ਪੰਜਾਬ ਦੇ ਪ੍ਰਧਾਨ ਵਿਕਰਮਜੀਤ ਸਿੰਘ ਚੌਧਰੀ ਨੇ ਵੀ ਯੂਥ ਅਕਾਲੀ ਦਲ ਦੇ ਪ੍ਰਧਾਨ ਬਿਕਰਮ ਸਿੰਘ ਮਜੀਠੀਆ ਵਿਰੁਧ ਮੋਰਚਾ ਖੋਲ੍ਹਦਿਆਂ ਦੋਸ਼ ਲਾਇਆ ਹੈ ਕਿ ਯੂਥ ਅਕਾਲੀ ਦਲ ਨੇ ਦੇਸ਼ ਤੇ ਪੰਜਾਬ ਦੇ ਹਿੱਤਾਂ ਦੇ ਹੱਕ ਵਿਚ ਆਵਾਜ਼ ਉਠਾਉਣ ਦੀ ਥਾਂ


*(ਬਾਕੀ ਸਫਾ 6 'ਤੇ)*


## ਠਾਕੁਰ ਉਦੈ ਸਿੰਘ ਉਤੇ ਹਮਲੇ ਨੇ ਨਵੀਂ ਚਰਚਾ ਛੇੜੀ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਨਾਮਧਾਰੀ ਸੰਪਰਦਾ ਦੇ ਮੌਜੂਦਾ ਗੱਦੀਨਸ਼ੀਨ ਠਾਕੁਰ ਉਦੈ ਸਿੰਘ 'ਤੇ ਇੰਗਲੈਂਡ ਵਿਚ ਇਕ ਧਾਰਮਿਕ ਸਮਾਗਮ ਦੌਰਾਨ ਹੋਏ ਹਮਲੇ ਬਾਰੇ ਭੇਤ ਬਰਕਰਾਰ ਹੈ। ਮੀਡੀਆ ਰਿਪੋਰਟਾਂ ਅਨੁਸਾਰ ਹਮਲਾ ਕਰਨ ਵਾਲੇ 40 ਸਾਲਾ ਨੌਜਵਾਨ ਦੀ ਪਛਾਣ ਨਾਮਧਾਰੀ ਸ਼ਰਧਾਲੂ ਵਜੋਂ ਹੀ ਹੋਈ ਹੈ। ਜ਼ਿਕਰਯੋਗ ਹੈ ਕਿ ਨਾਮਧਾਰੀ ਸੰਪਰਦਾ ਦੇ ਦੋ ਧੜਿਆਂ ਵਿਚਾਲੇ ਗੱਦੀ ਨੂੰ ਲੈ ਕੇ ਵਿਵਾਦ ਵੀ ਛਿੜਿਆ ਹੋਇਆ ਹੈ ਪਰ ਇਸ ਹਮਲੇ ਪਿੱਛੇ ਗਰਮ-ਖਿਆਲੀਆਂ ਦਾ ਹੱਥ ਹੋਣ ਬਾਰੇ ਵੀ ਸ਼ੱਕ ਕੀਤਾ ਜਾ ਰਿਹਾ ਹੈ। ਕੁਝ ਮਾਹਿਰ ਇਸ ਹਮਲੇ ਨੂੰ ਕੁਝ ਸਮਾਂ ਪਹਿਲਾਂ ਆਸਟਰੀਆ ਵਿਚ ਡੇਰਾ ਬੱਲਾਂ ਦੇ ਸੰਤ ਰਾਮਾਨੰਦ ਉਤੇ ਹੋਏ ਹਮਲੇ ਦੀ ਲੋਅ ਵਿਚ ਵੀ ਦੇਖ ਰਹੇ ਹਨ। ਇਨ੍ਹਾਂ ਮਾਹਿਰਾਂ ਮੁਤਾਬਕ ਵਿਦੇਸ਼ਾਂ ਵਿਚ ਬੈਠੇ ਕੁਝ ਲੋਕ ਇੰਨਾ ਜ਼ਹਿਰੀਲਾ ਪ੍ਰਚਾਰ ਕਰ ਰਹੇ ਹਨ ਕਿ ਨੌਜਵਾਨ ਭੜਕ ਕੇ ਅਜਿਹੀਆਂ ਕਾਰਵਾਈਆਂ ਕਰ ਰਹੇ ਹਨ।





ਠਾਕੁਰ ਉਦੈ ਸਿੰਘ ਲੈਸਟਰ ਵਿਚ ਸਵੇਰ ਸਮੇਂ ਆਸਾ ਦੀ ਵਾਰ ਦਾ ਕੀਰਤਨ ਕਰ ਰਹੇ ਸਨ ਜਦੋਂ ਸੰਗਤ ਵਿਚੋਂ ਕੰਬਲ ਦੀ ਬੁੱਕਲ ਮਾਰੀ ਬੈਠੇ ਇਕ ਬੰਦੇ ਨੇ ਉਨ੍ਹਾਂ ਉਪਰ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰ ਦਿੱਤਾ। ਹਮਲਾਵਰ ਆਰਾਮ ਨਾਲ ਸੰਗਤ ਵਿਚੋਂ ਸ਼ਰਧਾਲੂ ਵਾਂਗ ਉਠਿਆ ਤੇ ਠਾਕੁਰ ਉਦੈ ਸਿੰਘ ਦੇ ਨੇੜੇ ਪੁੱਜਦਿਆਂ ਹੀ ਉਸ ਨੇ ਬੁੱਕਲ ਵਿਚੋਂ ਤੇਜ਼ਧਾਰ ਹਥਿਆਰ ਕੱਢ ਕੇ ਹਮਲਾ ਕਰ ਦਿੱਤਾ। ਹਮਲੇ ਵਿਚ ਉਨ੍ਹਾਂ ਦੇ ਸਿਰ, ਬਾਂਹ ਤੇ ਨੱਕ ਉਤੇ ਸੱਟਾਂ ਲੱਗੀਆਂ। ਇਸ ਦੌਰਾਨ ਕੁਝ ਸ਼ਰਧਾਲੂ ਵੀ ਜ਼ਖਮੀ ਹੋ ਗਏ। ਹਮਲੇ ਵੇਲੇ ਸਵਰਗੀ ਸਤਿਗੁਰੂ ਜਗਜੀਤ ਸਿੰਘ ਦੀ ਪਤਨੀ ਮਾਤਾ ਚੰਦ ਕੌਰ, ਸੰਤ ਬਲਦੇਵ ਸਿੰਘ, ਜੈ ਸਿੰਘ ਤੇ ਨਾਮਧਾਰੀ ਸੰਪਰਦਾ ਦੇ ਹੋਰ ਮੁੱਖ ਆਗੂ ਵੀ ਉਥੇ ਮੌਜੂਦ ਸਨ। ਹਮਲਾ ਹੋਣ ਤੋਂ ਤੁਰੰਤ ਬਾਅਦ ਠਾਕੁਰ ਉਦੈ ਸਿੰਘ ਨੇ ਨਾਮਧਾਰੀ ਸਵਰਨ ਸਿੰਘ ਲੈਸਟਰ ਦੇ ਘਰੋਂ ਆਪਣੀ ਰਿਹਾਇਸ਼ ਬਦਲ ਲਈ ਹੈ। ਸ਼ੱਕੀ ਹਮਲਾਵਰ ਹਰਜੀਤ ਸਿੰਘ ਤੂਰ (40) ਸਵਰਨ ਸਿੰਘ ਦਾ ਭਤੀਜਾ ਹੀ ਦੱਸਿਆ ਜਾ ਰਿਹਾ ਹੈ। ਸਵਰਨ ਸਿੰਘ ਠਾਕੁਰ ਉਦੈ ਸਿੰਘ ਦਾ ਵਿਸ਼ਵਾਸਪਾਤਰ ਹੈ ਤੇ ਹਮਲੇ ਵਾਲੇ ਸਥਾਨ ਨਾਮਧਾਰੀ ਗੁਰਦੁਆਰਾ ਸਾਹਿਬ ਲੈਸਟਰ ਦੀ ਪ੍ਰਬੰਧਕ ਕਮੇਟੀ ਦਾ ਚੇਅਰਮੈਨ ਹੈ। ਪਤਾ ਲੱਗਿਆ ਹੈ ਕਿ ਸਵਰਨ ਸਿੰਘ ਨੇ ਠਾਕੁਰ ਉਦੈ ਸਿੰਘ ਨੂੰ ਰਹਿਣ ਲਈ ਆਪਣਾ ਘਰ ਦੇਣ ਦੇ ਨਾਲ ਆਪਣੀ ਰਾਇਲ ਰੋਇਸ ਕਾਰ ਵੀ ਦਿੱਤੀ ਹੋਈ ਹੈ।

ਠਾਕੁਰ ਉਦੈ ਸਿੰਘ ਅਤੇ ਉਨ੍ਹਾਂ ਨਾਲ ਗਏ ਡੇਰੇ ਦੇ ਸੇਵਕਾਂ ਨੇ ਇੰਗਲੈਂਡ ਤੋਂ ਬਾਅਦ ਰੂਸ ਤੇ ਕੁਝ ਹੋਰ ਮੁਲਕਾਂ ਦੀ ਧਾਰਮਿਕ ਯਾਤਰਾ 'ਤੇ ਵੀ ਜਾਣਾ ਸੀ। ਇਸ ਗੱਲ ਦੀ ਵੀ ਚਰਚਾ ਹੈ ਕਿ ਪੁਲਿਸ ਹਿਰਾਸਤ ਵਿਚ ਲਏ ਗਏ 40 ਸਾਲਾ


*(ਬਾਕੀ ਸਫਾ 6 'ਤੇ)*



**Dhade & Associates, PC**
Immigration Lawyers
**WE FIGHT FOR YOUR RIGHTS!**
ਤੁਹਾਡਾ ਆਪਣਾ ਪੰਜਾਬੀ ਇਮੀਗਰੇਸ਼ਨ ਵਕੀਲ
*ਪ੍ਰੋਫੈਸ਼ਨਲ ਵੀਜ਼ੇ (ਡਾਕਟਰ, ਇੰਜੀਨੀਅਰ ਆਦਿ)
*ਗਰੀਨ ਕਾਰਡ *ਸਿਟੀਜ਼ਨਸ਼ਿਪ *ਅਡਜਸਟਮੈਂਟ ਆਫ ਸਟੇਟਸ
*ਡੀਪੋਰਟੇਸ਼ਨ *ਰਿਫਿਊਜ਼ੀ ਕੇਸ *ਅਸੀਂ ਤੁਹਾਡੀਆਂ ਅਮਰੀਕਾ ਅਤੇ ਕੈਨੇਡਾ ਵਿਚ ਸਭੇ ਇਮੀਗਰੇਸ਼ਨ ਲੋੜਾਂ ਪੂਰੀਆਂ ਕਰ ਸਕਦੇ ਹਾਂ
*ਅਸੀਂ ਕੈਨੇਡਾ ਦੀ ਇਮੀਗਰੇਸ਼ਨ 6 ਤੋਂ 12 ਮਹੀਨੇ 'ਚ ਕਰ ਸਕਦੇ ਹਾਂ



**Ph:248-254-3441**
Herman Singh Dhade
Immigration Lawyer
Fax:(248) 254-3443 www.eagle.pro, Email: herman@eagle.pro
7071 Orchard Lake Rd, Suite 320, W. Bloomfield, MI 48322

**World Wide Travel**
www.fly2world.com
ਚੰਡੀਗੜ੍ਹ $1025*
ਦਿੱਲੀ $825*
ਅੰਮ੍ਰਿਤਸਰ $995*
DETROIT 734 838 9998
CHICAGO 312 224 8800
*ਰੇਟ ਸ਼ਿਕਾਗੋ ਤੋਂ ਰਾਊਂਡ ਟ੍ਰਿਪ ਅਤੇ ਟੈਕਸ ਸਮੇਤ ਹਨ। ਸਫਰ ਦਾ ਸਮਾਂ 10 ਜਨਵਰੀ ਤੋਂ 10 ਮਾਰਚ 2014 ਦਾ ਹੈ
*ਰੇਟ ਬਿਨਾ ਨੋਟਿਸ ਦਿਤੇ ਵਾਪਸ ਲਏ ਜਾ ਸਕਦੇ ਹਨ। ਹੋਰ ਕਈ ਸ਼ਰਤਾਂ ਵੀ ਲਾਗੂ ਹੁੰਦੀਆਂ ਹਨ। ਹੋਰ ਜਾਣਕਾਰੀ ਲਈ ਉਪਰ ਦਿੱਤੇ ਫੋਨ ਨੰਬਰਾਂ 'ਤੇ ਕਾਲ ਕਰੋ।

# ਗੁੰਬਦ ਗੁਰੂ ਘਰ ਦੀ ਇਮਾਰਤ ਦੀ ਸ਼ੋਭਾ ਕਈ ਗੁਣਾ ਵਧਾਉਂਦੇ ਹਨ




ਗੁਰਦੁਆਰਾ ਓਕ ਕਰੀਕ, ਮਿਲਵਾਕੀ

**ਆਪਣੇ ਗੁਰਦੁਆਰਾ ਸਾਹਿਬ 'ਤੇ ਗੁੰਬਦ ਲਾਉਣ ਦੀ ਸੇਵਾ ਸਾਨੂੰ ਬਖਸ਼ ਕੇ ਵਡਭਾਗੀ ਬਣਾਓ ਜੀ।**

ਅਮਰੀਕਾ ਵਿਚ ਅਸੀਂ ਕਾਲੋਰਾਡੋ ਦੇ ਗੁਰਦੁਆਰਾ ਸਾਹਿਬ ਅਤੇ ਮਿਲਵਾਕੀ ਦੇ ਗੁਰਦੁਆਰਾ ਓਕ ਕਰੀਕ ਦੇ ਗੁੰਬਦਾਂ ਦੀ ਸੇਵਾ ਕਰ ਚੁਕੇ ਹਾਂ ਅਤੇ ਇਸ ਵੇਲੇ ਮਿਸ਼ਵਾਕਾ, ਇੰਡੀਆਨਾ ਦੇ ਗੁਰਦੁਆਰਾ ਸਾਹਿਬ ਵਿਖੇ ਗੁੰਬਦ ਲਾਉਣ ਦੀ ਸੇਵਾ ਕਰ ਰਹੇ ਹਾਂ।
ਅਸੀਂ ਕੈਨੇਡਾ, ਇੰਗਲੈਂਡ, ਆਸਟ੍ਰੇਲੀਆ, ਨਿਊਜ਼ੀਲੈਂਡ, ਨਾਰਵੇ, ਇਟਲੀ ਅਤੇ ਮਲੇਸ਼ੀਆ ਵਿਚ ਵੀ ਇਹ ਸੇਵਾ ਨਿਭਾ ਚੁਕੇ ਹਾਂ।




*ਹੋਰ ਜਾਣਕਾਰੀ ਲਈ ਸੰਪਰਕ ਕਰੋ*

ਕਿਰਨਜੀਤ ਸਿੰਘ ਬਾਵਾ, ਫੋਨ: (574) 320-3242 ਜਾਂ ਲਖਵੀਰ ਸਿੰਘ, ਫੋਨ: (414) 877-3305

# Gurudwara Sikh Sangat - Euless
# Dallas - Fort Worth, Texas



ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਹਿਬ ਜੀ ਦੀ ਛਤਰ ਛਾਇਆ ਹੇਠ ਮਹਾਨ ਤਪਸਵੀ ਧੰਨ ਬਾਬਾ ਨੰਦ ਸਿੰਘ ਜੀ (ਨਾਨਕਸਰ ਕਲੇਰਾ ਵਾਲੇ) ਅਤੇ ਧੰਨ ਬਾਬਾ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲੇ ਅਤੇ ਮਹਾਪੁਰਖ ਨਾਭ ਕੰਵਲ ਰਾਜਾ ਸਾਹਿਬ ਜੀ ਦੀ ਮਿਠੀ ਯਾਦ ਬੜੀ ਸ਼ਰਧਾ ਭਾਵਨਾ ਨਾਲ ਮਨਾਈ ਜਾ ਰਹੀ ਹੈ। ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕੇ ਹੁੰਮ ਹੁਮਾ ਕੇ ਦਰਸ਼ਨ ਦਿਉ ਜੀ।



*Programme Details:*

**Friday August 23, 2013**
Begins Akhand Path Shaib Ji
at 10:30 AM

**Sunday August 25, 2013**
Bhog Akhand Path Shaib Ji
at 10:30 AM
**Kirtan** 11:00 - 1:00 PM



Bhai Harjeet Singh Khalsa



Bhai Pritam Singh Ji

1400 West Euless Blvd. Euless, Texas 76040

Gurudwara Sahib : (817) 267 - 7664

Gurcharan Singh Bagli : (817) 366-1669

# ਰੰਜਨ ਸੋਢੀ ਨੂੰ ਰਾਜੀਵ ਗਾਂਧੀ ਖੇਲ ਰਤਨ, ਐਲਾਨ ਹੁੰਦੇ ਸਾਰ ਵਿਵਾਦ ਸ਼ੁਰੂ

**ਨਵੀਂ ਦਿੱਲੀ:** ਵਿਸ਼ਵ ਕੱਪ ਵਿਚ ਲਗਾਤਾਰ 2 ਵਾਰ ਸੋਨ ਤਗਮਾ ਜਿੱਤਣ ਵਾਲੇ ਪਹਿਲੇ ਭਾਰਤੀ ਟਰੈਪ ਨਿਸ਼ਾਨੇਬਾਜ਼ ਪੰਜਾਬ ਦੇ ਰੰਜਨ ਸੋਢੀ ਦੇ ਨਾਂ ਦੀ ਸਿਫਾਰਸ਼ ਵੱਕਾਰੀ ਰਾਜੀਵ ਗਾਂਧੀ ਖੇਲ ਰਤਨ ਪੁਰਸਕਾਰ ਲਈ ਕੀਤੀ ਗਈ ਹੈ। ਚੋਣ ਕਮੇਟੀ ਨੇ ਕ੍ਰਿਕਟਰ ਵਿਰਾਟ ਕੋਹਲੀ ਨੂੰ ਉਨ੍ਹਾਂ 14 ਖਿਡਾਰੀਆਂ ਵਿਚ ਸ਼ਾਮਲ ਕੀਤਾ ਹੈ ਜਿਨ੍ਹਾਂ ਨੂੰ ਅਰਜੁਨ ਪੁਰਸਕਾਰ ਦਿਤਾ ਜਾਵੇਗਾ। ਹਾਲ ਹੀ ਵਿਚ ਵਿਸ਼ਵ ਬੈਡਮਿੰਟਨ ਚੈਂਪੀਅਨਸ਼ਿਪ ਵਿਚ ਕਾਂਸੀ ਦਾ ਤਗਮਾ ਜੇਤੂ ਪੀ.ਵੀ. ਸਿੰਧੂ ਨੂੰ ਵੀ ਅਰਜੁਨ ਪੁਰਸਕਾਰ ਲਈ ਚੁਣਿਆ ਗਿਆ ਹੈ। ਇਨ੍ਹਾਂ ਤੋਂ ਬਿਨਾ ਰਾਸ਼ਟਰਮੰਡਲ ਖੇਡਾਂ 2010 ਵਿਚ ਕੌਮੀ ਰਿਕਾਰਡ ਦੇ ਨਾਲ ਕਾਂਸੀ ਦਾ ਤਗਮਾ ਜਿੱਤਣ ਵਾਲੇ ਤੀਹਰੀ ਛਾਲ ਦੇ ਅਥਲੀਟ ਰਣਜੀਤ ਮਹੇਸ਼ਵਰੀ ਤੇ ਗੋਲਫਰ ਗਗਨਜੀਤ ਭੁੱਲਰ ਨੂੰ ਵੀ ਅਰਜੁਨ ਪੁਰਸਕਾਰ ਲਈ ਚੁਣਿਆ ਗਿਆ ਹੈ। ਇਹ ਚੋਣ ਵੈਟਰਨ ਬਿਲੀਅਰਡਜ਼ ਖਿਡਾਰੀ ਮਾਈਕਲ ਫਰੇਰਾ ਦੀ ਅਗਵਾਈ ਵਾਲੀ ਕਮੇਟੀ ਨੇ ਕੀਤੀ ਹੈ।

ਪਿਛਲੇ ਸਾਲ ਲੰਡਨ ਓਲੰਪਿਕ ਵਿਚ ਕੋਈ ਤਗਮਾ ਨਾ ਜਿੱਤ ਸਕਣ ਵਾਲਾ ਰੰਜਨ ਸੋਢੀ ਦੁਨੀਆਂ ਦਾ ਨੰਬਰ ਇਕ ਖਿਡਾਰੀ ਹੈ। ਉਸ ਨੇ ਪਿਛਲੇ ਸਾਲ ਏਸ਼ਿਆਈ ਖੇਡਾਂ ਵਿਚ ਡਬਲ ਟਰੈਪ ਦਾ ਸੋਨ ਤਗਮਾ ਜਿੱਤਣ ਤੋਂ ਇਲਾਵਾ ਰਾਸ਼ਟਰਮੰਡਲ ਖੇਡਾਂ ਵਿਚ ਵੀ ਕਾਂਸੀ ਦਾ ਤਗਮਾ



*ਰੰਜਨ ਸੋਢੀ*

ਜਿੱਤਿਆ ਸੀ। ਉਹ ਖੇਲ ਰਤਨ ਪੁਰਸਕਾਰ ਨਾਲ ਨਿਵਾਜੇ ਜਾਣ ਵਾਲਾ 7ਵਾਂ ਨਿਸ਼ਾਨੇਬਾਜ਼ ਹੋਵੇਗਾ।

ਖਾਸ ਗੱਲ ਇਹ ਹੈ ਕਿ ਲਗਾਤਾਰ ਤੀਜੇ ਸਾਲ ਰਾਜੀਵ ਖੇਲ ਰਤਨ ਪੁਰਸਕਾਰ ਲਈ ਨਿਸ਼ਾਨੇਬਾਜ਼ ਦੀ ਚੋਣ ਹੋਈ ਹੈ। 2011 ਵਿਚ ਇਹ ਪੁਰਸਕਾਰ ਗਗਨ ਨਾਰੰਗ ਅਤੇ ਪਿਛਲੇ ਸਾਲ ਵਿਜੈ ਕੁਮਾਰ ਨੂੰ ਦਿੱਤਾ ਗਿਆ ਸੀ। ਲੰਡਨ ਓਲੰਪਿਕ 'ਚੋਂ ਚਾਂਦੀ ਦਾ ਤਗਮਾ ਜੇਤੂ ਨਿਸ਼ਾਨੇਬਾਜ਼ ਵਿਜੈ ਕੁਮਾਰ ਨੇ ਕਾਂਸੀ ਦਾ ਤਗਮਾ ਜੇਤੂ ਪਹਿਲਵਾਨ ਯੋਗੇਸ਼ਵਰ ਦੱਤ ਦੇ ਨਾਲ ਮਿਲ ਕੇ ਰਾਜੀਵ ਗਾਂਧੀ ਖੇਲ ਰਤਨ ਪੁਰਸਕਾਰ ਹਾਸਲ ਕੀਤਾ ਸੀ। ਇਸ ਸਾਲ ਅਰਜੁਨ ਪੁਰਸਕਾਰ ਲਈ ਸਿਰਫ ਇਕ ਮੁੱਕੇਬਾਜ਼ ਕਵਿਤਾ ਚਾਹਲ ਦੀ ਚੋਣ ਹੋਈ ਹੈ।

ਸਕੁਐਸ਼ ਖਿਡਾਰੀ ਜੋਸ਼ਨ ਚਿਨੱਪਾ, ਸਾਬਕਾ ਹਾਕੀ ਕਪਤਾਨ ਸਬਾ ਅੰਜੁਮ, ਟੇਬਲ ਟੈਨਿਸ ਖਿਡਾਰੀ ਮੌਮਾ ਦਾਸ, ਪਹਿਲਵਾਨ ਨੇਹਾ ਰਾਠੀ ਤੇ ਨਿਸ਼ਾਨੇਬਾਜ਼ ਰਾਜਕੁਮਾਰੀ ਰਾਠੌਰ ਉਨ੍ਹਾਂ ਨਿਸ਼ਾਨੇਬਾਜ਼ਾਂ ਵਿਚ ਸ਼ਾਮਲ ਹਨ ਜਿਨ੍ਹਾਂ ਦੇ ਨਾਂ ਦੀ ਸਿਫਾਰਸ਼ ਅਰਜੁਨ ਪੁਰਸਕਾਰ ਦੇ ਲਈ ਕੀਤੀ ਗਈ ਹੈ। ਵਿਸ਼ਵ ਕੱਪ 2011 ਵਿਚ ਚਾਂਦੀ ਦਾ ਤਗਮਾ ਜਿੱਤਣ ਵਾਲੀ ਟੀਮ ਦੀ ਮੈਂਬਰ ਤੀਰੰਅਦਾਜ਼ ਚੇਕਰੋਵੋਲੂ ਸਵੂਰੋ ਨੂੰ ਵੀ ਇਸ ਪੁਰਸਕਾਰ ਲਈ ਚੁਣਿਆ ਗਿਆ ਹੈ।

ਅਹਿਮ ਕੌਮੀ ਖੇਡ ਪੁਰਸਕਾਰ ਰਾਜੀਵ ਗਾਂਧੀ ਖੇਲ ਪੁਰਸਕਾਰ ਲਈ ਨਿਸ਼ਾਨੇਬਾਜ਼ ਰੰਜਨ ਸੋਢੀ ਦੇ ਨਾਂ ਦੀ ਸਿਫਾਰਸ਼ ਨੂੰ ਲੈ ਕੇ ਵਿਵਾਦ ਪੈਦਾ ਹੋ ਗਿਆ। ਚੋਣ ਕਮੇਟੀ ਵਿਚ ਸ਼ਾਮਲ ਕੁਝ ਚੋਣਕਾਰਾਂ ਨੇ ਉਸ ਦੀ ਚੋਣ ਨੂੰ ਲੈ ਕੇ ਅਪਨਾਈ ਪ੍ਰਕਿਰਿਆ 'ਤੇ ਸਵਾਲ ਉਠਾ ਦਿੱਤੇ ਹਨ। ਪਤਾ ਲੱਗਾ ਹੈ ਕਿ ਜਦੋਂ ਵਧੇਰੇ ਚੋਣਕਾਰਾਂ ਨੇ ਖੇਲ ਰਤਨ ਪੁਰਸਕਾਰ ਲਈ ਵੋਟਾਂ ਪਾਉਣ ਦਾ ਫੈਸਲਾ ਕੀਤਾ ਤਾਂ ਰੰਜਨ ਦਾ ਨਾਂ ਸ਼ਾਮਲ ਨਹੀਂ ਸੀ, ਪਰ ਬਾਅਦ 'ਚ ਉਸ ਦੇ ਨਾਂ ਸ਼ਾਮਲ ਕਰ ਲਿਆ ਗਿਆ।

ਚੋਣ ਕਮੇਟੀ ਦੇ ਇਕ ਮੈਂਬਰ ਨੇ ਦੱਸਿਆ ਕਿ ਕਮੇਟੀ ਦੇ 12 ਮੈਂਬਰਾਂ ਵਿਚੋਂ 10 ਮੈਂਬਰਾਂ ਨੇ ਰਾਸ਼ਟਰਮੰਡਲ ਖੇਡਾਂ ਦੀ ਸੋਨ ਤਗਮਾ ਜੇਤੂ ਡਿਸਕਸ ਥ੍ਰੋਅਰ ਕ੍ਰਿਸ਼ਨਾ ਪੂਨੀਆ ਅਤੇ ਲੰਡਨ ਪੈਰਾ-ਓਲੰਪਿਕ ਵਿਚੋਂ ਚਾਂਦੀ ਦਾ ਤਗਮਾ ਜੇਤੂ ਐਚ.ਐਨ. ਗੀਰੀਸ਼ਾ ਦਾ ਨਾਂ ਵਿਚਾਰਿਆ ਸੀ। ਦੋਹਾਂ ਵਿਚੋਂ ਇਕ ਦੀ ਚੋਣ ਹੋਣੀ ਸੀ। ਸ਼ੁਰੂ ਵਿਚ ਸੋਢੀ ਦੇ ਨਾਂ 'ਤੇ ਚਰਚਾ ਨਹੀਂ ਕੀਤੀ ਗਈ ਸੀ। ਪੂਰਾ ਸੀਨ ਉਦੋਂ ਬਦਲ ਗਿਆ ਜਦੋਂ ਇਕ ਹੋਰ ਮੈਂਬਰ ਤੇ ਸਾਬਕਾ ਨਿਸ਼ਾਨੇਬਾਜ਼ ਦੇਰ ਨਾਲ ਮੀਟਿੰਗ ਵਿਚ ਆਇਆ ਤੇ ਗੀਰੀਸ਼ਾ ਦਾ ਨਾਂ ਹਟਾ ਦਿੱਤਾ ਗਿਆ।

## ਗੁਰਦੁਆਰਾ ਓਕ ਕਰੀਕ ਦੇ ਸ਼ਹੀਦਾਂ ਦੀ ਯਾਦ ਵਿਚ ਦੌੜ

**ਸ਼ਿਕਾਗੋ (ਬਿਊਰੋ):** ਗੁਰਦੁਆਰਾ ਓਕ ਕਰੀਕ, ਮਿਲਵਾਕੀ ਵਿਚ ਪਿਛਲੇ ਸਾਲ 5 ਅਗਸਤ ਨੂੰ ਵਾਪਰੇ ਗੋਲੀ ਕਾਂਡ ਵਿਚ ਮਾਰੇ ਗਏ ਸ਼ਰਧਾਲੂਆਂ ਦੀ ਯਾਦ ਵਿਚ ਸ਼ਿਕਾਗੋ ਏਰੀਏ ਦੇ ਤੀਹ ਸਿੱਖਾਂ ਨੇ ਇਥੇ ਡਾਊਨ ਟਾਊਨ ਵਿਚ ਬਕਿੰਘਮ ਫਾਊਂਟੇਨ ਤੋਂ ਟ੍ਰਿਬਿਊਨ ਬਿਲਡਿੰਗ ਤੱਕ ਮਿਸ਼ੀਗਨ ਐਵਨਿਊ ਦੇ ਨਾਲ ਨਾਲ ਇਕ ਮੀਲ ਦੀ 'ਵਾਕ ਅਤੇ ਰਨ' ਕਰਕੇ ਵਿਛੜੀਆਂ ਰੂਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਇਸ ਦੌੜ ਵਿਚ ਓਕ ਕਰੀਕ ਗੋਲੀ ਕਾਂਡ ਵਿਚ ਮਾਰੇ ਗਏ ਤਿੰਨ ਸਿੱਖਾਂ ਦੇ ਬੱਚੇ ਵੀ ਸ਼ਾਮਲ ਹੋਏ ਜਿਨ੍ਹਾਂ ਵਿਚ ਅਮਰਦੀਪ ਕਾਲੇਕਾ ਸੁਪੱਤਰ ਸਤਵੰਤ ਸਿੰਘ ਕਾਲੇਕਾ, ਕਮਲ ਸਿੰਘ ਸੈਣੀ ਸਪੁੱਤਰ ਪਰਮਜੀਤ ਸਿੰਘ ਸੈਣੀ ਅਤੇ ਪ੍ਰਕਾਸ਼ ਸਿੰਘ ਦੇ ਪੁੱਤਰ ਪ੍ਰਭਜੋਤ ਸਿੰਘ ਤੇ ਧੀ ਪਲਮੀਤ ਕੌਰ ਸੈਣੀ ਸ਼ਾਮਲ ਸਨ।

ਵਿਸਕਾਨਸਿਨ ਦੇ ਸਿੱਖ ਭਾਈਚਾਰੇ ਪ੍ਰਤੀ ਸੁਹਿਰਦਤਾ ਪ੍ਰਗਟਾਉਣ ਅਤੇ ਸਭ ਮੁਸ਼ਕਿਲਾਂ ਦੇ ਬਾਵਜੂਦ ਸਰਬੱਤ ਦੇ ਭਲੇ ਦੇ ਸਿਧਾਂਤ 'ਤੇ ਪਹਿਰਾ ਦੇਣ ਦੇ ਮਨੋਰਥ ਨਾਲ ਕੀਤੇ ਗਏ ਇਸ ਪ੍ਰੋਗਰਾਮ ਦੇ ਮੁੱਖ ਆਯੋਜਕ ਨਰਿੰਦਰ ਗਰੇਵਾਲ ਸਨ। ਨਰਿੰਦਰ ਸਿੰਘ ਅਤੇ ਇਸ ਦੌੜ ਵਿਚ ਹਿੱਸਾ ਲੈਣ ਵਾਲੇ ਉਸ ਦੇ ਸਾਥੀ 'ਸੂਰਤ ਫੌਜ ਰਨਿੰਗ ਕਲੱਬ' ਦੇ ਮੈਂਬਰ ਹਨ ਜੋ ਕਿ ਸੁਖਾਵੀਂ ਜ਼ਿੰਦਗੀ ਜਿਊਣ ਅਤੇ ਸਮਾਜਿਕ ਨਿਆਂ ਤੇ ਮਨੁੱਖੀ ਅਧਿਕਾਰਾਂ ਪ੍ਰਤੀ ਵਚਨਬੱਧ ਕਲੱਬ ਹੈ। ਇਸ ਦੌੜ ਨੇ ਆਲੇ ਦੁਆਲੇ ਖੜ੍ਹੇ ਲੋਕਾਂ ਦਾ ਚੰਗਾ ਧਿਆਨ ਖਿਚਿਆ।




ਹਰ ਯਾਦਗਾਰੀ ਪਲ ਨੂੰ ਵੀਡੀਓਗ੍ਰਾਫੀ/ਫੋਟੋਗ੍ਰਾਫੀ ਰਾਹੀਂ ਸੰਭਾਲਣ ਦੇ ਮਾਹਿਰ

AK Photographers & Videographers



ਵਿਆਹ-ਸ਼ਾਦੀ, ਮਹਿੰਦੀ, ਜਨਮ ਦਿਨ ਪਾਰਟੀ

- Live show of wedding & ongoing with projector.
- Family posters, couple posters, wall posters & more items.
- Online client access room to view worldwide.
- Multi cameras shooting.

*We also provide DJ & Dholi.*

Call: 414-544-5328 or 414-349-7437

www.akphotographers.com





ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ

www.011india.com

$25 2,500 Minutes

ਅਮਰੀਕਾ ਜਾਂ ਕੈਨੇਡਾ ਤੋਂ ਇਕੋ ਰੇਟ

ਸਾਡੀ ਸਰਵਿਸ ਹਰ ਦੇਸ਼ ਲਈ ਵਰਤੋ।

✓ ਵਧੀਆ, ਸਾਫ਼ ਆਵਾਜ਼

✓ ਘਰੋਂ ਤੇ ਸੈਲ ਫੋਨ ਤੋਂ ਇਕੋ ਵੇਲੇ ਦੋ ਫੋਨ ਚੱਲ ਸਕਦੇ ਹਨ

✓ ਬਗੈਰ ਪਿੰਨ ਤੋਂ ਵਰਤੋ

✓ ਸਪੀਡ ਵਾਲੇ ਨੰਬਰ ਸੈਟ ਕਰੋ

Limited Time Offer. Restrictions & Additional Fees Apply.

800.914.1013 • 408.659.9400



INDIAN BAZAAR ਇੰਡੀਅਨ ਬਜ਼ਾਰ

334 S. Emerson Ave., GREENWOOD, IN 46143

ਹਰ ਤਰ੍ਹਾਂ ਦੀ ਭਾਰਤੀ ਗਰੌਸਰੀ ਅਤੇ ਮਿਠਾਈਆਂ ਲਈ ਮਸ਼ਹੂਰ

- ਖਾਣਾ ਸ਼ੁੱਧ ਵੈਸ਼ਨੋ, ਤਾਜ਼ਾ ਸਮੋਸੇ, ਚਾਟ, ਥਾਲੀ
- ਕੈਟਰਿੰਗ ਵੀ ਕਰਦੇ ਹਾਂ
- ਵੱਡੇ ਆਰਡਰ ਲਈ ਸਪੈਸ਼ਲ ਰੇਟ
- ਤਾਜ਼ਾ ਸਬਜ਼ੀਆਂ ਹਰ ਵੀਰਵਾਰ

*ਧਾਰਮਿਕ ਪ੍ਰੋਗਰਾਮਾਂ ਲਈ 10% ਛੋਟ*



ਇਕ ਵਾਰ ਜ਼ਰੂਰ ਦਰਸ਼ਨ ਦਿਓ, ਦੂਜੀ ਵਾਰ ਤੁਸੀਂ ਖੁਦ ਹੀ ਆਓਗੇ ਕਿਉਂਕਿ ਹਰ ਚੀਜ਼ ਤੁਹਾਨੂੰ ਵਧੀਆ ਕੁਆਲਿਟੀ 'ਚ ਅਤੇ ਵਾਜਬ ਰੇਟ 'ਤੇ ਮਿਲੇਗੀ।

ਤੁਹਾਡਾ ਆਪਣਾ ਸਾਫ ਸੁਥਰਾ ਗਰੌਸਰੀ ਸਟੋਰ

*ਸੱਤੇ ਦਿਨ ਖੁੱਲ੍ਹਾ-ਸਵੇਰੇ 9 ਵਜੇ ਤੋਂ ਰਾਤ 9 ਵਜੇ ਤੱਕ*

Ph: 317-534-5151, 317-997-9140





ਆਪਣੇ ਰੂਪ ਨੂੰ ਚਾਰ ਚੰਨ ਲਾਓ

DESIGNER LEHANGAS, SUITS, SAREES, KIDS WEAR

ਡਿਜ਼ਾਈਨਰ ਲਹਿੰਗੇ, ਸੂਟ ਤੇ ਸਾੜੀਆਂ

ਬੱਚਿਆਂ ਦੀਆਂ ਪੁਸ਼ਾਕਾਂ

*Gidha Bhangra Dresess On Rent*

Preet BOUTIQUE

*ਵਿਆਹ-ਸ਼ਾਦੀ ਦੇ ਸ਼ਗਨਾਂ ਲਈ ਕਲੀਰੇ, ਗਾਨੇ, ਸੁਰਮੇਦਾਨੀ, ਕਿਰਪਾਨ, ਕਲਗੀ, ਸਿਹਰਾ, ਚੂੜਾ, ਜਾਗੋ ਮਟਕੀ, ਪਰਾਂਦੀ ਤੇ ਹੋਰ ਸਭ ਕੁਝ ਮਿਲਦਾ ਹੈ*

Call: 317-603-4018, 317-332-1387

E-mail:spkaurus@yahoo.co.in
Facebook preetboutique



ਭਾਰ ਘਟਾਓ, ਰੋਗਾਂ ਤੋਂ ਬਚੋ

ਕੀ ਤੁਸੀਂ ਭਾਰ ਵਧਣ, ਸ਼ੂਗਰ, ਕੋਲੈਸਟਰੋਲ, ਬਲੱਡ ਪ੍ਰੈਸ਼ਰ, ਕਬਜ਼, ਕਮਰ ਦਰਦ, ਜੋੜਾਂ ਦੇ ਦਰਦ, ਹਰਦਮ ਥਕੇ ਰਹਿਣ, ਥੋੜਾ ਜਿਹਾ ਤੁਰਨ ਨਾਲ ਸਾਹ ਚੜ੍ਹਨ ਆਦਿ ਅਲਾਮਤਾਂ ਤੋਂ ਰਾਹਤ ਪਾਉਣਾ ਚਾਹੁੰਦੇ ਹੋ?

> ਸਾਡੀ ਕੰਪਨੀ ਦੀਆਂ ਦੇਸੀ ਦਵਾਈਆਂ ਵਰਤ ਕੇ ਤੁਸੀਂ ਆਪਣਾ ਵਜ਼ਨ ਘਟਾ ਸਕਦੇ ਹੋ। ਇਨ੍ਹਾਂ ਦਵਾਈਆਂ ਦੇ ਕੋਈ ਸਾਈਡ ਇਫੈਕਟ ਵੀ ਨਹੀਂ ਹਨ।

> ਸਾਡੀ ਕੰਪਨੀ ਪਿਛਲੇ 32 ਸਾਲ ਤੋਂ 72 ਦੇਸ਼ਾਂ ਵਿਚ ਹਰਬਲ ਦਵਾਈਆਂ ਨਾਲ ਲੋਕਾਂ ਦੀ ਸੇਵਾ ਕਰ ਰਹੀ ਹੈ।

Safe & Easy Weight Loss

Ph:317-886-4858

www.punjabiweightloss.blogspot.com
www.goherbalife.com/skaur

# ਚੰਗੀਆਂ ਰੌਣਕਾਂ ਲੱਗੀਆਂ ਪੀ ਸੀ ਐਸ ਸ਼ਿਕਾਗੋ ਦੇ 19ਵੇਂ ਖੇਡ ਮੇਲੇ 'ਚ

**ਸ਼ਿਕਾਗੋ (ਬਿਊਰੋ):** ਸੂਰਜ ਬੱਦਲਾਂ ਨਾਲ ਲੁਕਣਮੀਚੀ ਖੇਡ ਰਿਹਾ ਸੀ, ਹਵਾ ਵਿਚ ਠੰਡਕ ਕਰਕੇ ਮੇਲਾ ਵੇਖਣ ਆਏ ਬਹੁਤੇ ਲੋਕਾਂ ਨੇ ਜੈਕਟਾਂ ਤੇ ਸਵੈਟਰ ਪਾਏ ਹੋਏ ਸਨ। ਜੁਲਾਈ ਦੇ ਮਹੀਨੇ ਵੀ ਮੌਸਮ ਏਡਾ ਠੰਡਾ ਹੋਣ ਕਰਕੇ ਦਰਸ਼ਕਾਂ ਦੇ ਮੂੰਹੋਂ ਸਹਿਜ ਭਾਅ ਹੀ ਨਿਕਲ ਰਿਹਾ ਸੀ, ਬਈ ਐਤਕੀਂ ਤਾਂ ਇਓਂ ਲਗਦੈ, ਸ਼ਿਕਾਗੋ ਵਿਚ ਗਰਮੀ ਆਈ ਹੀ ਨਹੀਂ। ਦਰਸ਼ਕ ਠੰਡ ਨੂੰ ਦੂਰ ਕਰਨ ਲਈ ਕੜ੍ਹੀ ਚੌਲ, ਛੋਲੇ ਪੂਰੀਆਂ ਅਤੇ ਚਿਕਨ ਛਕ ਰਹੇ ਸਨ ਅਤੇ ਨਾਲ ਹੀ ਚਾਹ ਦੀਆਂ ਚੁਸਕੀਆਂ ਲੈ ਰਹੇ ਸਨ। ਇਹ ਦ੍ਰਿਸ਼ ਸੀ, ਸਥਾਨਕ ਸਭਿਆਚਾਰਕ ਸੰਸਥਾ ਪੰਜਾਬੀ ਕਲਚਰਲ ਸੁਸਾਇਟੀ ਵਲੋਂ ਪੈਲਾਟਾਈਨ ਕਸਬੇ ਦੇ ਫੈਲਕਨ ਪਾਰਕ ਵਿਚ ਪਿਛਲੇ ਦਿਨੀਂ ਕਰਵਾਏ ਗਏ ਇਸ ਦੇ ਸਾਲਾਨਾ ਖੇਡ ਮੇਲੇ ਦਾ। ਇਸ ਸੰਸਥਾ ਦੇ ਇਸ 19ਵੇਂ ਖੇਡੇ ਮੇਲੇ ਵਿਚ ਵਾਲੀਬਾਲ ਅਤੇ ਬਾਸਕਟਬਾਲ ਦੇ ਮੁਕਾਬਲਿਆਂ ਤੋਂ ਇਲਾਵਾ ਵਖ





ਵਖ ਵਰਗਾਂ ਦੀਆਂ ਦੌੜਾਂ ਅਤੇ ਰੱਸਾ ਕਸ਼ੀ ਦੀਆਂ ਖੇਡਾਂ ਕਰਵਾਈਆਂ ਗਈਆਂ। ਬੀਬੀਆਂ ਦੀ ਮਿਊਜ਼ੀਕਲ ਚੇਅਰ ਰੇਸ ਵੀ ਹੋਈ। ਅਰਮਾਨ ਅਤੇ ਅਵੀਜੀਤ ਨੇ ਜਿਮਨਾਸਟਿਕਸ ਦੇ ਕਰਤਬ ਦਿਖਾ ਕੇ ਦਰਸ਼ਕਾਂ ਨੂੰ ਚਕਾ-ਚੌਂਧ ਕੀਤਾ।

ਇਲੀਨਾਏ ਦੇ ਗਵਰਨਰ ਪੈਟ ਕੁਇਨ ਨੇ ਪੰਜਾਬੀ ਕਲਚਰਲ ਸੁਸਾਇਟੀ ਦੀਆਂ ਪੰਜਾਬੀ ਭਾਈਚਾਰੇ ਲਈ ਸਭਿਆਚਾਰਕ ਸੇਵਾਵਾਂ ਬਦਲੇ ਇਸ ਦਾ ਸਨਮਾਨ ਕਰਨ ਲਈ ਇਕ ਐਲਾਨਨਾਮਾ ਜਾਰੀ ਕਰ ਕੇ ਇਸ ਦਿਨ ਨੂੰ ਇਲੀਨਾਏ ਵਿਚ ਪੰਜਾਬੀ ਖੇਡ ਮੇਲਾ ਦਿਵਸ ਵਜੋਂ ਐਲਾਨਿਆ। ਆਪਣੇ ਐਲਾਨਾਨਮੇ ਵਿਚ ਗਵਰਨਰ ਨੇ ਲਿਖਿਆ ਹੈ, "ਪੰਜਾਬੀ ਕਲਚਰਲ ਸੁਸਾਇਟੀ ਸ਼ਿਕਾਗੋ ਸਾਲਾਨਾ ਖੇਡ ਮੇਲਾ ਕਰਵਾ ਕੇ ਲਿੰਕਨ ਦੀ ਧਰਤੀ 'ਤੇ ਬੱਚਿਆਂ ਨੂੰ ਖੇਡਾਂ ਰਾਹੀਂ ਸਿਹਤਮੰਦ ਬਣਾਉਣ ਵਿਚ ਆਪਣਾ ਹਿੱਸਾ ਪਾ ਰਹੀ ਹੈ। ਇਸ ਕਰਕੇ ਮੈਂ ਪੈਟ ਕੁਇਨ, ਇਲੀਨਾਏ ਸਟੇਟ ਦਾ ਗਵਰਨਰ 27 ਜੁਲਾਈ 2013 ਨੂੰ ਇਲੀਨਾਏ ਸਟੇਟ ਵਿਚ ਪੰਜਾਬੀ ਖੇਡ ਮੇਲਾ ਦਿਵਸ ਵਜੋਂ ਐਲਾਨ ਕਰਦਾ ਹਾਂ।" ਗਵਰਨਰ ਦਾ ਇਹ ਸੁਨੇਹਾ ਸੀਨੀਅਰ ਪਾਲਿਸੀ ਐਡਵਾਈਜ਼ਰ ਅਤੇ ਏਸ਼ੀਅਨ ਅਮੈਰਿਕਨ ਆਊਟ ਰੀਚ ਡਾਇਰੈਕਟਰ ਟਰੀਸਾ ਮਾਹ ਨੇ ਪੜ੍ਹ ਕੇ ਸੁਣਾਇਆ। ਇਲੀਨਾਏ ਦੇ ਟਰੈਜ਼ਰਰ ਡੈਨ ਰੁਦਰਫੋਰਡ ਨੇ ਮੇਲੇ ਲਈ ਸ਼ੁਭਕਾਮਨਾਵਾਂ ਭੇਜੀਆਂ।

ਮੇਲੇ ਦਾ ਅਰੰਭ ਅਰਦਾਸ ਅਤੇ ਅਮਰੀਕੀ ਕੌਮੀ ਤਰਾਨੇ ਨਾਲ ਹੋਇਆ। ਹਵਾ ਵਿਚ ਗੁਬਾਰੇ ਛੱਡੇ ਗਏ। ਇਸ ਪਿਛੋਂ ਪੀ ਸੀ ਐਸ ਦੇ ਚੇਅਰਮੈਨ ਲਖਵੀਰ ਸਿੰਘ ਸਹੋਤਾ ਅਤੇ ਪ੍ਰਧਾਨ ਸੁਰਿੰਦਰ ਸਿੰਘ ਸੰਘਾ ਨੇ ਆਏ ਦਰਸ਼ਕਾਂ ਅਤੇ ਖਿਡਾਰੀਆਂ ਦਾ ਸਨਮਾਨ ਕੀਤਾ। ਖੇਡ ਡਾਇਰੈਕਟਰ ਗੁਰਮੀਤ ਸਿੰਘ ਢਿੱਲੋਂ ਨੇ ਮੇਲੇ ਦਾ ਸਮੁੱਚਾ ਪ੍ਰਬੰਧ ਸੰਭਾਲਿਆ। ਮੇਲੇ ਦਾ ਉਦਘਾਟਨ ਪੈਲਾਟਾਈਨ ਸ਼ਹਿਰ ਦੀ ਸਾਬਕਾ ਮੇਅਰ ਰੀਟਾ ਮੁਲਿਨ ਨੇ ਕੀਤਾ। ਇਹ 19ਵੀਂ ਵਾਰੀ ਸੀ ਜਦੋਂ ਰੀਟਾ ਨੇ ਪੀ ਸੀ ਐਸ ਖੇਡ ਮੇਲੇ ਦਾ ਉਦਘਾਟਨ ਕੀਤਾ ਸੀ। ਬਾਸਕਿਟਬਾਲ ਮੈਚ ਆਧੁਨਿਕ ਇਨਡੋਰ



ਸਟੇਡੀਅਮ ਵਿਚ ਹੋਏ ਜਦੋਂਕਿ ਵਾਲੀਬਾਲ ਮੈਚ ਖੁੱਲ੍ਹੇ ਗਰਾਊਂਡ ਵਿਚ ਹੋਏ।

ਬਾਸਕਿਟਬਾਲ ਦੀਆਂ 10 ਅਤੇ ਵਾਲੀਬਾਲ ਦੀਆਂ 4 ਟੀਮਾਂ ਭਿੜੀਆਂ। ਸ਼ਿਕਾਗੋ ਤੋਂ ਇਲਾਵਾ ਇਹ ਟੀਮਾਂ ਸੇਂਟ ਲੁਇਸ (ਮਿਜ਼ੋਰੀ) ਅਤੇ ਸਿਨਸਿਨੈਟੀ, ਓਹਾਇਓ ਤੋਂ ਵੀ ਪਹੁੰਚੀਆਂ।

ਬਾਸਕਿਟਬਾਲ ਚੈਂਪੀਅਨਸ਼ਿਪ ਅਤੇ 1100 ਡਾਲਰ ਦਾ ਇਨਾਮ 'ਸ਼ਿਕਾਗੋ ਅਨਟੱਚੇਬਲ' ਨਾਂ ਦੀ ਟੀਮ ਨੇ ਜਿੱਤਿਆ। ਇਹ ਟੀਮ ਪਿਛਲੇ ਸਾਲ ਦੂਜੇ ਨੰਬਰ 'ਤੇ ਰਹੀ ਸੀ। ਇਨਾਮ ਜਰਨੈਲ ਸਿੰਘ ਲੈਲ ਨੇ ਆਪਣੇ ਪਿਤਾ ਕੇਹਰ ਸਿੰਘ ਲੈਲ ਦੀ ਯਾਦ ਵਿਚ ਦਿੱਤਾ। ਸੁਖਮੇਲ ਸਿੰਘ ਅਟਵਾਲ ਵਲੋਂ ਆਪਣੀ ਮਾਤਾ ਜਸਬੀਰ ਕੌਰ ਅਟਵਾਲ ਦੀ ਯਾਦ ਵਿਚ ਦਿੱਤਾ ਗਿਆ 500 ਡਾਲਰ ਦਾ ਦੂਜਾ ਇਨਾਮ 'ਸ਼ਿਕਾਗੋ ਏਅਰਸਿੰਘਜ਼' ਨਾਂ ਦੀ ਟੀਮ ਨੇ ਜਿਤਿਆ। ਵਾਲੀਬਾਲ ਮੁਕਾਬਲਿਆਂ ਵਿਚ ਜੇਤੂ



ਸ਼ਹੀਦ ਭਗਤ ਸਿੰਘ ਕਲੱਬ ਰਿਹਾ ਜਿਸ ਨੇ ਚੈਂਪੀਅਨਸ਼ਿਪ ਕੱਪ ਅਤੇ 1100 ਡਾਲਰ ਦਾ ਨਕਦ ਇਨਾਮ ਜਿਤਿਆ। ਇਹ ਇਨਾਮ ਲਖਵੀਰ ਸਿੰਘ ਸਹੋਤਾ ਅਤੇ ਪਰਿਵਾਰ ਵਲੋਂ ਸਪਾਂਸਰ ਕੀਤਾ ਗਿਆ ਸੀ। ਦੂਜਾ 500 ਡਾਲਰ ਦਾ ਇਨਾਮ ਸੇਂਟ ਲੁਇਸ ਸਿੱਖ ਸਟੱਡੀ ਟੀਮ ਨੇ ਜਿਤਿਆ ਜੋ ਕਿ ਅਮਰੀਕ ਸਿੰਘ (ਅਮਰ ਕਾਰਪੈਟਸ) ਨੇ ਸਪਾਂਸਰ ਕੀਤਾ ਸੀ। ਪਹਿਲੇ ਅਤੇ ਦੂਜੇ ਥਾਂ ਰਹੀਆਂ ਟੀਮਾਂ ਦੇ ਸਾਰੇ ਖਿਡਾਰੀਆਂ ਨੂੰ ਟਰਾਫੀਆਂ ਦਿੱਤੀਆਂ ਗਈਆਂ।

ਲੋਕ ਗਾਇਕ ਹਰਮੀਤ ਸਿੰਘ ਨੇ ਆਪਣੇ ਗੀਤਾਂ ਰਾਹੀਂ ਦਰਸ਼ਕਾਂ ਦਾ ਮਨੋਰੰਜਨ ਕੀਤਾ। ਉਸ ਦੇ ਗੀਤਾਂ 'ਤੇ ਕਈ ਦਰਸ਼ਕ ਭੰਗੜਾ ਪਾਉਂਦੇ ਵੀ ਦੇਖੇ ਗਏ। ਇੰਡੀਆਨਾ ਤੋਂ ਆਏ ਅਵਤਾਰ ਸਿੰਘ ਮੁਲਤਾਨੀ ਅਤੇ ਉਸ ਦੇ ਸਾਥੀਆਂ ਨੇ ਸੰਗੀਤ ਦਿੱਤਾ। ਅਵਤਾਰ ਮੁਲਤਾਨੀ ਨੇ ਕੁਝ ਗੀਤ ਵੀ ਗਾਏ। ਉਸ ਦੀ ਐਲਬਮ ਜਲਦ ਹੀ ਮਾਰਕਿਟ ਵਿਚ ਆ ਰਹੀ ਹੈ।

ਨੌਂ ਸਾਲ ਦੇ ਅਰਮਾਨ ਸਿੰਘ ਅਟਵਾਲ ਅਤੇ ਉਸ ਦੀ ਵੱਡੀ ਭੈਣ ਅਵੀਜੀਤ ਕੌਰ ਅਟਵਾਲ ਨੇ ਜਿਮਨਾਸਟਿਕਸ ਦੇ ਕਰਤਬ ਦਿਖਾ ਕੇ ਦਰਸ਼ਕਾਂ ਤੋਂ ਭਰਪੂਰ ਤਾੜੀਆਂ ਮਰਵਾਈਆਂ ਤੇ ਬੱਲੇ ਬੱਲੇ ਕਰਵਾਈ। ਜ਼ਿਕਰਯੋਗ ਹੈ ਕਿ ਅਰਮਾਨ ਆਪਣੇ ਵਰਗ ਵਿਚ ਸਟੇਟ ਲੈਵਲ ਦਾ ਖਿਡਾਰੀ ਹੈ। ਕਈ ਦਰਸ਼ਕਾਂ ਨੇ ਉਨ੍ਹਾਂ ਦੀ ਹੌਸਲਾ ਅਫਜ਼ਾਈ ਲਈ ਨਕਦ ਇਨਾਮ ਦਿੱਤੇ। ਮੇਲੇ ਦੌਰਾਨ ਸ਼ੁਗਲ ਮੇਲੇ ਦੀਆਂ ਖੇਡਾਂ ਵਿਚ ਰੱਸਾਕਸ਼ੀ, ਬੈਲੂਨ ਟਾਸ ਅਤੇ ਮਿਊਜ਼ੀਕਲ ਚੇਅਰ ਸ਼ਾਮਲ ਸਨ। ਛੋਟੇ ਛੋਟੇ ਬੱਚਿਆਂ ਲਈ ਮੂਨ ਵਾਕ ਵੀ ਹੋਈ। ਵਾਲੀਬਾਲ ਅਤੇ ਬਾਸਕਿਟਬਾਲ ਦੇ ਮੁਕਾਬਲਿਆਂ ਤੋਂ ਬਾਅਦ ਬਹੁਤ ਸਾਰੇ ਦਰਸ਼ਕ ਵਾਲੀਬਾਲ ਅਤੇ ਬਾਸਕਿਟਬਾਲ ਖੇਡ ਕੇ ਆਪਣਾ ਦਿਲ ਪ੍ਰਚਾਉਂਦੇ ਰਹੇ।

ਮੁਫਤ ਭੋਜਨ-ਪਾਣੀ ਤੋਂ ਇਲਾਵਾ ਦਰਸ਼ਕਾਂ ਦਾ ਮੂੰਹ ਮਿੱਠਾ ਕਰਵਾਉਣ ਲਈ ਜਲੇਬੀਆਂ ਦਾ ਵੀ ਲੰਗਰ ਲੱਗਾ। ਪੀ ਸੀ ਐਸ ਬੋਰਡ ਦੇ



ਡਾਇਰੈਕਟਰ ਰਾਜਿੰਦਰ ਸਿੰਘ ਮਾਗੋ ਮੰਚ ਸੰਚਾਲਕ ਸਨ।

ਇਸ ਖੇਡ ਮੇਲੇ ਦੇ ਸਪਾਂਸਰਾਂ ਵਿਚ ਹੋਰਨਾਂ ਤੋਂ ਇਲਾਵਾ ਡਾ. ਭੁਪਿੰਦਰ ਸਿੰਘ ਸੈਣੀ, ਨਰਿੰਦਰ ਸਿੰਘ ਗਰੇਵਾਲ, ਡਾ. ਨਵਦੀਪ ਕੌਰ ਅਤੇ ਹਰਜਿੰਦਰ ਸਿੰਘ ਸੰਧੂ (ਸੰਧੂ ਪੈਟਰੋਲੀਅਮ), ਗੁਲਜ਼ਾਰ ਸਿੰਘ ਮੁਲਤਾਨੀ, ਜਗਮੀਤ ਸਿੰਘ, ਗੁਰਦੇਵ ਸਿੰਘ (ਖਾਲਸਾ ਪੈਟਰੋਲੀਅਮ), ਸੂਗਾ ਬਿਲਡਰਜ਼, ਲਖਬੀਰ ਸਿੰਘ ਸੰਧੂ, ਜੋਗਾ ਸਿੰਘ (ਟੇਸਟ ਆਫ ਇੰਡੀਆ), ਬਲਵਿੰਦਰ ਸਿੰਘ ਗਿਰਨ, ਸੁਰਿੰਦਰ ਸਿੰਘ ਪੇਲੀਆ, ਡਾ. ਬਲਵੰਤ ਸਿੰਘ ਹੰਸਰਾ, ਲੀਗਲ ਸ਼ੀਲਡ, ਪ੍ਰੋ. ਜਗਿੰਦਰ ਸਿੰਘ ਰਮਦੇਵ, ਪਰਮਿੰਦਰ ਸਿੰਘ ਘੋਤੜਾ, ਪਰਮਜੀਤ ਸਿੰਘ ਢਿੱਲੋਂ, ਸਵਰਨ ਸਿੰਘ ਤੇ ਨਿੱਕੀ ਸੇਖੋਂ, ਸੋਖੀ ਸਿੰਘ, ਡਾ. ਸੁਰਜੀਤ ਸਿੰਘ ਥਿਆੜਾ, ਆਰਲਿੰਗਟਨ ਰੈਂਟਲਜ਼ ਸ਼ਾਮਲ ਸਨ।

ਮੇਲੇ ਨੂੰ ਕਾਮਯਾਬ ਕਰਨ ਲਈ ਸੁਰਿੰਦਰ ਸੰਘਾ, ਗੁਰਮੀਤ ਢਿੱਲੋਂ, ਵਿਕ ਸਿੰਘ, ਪਰਦੀਪ ਦਿਓਲ, ਬਲਵਿੰਦਰ ਗਿਰਨ, ਹਰਪ੍ਰੀਤ ਗਰੇਵਾਲ, ਮਹਿੰਦਰਜੀਤ ਸਿੰਘ ਸੈਣੀ, ਪਾਲ ਲੈਲ, ਬਲਜੀਤ ਸਿੱਧੂ, ਸੰਨੀ ਕੁਲਾਰ, ਰੋਨੀ ਕੁਲਾਰ, ਠਾਕਰ ਸਿੰਘ ਬਸਾਤੀ, ਜਸਬੀਰ ਸਿੰਘ ਪੇਲੀਆ, ਸੁਖਮੇਲ ਸਿੰਘ ਅਟਵਾਲ, ਭਿੰਦਰ ਪੰਮਾ, ਪਰਮਿੰਦਰ ਘੋਤੜਾ ਅਤੇ ਰਾਜਿੰਦਰ ਸਿੰਘ ਮਾਗੋ ਨੇ ਅਹਿਮ ਭੂਮਿਕਾ ਨਿਭਾਈ। ਵਾਲੰਟੀਅਰਾਂ ਵਿਚ ਸੁਖਵਿੰਦਰ ਕੌਰ ਥਿੰਦ, ਅੰਮ੍ਰਿਤ ਕੌਰ ਥਿੰਦ, ਅੰਮ੍ਰਿਤਪਾਲ ਸਿੰਘ ਗਿਰਨ, ਬਿਕਰਮ ਸਿੰਘ ਚੌਹਾਨ, ਰਣਜੀਤ ਸਿੰਘ ਬੈਂਸ, ਜਸਪਾਲ ਸਿੰਘ ਖਹਿਰਾ, ਸੁਰਿੰਦਰ ਸਿੰਘ ਭਾਟੀਆ, ਜਸਕਰਨ ਸਿੰਘ ਸੈਣੀ, ਗੁਰਸਿਮਰਨ ਕੌਰ ਢਿੱਲੋਂ, ਸੁਖਵੀਰ ਕੌਰ ਢਿੱਲੋਂ, ਪਰਮਜੋਤ ਕੌਰ ਢਿੱਲੋਂ, ਪਾਲ ਸੈਣੀ, ਨੈਂਸੀ ਕੈਰੋਲੋ, ਨਿਸ਼ਾ ਸੈਣੀ, ਜ਼ੈਬ ਬੇਗ, ਹਰਲੀਨ ਕੌਰ ਸੈਣੀ ਅਤੇ ਡਾ. ਸਵਿੰਦਰ ਸਿੰਘ ਚੱਢਾ ਸ਼ਾਮਲ ਸਨ। ਸਾਊਂਡ ਸਿਸਟਮ ਡੀ ਜੇ ਟਵਿਨ ਬੀਟਸ ਦਾ ਸੀ ਅਤੇ ਖਾਣਾ ਕੇ ਕੇ ਪੰਮਾ ਦਾ। ਫੋਟੋਗ੍ਰਾਫੀ ਏ ਬੀ ਸੀ ਫੋਟੋਗ੍ਰਾਫਰ ਵਲੋਂ ਕੀਤੀ ਗਈ।

ਪੀ ਸੀ ਐਸ ਦਾ ਅਗਲਾ ਪ੍ਰੋਗਰਾਮ



ਕੌਮਾਂਤਰੀ ਭੰਗੜਾ ਅਤੇ ਗਿੱਧਾ ਮੁਕਾਬਲਾ ਆਉਂਦੀ 9 ਨਵੰਬਰ ਨੂੰ ਹੋਵੇਗਾ। ਹੋਰ ਜਾਣਕਾਰੀ ਲਈ ਫੋਨ 847-359-5727 ਉਤੇ ਸੰਪਰਕ ਕੀਤਾ ਜਾ ਸਕਦਾ ਹੈ।











# ਪੱਚੀ ਲੱਖ ਦੀ ਮੱਝ ਦੀ ਵਿਦਾਇਗੀ ਪਾਰਟੀ ‘ਤੇ ਚਾਰ ਲੱਖ ਖਰਚੇ



**ਹਿਸਾਰ:** ਇਥੋਂ ਦੇ ਪਸ਼ੂ ਪਾਲਕ ਕਪੂਰ ਸਿੰਘ ਨੇ ਆਪਣੀ ਮੁੱਰ੍ਹਾ ਮੱਝ ਲਕਸ਼ਮੀ ਨੂੰ 25 ਲੱਖ ਰੁਪਏ ਵਿਚ ਵੇਚਣ ਮਗਰੋਂ ਮੱਝ ਦੇ ਨਵੇਂ ਮਾਲਕ ਨੂੰ ਸੌਂਪਣ ਤੋਂ ਪਹਿਲਾਂ ਵਿਦਾਇਗੀ ਪਾਰਟੀ ਚਾਰ ਲੱਖ ਰੁਪਏ ਖਰਚ ਦਿੱਤੇ। ਪਾਰਟੀ ਵਿਚ ਸਾਰੇ ਪਿੰਡ ਵਾਸੀਆਂ ਨੂੰ ਸੱਦਾ ਦਿੱਤਾ ਤੇ ਤਰ੍ਹਾਂ-ਤਰ੍ਹਾਂ ਦੇ ਪਕਵਾਨ ਛਕਾਏ ਗਏ। ਉਸ ਨੇ ਦੋ ਸਾਲ ਪਹਿਲਾਂ ਪਿੰਡ ਦੇ ਹੀ ਇਕ ਕਿਸਾਨ ਤੋਂ ਢਾਈ ਲੱਖ ਰੁਪਏ ਵਿਚ ਇਹ ਮੱਝ ਖਰੀਦੀ ਸੀ। ਇਸ ਮਗਰੋਂ ਉਸ ਨੇ ਮੱਝ ਦੀ ਖੁਰਾਕ ‘ਤੇ ਵਿਸ਼ੇਸ਼ ਧਿਆਨ ਦਿੱਤਾ।

ਇਸ ਮੱਝ ਨੇ ਹਰ ਰੋਜ਼ 28 ਲਿਟਰ ਦੁੱਧ ਦਿੱਤਾ। ਇਸ ਮਗਰੋਂ ਇਸ ਲਕਸ਼ਮੀ ਨੇ ਕਈ ਥਾਵਾਂ ‘ਤੇ ਸਰਵੋਤਮ ਪੁਰਸਕਾਰ ਜਿੱਤੇ। 11 ਮਹੀਨੇ ਪਹਿਲਾਂ ਆਂਧਰਾ ਪ੍ਰਦੇਸ਼ ਦੇ ਇਕ ਕਿਸਾਨ ਰਾਜੀਵ ਨੇ ਲਕਸ਼ਮੀ ਦਾ ਮੁੱਲ 10 ਲੱਖ ਰੁਪਏ ਪਾਇਆ ਪਰ ਉਸ ਨੇ ਨਾਂਹ ਕਰ ਦਿੱਤੀ। ਇਸ ਪਿਛੋਂ ਮੱਝਾਂ ਦੇ ਸੌਦਾਗਰ ਰਾਜੂ ਨੇ ਉਸ ਨਾਲ ਸੰਪਰਕ ਕੀਤਾ ਤੇ ਮੱਝ ਦੀ ਕੀਮਤ 19 ਲੱਖ ਰੁਪਏ ਤੱਕ ਲੱਗੀ ਪਰ ਕਪੂਰ ਸਿੰਘ ਰਾਜ਼ੀ ਨਾ ਹੋਇਆ। ਫਿਰ ਉਸ ਨੇ ਕੀਮਤ 25 ਲੱਖ ਰੁਪਏ ਰੱਖੀ ਜਿਸ ‘ਤੇ ਆਂਧਰਾ ਦਾ ਕਿਸਾਨ ਰਾਜੀਵ ਮੰਨ ਗਿਆ। ਕਪੂਰ ਸਿੰਘ ਨੇ ਏਜੰਟਾਂ ਨੂੰ ਇਕ ਲੱਖ ਰੁਪਏ ਕਮਿਸ਼ਨ ਵਜੋਂ ਦਿੱਤੇ। ਇਸ ਤੋਂ ਇਲਾਵਾ ਚਾਰ ਲੱਖ ਰੁਪਏ ਲਕਸ਼ਮੀ ਦੀ ਵਿਦਾਇਗੀ ਪਾਰਟੀ ਉਪਰ ਖਰਚੇ।

# ਸਰਹੱਦੀ ਤਣਾਅ ਅਮਨ ਵਾਰਤਾ ’ਚ ਅੜਿੱਕਾ

**ਨਵੀਂ ਦਿੱਲੀ:** ਸਰਹੱਦੀ ਤਣਾਅ ਦੇ ਮੱਦੇਨਜ਼ਰ ਭਾਰਤ ਨੇ ਨਿਊਯਾਰਕ ਵਿਚ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਤੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਨਾਲ ਸੰਭਾਵੀ ਮੀਟਿੰਗ ਬਾਰੇ ਕੋਈ ਹੁੰਗਾਰਾ ਨਹੀਂ ਭਰਿਆ। ਸੂਤਰਾਂ ਮੁਤਾਬਕ ਭਾਰਤ ਸਰਹੱਦੀ ਮਸਲੇ ਬਾਰੇ ਪਾਕਿਸਤਾਨੀ ਸਰਕਾਰ ਦੇ ਰੁਖ਼ ‘ਤੇ ਨਿਗਰਾਨੀ ਰੱਖ ਰਿਹਾ ਹੈ। ਮੁਲਾਕਾਤ ਬਾਰੇ ਕੋਈ ਵੀ ਫੈਸਲਾ ਇਸੇ ਆਧਾਰ ‘ਤੇ ਕੀਤਾ ਜਾਣਾ ਹੈ।

ਜ਼ਿਕਰਯੋਗ ਕਿ ਸ੍ਰੀ ਨਵਾਜ਼ ਸ਼ਰੀਫ ਨੇ ਡਾ. ਮਨਮੋਹਨ ਸਿੰਘ ਨਾਲ ਗੱਲਬਾਤ ਦੀ ਇੱਛਾ ਜਤਾਈ ਹੈ ਪਰ ਭਾਰਤ ਨੇ ਅਜੇ ਤੱਕ ਇਸ ਬਾਰੇ ਕੋਈ ਹੁੰਗਾਰਾ ਨਹੀਂ ਭਰਿਆ। ਇਸ ਬਾਰੇ ਵਿਰੋਧੀ ਧਿਰ ਖਾਸ ਕਰਕੇ ਭਾਰਤੀ ਜਨਤਾ ਪਾਰਟੀ ਦਾ ਪਾਕਿਸਤਾਨ ਖ਼ਿਲਾਫ਼ ਰੁਖ਼ ਪਹਿਲਾਂ ਨਾਲੋਂ ਕਾਫ਼ੀ ਤਿੱਖਾ ਹੈ ਤੇ ਇਹ ਸਰਕਾਰ ਉੱਤੇ ਵੀ ਸਖ਼ਤ ਰੁਖ਼ ਅਪਣਾਉਣ ਲਈ ਜ਼ੋਰ ਪਾ ਰਹੀ ਹੈ। ਭਾਜਪਾ ਪ੍ਰਧਾਨ ਰਾਜਨਾਥ ਸਿੰਘ ਦਾ ਕਹਿਣਾ ਹੈ ਕਿ ਭਾਰਤ ਨੂੰ ਪਾਕਿਸਤਾਨ ਦੀ ਇਸ ਕਾਰਵਾਈ ਦਾ ਕਰਾਰਾ ਜਵਾਬ ਦੇਣਾ ਚਾਹੀਦਾ ਹੈ।

ਦੂਜੇ ਪਾਸੇ ਅਸਲ ਕੰਟਰੋਲ ਰੇਖਾ ‘ਤੇ ਹਾਲ ਹੀ ਵਿਚ ਵਾਪਰੀਆਂ ਘਟਨਾਵਾਂ ‘ਤੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਨੇ ਅਫ਼ਸੋਸ ਜ਼ਾਹਿਰ ਕਰਕੇ ਹਾਲਾਤ ਨੂੰ ਮੋੜਾ ਦੇਣ ਦੀ ਅਪੀਲ ਕੀਤੀ ਹੈ। ਭਾਰਤੀ ਜਨਤਾ ਪਾਰਟੀ ਵੱਲੋਂ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਉਪਰ ਅਗਲੇ ਮਹੀਨੇ ਨਿਊਯਾਰਕ ਵਿਚ ਨਵਾਜ਼ ਸ਼ਰੀਫ਼ ਨਾਲ ਮੁਲਾਕਾਤ ਨਾ ਕਰਨ ਲਈ ਪਾਏ ਜਾ ਰਹੇ ਦਬਾਅ ਦੇ ਮੱਦੇਨਜ਼ਰ ਪਾਕਿਸਤਾਨੀ ਪ੍ਰਧਾਨ ਮੰਤਰੀ ਨੇ ਕਿਹਾ ਕਿ ਉਹ ਇਸ ਮੁਲਾਕਾਤ ਦਾ ਬੇਸਬਰੀ ਨਾਲ ਇੰਤਜ਼ਾਰ ਕਰ ਰਹੇ ਹਨ ਜਿਸ ਵਿਚ ਉਹ ਆਪਸੀ ਵਿਸ਼ਵਾਸ ਵਧਾਉਣ ਤੇ ਦੁਵੱਲੇ ਸਬੰਧਾਂ ਨੂੰ ਪੱਕੇ ਪੈਰੀਂ ਕਰਨ ਦੇ ਢੰਗ-ਤਰੀਕਿਆਂ ਬਾਰੇ ਵਿਚਾਰ-ਚਰਚਾ ਕਰਨਾ ਚਾਹੁੰਦੇ ਹਨ।

ਪੰਜ ਭਾਰਤੀ ਜਵਾਨਾਂ ਦੀ ਹੱਤਿਆ ਕਰਕੇ ਵਧੇ ਤਣਾਅ ਦੇ ਮੱਦੇਨਜ਼ਰ ਵਿਦੇਸ਼ ਵਿਭਾਗ ਵਿਚ ਹੋਈ ਉੱਚ ਪੱਧਰੀ ਐਮਰਜੈਂਸੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਉਨ੍ਹਾਂ ਕਿਹਾ ਕਿ ਦੋਵੇਂ ਦੇਸ਼ਾਂ ਨੂੰ ਅਸਲ ਕੰਟਰੋਲ ਰੇਖਾ ਦੇ ਨਾਲੋ-ਨਾਲ ਗੋਲੀਬੰਦੀ ਬਹਾਲ ਕਰਨ ਲਈ ਕਾਰਗਰ ਕਦਮ ਉਠਾਉਣੇ ਚਾਹੀਦੇ ਹਨ। ਸ੍ਰੀ ਸ਼ਰੀਫ਼ ਨੇ ਕਿਹਾ ਕਿ ਦੋਵੇਂ ਪਾਸੇ ਲੀਡਰਸ਼ਿਪ ਦਾ ਇਹ ਫਰਜ਼ ਬਣਦਾ ਹੈ ਕਿ ਹਾਲਾਤ ਨਾ ਵਿਗੜਨ ਤੇ ਉਸਾਰੂ ਖ਼ਿਆਲੀ ਪਾ ਕੇ ਮਾਹੌਲ ਸੁਧਾਰਿਆ ਜਾਵੇ।

ਜ਼ਿਕਰਯੋਗ ਹੈ ਕਿ ਬੀਤੇ ਦਿਨੀਂ ਜੰਮੂ-ਕਸ਼ਮੀਰ ਦੇ ਪੁਣਛ ਸੈਕਟਰ ਵਿਚ ਹੋਏ ਇਕ ਹਮਲੇ ਵਿਚ ਪੰਜ ਭਾਰਤੀ ਫੌਜੀ ਮਾਰੇ ਗਏ ਸਨ ਤੇ ਰੱਖਿਆ ਮੰਤਰੀ ਏ.ਕੇ ਐਂਟਨੀ ਨੇ ਸੰਸਦ ਵਿਚ ਬਿਆਨ ਦਿੰਦਿਆਂ ਇਸ ਹਮਲੇ ਲਈ ਪਾਕਿਸਤਾਨੀ ਫੌਜ ਨੂੰ ਕਸੂਰਵਾਰ ਕਰਾਰ ਦਿੱਤਾ ਹੈ। ਹਮਲੇ ਪਿਛੋਂ ਵਿਰੋਧੀ ਧਿਰ ਵੱਲੋਂ ਸਰਕਾਰ ‘ਤੇ ਮੋੜਵਾਂ ਜਵਾਬ ਦੇਣ ਲਈ ਦਬਾਅ ਪਾਇਆ ਜਾ ਰਿਹਾ ਸੀ ਤੇ ਕੁਝ ਧਿਰਾਂ ਵੱਲੋਂ ਦੋਵੇਂ ਦੇਸ਼ਾਂ ਵਿਚਕਾਰ ਗੱਲਬਾਤ ਦੇ ਸਾਰੇ ਰਾਹ ਬੰਦ ਕਰਨ ਦੀ ਮੰਗ ਕੀਤੀ ਜਾ ਰਹੀ ਸੀ। ਪਾਕਿਸਤਾਨ ਵੱਲੋਂ ਇਸ ਘਟਨਾ ਵਿਚ ਆਪਣੀ ਕਿਸੇ ਵੀ ਤਰ੍ਹਾਂ ਦੀ ਸ਼ਮੂਲੀਅਤ ਤੋਂ ਪਹਿਲਾਂ ਹੀ ਇਨਕਾਰ ਕੀਤਾ ਜਾ ਰਿਹਾ ਹੈ।


SUPER TRAVEL
847-676-9090, 773-465-5566
E-mail: supertravel2003@yahoo.com
Lowest Fares With Excellent Service
United Airlines
British Airways

Jet Airways, Air India, KLM, Lufthansa, Delta, Qatar Airlines.
For Emergency Call anytime at 847-673-3825
EARLY BIRD SALE!!!!
Domestic fares available

Travel Mart International
We offer lowest fares to India, Pakistan, Africa, Middle East & worldwide.
Best rates available with confirmed seats.
You tried the rest now try the best
Ph:773-764-3700
Fax # 773 751 5531 e-mail: travelmartintl@gmail.com
2600 W. Peterson Ave., Suite 103, Chicago Il 60659

Freeway Travel Inc
ਸਸਤੀਆਂ ਟਿਕਟਾਂ, ਖਰਾ ਸੌਦਾ, ਬਿਹਤਰ ਸਰਵਿਸ

Call Raju
Tel: 773-973-0200
Fax: 773-973-0557
2542 W Devon Ave. Chicago IL 60659

ਗੁਰਪਤਵੰਤ ਸਿੰਘ ਪੰਨੂੰ
ਅਟਾਰਨੀ ਐਟ ਲਾਅ

ਗੁਰਪਤਵੰਤ ਸਿੰਘ ਪੰਨੂੰ ਅਟਾਰਨੀ ਐਟ ਲਾਅ
ਕੀ ਤੁਸੀਂ ਡੀਪੋਰਟ ਹੋ ਰਹੇ ਹੋ?
ਜਾਂ ਤੁਹਾਡਾ ਇੰਮੀਗ੍ਰੇਸ਼ਨ ਕੇਸ ਬੰਦ ਹੈ?
ਤੁਹਾਡੀ ਸੇਵਾ ਵਿਚ ਹਾਜ਼ਰ ਅਟਾਰਨੀ ਪੰਨੂੰ
ਇੰਮੀਗ੍ਰੇਸ਼ਨ ਅਤੇ ਡੀਪੋਰਟੇਸ਼ਨ ਡਿਫੈਂਸ
• ਬੋਰਡ ਆਫ ਇੰਮੀਗ੍ਰੇਸ਼ਨ ਅਪੀਲਜ਼
• 9th & 2nd ਸਰਕਿਟ ਅਪੀਲਜ਼
• ਕੈਨਸੇਲੇਸ਼ਨ ਆਫ ਡੀਪੋਰਟੇਸ਼ਨ (10 ਸਾਲਾ ਰਿਹਾਇਸ਼ੀ ਕੇਸ)
• ਡੀਪੋਰਟੇਸ਼ਨ ਦੇ ਕੇਸ ਖੋਲ੍ਹਣ ਲਈ ਮੋਸ਼ਨ
ਮੁਫਤ ਕਾਨੂੰਨੀ ਸਲਾਹ ਲਈ ਸੰਪਰਕ ਕਰੋ
NEW YORK
T 718.672.8000
75-20 Astoria Blvd, Suite 170
Jackson Heights, New York 11370
* Admitted in the state of New York only
CALIFORNIA
T 510.796.9000
39180 Liberty Street, Suite 118
Freemont. CA 94538

ਅਮਰ ਕਾਰਪੈਟਸ
ਘਰਾਂ/ਦਫਤਰਾਂ ਅਤੇ ਹਰ ਤਰ੍ਹਾਂ ਦੇ ਮਕਾਨਾਂ ਵਿਚ ਵਧੀਆ ਕੁਆਲਟੀ ਦਾ ਕਾਰਪੈਟ ਸਸਤੇ ਭਾਅ ਪੁਆਉ
ਦੀਵਾਨ ਐਵਨਿਊ, ਸ਼ਿਕਾਗੋ ਵਿਚ ਕਾਰਪੈਟਸ ਦਾ ਇੱਕੋ ਇੱਕ ਸਟੋਰ ਜਿੱਥੋਂ ਤੁਸੀ ਖਰੀਦ ਸਕਦੇ ਹੋ ਬਿਲਕੁਲ ਨਵੇਂ ਡਿਜ਼ਾਈਨ ਦੇ ਰੱਗ ਹਰ ਇਕ ਕਵਾਲਿਟੀ ਵਿਚ, ਕੀਮਤਾਂ ਇਨੀਆਂ ਘੱਟ ਕਿ ਤੁਸੀਂ ਸੋਚ ਵੀ ਨਹੀਂ ਸਕਦੇ! ਆਓ! ਦੇਖੋ ਅਮਰ ਕਾਰਪੈਟਸ ਦਾ ਨਵਾਂ ਤੇ ਬੇਹਤਰੀਨ ਚੋਣ ਭਰਪੂਰ ਨਵਾਂ ਅਤੇ ਵੱਡਾ ਸ਼ੋਅਰੂਮ

ਅਮਰੀਕ ਸਿੰਘ
ਹਾਰਡਵੁੱਡ ਫਲੋਰ, ਕਿਚਨ ਕੈਬਨਿਟ
ਹਰ ਤਰ੍ਹਾਂ ਦੇ ਫਲੋਰ ਉਪਲਬਧ

ਫਰੀ ਐਸਟੀਮੇਟ, ਆਰਡਰ ਕਰਨ ਦੇ ਅਗਲੇ ਹੀ ਦਿਨ ਕਾਰਪੈਟ ਪਾਵਾਂਗੇ
Same day service in Chicago and suburbs
Amar Carpets Inc
ਵੈਸਟਰਨ ਅਵੈਨਿਊ ਤੋਂ ਅਧਾ ਬਲਾਕ ਵੈਸਟ, 2423 W Devon Ave. Chicago IL 60659
ਕਾਲ ਕਰੋ : ਅਮਰੀਕ ਸਿੰਘ
Ph: 773-508-5253,773-507-8043, Fax: 773-508-5249

**Punjab Times**

**Established in 2000**
**13th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh
**Graphics:**
Mandeep Singh

**Photographer**
Kamaljit Singh Virdi
Ph. 847-502-2703

**Our Columnists**
Ashok Bhaura
Tarlochan Singh Dupalpur
Baljit Basi
Major Kular
**Corrspondents**
**Detroit, MI**
Rajinder Syan
734-261-0936
**New York**
Iqbal S. Jabowalia
917-375-6395

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 95 ਡਾਲਰ,**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਆਡੀਓ ਸੀ.ਡੀ. 'ਗਾਥਾ-ਏ-ਗ਼ਦਰ' ਰਿਲੀਜ਼

**ਜਲੰਧਰ:** ਇੱਥੇ ਦੇਸ਼ ਭਗਤ ਯਾਦਗਾਰ ਹਾਲ ਵਿਖੇ ਗ਼ਦਰ ਸ਼ਤਾਬਦੀ ਨੂੰ ਸਮਰਪਤ 'ਨਾਦ-ਸੰਵਾਦ ਗਰੁੱਪ ਆਫ਼ ਆਰਟ' ਦੀ ਪਲੇਠੀ ਆਡੀਓ ਸੀ.ਡੀ. 'ਗਾਥਾ-ਏ-ਗ਼ਦਰ' ਰਿਲੀਜ਼ ਕੀਤੀ ਗਈ। ਇਸ ਸੀ.ਡੀ. ਵਿਚ ਗ਼ਦਰ ਲਹਿਰ ਦੇ ਵਿਚਾਰਕ, ਰਾਜਨੀਤਕ ਅਤੇ ਸਾਹਿਤਕ ਮੁੱਲਾਂ ਦੀ ਚਰਚਾ ਛੇੜੀ ਗਈ ਹੈ।

'ਗਾਥਾ-ਏ-ਗ਼ਦਰ' ਨਾਟਕ ਦੇ ਲੇਖਕ ਪ੍ਰੋ. ਰਾਕੇਸ਼ ਰਮਨ ਅਤੇ ਗਾਇਕ ਤੇ ਸੰਗੀਤਕਾਰ ਚੰਨ ਚਮਕੌਰ ਨੇ ਦੱਸਿਆ ਕਿ ਇਹ ਸੀ.ਡੀ.ਦੇਸ਼ ਦੀ ਸੁਤੰਤਰਤਾ ਲਹਿਰ ਦੇ ਸ਼ਾਨਾਮੱਤੇ ਅਧਿਆਏ ਗ਼ਦਰ ਲਹਿਰ ਨੂੰ ਸਮਰਪਿਤ ਹੈ। ਗ਼ਦਰ ਪਾਰਟੀ ਦੇ ਸਥਾਪਨਾ ਵਰ੍ਹੇ ਵਿਚ ਇਸ ਸੀ.ਡੀ. ਨੂੰ ਨਾਟਕ 'ਗਾਥਾ-ਏ-ਗ਼ਦਰ' ਦੇ ਹਿੱਸੇ ਵਜੋਂ ਤਿਆਰ ਕੀਤਾ ਗਿਆ ਹੈ। ਨਾਟਕ ਦੀ ਉਸਾਰੀ ਲਈ ਵਰਤੇ ਗਏ ਗੀਤ-ਸੰਗੀਤ ਦਾ ਆਪਣਾ ਵੱਖਰਾ ਅਤੇ ਸੁਤੰਤਰ ਪ੍ਰਭਾਵ ਹੋਣ ਕਾਰਨ ਇਸ ਨੂੰ ਸੀ.ਡੀ. ਦੇ ਰੂਪ ਵਿਚ ਰਿਕਾਰਡ ਕਰ ਲਿਆ ਗਿਆ ਹੈ। ਗੀਤਾਂ ਦੀਆਂ ਧੁਨਾਂ ਚੰਨ ਚਮਕੌਰ ਨੇ ਤਿਆਰ ਕੀਤੀਆਂ ਹਨ। ਗੀਤਾਂ ਦੇ ਗਾਇਨ ਵਿਚ ਮੁੱਖ ਆਵਾਜ਼ ਵੀ ਚੰਨ ਚਮਕੌਰ ਦੀ ਹੀ ਹੈ। ਸਹਿ-ਗਾਇਕਾਂ ਵਜੋਂ




ਕਮਲ ਕਰਤਾਰ, ਹਰਜਿੰਦਰ ਮਨੀ, ਅਮਿਤ ਤੇ ਸੁਖ਼ਨਦੀਪ ਸੂਫ਼ੀ ਆਦਿ ਕਲਾਕਾਰਾਂ ਨੇ ਉਸ ਦਾ ਸਾਥ ਦਿੱਤਾ ਹੈ। ਗੀਤਾਂ ਦੀ ਚੋਣ ਤੇ ਸੰਪਾਦਨ ਦਾ ਕਾਰਜ ਪ੍ਰੋ. ਰਾਕੇਸ਼ ਰਮਨ ਦੁਆਰਾ ਕੀਤਾ ਗਿਆ ਹੈ। ਪ੍ਰੋਜੈਕਟ ਨੂੰ ਸਹਿਯੋਗ ਨਵਤੇਜ ਬੈਂਸ (ਕੈਨੇਡਾ) ਵੱਲੋਂ ਦਿੱਤਾ ਗਿਆ ਹੈ। 'ਗ਼ਾਥਾ-ਏ-ਗ਼ਦਰ' ਵਿਚ ਅੱਠ ਗੀਤ ਸ਼ਾਮਲ ਹਨ। ਵਿਸ਼ੇ ਪੱਖ ਤੋਂ ਇਹ ਗੀਤ ਦੇਸ਼ ਭਗਤੀ, ਦੇਸ਼ ਦੇ ਜੀਵਨ ਯਥਾਰਥ ਅਤੇ ਸੰਘਰਸ਼ ਦੇ ਸੰਦੇਸ਼ ਨਾਲ ਜੁੜੇ ਹੋਏ ਹਨ। ਗ਼ਦਰ ਲਹਿਰ ਦੌਰਾਨ ਅਤੇ ਇਸ ਤੋਂ ਮਗਰੋਂ ਮਕਬੂਲ ਹੋਈਆਂ ਕਾਵਿ ਸਤਰਾਂ 'ਸੇਵਾ ਦੇਸ਼ ਦੀ ਜਿੰਦੜੀਏ ਬੜੀ ਔਖੀ', 'ਹਿੰਦ ਵਾਸੀਓ ਰੱਖਣਾ ਯਾਦ ਸਾਨੂੰ' ਤੇ 'ਚਲੋ ਚੱਲੀਏ ਦੇਸ਼ ਨੂੰ ਯੁੱਧ ਕਰਨੇ' ਨੂੰ ਸੀ.ਡੀ. ਵਿਚ ਰੂਹ ਨਾਲ ਗਾਇਆ ਗਿਆ ਹੈ। 'ਕਰਜ਼ੇ' ਗੀਤ ਵਿਚ 20ਵੀਂ ਸਦੀ ਦੇ ਮੁੱਢਲੇ ਦਹਾਕਿਆਂ ਦੌਰਾਨ ਕਰਜ਼ੇ ਅਤੇ ਕੁਦਰਤੀ ਆਫ਼ਤਾਂ ਦੀ ਗ੍ਰਿਫ਼ਤ ਵਿਚ ਆਈ ਕਿਰਸਾਣੀ ਦੀ ਵੇਦਨਾ ਪ੍ਰਗਟਾਈ ਗਈ ਹੈ। 'ਸੁਪਨੇ' ਗੀਤ ਦੀਆਂ ਸਤਰਾਂ 21ਵੀਂ ਸਦੀ ਦੇ ਇਨ੍ਹਾਂ ਗੁਜ਼ਰ ਰਹੇ ਮੁੱਢਲੇ ਦਹਾਕਿਆਂ ਵਿਚ ਲੋਕਾਂ ਦੀ ਦੁਖਾਂਤਿਕ ਦਸ਼ਾ ਦਾ ਦਰਦ ਬਿਆਨ ਕਰਦੀਆਂ ਹਨ। 'ਸਾਡਾ ਪਰਦੇਸੀਆਂ ਦਾ ਦੇਸ ਕੋਈ ਨਾ' ਗੀਤ ਗੁੰਮਨਾਮ ਗ਼ਦਰੀ ਕਵੀ ਦੀ ਹੀ ਰਚਨਾ ਹੈ। 'ਸੱਚ ਦੇ ਸੰਗਰਾਮ ਨੇ ਹਰਨਾ ਨਹੀਂ' ਕਵੀ ਜੈਮਲ ਪੱਡਾ ਦੀ ਰਚਨਾ ਹੈ। ਇਹ ਗ਼ਦਰੀਆਂ ਦੇ ਸੰਘਰਸ਼ ਨੂੰ ਅਜੋਕੇ ਸੰਘਰਸ਼ ਨਾਲ ਜੋੜਦਾ ਹੈ। ਸੀ.ਡੀ. ਦਾ ਵਿਸ਼ੇਸ਼ ਗੀਤ ਸ਼ਹੀਦ ਕਵੀਆਂ ਬਿਸ਼ਨੇ ਅਤੇ ਮੁਹੰਮਦ ਦੀ ਰਚਨਾ ਜੁਗਨੀ ਹੈ।

# ਇਟਲੀ 'ਚ ਰੁਕਿਆ ਨਹੀਂ ਦਸਤਾਰ ਦਾ ਨਿਰਾਦਰ

**ਨਵੀਂ ਦਿੱਲੀ:** ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਨੇ ਕਿਹਾ ਹੈ ਕਿ ਵਿਦੇਸ਼ਾਂ ਵਿਚ ਦਸਤਾਰ ਦੇ ਸਤਿਕਾਰ ਲਈ ਸੰਘਰਸ਼ ਜਾਰੀ ਰਹੇਗਾ। ਉਨ੍ਹਾਂ ਕਿਹਾ ਕਿ ਇਟਲੀ ਵਿਚ ਵਾਪਰੀ ਘਟਨਾ ਦੀ ਸ਼ਿਕਾਇਤ ਯੂਰਪੀਨ ਯੂਨੀਅਨ ਤੇ ਯੂ.ਐਨ.ਓ. ਕੋਲ ਵੀ ਕੀਤੀ ਜਾਵੇਗੀ ਕਿਉਂਕਿ ਇਟਲੀ ਦੀ ਸਰਕਾਰ ਯੂਰਪੀਨ ਯੂਨੀਅਨ ਦੇ ਨੇਮਾਂ ਦੀ ਉਲੰਘਣਾ ਕਰ ਰਹੀ ਹੈ।

ਰੋਮ ਹਵਾਈ ਅੱਡੇ 'ਤੇ ਵਾਪਰੀ ਘਟਨਾ ਦਾ ਜ਼ਿਕਰ ਕਰਦਿਆਂ ਸ. ਜੀ.ਕੇ. ਨੇ ਦੱਸਿਆ ਕਿ ਤਿੰਨ ਅਗਸਤ ਨੂੰ ਇਟਲੀ ਦੇ ਲੂਨਾ ਪਾਰਕ ਇਲਾਕੇ ਵਿਚ ਪਗੜੀ ਸਨਮਾਨ ਦਿਵਸ ਮਨਾਉਣ ਵਾਲੇ ਪ੍ਰਬੰਧਕਾਂ ਨੇ ਉਨ੍ਹਾਂ ਨੂੰ ਇਸ ਪ੍ਰੋਗਰਾਮ ਵਿਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਸੀ। ਦਿੱਲੀ ਕਮੇਟੀ ਦਾ ਪੰਜ ਮੈਂਬਰੀ ਵਫ਼ਦ ਜਦ ਮਿਲਾਨ ਹਵਾਈ ਅੱਡੇ ਤੋਂ ਰੋਮ ਲਈ ਰਵਾਨਾ ਹੋਇਆ ਤਾਂ ਉਨ੍ਹਾਂ ਦੀਆਂ ਦਸਤਾਰਾਂ ਦੀ ਤਲਾਸ਼ੀ ਦੀ ਕੋਈ ਮੰਗ ਨਹੀਂ ਕੀਤੀ ਗਈ ਪਰ ਛੇ ਅਗਸਤ ਨੂੰ ਜਦੋਂ ਵਫ਼ਦ ਦੇ ਮੈਂਬਰ ਰੋਮ ਹਵਾਈ ਅੱਡੇ ਤੋਂ ਭਾਰਤ ਦੀ ਉਡਾਣ ਵਾਸਤੇ ਪਹੁੰਚੇ ਤਾਂ ਉਥੋਂ ਦੇ ਸੁਰੱਖਿਆ ਕਰਮੀਆਂ ਨੇ ਵਫ਼ਦ ਦੇ ਮੈਂਬਰਾਂ ਨੂੰ ਆਪਣੀਆਂ ਪਗੜੀਆਂ



ਉਤਾਰਨ ਦਾ ਆਦੇਸ਼ ਦਿੱਤਾ। ਸ. ਜੀ.ਕੇ. ਨੇ ਕਿਹਾ ਕਿ ਉਨ੍ਹਾਂ ਅਧਿਕਾਰੀਆਂ ਨੂੰ ਸਿੱਖ ਸਭਿਆਚਾਰ ਵਿਚ ਪਗੜੀ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ ਤੇ ਬਿਨਾਂ ਉਤਾਰੇ ਪਗੜੀ ਦੀ ਤਲਾਸ਼ੀ ਲੈਣ ਲਈ ਕਿਹਾ ਪਰ ਅਧਿਕਾਰੀਆਂ ਨੇ ਉਨ੍ਹਾਂ ਦੀ ਇਕ ਨਾ ਸੁਣੀ। ਇਸ 'ਤੇ ਦਿੱਲੀ ਕਮੇਟੀ ਦੇ ਵਫ਼ਦ ਨੇ ਉਸ ਸਮੇਂ ਤਕ ਆਪਣੀ ਉਡਾਣ ਫੜਨ ਤੋਂ ਇਨਕਾਰ ਕਰ ਦਿੱਤਾ ਜਦੋਂ ਤਕ ਉਨ੍ਹਾਂ ਨੂੰ ਬਿਨਾਂ ਪਗੜੀ ਉਤਾਰੇ ਹਵਾਈ ਅੱਡੇ ਤੋਂ ਨਿਕਲਣ ਦੀ ਇਜਾਜ਼ਤ ਨਹੀਂ ਦਿੱਤੀ ਜਾਂਦੀ। ਕਮੇਟੀ ਪ੍ਰਧਾਨ ਨੇ ਕਿਹਾ ਕਿ ਕੁਝ ਘੰਟਿਆਂ ਬਾਅਦ ਭਾਰਤ ਵਿਚ ਅਕਾਲੀ ਦਲ ਦੇ ਕਾਰਕੁਨਾਂ ਵੱਲੋਂ ਰੋਸ ਪ੍ਰਦਰਸ਼ਨ ਕੀਤੇ ਜਾਣ ਤੇ ਰੋਮ ਹਵਾਈ ਅੱਡੇ 'ਤੇ ਸਿੱਖਾਂ ਦਾ ਇਕੱਠ ਹੋ ਜਾਣ ਕਾਰਨ ਭਾਰਤ ਤੇ ਇਟਲੀ ਦੀਆਂ ਸਰਕਾਰਾਂ ਹਰਕਤ ਵਿਚ ਆਈਆਂ ਤੇ ਦਿੱਲੀ ਕਮੇਟੀ ਦੇ ਵਫ਼ਦ ਨੂੰ ਸਤਿਕਾਰ ਨਾਲ ਹਵਾਈ ਅੱਡੇ ਤੋਂ ਲੰਘਾ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਭਾਵੇਂ ਇਟਲੀ ਸਰਕਾਰ ਨੇ ਸਿੱਖ ਕੌਮ ਨੂੰ ਪਗੜੀ ਦੀ ਤਲਾਸ਼ੀ ਦੇ ਮਾਮਲੇ ਵਿਚ ਕਿਸੇ ਤਰ੍ਹਾਂ ਦੀ ਛੋਟ ਦੇਣ ਦਾ ਐਲਾਨ ਨਹੀਂ ਕੀਤਾ ਪਰ ਇਸ ਘਟਨਾਕ੍ਰਮ ਮਗਰੋਂ ਜਿਹੜੇ ਵੀ ਸਿੱਖ ਹਵਾਈ ਅੱਡੇ ਦੇ ਅਧਿਕਾਰੀਆਂ ਦੀ ਮਨਮਾਨੀ ਖ਼ਿਲਾਫ਼ ਡਟਣ ਦਾ ਹੀਆ ਕਰਨਗੇ, ਉਨ੍ਹਾਂ ਨੂੰ ਸਤਿਕਾਰ ਮਿਲਣ ਦੀ ਪੂਰੀ ਆਸ ਹੈ।

## ਠਾਕੁਰ ਉਦੈ ਸਿੰਘ 'ਤੇ ਹਮਲੇ ਨੇ ਚਰਚਾ ਛੇੜੀ

*(ਸਫਾ ਇਕ ਦੀ ਬਾਕੀ)*

ਹਮਲਾਵਰ ਦਾ ਸਬੰਧ ਖਾਲਿਸਤਾਨ ਲਿਬਰੇਸ਼ਨ ਫੋਰਸ ਨਾਲ ਹੋ ਸਕਦਾ ਹੈ। ਇਸ ਘਟਨਾ ਦਾ ਕਾਰਨ ਨਾਮਧਾਰੀ ਸੰਪਰਦਾ ਦਾ ਅੰਦਰੂਨੀ ਕਲੇਸ਼ ਵੀ ਹੋ ਸਕਦਾ ਹੈ। ਸਤਿਗੁਰੂ ਜਗਜੀਤ ਸਿੰਘ ਤੋਂ ਬਾਅਦ ਠਾਕੁਰ ਦਲੀਪ ਸਿੰਘ ਅਤੇ ਠਾਕੁਰ ਉਦੈ ਸਿੰਘ ਦੇ ਸਮਰਥਕ ਗੱਦੀਨਸ਼ੀਨੀ ਨੂੰ ਲੈ ਕੇ ਦੋ ਧੜਿਆਂ ਵਿਚ ਵੰਡੇ ਗਏ ਹਨ। ਦੋਹਾਂ ਦੇ ਸਮਰਥਕਾਂ ਦੀਆਂ ਅੰਮ੍ਰਿਤਸਰ, ਅਮਰਗੜ੍ਹ ਅਤੇ ਹੋਰ ਥਾਂਵਾਂ ਉਤੇ ਝੜਪਾਂ ਹੋ ਚੁੱਕੀਆਂ ਹਨ। ਦਲੀਪ ਸਿੰਘ ਦੇ ਸਮਰਥਕ ਨਾਮਧਾਰੀ, ਉਦੈ ਸਿੰਘ ਨੂੰ ਗੁਰੂ ਮੰਨਣ ਲਈ ਤਿਆਰ ਨਹੀਂ। ਸੂਤਰਾਂ ਅਨੁਸਾਰ ਠਾਕੁਰ ਦਲੀਪ ਸਿੰਘ ਵੀ ਇਨ੍ਹੀਂ ਦਿਨੀਂ ਇੰਗਲੈਂਡ ਗਏ ਹੋਏ ਸਨ ਤੇ ਅਗਾਂਹ ਸਪੇਨ ਚਲੇ ਗਏ ਹਨ। ਜ਼ਿਕਰਯੋਗ ਹੈ ਕਿ ਨਾਮਧਾਰੀ ਡੇਰੇ ਵਿਚ ਇਸ ਵੇਲੇ ਮਾਤਾ ਚੰਦ ਕੌਰ, ਉਨ੍ਹਾਂ ਦੇ ਜਵਾਈ ਜਗਤਾਰ ਸਿੰਘ, ਉਨ੍ਹਾਂ ਦੀ ਲੜਕੀ ਸਾਹਿਬ ਕੌਰ, ਦੋਹਤਾ ਜੈ ਸਿੰਘ ਰਹਿ ਰਹੇ ਹਨ। ਇਨ੍ਹਾਂ ਸਭਨਾਂ ਦਾ ਠਾਕੁਰ ਉਦੈ ਸਿੰਘ ਨੂੰ ਥਾਪੜਾ ਹੈ। ਡੇਰੇ ਵਿਚ ਪੱਕੇ ਤੌਰ 'ਤੇ ਪੁਲਿਸ ਚੌਕੀ ਬਣੀ ਹੋਈ ਹੈ।

ਇਸੇ ਦੌਰਾਨ ਠਾਕੁਰ ਉਦੈ ਸਿੰਘ ਦੇ ਵਿਰੋਧ ਵਿਚ ਖੜ੍ਹੀ ਇੰਟਰਨੈਸ਼ਨਲ ਨਾਮਧਾਰੀ ਸੰਗਤ ਨੇ ਹਮਲੇ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ। ਸੰਗਤ ਨੇ ਕਿਹਾ ਹੈ ਕਿ ਠਾਕੁਰ ਦਲੀਪ ਸਿੰਘ ਦੀ ਜਾਨ ਨੂੰ ਵੀ ਖ਼ਤਰਾ ਹੈ। ਸਰਕਾਰ ਉਨ੍ਹਾਂ ਲਈ ਢੁੱਕਵੀਂ ਸੁਰੱਖਿਆ ਦਾ ਪ੍ਰਬੰਧ ਕਰੇ। ਇੰਟਰਨੈਸ਼ਨਲ ਨਾਮਧਾਰੀ ਸੰਗਤ ਦੇ ਚੇਅਰਮੈਨ ਜਸਵਿੰਦਰ ਸਿੰਘ ਤੇ ਪ੍ਰਧਾਨ ਨਵਤੇਜ ਸਿੰਘ ਨੇ ਲੰਡਨ ਪੁਲਿਸ ਤੋਂ ਘਟਨਾ ਦਾ ਪਰਦਾਫਾਸ਼ ਕਰਨ ਦੀ ਮੰਗ ਕੀਤੀ ਹੈ। ਨਵਤੇਜ ਸਿੰਘ ਨੇ ਕਿਹਾ ਕਿ ਹਮਲਾਵਰ ਹਰਜੀਤ ਸਿੰਘ ਤੂਰ ਪੇਸ਼ੇਵਰ ਅਪਰਾਧੀ ਹੈ। ਇਸ ਤੋਂ ਪਹਿਲਾਂ ਵੀ ਉਹ ਲੁੱਟ-ਖੋਹ ਤੇ ਹੋਰ ਅਜਿਹੀਆਂ ਵਾਰਦਾਤਾਂ ਵਿਚ ਸ਼ਾਮਲ ਰਿਹਾ ਹੈ।

## ਸੈਂਕੜੇ ਪਿੰਡ ਪਾਣੀ 'ਚ ਡੁੱਬੇ

**ਤਰਨ ਤਾਰਨ/ਹਰੀਕੇ ਪੱਤਣ:** ਭਾਖੜਾ ਤੇ ਪੌਂਗ ਡੈਮ ਤੋਂ ਸਤਲੁਜ ਅਤੇ ਬਿਆਸ ਦਰਿਆ ਵਿਚ ਭਾਰੀ ਤਦਾਦ ਵਿਚ ਛੱਡੇ ਗਏ ਪਾਣੀ ਨੇ ਤਰਨ ਤਰਨ, ਕਪੂਰਥਲਾ ਅਤੇ ਫਿਰੋਜ਼ਪੁਰ ਜ਼ਿਲ੍ਹਿਆਂ ਦੇ ਮੰਡ ਅਤੇ ਹਥਾੜ ਖੇਤਰ ਦੇ ਸੈਂਕੜੇ ਪਿੰਡਾਂ ਵਿਚ ਤਬਾਹੀ ਮਚਾ ਦਿੱਤੀ ਹੈ। ਇਸ ਹੜ੍ਹ ਦੀ ਲਪੇਟ ਵਿਚ ਕਿਸਾਨਾਂ ਅਤੇ ਗਰੀਬ ਲੋਕਾਂ ਦੇ ਸੈਂਕੜੇ ਘਰ ਆ ਚੁੱਕੇ ਹਨ।

## ਸੁਖਪਾਲ ਖਹਿਰਾ ਵੱਲੋਂ ਬਾਦਲ 'ਤੇ ਹਮਲਾ

**ਚੰਡੀਗੜ੍ਹ:** ਪੰਜਾਬ ਕਾਂਗਰਸ ਨੇ ਦੋਸ਼ ਲਾਇਆ ਹੈ ਕਿ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਪਿੰਡ ਪੱਲ੍ਹਣਪੁਰ ਸਥਿਤ ਆਪਣੀ ਜ਼ਮੀਨ ਦੀ ਕੀਮਤ ਵਧਾਉਣ ਲਈ ਨਵਾਂ ਚੰਡੀਗੜ੍ਹ ਪ੍ਰਾਜੈਕਟ ਸਿਰਜਿਆ ਹੈ। ਪਾਰਟੀ ਦੇ ਤਰਜਮਾਨ ਤੇ ਸਾਬਕਾ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਕਿਹਾ ਕਿ ਬਾਦਲਾਂ ਦੀ ਪਿੰਡ ਪੱਲ੍ਹਣਪੁਰ ਵਿਚ ਕਰੀਬ 18 ਏਕੜ ਜ਼ਮੀਨ ਹੈ ਜਿੱਥੇ ਉਹ ਸੱਤ ਤਾਰਾ ਰਿਜ਼ਾਰਟ ਬਣਾਉਣਾ ਚਾਹੁੰਦੇ ਹਨ। ਇਸ ਦੀ ਖਾਤਰ ਇਲਾਕੇ ਦਾ ਸ਼ਹਿਰੀਕਰਨ ਕੀਤਾ ਜਾ ਰਿਹਾ ਹੈ। ਸੀਸਵਾਂ ਤਕ ਛੇ ਮਾਰਗੀ ਸੜਕ ਬਣਾਈ ਜਾ ਰਹੀ ਹੈ। ਉਨ੍ਹਾਂ ਮੰਨਿਆ ਕਿ ਕਾਂਗਰਸ ਸਮੇਤ ਕਈ ਪਾਰਟੀਆਂ ਦੇ ਆਗੂਆ ਦੀ ਇਸ ਇਲਾਕੇ ਵਿਚ ਜ਼ਮੀਨ ਹੈ ਜਿਨ੍ਹਾਂ ਨੂੰ ਨਵੇਂ ਚੰਡੀਗੜ੍ਹ ਤੋਂ ਫਾਇਦਾ ਹੋਇਆ ਹੈ।

# ਕਾਂਗਰਸੀਆਂ ਦਾ ਹਮਲਾਵਰ ਰੁਖ਼; ਅਕਾਲੀ ਹੱਕੇ-ਬੱਕੇ

*(ਸਫਾ ਇਕ ਦੀ ਬਾਕੀ)*

ਹਮੇਸ਼ਾ ਪੰਜਾਬ ਵਿਚ ਕਾਨੂੰਨ ਤੋੜਨ ਦੀਆਂ ਕਾਰਵਾਈਆਂ ਹੀ ਕੀਤੀਆਂ ਹਨ। ਅਸਲ ਵਿਚ ਕਾਂਗਰਸ, ਬਾਦਲ ਪਰਿਵਾਰ ਤੇ ਉਨ੍ਹਾਂ ਦੇ ਰਿਸ਼ਤੇਦਾਰ ਮੰਤਰੀਆਂ ਨੂੰ ਘੇਰ ਕੇ ਆਪਣੇ ਵਰਕਰਾਂ ਦੇ ਮਨਾਂ ਅੰਦਰੋਂ ਦਹਿਸ਼ਤ ਕੱਢਣਾ ਚਾਹੁੰਦੀ ਹੈ।

ਦੂਜੇ ਪਾਸੇ ਸ. ਬਾਜਵਾ ਚੁੱਪ-ਚੁਪੀਤੇ ਪੀਪਲਜ਼ ਪਾਰਟੀ ਆਫ ਪੰਜਾਬ (ਪੀ.ਪੀ.ਪੀ.), ਸੀ.ਪੀ.ਆਈ. ਤੇ ਸੀ.ਪੀ.ਆਈ. (ਐਮ) ਨਾਲ ਲੋਕ ਸਭਾ ਚੋਣਾਂ ਲਈ ਗੱਠਜੋੜ ਕਰਨ ਲਈ ਵੀ ਸਰਗਰਮ ਹਨ। ਸੂਤਰਾਂ ਮੁਤਾਬਕ ਉਹ ਇਸ ਬਾਰੇ ਪਾਰਟੀ ਹਾਈ ਕਮਾਂਡ ਨਾਲ ਪੀ.ਪੀ.ਪੀ. ਆਗੂਆਂ ਦੀ ਇਕ ਮੀਟਿੰਗ ਵੀ ਕਰਵਾ ਚੁੱਕੇ ਹਨ ਜਿਸ ਤਹਿਤ ਖਾਸ ਕਰਕੇ ਬਠਿੰਡਾ ਲੋਕ ਸਭਾ ਹਲਕੇ ਤੋਂ ਅਕਾਲੀ ਦਲ ਨੂੰ ਸਾਂਝੀ ਟੱਕਰ ਦੇਣ ਦੀ ਰਣਨੀਤੀ ਬਣਾਈ ਜਾ ਰਹੀ ਹੈ। ਮਨਪ੍ਰੀਤ ਬਾਦਲ ਦੀ ਵੀ ਹੁਣ ਕਾਂਗਰਸ ਪ੍ਰਤੀ ਸੁਰ ਨਰਮ ਹੈ।

ਇਸ ਗੱਲ ਦੀ ਵੀ ਚਰਚਾ ਹੈ ਕਿ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੀ ਆਪਣੀ ਸਿਆਸੀ ਸਰਗਰਮੀ ਵਧਾਉਣ ਦੀ ਤਿਆਰੀ ਕਰ ਰਹੇ ਹਨ। ਪਾਰਟੀ ਅੰਦਰ ਇਹ ਆਮ ਪ੍ਰਭਾਵ ਹੈ ਕਿ ਕਾਂਗਰਸ ਵਿਧਾਇਕ ਦਲ ਦਾ ਵੱਡਾ ਹਿੱਸਾ ਅਜੇ ਵੀ ਕੈਪਟਨ ਦੀ ਹਮਾਇਤ 'ਤੇ ਹੈ ਅਤੇ ਪਾਰਟੀ ਅੰਦਰ ਉਸ ਦਾ ਸਤਿਕਾਰ ਵੀ ਕਾਇਮ ਹੈ। ਕੈਪਟਨ ਵੱਲੋਂ ਸਤੰਬਰ ਦੇ ਅਖਰੀਲੇ ਦਿਨਾਂ ਵਿਚ ਪੰਜਾਬ ਅੰਦਰ ਸੰਪਰਕ ਮੁਹਿਮ ਅਰੰਭ ਕੀਤੇ ਜਾਣ ਦੀ ਉਮੀਦ ਹੈ। ਸੂਤਰਾਂ ਅਨੁਸਾਰ ਉਹ ਸਭ ਜ਼ਿਲ੍ਹਿਆਂ ਵਿਚ ਪਾਰਟੀ ਆਗੂਆਂ ਨੂੰ ਉਨ੍ਹਾਂ ਦੇ ਘਰੀਂ ਜਾ ਕੇ ਮਿਲਣ ਦੇ ਚਾਹਵਾਨ ਹਨ।

ਜ਼ਿਕਰਯੋਗ ਹੈ ਕਿ ਵਿਧਾਨ ਸਭਾ ਚੋਣਾਂ ਵਿਚ ਅਣਕਿਆਸੀ ਹਾਰ ਤੋਂ ਬਾਅਦ ਕਾਂਗਰਸ ਪਾਟੋਧਾੜ ਦਾ ਸ਼ਿਕਾਰ ਹੋ ਗਈ ਸੀ। ਕਾਂਗਰਸ ਦੇ ਕੌਮੀ ਉਪ ਪ੍ਰਧਾਨ ਰਾਹੁਲ ਗਾਂਧੀ ਦੇ ਲਗਾਤਾਰ ਯਤਨਾਂ ਤੇ ਪ੍ਰਦੇਸ਼ ਕਾਂਗਰਸ ਲੀਡਰਸ਼ਿਪ ਵਿਚ ਤਬਦੀਲੀ ਦੇ ਬਾਵਜੂਦ ਹਾਲਤ ਵਿਚ ਕੋਈ ਖਾਸ ਸੁਧਾਰ ਨਹੀਂ ਸੀ ਹੋਇਆ। ਪਾਰਟੀ ਦੀ ਹਾਈ ਕਮਾਂਡ ਇਸ ਗੱਲੋਂ ਫਿਕਰਮੰਦ ਹੈ ਕਿ ਪਾਰਟੀ ਆਗੂ ਅਜੇ ਵੀ ਇਕਜੁੱਟ ਹੋ ਕੇ ਸਰਕਾਰ ਦੀਆਂ ਅਸਫਲਤਾਵਾਂ ਵਿਰੁਧ ਆਵਾਜ਼ ਉਠਾਉਣ ਦੀ ਬਜਾਏ ਆਪਸੀ ਰੰਜਿਸ਼ਾਂ ਵਿਚ ਹੀ ਰੁੱਝੇ ਹੋਏ ਹਨ।

ਪੰਜਾਬ ਕਾਂਗਰਸ ਨੂੰ ਇਕਜੁੱਟ ਕਰਨ ਲਈ ਰਾਹੁਲ ਗਾਂਧੀ ਤਿੰਨ ਵਾਰ ਪੰਜਾਬ ਆਏ ਤੇ ਕਈ ਵਾਰ ਸੀਨੀਅਰ ਆਗੂਆਂ ਨੂੰ ਦਿੱਲੀ ਸੱਦ ਕੇ ਮੀਟਿੰਗਾਂ ਕੀਤੀਆਂ। ਪਾਰਟੀ ਅੰਦਰੋਂ ਉਠ ਰਹੀਆਂ ਆਵਾਜ਼ਾਂ ਮੁਤਾਬਕ ਕੇਂਦਰੀ ਲੀਡਰਸ਼ਿਪ ਨੇ ਸ. ਪ੍ਰਤਾਪ ਸਿੰਘ ਬਾਜਵਾ ਨੂੰ ਨਵਾਂ ਪ੍ਰਧਾਨ ਥਾਪਿਆ। ਨਵਾਂ ਤਜਰਬਾ ਕਰਦਿਆਂ ਪੰਜਾਬ ਦੇ ਚਾਰ ਜ਼ੋਨ ਬਣਾ ਕੇ ਪ੍ਰਦੇਸ਼ ਉਪ ਪ੍ਰਧਾਨ ਤੇ ਇੰਚਾਰਜ ਵੀ ਥਾਪ ਦਿੱਤੇ ਪਰ ਹੁਣ ਜਦ ਪ੍ਰਦੇਸ਼ ਪ੍ਰਧਾਨ ਸ. ਪ੍ਰਤਾਪ ਸਿੰਘ ਬਾਜਵਾ ਨੇ ਵਿਧਾਨ ਸਭਾ ਹਲਕਾਵਾਰ ਰੈਲੀਆਂ ਦਾ ਸਿਲਸਿਲਾ ਸ਼ੁਰੂ ਕੀਤਾ ਹੈ ਤਾਂ ਪਾਰਟੀ ਆਗੂਆਂ ਦੀ ਆਪਸੀ ਖਹਿਬਾਜ਼ੀ ਮੁੜ ਉਭਰ ਕੇ ਸਾਹਮਣੇ ਆ ਰਹੀ ਹੈ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ

ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ

ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ
ਹੈਪੀ ਹੀਰ
ਯਾਦਵਿੰਦਰ ਸਿੰਘ ਰਿੰਪੀ

# ਪੰਜਾਬ 'ਚ ਵਿਕਾਸ ਦੇ ਨਾਂ 'ਤੇ ਦਰਖਤਾਂ ਦਾ ਵਢਾਂਗਾ

**ਚੰਡੀਗੜ੍ਹ:** ਅਕਾਲੀ-ਭਾਜਪਾ ਸਰਕਾਰ ਬੱਸ਼ੇਕ ਪੰਜਾਬ ਨੂੰ ਹਰਿਆ-ਭਰਿਆ ਬਣਾਉਣ ਦੇ ਦਾਅਵੇ ਕਰ ਰਹੀ ਹੈ ਪਰ ਸੂਬੇ ਵਿਚ ਵਿਕਾਸ ਦੇ ਨਾਂ 'ਤੇ ਦਰਖ਼ਤਾਂ ਦਾ ਉਜਾੜਾ ਰੁਕਣ ਦਾ ਨਾਂ ਨਹੀਂ ਲੈ ਰਿਹਾ। ਸਰਕਾਰ ਦਰਖ਼ਤ ਲਾਉਣ ਲਈ ਗਰੀਨ ਮਿਸ਼ਨ ਤੇ ਨੰਨ੍ਹੀ ਛਾਂ ਜਿਹੇ ਪ੍ਰਾਜੈਕਟ ਚਲਾ ਰਹੀ ਹੈ ਪਰ ਨਾਲ ਹੀ ਦਰਖਤਾਂ 'ਤੇ ਅੰਨ੍ਹੇਵਾਹ ਕੁਹਾੜਾ ਚਲਾ ਰਹੀ ਹੈ। ਪੰਜਾਬ ਵਿਚ ਹੋਏ ਵਿਕਾਸ ਨੇ ਸੱਤ ਕਰੋੜ ਦਰਖਤਾਂ ਦੀ ਬਲੀ ਲੈ ਲਈ ਹੈ। ਇਹ ਸਿਰਫ਼ ਸਰਕਾਰੀ ਅੰਕੜਾ ਹੈ ਤੇ ਦੋ ਨੰਬਰ ਵਿਚ ਹੁੰਦੀ ਕਟਾਈ ਵੱਖਰੀ ਹੈ। ਭਾਰਤ ਵਿਚੋਂ ਪੰਜਾਬ ਹੁਣ ਦਰਖਤਾਂ ਦੀ ਕਟਾਈ ਦੇ ਮਾਮਲੇ ਵਿਚ ਪੰਜਵੇਂ ਨੰਬਰ 'ਤੇ ਆ ਗਿਆ ਹੈ। ਉੱਤਰੀ ਭਾਰਤ ਵਿਚੋਂ ਪੰਜਾਬ ਦਰਖਤਾਂ ਦੀ ਕਟਾਈ ਵਿਚ ਪਹਿਲੇ ਨੰਬਰ 'ਤੇ ਹੈ।

ਪੰਜਾਬ ਵਿਚ ਅਕਤੂਬਰ 1980 ਤੋਂ ਹੁਣ ਤੱਕ 1.61 ਲੱਖ ਏਕੜ ਰਕਬੇ ਵਿਚੋਂ ਦਰਖਤਾਂ ਦਾ ਸਫਾਇਆ ਹੋ ਚੁੱਕਾ ਹੈ ਤੇ ਇਸ ਰਕਬੇ ਵਿਚ ਕੱਟੇ ਗਏ ਦਰਖਤਾਂ ਦੀ ਗਿਣਤੀ ਕਰੀਬ ਸੱਤ ਕਰੋੜ ਬਣਦੀ ਹੈ। ਸਰਕਾਰੀ ਤੇ ਪ੍ਰਾਈਵੇਟ ਵਿਕਾਸ ਨੇ ਹਰਿਆਲੀ ਨੂੰ ਸੱਟ ਮਾਰੀ ਹੈ। ਕੇਂਦਰੀ ਪ੍ਰਵਾਨਗੀ ਮਗਰੋਂ ਇਸ ਵੱਡੇ ਜੰਗਲਾਤੀ ਰਕਬੇ ਨੂੰ ਗੈਰ ਜੰਗਲਾਤੀ ਕੰਮਾਂ ਲਈ ਤਬਦੀਲ ਕੀਤਾ ਗਿਆ ਹੈ।

ਕੇਂਦਰੀ ਵਾਤਾਵਰਣ ਤੇ ਜੰਗਲਾਤ ਮੰਤਰਾਲੇ ਦੇ ਵੇਰਵਿਆਂ ਅਨੁਸਾਰ ਫਾਰੈਸਟ ਕਨਜ਼ਰਵੇਸ਼ਨ ਐਕਟ 1980 ਜੋ 25 ਅਕਤੂਬਰ 1980 ਨੂੰ ਲਾਗੂ ਹੋਇਆ, ਤਹਿਤ ਜਦੋਂ ਵੀ ਕਿਸੇ ਸਰਕਾਰੀ ਜਾਂ ਪ੍ਰਾਈਵੇਟ ਮਕਸਦ ਲਈ ਜੰਗਲਾਤ ਪੱਟੀ ਨੂੰ ਗੈਰ ਜੰਗਲਾਤੀ ਕੰਮਾਂ ਲਈ ਵਰਤਿਆ ਜਾਂਦਾ ਹੈ ਤਾਂ ਉਸ ਦੀ ਅਗਾਊਂ ਪ੍ਰਵਾਨਗੀ ਲੈਣੀ ਪੈਂਦੀ ਹੈ। ਕੇਂਦਰ ਸਰਕਾਰ ਵੱਲੋਂ ਇਸ ਪ੍ਰਵਾਨਗੀ ਦੇ ਨਾਲ ਨਵੀਂ ਪਲਾਂਟੇਸ਼ਨ ਕਰਨ ਦੀ ਸ਼ਰਤ ਵੀ ਲਾਈ ਜਾਂਦੀ ਹੈ।

ਹਾਸਲ ਵੇਰਵਿਆਂ ਅਨੁਸਾਰ ਅਕਤੂਬਰ 1980 ਤੋਂ ਹੁਣ ਤੱਕ ਦੇਸ਼ ਭਰ ਵਿਚ 29.17 ਲੱਖ ਏਕੜ ਰਕਬੇ ਵਿਚੋਂ ਜੰਗਲਾਤ ਦਾ ਖਾਤਮਾ ਹੋਇਆ ਹੈ। ਇਸ ਖ਼ਾਤਮੇ ਲਈ 23,407 ਕੇਸਾਂ ਨੂੰ ਕੇਂਦਰ ਸਰਕਾਰ ਨੇ ਅਗਾਊਂ ਪ੍ਰਵਾਨਗੀ ਦਿੱਤੀ। ਜੰਗਲਾਤ ਦੇ ਖ਼ਾਤਮੇ ਲਈ ਸਭ ਤੋਂ ਵੱਧ ਕੇਸ ਭੇਜਣ ਵਾਲਿਆਂ ਵਿਚ ਪੰਜਾਬ ਦੂਸਰੇ ਨੰਬਰ 'ਤੇ ਹੈ ਜਿਸ ਨੇ 3328 ਕੇਸ ਪ੍ਰਵਾਨਗੀ ਲਈ ਕੇਂਦਰ ਸਰਕਾਰ ਕੋਲ ਭੇਜੇ। ਉਤਰਾਖੰਡ ਨੇ 4525 ਕੇਸ ਭੇਜ ਕੇ ਪਹਿਲਾ ਸਥਾਨ ਹਾਸਲ ਕੀਤਾ ਹੈ।

### *1.61 ਲੱਖ ਏਕੜ ਰਕਬੇ ਵਿਚੋਂ ਜੰਗਲ ਦਾ ਸਫਾਇਆ*



ਕੇਂਦਰੀ ਵੇਰਵਿਆਂ ਅਨੁਸਾਰ 33 ਵਰ੍ਹਿਆਂ ਵਿਚ ਹਰਿਆਣਾ ਵਿਚ ਸਿਰਫ਼ 14,860 ਏਕੜ ਤੇ ਰਾਜਸਥਾਨ ਵਿਚ ਸਿਰਫ਼ 72,610 ਏਕੜ ਰਕਬੇ ਵਿਚੋਂ ਦਰਖਤਾਂ ਦਾ ਖਾਤਮਾ ਹੋਇਆ ਹੈ। ਹਿਮਾਚਲ ਪ੍ਰਦੇਸ਼ ਵਿਚ 37,557 ਏਕੜ ਰਕਬੇ ਵਿਚੋਂ ਦਰਖਤਾਂ ਦੀ ਕਟਾਈ ਕਰਨੀ ਪਈ ਹੈ। ਪੰਜਾਬ ਇਨ੍ਹਾਂ ਗੁਆਂਢੀ ਸੂਬਿਆਂ ਨਾਲੋਂ ਕਾਫ਼ੀ ਅੱਗੇ ਹੈ। ਦੇਸ਼ ਭਰ ਵਿਚੋਂ ਪਹਿਲੇ ਨੰਬਰ 'ਤੇ ਮੱਧ ਪ੍ਰਦੇਸ਼ ਹੈ ਜਿਥੇ 9.62 ਲੱਖ ਏਕੜ ਰਕਬੇ ਵਿਚੋਂ ਦਰਖਤਾਂ ਦੀ ਕਟਾਈ ਹੋਈ ਹੈ।

ਜੰਗਲਾਤ ਵਿਭਾਗ ਪੰਜਾਬ ਦੇ ਵੇਰਵਿਆਂ ਅਨੁਸਾਰ ਪੰਜਾਬ ਵਿਚ ਜੰਗਲਾਤ ਹੇਠ 6.71 ਫੀਸਦੀ ਰਕਬਾ ਹੈ। ਦਾਅਵਾ ਕੀਤਾ ਗਿਆ ਹੈ ਕਿ ਇਸ ਰਾਸ਼ੀ ਨਾਲ 20 ਹਜ਼ਾਰ ਵਰਗ ਹੈਕਟੇਅਰ ਵਿਚ ਨਵਾਂ ਜੰਗਲ ਲਾਇਆ ਗਿਆ ਹੈ। ਪੰਜਾਬ ਵਿਚ ਪ੍ਰਾਈਵੇਟ ਅਦਾਰੇ ਵੀ ਰਾਜ ਨੂੰ ਹਰਾ ਭਰਾ ਬਣਾਉਣ ਵਿਚ ਯੋਗਦਾਨ ਪਾ ਰਹੇ ਹਨ। ਉਲਟਾ ਪੰਜਾਬ ਵਿਚ ਹਰਿਆਲੀ ਨੂੰ ਵੱਡਾ ਖੋਰਾ ਲੱਗ ਰਿਹਾ ਹੈ। ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਨੇ ਨੰਨ੍ਹੀ ਛਾਂ ਮੁਹਿੰਮ ਚਲਾਈ ਹੋਈ ਹੈ। ਡੇਰਾ ਸਿਰਸਾ ਵੱਲੋਂ ਵੀ ਪੰਜਾਬ ਵਿਚ ਲੱਖਾਂ ਪੌਦੇ ਲਾਏ ਜਾਣ ਦਾ ਦਾਅਵਾ ਕੀਤਾ ਗਿਆ ਹੈ।

ਪੰਜਾਬ ਵਿਚ ਪਿਛਲੇ ਸਮੇਂ ਤੋਂ ਨਵੀਆਂ ਕਲੋਨੀਆਂ ਤੇ ਹੋਰ ਮੈਗਾ ਪ੍ਰਾਜੈਕਟ ਆਏ ਹਨ ਜਿਨ੍ਹਾਂ ਕਰਕੇ ਜੰਗਲਾਤ ਦਾ ਰਕਬਾ ਤਬਦੀਲ ਹੋਇਆ ਹੈ। ਸੜਕਾਂ ਦੇ ਚਹੁੰ ਮਾਰਗੀ ਬਣਾਏ ਜਾਣ ਤੇ ਚੌੜੀਆਂ ਕੀਤੀਆਂ ਜਾਣ ਕਰਕੇ ਵੀ ਜੰਗਲਾਤ ਪੱਟੀ ਨੂੰ ਸੱਟ ਵੱਜੀ ਹੈ। ਜ਼ੀਰਕਪੁਰ-ਬਠਿੰਡਾ ਸੜਕ ਨੂੰ ਹੁਣ ਚਹੁੰ-ਮਾਰਗੀ ਬਣਾਇਆ ਜਾ ਰਿਹਾ ਹੈ ਤੇ ਇਸ ਸੜਕ ਤੋਂ ਕਰੀਬ ਇਕ ਲੱਖ ਦਰਖਤਾਂ ਦੀ ਕਟਾਈ ਹੋਣੀ ਹੈ।

## ਪੰਛੀਆਂ ਨੂੰ ਵੀ ਬੇਘਰੇ ਕਰਨ ਦੀ ਤਿਆਰੀ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਪੰਜਾਬ ਦੀਆਂ ਸਾਰੀਆਂ ਸੈਂਚਰੀਆਂ (ਪੰਛੀਆਂ ਦੀਆਂ ਰੱਖਾਂ) ਲਈ ਈਕੋ ਸੈਂਸੇਟਿਵ ਜ਼ੋਨ 10 ਕਿਲੋਮੀਟਰ ਤੋਂ ਘਟਾ ਕੇ 100 ਮੀਟਰ ਕਰ ਦਿੱਤਾ ਹੈ। ਇਸ ਮਾਮਲੇ ਨੂੰ ਵਿਵਾਦਮਈ ਮੰਨਿਆ ਜਾ ਰਿਹਾ ਹੈ ਕਿਉਂਕਿ ਸਰਕਾਰ ਦੇ ਇਸ ਫੈਸਲੇ ਨਾਲ ਪੰਛੀਆਂ ਦੀ ਰੱਖ ਦਾ ਇਲਾਕਾ ਖ਼ਤਰੇ ਵਿਚ ਆ ਜਾਵੇਗਾ ਤੇ ਪਰਵਾਸੀ ਪੰਛੀ ਵੀ ਨਹੀਂ ਆਉਣਗੇ।

ਪੰਜਾਬ ਵਿਚ 13 ਬਰਡ ਸੈਂਚਰੀਆਂ ਹਨ ਤੇ ਸਭ ਤੋਂ ਵੱਡੀ ਰੱਖ 200 ਵਰਗ ਕਿਲੋਮੀਟਰ ਲੰਮੀ ਅਬੋਹਰ ਵਿਚ ਸਥਿਤ ਹੈ। ਪੰਛੀਆਂ ਦੀਆਂ ਸਾਰੀਆਂ ਸੈਂਚਰੀਆਂ ਲਈ ਸਿਰਫ਼ 100 ਮੀਟਰ ਈਕੋ ਸੈਂਸੇਟਿਵ ਜ਼ੋਨ ਰੱਖਣ ਲਈ ਸਹਿਮਤੀ ਦੇ ਦਿੱਤੀ ਹੈ। ਗੌਰਤਲਬ ਹੈ ਕਿ ਈਕੋ ਸੈਂਸੇਟਿਵ ਜ਼ੋਨ ਦੇ ਸਬੰਧ ਵਿਚ ਮੌਜੂਦਾ ਰੋਕ ਸੈਂਚਰੀਆਂ ਦੀ ਸੀਮਾ ਤੋਂ 10 ਕਿਲੋਮੀਟਰ ਤੱਕ ਦੀ ਸੀ ਜਿਸ ਦੇ ਨਤੀਜੇ ਵਜੋਂ ਸਾਰੇ ਉਦਯੋਗ, ਸੜਕਾਂ ਦੀਆਂ ਉਸਾਰੀਆਂ ਆਦਿ ਦੀ ਸਥਾਪਨਾ ਕਰਨ ਸਬੰਧੀ ਸਾਰੇ ਕੇਸਾਂ ਨੂੰ ਭਾਰਤ ਸਰਕਾਰ ਕੋਲ ਪ੍ਰਵਾਨਗੀ ਲਈ ਭੇਜਣਾ ਪੈਂਦਾ ਸੀ। ਈਕੋ ਸੈਂਸੇਟਿਵ ਜ਼ੋਨ ਨੂੰ 100 ਮੀਟਰ ਤੱਕ ਕਰਨ ਦੇ ਨਾਲ ਵਿਭਾਗਾਂ ਵਿਚ ਲੰਬਿਤ ਪਏ ਕੇਸਾਂ ਲਈ ਇਸ ਸੀਮਾ ਤੱਕ ਪ੍ਰਵਾਨਗੀ ਭਾਰਤ ਸਰਕਾਰ ਤੋਂ ਲੈਣੀ ਪਵੇਗੀ।

# ਪਤਨੀ, ਪੁੱਤ ਤੇ ਧੀ ਦੀ ਹੱਤਿਆ ਮਗਰੋਂ ਖੁਦਕੁਸ਼ੀ

**ਕਪੂਰਥਲਾ:** ਸ਼ਹਿਰ ਦੇ ਪ੍ਰਾਪਰਟੀ ਡੀਲਰ ਵੱਲੋਂ ਲੰਘੇ ਦਿਨੀਂ ਆਪਣੇ ਸਾਰੇ ਪਰਿਵਾਰ ਨੂੰ ਮਾਰਨ ਉਪਰੰਤ ਖੁਦਕੁਸ਼ੀ ਕਰ ਲਈ ਗਈ। ਅਵਤਾਰ ਸਿੰਘ (40) ਪੁੱਤਰ ਮਹਿੰਦਰ ਸਿੰਘ ਵਾਸੀ ਸ਼ਾਲੀਮਾਰ ਐਵੀਨਿਉ ਨੇ ਆਪਣੀ ਕੋਠੀ ਵਿਚ ਆਪਣੀ ਪਤਨੀ ਰੁਪਿੰਦਰ ਕੌਰ (38), ਪੁੱਤਰ ਗੌਰਵ (13) ਤੇ ਧੀ ਅਮਾਨਤ ਕੌਰ (ਅੱਠ) ਨੂੰ ਬੰਦੂਕ ਨਾਲ ਮਾਰਨ ਪਿਛੋਂ ਖੁਦਕੁਸ਼ੀ ਕਰ ਲਈ।

ਅਵਤਾਰ ਸਿੰਘ ਨੇ ਸਭ ਤੋਂ ਪਹਿਲਾਂ ਘਰ ਵਿਚ ਸੁੱਤੀ ਆਪਣੀ ਪਤਨੀ ਰੁਪਿੰਦਰ ਕੌਰ ਨੂੰ ਦੋ ਗੋਲੀਆਂ ਮਾਰ ਕੇ ਮਾਰ ਦਿੱਤਾ। ਰੁਪਿੰਦਰ ਦੇ ਇਕ ਗੋਲੀ ਲੱਕ ਵਿਚ ਤੇ ਦੂਸਰੀ ਗੋਲੀ ਸਿਰ ਵਿਚ ਵੱਜੀ ਦੱਸੀ ਜਾਂਦੀ ਹੈ। ਇਸ ਮਗਰੋਂ ਅੱਠ ਸਾਲਾ ਧੀ ਅਮਾਨਤ ਕੌਰ ਨੂੰ ਵੀ ਇਕ ਗੋਲੀ ਲੱਕ ਵਿਚ ਮਾਰੀ। 13 ਸਾਲਾ ਅਪੰਗ ਲੜਕੇ ਗੌਰਵ ਨੂੰ ਉਸ ਨੇ ਸਿਰ ਵਿਚ ਗੋਲੀ ਮਾਰੀ। ਤਿੰਨੇ ਜਣੇ ਮੌਕੇ 'ਤੇ ਹੀ ਦਮ ਤੋੜ ਗਏ।



ਅਵਤਾਰ ਸਿੰਘ ਨੇ ਆਪਣੇ ਮਾਸੀ ਦੇ ਲੜਕੇ ਐਡਵੋਕੇਟ ਕਰਮਜੀਤ ਸਿੰਘ ਕਪੂਰਥਲਾ, ਸਾਢੂ ਸੁਖਰਾਜ ਸਿੰਘ ਜਲੰਧਰ ਨੂੰ ਫੋਨ ਕਰ ਕੇ ਦੱਸਿਆ ਕਿ ਹੁਣ ਉਸ ਦਾ ਉਨ੍ਹਾਂ ਨਾਲ ਕੋਈ ਰਿਸ਼ਤਾ ਨਹੀਂ ਰਿਹਾ। ਉਸ ਨੇ ਪਤਨੀ ਤੇ ਬੱਚਿਆਂ ਨੂੰ ਮਾਰ ਦਿੱਤਾ ਹੈ ਤੇ ਖੁਦ ਵੀ ਮਰਨ ਲੱਗਾ ਹੈ। ਉਨ੍ਹਾਂ ਵੱਲੋਂ ਰੋਕਣ ਦੇ ਬਾਵਜੂਦ ਅਵਤਾਰ ਨੇ ਆਪਣੇ ਆਪ ਨੂੰ ਗੋਲੀ ਮਾਰ ਕੇ ਖੁਦਕੁਸ਼ੀ ਕਰ ਲਈ। ਮ੍ਰਿਤਕ ਅਵਤਾਰ ਸਿੰਘ ਦੇ ਦੋ ਭਰਾ ਤੇ ਇਕ ਭੈਣ ਹੈ। ਅਵਤਾਰ ਸਿੰਘ ਖੁਦ ਐਮ.ਐਸ.ਈ. ਐਗਰੀਕਲਚਰ ਸੀ ਤੇ ਸ਼ਹਿਰ ਵਿਚ ਰੀਅਲ ਸਟੇਟ ਦੇ ਕਾਰੋਬਾਰ ਵਿਚ ਚੰਗਾ ਰਸੂਖ ਸੀ। ਮ੍ਰਿਤਕ ਦੀ ਪਤਨੀ ਰੁਪਿੰਦਰ ਕੌਰ ਐਮ.ਏ. ਐਮ.ਐਡ. ਸੀ। ਮੌਤ ਦੇ ਕਾਰਨਾਂ ਬਾਰੇ ਅਜੇ ਪਤਾ ਨਹੀਂ ਲੱਗਾ ਪਰ ਸ਼ੱਕ ਕੀਤਾ ਜਾਂਦਾ ਹੈ ਕਿ ਉਨ੍ਹਾਂ ਬੇਟਾ ਅਪਾਹਜ ਸੀ ਤੇ ਕੁਝ ਦਿਮਾਗੀ ਤੌਰ 'ਤੇ ਵੀ ਸੁਸਤ ਹੋਣ ਕਾਰਨ ਅਵਤਾਰ ਅਕਸਰ ਪ੍ਰੇਸ਼ਾਨ ਰਹਿੰਦਾ ਸੀ। ਕੁਝ ਦਿਨ ਪਹਿਲਾਂ ਹੀ ਉਹ ਉਸ ਨੂੰ ਹਵਾਈ ਜਹਾਜ਼ ਰਾਹੀਂ ਬੰਗਲੌਰ ਤੋਂ ਚੈਕ ਕਰਵਾ ਕੇ ਆਇਆ ਸੀ।

## ਪ੍ਰੇਮਿਕਾ ਵੱਲੋਂ ਪ੍ਰੇਮੀ ਦੇ ਘਰ ਅੱਗੇ ਖੁਦਕੁਸ਼ੀ

**ਰਾਮਪੁਰਾ ਫੂਲ:** ਵਿਆਹ ਦੇ ਝੂਠੇ ਲਾਰਿਆਂ ਤੋਂ ਪ੍ਰੇਸ਼ਾਨ ਪ੍ਰੇਮਿਕਾ ਨੇ ਆਪਣੇ ਪ੍ਰੇਮੀ ਦੇ ਘਰ ਅੱਗੇ ਖੁਦਕੁਸ਼ੀ ਕਰ ਲਈ। ਕਮਲਜੀਤ ਕੌਰ (22) ਸਾਲ ਵਾਸੀ ਬਰਨਾਲਾ ਦੇ ਇਥੋਂ ਦੇ ਨੇੜਲੇ ਪਿੰਡ ਕੋਠੇ ਕਪਾਹਾ ਵਾਲਾ ਦੇ ਸੁਖਪਾਲ ਸਿੰਘ ਨਾਲ ਪ੍ਰੇਮ ਸਬੰਧ ਸਨ ਪਰ ਉਹ ਵਿਆਹ ਦੇ ਲਾਰੇ ਲਾ ਰਿਹਾ ਸੀ ਜਿਸ ਤੋਂ ਤੰਗ ਆ ਕੇ ਲੜਕੀ ਨੇ ਇਹ ਕਦਮ ਚੁੱਕਿਆ।

## Matrimonials

### ਵਰ ਦੀ ਲੋੜ

ਜੱਟ ਸਿੱਖ, ਸੋਹਣੀ ਸੁਨੱਖੀ ਅਮਰੀਕੀ ਸਿਟੀਜ਼ਨ ਤਲਾਕਸ਼ੁਦਾ ਲੜਕੀ, ਉਮਰ 38 ਸਾਲ ਕੱਦ 5'-7" ਲਈ 34-40 ਸਾਲ ਉਮਰ ਦੇ ਸੁਹਣੇ-ਸੁਨੱਖੇ ਯੋਗ ਵਰ ਦੀ ਲੋੜ ਹੈ। ਸਿਰਫ਼ ਗੰਭੀਰ ਲੋਕ ਹੀ ਸੰਪਰਕ ਕਰਨ: ਫੋਨ: 916-753-2041 ਜਾਂ ਈਮੇਲ: kaurm707@gmail.com

---

Wanted suitable US Citizen match for Jatt Sikh girl, 28, 5'-6", diploma in Aviation Management, working with Indigo Airline in New Delhi. Contact with details at e-mail: prince84india@yahoo.com

---

ਅਮਰੀਕਨ ਸਿਟੀਜ਼ਨ, ਕਸ਼ਯਪ ਰਾਜਪੂਤ, ਉਮਰ 28 ਸਾਲ, ਕੱਦ 5'-4", ਸਰਕਾਰੀ ਜਾਬ ਕਰਦੀ ਲੜਕੀ ਲਈ ਯੋਗ ਵਰ ਦੀ ਲੋੜ ਹੈ। ਸਟੂਡੈਂਟ ਵੀਜ਼ਾ ਅਤੇ ਵਰਕ ਪਰਮਿਟ 'ਤੇ ਆਏ ਲੜਕੇ 'ਤੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਫੋਟੋ ਅਤੇ ਬਾਇਓਡਾਟਾ ਈਮੇਲ ਕਰੋ: preetny1@yahoo.com

### ਕੰਨਿਆ ਦੀ ਲੋੜ

ਕਲੀਨਸ਼ੇਵ ਜੱਟ ਸਿੱਖ ਬੀ-ਟੈਕ (ਸੀ ਐਸ ਈ), ਗਰੀਨ ਕਾਰਡ ਹੋਲਡਰ, ਸ਼ਿਕਾਗੋ ਵਿਚ ਟੈਕਨੀਕਲ ਐਸੋਸੀਏਟ ਵਜੋਂ ਕੰਮ ਕਰਦੇ ਲੜਕੇ, ਉਮਰ 25 ਸਾਲ, ਕੱਦ 5'-5" ਲਈ ਪੜ੍ਹੀ-ਲਿਖੀ ਸੁਨੱਖੀ ਲੜਕੀ ਦੀ ਲੋੜ ਹੈ। ਹੋਰ ਜਾਣਕਾਰੀ ਲਈ ਈਮੇਲ ਕਰੋ: mannparents1@gmail.com

*punjabtimesusa.com*


RKtravel assuring you the best
999 N. Main Street, #206
Glen Ellyn, IL 60137
Discounted fares to India on: Qatar Airways, Emirates, Air India, Etihad Airways, Lufthansa, and more
QATAR AIRWAYS القطرية
Ph: 630-858-7200

Desi Bazar
916 E. Main Street #118, Greenwood, IN, 46143
Tel: 317-888-2040, Fax: 317-887-6116
We specialize in all kind of Indian Groceries and Sweets
• FRESH VEGETABLES EVERY THURSDAY
• FRESH GOAT MEAT
10% off on all Gurudwara supplies and Religious programs!!
We Are Open 7 Days a Week
ਖੁਲ੍ਹਾ ਤੇ ਸਾਫ ਸੁਥਰਾ ਸਟੋਰ, ਪੰਜਾਬੀਆਂ ਦਾ ਮਾਣ ਦੇਸੀ ਬਾਜ਼ਾਰ

ਲਿੱਕਰ ਸਟੋਰ ਵਿਕਾਊ ਹੈ
ਜੈਕਸਨ, ਮਿਸੀਸਿਪੀ ਵਿਚ ਚੰਗਾ ਚਲਦਾ
ਲਿੱਕਰ ਸਟੋਰ ਵਿਕਾਊ ਹੈ
ਸੰਪਰਕ ਕਰੋ: ਅਮਨ
ਫੋਨ: 769-230-6121

Khalsa USA Inc.
ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ

ਮਿਡਵੈਸਟ ਤੋਂ ਸਾਰੀਆਂ 48 ਸਟੇਟਾਂ ਲਈ ਪੱਕੇ ਰੂਟ
ਲੋਡ ਚੱਕਣ ਲਈ ਕੋਈ ਇੰਤਜ਼ਾਰ ਨਹੀਂ
ਕਾਗਜ਼ ਪੂਰੇ ਕਰਨ 'ਤੇ ਤੁਰਤ ਭੁਗਤਾਨ
Dry and Reefer loads
ਕਾਲ ਕਰੋ:847-477-9968
or email: khalsausa55@gmail.com

# ਸ਼੍ਰੋਮਣੀ ਕਮੇਟੀ ਦੀ ਹਜ਼ਾਰਾਂ ਏਕੜ ਜ਼ਮੀਨ 'ਤੇ ਨਾਜਾਇਜ਼ ਕਬਜ਼ੇ

**ਚੰਡੀਗੜ੍ਹ:** ਸਿੱਖਾਂ ਦੀ ਮਿੰਨੀ ਪਾਰਲੀਮੈਂਟ ਮੰਨੀ ਜਾਣ ਵਾਲੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਕਾਰਗੁਜ਼ਾਰੀ 'ਤੇ ਸਵਾਲ ਉੱਠਣ ਲੱਗੇ ਹਨ। ਇਸ ਸੰਸਥਾ ਦੀ ਜਿੱਥੇ ਗੁਰਦੁਆਰਿਆਂ ਦੀ ਸਾਂਭ-ਸੰਭਾਲ ਤੇ ਸਿੱਖੀ ਦੇ ਪ੍ਰਚਾਰ ਤੇ ਪ੍ਰਸਾਰ ਦੀ ਜ਼ਿੰਮੇਵਾਰੀ ਹੈ, ਉਥੇ ਗੁਰਧਾਮਾਂ ਦੇ ਨਾਂ ਲੱਗੀ ਹਜ਼ਾਰਾਂ ਏਕੜ ਜ਼ਮੀਨ-ਜਾਇਦਾਦ ਦੀ ਸਾਂਭ-ਸੰਭਾਲ ਦਾ ਕੰਮ ਵੀ ਇਸ ਸੰਸਥਾ ਅਧੀਨ ਆਉਂਦਾ ਹੈ ਪਰ ਇਸ ਇਸ ਵੇਲੇ ਸ਼੍ਰੋਮਣੀ ਕਮੇਟੀ ਦੀ ਕਾਰਗੁਜ਼ਾਰੀ ਨੂੰ ਤਸੱਲੀਬਖਸ਼ ਨਹੀਂ ਮੰਨਿਆ ਜਾ ਸਕਦਾ।

ਸ਼੍ਰੋਮਣੀ ਕਮੇਟੀ ਦੇ ਸਿੱਧੇ ਪ੍ਰਬੰਧ ਹੇਠ ਆਉਂਦੇ 79 ਗੁਰਦੁਆਰਿਆਂ ਦੇ ਨਾਂ 'ਤੇ ਤਕਰੀਬਨ 13 ਹਜ਼ਾਰ ਏਕੜ ਜ਼ਮੀਨ ਹੈ ਜਿਸ ਵਿਚੋਂ ਵਧੇਰੇ 80 ਫੀਸਦੀ ਜ਼ਮੀਨ ਪੰਜਾਬ ਤੇ ਬਾਕੀ ਹਰਿਆਣਾ ਵਿਚ ਹੈ। ਕੁਲ ਜ਼ਮੀਨ ਵਿਚੋਂ ਤਕਰੀਬਨ 75 ਫੀਸਦੀ ਜ਼ਮੀਨ ਭਾਵ 9700 ਏਕੜ ਰਕਬਾ ਸਿੱਧਾ ਗੁਰਦੁਆਰਿਆਂ ਦੇ ਨਾਂ ਹੋਣ ਕਾਰਨ ਉਹ ਸ਼੍ਰੋਮਣੀ ਕਮੇਟੀ ਦੀ ਮਲਕੀਅਤੀ ਹੇਠ ਹੈ, ਇਸ ਵਿਚੋਂ ਕੁਝ ਰਕਬੇ ਵਿਚ ਸ਼੍ਰੋਮਣੀ ਕਮੇਟੀ ਵੱਲੋਂ ਖੁਦ ਕਾਸ਼ਤ ਕੀਤੀ ਜਾ ਰਹੀ ਹੈ ਤੇ ਬਾਕੀ ਜ਼ਮੀਨ ਅਗਾਂਹ ਠੇਕੇ 'ਤੇ ਦਿੱਤੀ ਹੋਈ ਹੈ।

ਇਸ ਤੋਂ ਇਲਾਵਾ ਤਕਰੀਬਨ 25 ਫੀਸਦੀ ਜ਼ਮੀਨ ਭਾਵ 3350 ਏਕੜ ਰਕਬਾ ਇਸ ਵੇਲੇ ਨਜਾਇਜ਼ ਕਬਜ਼ਿਆਂ ਹੇਠ ਹੈ ਜਿਸ ਨੂੰ ਆਪਣੇ ਕਬਜ਼ੇ ਹੇਠ ਲੈਣ ਲਈ ਸ਼੍ਰੋਮਣੀ ਕਮੇਟੀ ਵੱਲੋਂ ਵੱਖ-ਵੱਖ ਅਦਾਲਤਾਂ ਵਿਚ ਤਕਰੀਬਨ 200 ਮੁਕੱਦਮੇ ਲੜੇ ਜਾ ਰਹੇ ਹਨ। ਇਨ੍ਹਾਂ ਉਪਰ ਹਰ ਸਾਲ ਲੱਖਾਂ ਰੁਪਏ ਖਰਚ ਹੋ ਰਹੇ ਹਨ ਤੇ ਇਹ ਲੜਾਈ ਲੰਮੇ ਸਮੇਂ ਤੋਂ ਜਾਰੀ ਹੈ।

1920 ਵਿਚ ਸ਼੍ਰੋਮਣੀ ਕਮੇਟੀ ਹੋਂਦ ਵਿਚ ਆਉਣ ਤੋਂ ਪਹਿਲਾਂ ਤੇ 1925 ਵਿਚ ਸਿੱਖ ਗੁਰਦੁਆਰਾ ਐਕਟ ਲਾਗੂ ਹੋਣ ਤੋਂ ਪਹਿਲਾਂ ਵਧੇਰੇ ਗੁਰਦੁਆਰਿਆਂ ਦਾ ਪ੍ਰਬੰਧ ਮਹੰਤਾਂ ਕੋਲ ਸੀ ਤੇ ਗੁਰਦੁਆਰਿਆਂ ਦੀਆਂ ਜ਼ਮੀਨਾਂ ਵੀ ਮਹੰਤਾਂ ਦੇ ਕਬਜ਼ੇ ਹੇਠ ਸਨ। ਸ਼੍ਰੋਮਣੀ ਕਮੇਟੀ ਨੇ ਹੋਂਦ ਵਿਚ ਆਉਣ ਮਗਰੋਂ ਜਦੋਂ ਗੁਰਦੁਆਰਿਆਂ ਦੀ ਜ਼ਿੰਮੇਵਾਰੀ ਸਾਂਭੀ ਤਾਂ ਉਸ ਵੇਲੇ ਇਨ੍ਹਾਂ ਜ਼ਮੀਨਾਂ ਦਾ ਕਬਜ਼ਾ ਲੈਣ ਦੀ ਪ੍ਰਕਿਰਿਆ ਸ਼ੁਰੂ ਹੋਈ। ਉਸ ਵੇਲੇ ਕਈ ਤਰ੍ਹਾਂ ਦੇ ਵਿਵਾਦ ਵੀ ਹੋਏ।

**ਬਹੁਤੀ ਜ਼ਮੀਨ ਜਥੇਦਾਰਾਂ ਨੇ ਹੀ ਹਥਿਆਈ**



ਸਰਕਾਰ ਵੱਲੋਂ ਉਸ ਵੇਲੇ ਇਨ੍ਹਾਂ ਮਾਮਲਿਆਂ ਦੇ ਹੱਲ ਲਈ ਗੁਰਦੁਆਰਾ ਟ੍ਰਿਬਿਊਨਲ ਸਥਾਪਤ ਕੀਤਾ ਗਿਆ ਜਿਸ ਨੇ ਮਗਰੋਂ ਇਨ੍ਹਾਂ ਜ਼ਮੀਨਾਂ ਜਾਇਦਾਦਾਂ ਦਾ ਪ੍ਰਬੰਧ ਸ਼੍ਰੋਮਣੀ ਕਮੇਟੀ ਨੂੰ ਸੌਂਪਿਆ। 13,000 ਏਕੜ ਜ਼ਮੀਨ ਦਾ ਜੇਕਰ ਮੌਜੂਦਾ ਮੁੱਲ ਲਾਇਆ ਜਾਵੇ ਤਾਂ ਇਹ ਸਿੱਖ ਸੰਸਥਾ ਹਜ਼ਾਰਾਂ ਕਰੋੜ ਰੁਪਏ ਦੀ ਸੰਪਤੀ ਦੀ ਮਾਲਕ ਹੈ ਤੇ ਸਭ ਤੋਂ ਵੱਡੀ ਸਰਮਾਏਦਾਰ ਸਿੱਖ ਸੰਸਥਾ ਹੈ। ਇਸੇ ਤਰ੍ਹਾਂ ਸੈਕਸ਼ਨ 87 ਹੇਠ ਆਉਂਦੇ ਗੁਰਦੁਆਰਿਆਂ ਦੇ ਨਾਂ ਉਪਰ ਵੀ ਜ਼ਮੀਨ ਜਾਇਦਾਦ ਹੈ ਜਿਨ੍ਹਾਂ ਦੀ ਅਸਲੀ ਮਾਲਕ ਵੀ ਸਿੱਧੇ-ਅਸਿੱਧੇ ਢੰਗ ਨਾਲ ਸ਼੍ਰੋਮਣੀ ਕਮੇਟੀ ਹੀ ਹੈ।

ਸ਼੍ਰੋਮਣੀ ਕਮੇਟੀ ਕੋਲ ਭਾਵੇਂ ਇਸ ਵੇਲੇ 13000 ਏਕੜ ਜ਼ਮੀਨ ਸਿੱਧੇ ਪ੍ਰਬੰਧ ਹੇਠ ਹੈ ਪਰ ਇਸ ਵਿਚੋਂ 3350 ਏਕੜ ਜ਼ਮੀਨ ਵੱਖ ਵੱਖ ਥਾਵਾਂ 'ਤੇ ਮੁਜ਼ਾਰਿਆਂ ਕੋਲ ਨਾਜਾਇਜ਼ ਕਬਜੇ ਹੇਠ ਹੈ ਜੋ ਇਸ ਜ਼ਮੀਨ 'ਤੇ ਵਾਹੀ ਕਰ ਰਹੇ ਹਨ ਅਤੇ ਇਹ ਜ਼ਮੀਨ ਉਹ ਆਪਣੇ ਨਾਂ ਹੋਣ ਦਾ ਦਾਅਵਾ ਕਰਦੇ ਹਨ। ਗੁਰੂ ਘਰ ਦੀਆਂ ਜ਼ਮੀਨਾਂ 'ਤੇ ਕਾਬਜ਼ ਇਨ੍ਹਾਂ ਲੋਕਾਂ ਨੂੰ ਸਿਆਸੀ ਸਮਰਥਨ ਵੀ ਪ੍ਰਾਪਤ ਹੈ ਤੇ ਇਹ ਸਿਆਸੀ ਸਮਰਥਨ ਦੇਣ ਵਾਲੇ ਕੋਈ ਹੋਰ ਨਹੀਂ ਸਗੋਂ ਹਾਕਮ ਧਿਰ ਸ਼੍ਰੋਮਣੀ ਅਕਾਲੀ ਦਲ ਨਾਲ ਸਬੰਧਤ ਕਈ ਸਿਰਕੱਢ ਆਗੂ ਹਨ ਜੋ ਖੁਦ ਵੀ ਸਿੱਖ ਹਨ। ਇਹ ਸਭ ਕੁਝ ਵੋਟ ਰਾਜਨੀਤੀ ਦਾ ਹਿੱਸਾ ਹੈ।

ਪ੍ਰਾਪਤ ਅੰਕੜਿਆਂ ਅਨੁਸਾਰ ਮੁਜ਼ਾਰਿਆਂ ਦੇ ਕਬਜ਼ੇ ਹੇਠਲੀ ਇਸ ਜ਼ਮੀਨ ਦਾ ਵਧੇਰੇ ਹਿੱਸਾ ਮਾਝੇ ਵਿਚ ਹੈ ਜਿਸ ਨੂੰ ਸਿੱਖੀ ਦਾ ਧੁਰਾ ਮੰਨਿਆ ਜਾਂਦਾ ਹੈ। ਇਨ੍ਹਾਂ ਵਿਚੋਂ ਗੁਰਦਾਸਪੁਰ ਜ਼ਿਲ੍ਹੇ ਵਿਚ ਆਉਂਦੇ ਗੁਰਦੁਆਰਾ ਡੇਰਾ ਬਾਬਾ ਨਾਨਕ ਸਾਹਿਬ ਦੀ 528 ਏਕੜ, ਗੁਰਦੁਆਰਾ ਤੇਜਾ ਕਲਾ ਦੀ 934 ਏਕੜ, ਗੁਰਦੁਆਰਾ ਬਾਬਾ ਬੁੱਢਾ ਜੀ ਰਮਦਾਸ (ਅੰਮ੍ਰਿਤਸਰ) ਦੀ 1413 ਏਕੜ ਅਤੇ ਤਰਨ ਤਾਰਨ ਜ਼ਿਲ੍ਹੇ ਵਿਚ ਆਉਂਦੇ ਗੁਰਦੁਆਰਾ ਚੋਹਲਾ ਸਾਹਿਬ ਦੀ 362 ਏਕੜ ਜ਼ਮੀਨ ਸ਼ਾਮਲ ਹੈ। ਇਹ ਸਾਰੀ ਜ਼ਮੀਨ ਕੁਲ 3350 ਜ਼ਮੀਨ ਦਾ 3237 ਏਕੜ ਰਕਬਾ ਬਣਦੀ ਹੈ।

ਇਸ ਤੋਂ ਇਲਾਵਾ ਕੁਝ ਜ਼ਮੀਨ ਅੱਜ ਵੀ ਮਹੰਤਾਂ ਦੇ ਕਬਜ਼ੇ ਹੇਠ ਹੈ। ਗੁਰੂ ਘਰਾਂ ਦੀ ਇਹ ਜ਼ਮੀਨ ਨਾਜਾਇਜ਼ ਕਬਜ਼ਿਆਂ ਤੋਂ ਛੁਡਾਉਣ ਲਈ ਸ਼੍ਰੋਮਣੀ ਕਮੇਟੀ ਵੱਲੋਂ ਭਾਵੇਂ ਅਦਾਲਤੀ ਚਾਰਾਜੋਈ ਕੀਤੀ ਜਾ ਰਹੀ ਹੈ ਪਰ ਇਹ ਜ਼ਮੀਨਾਂ ਨਾਜਾਇਜ਼ ਕਬਜ਼ਿਆਂ ਹੇਠ ਜਾਣ ਲਈ ਕਿਸੇ ਨਾ ਕਿਸੇ ਤਰ੍ਹਾਂ ਇਹ ਸਿੱਖ ਸੰਸਥਾ ਹੀ ਜ਼ਿੰਮੇਵਾਰ ਹੈ। ਇਨ੍ਹਾਂ ਜ਼ਮੀਨਾਂ ਨੂੰ ਨਾਜਾਇਜ਼ ਕਬਜ਼ਿਆਂ ਤੋਂ ਛੁਡਾਉਣ ਲਈ ਕਈ ਵਾਰ ਖ਼ੂਨੀ ਝੜਪਾਂ ਵੀ ਹੋ ਚੁੱਕੀਆਂ ਹਨ। ਮੁਜ਼ਾਰਿਆਂ ਨੇ ਇਨ੍ਹਾਂ ਜ਼ਮੀਨਾਂ 'ਤੇ ਕਾਸ਼ਤ ਕਰਦਿਆਂ ਚਲਾਕੀ ਨਾਲ ਇਨ੍ਹਾਂ ਦੀਆਂ ਗਿਰਦਾਵਰੀਆਂ ਆਪਣੇ ਨਾਂ ਕਰਵਾ ਲਈਆਂ ਤੇ ਇਨ੍ਹਾਂ ਨੂੰ ਅਗਾਂਹ ਵਧੇਰੇ ਉਚੇ ਭਾਅ ਠੇਕੇ 'ਤੇ ਦੇ ਦਿੱਤਾ ਗਿਆ। ਸਿੱਟੇ ਵਜੋਂ ਇਹ ਲੋਕ ਗੁਰੂ ਘਰ ਦੀਆਂ ਜ਼ਮੀਨਾਂ ਤੋਂ ਮੁਨਾਫ਼ਾ ਖਾ ਰਹੇ ਹਨ। ਇਸ ਨੂੰ ਪ੍ਰਬੰਧਕਾਂ ਦੀ ਕੋਤਾਹੀ ਹੀ ਆਖਿਆ ਜਾ ਸਕਦਾ ਹੈ ਜਿਨ੍ਹਾਂ ਨੇ ਇਸ ਪਾਸੇ ਧਿਆਨ ਨਹੀਂ ਦਿੱਤਾ ਤੇ ਦਾਨੀਆਂ ਵੱਲੋਂ ਗੁਰੂ ਘਰਾਂ ਨੂੰ ਅਮਾਨਤ ਵਜੋਂ ਭੇਟ ਕੀਤੀ ਗਈ ਹਜ਼ਾਰਾਂ ਏਕੜ ਜ਼ਮੀਨ ਨਾਜਾਇਜ਼ ਹੱਥਾਂ ਵਿਚ ਚਲੀ ਗਈ ਜਿਸ ਨੂੰ ਮੁੜ ਪ੍ਰਾਪਤ ਕਰਨ ਲਈ ਹੁਣ ਲੰਮੀ ਜਦੋਜਹਿਦ ਕਰਨੀ ਪੈ ਰਹੀ ਹੈ।

# ਸ਼੍ਰੋਮਣੀ ਕਮੇਟੀ ਦਾ ਸਰਮਾਇਆ

**ਚੰਡੀਗੜ੍ਹ:** ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠ ਇਸ ਵੇਲੇ ਪੰਜਾਬ, ਹਰਿਆਣਾ ਤੇ ਹਿਮਾਚਲ ਪ੍ਰਦੇਸ਼ ਸੂਬਿਆਂ ਦੇ ਉਹ ਗੁਰਧਾਮ ਆਉਂਦੇ ਹਨ ਜਿਨ੍ਹਾਂ ਗੁਰਦੁਆਰਿਆਂ ਦੀ ਸਾਲਾਨਾ ਆਮਦਨ 20 ਲੱਖ ਰੁਪਏ ਤੋਂ ਵੱਧ ਹੈ, ਉਹ ਸਾਰੇ ਸਿੱਖ ਗੁਰਦੁਆਰਾ ਐਕਟ 1925 ਦੇ ਸੈਕਸ਼ਨ 85 ਹੇਠ ਆਉਂਦੇ ਹਨ ਤੇ ਇਨ੍ਹਾਂ ਗੁਰਦੁਆਰਿਆਂ ਦਾ ਸਿੱਧਾ ਪ੍ਰਬੰਧ ਸ਼੍ਰੋਮਣੀ ਕਮੇਟੀ ਕੋਲ ਹੈ।

ਇਸ ਤੋਂ ਘੱਟ ਆਮਦਨ ਵਾਲੇ ਗੁਰਦੁਆਰੇ ਸੈਕਸ਼ਨ 87 ਹੇਠ ਆਉਂਦੇ ਹਨ ਤੇ ਇਨ੍ਹਾਂ ਦੇ ਪ੍ਰਬੰਧ ਲਈ ਸਥਾਨਕ ਪੱਧਰ 'ਤੇ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਬਣੀਆਂ ਹੋਈਆਂ ਹਨ। ਇਸ ਵੇਲੇ ਸੈਕਸ਼ਨ 85 ਹੇਠ 79 ਗੁਰਦੁਆਰੇ ਹਨ ਜਦੋਂਕਿ ਸੈਕਸ਼ਨ 87 ਹੇਠ 197 ਗੁਰਦੁਆਰੇ ਹਨ ਜਿਨ੍ਹਾਂ ਵਿਚੋਂ 183 ਪੰਜਾਬ ਵਿਚ, 13 ਹਰਿਆਣਾ ਵਿਚ ਤੇ ਇਕ ਹਿਮਾਚਲ ਪ੍ਰਦੇਸ਼ ਵਿਚ ਹੈ।

ਸ਼੍ਰੋਮਣੀ ਕਮੇਟੀ ਨੂੰ ਇਸ 13,027 ਏਕੜ ਜ਼ਮੀਨ ਤੋਂ ਸਾਲਾਨਾ ਔਸਤਨ 30 ਕਰੋੜ ਰੁਪਏ ਦੀ ਆਮਦਨ ਹੁੰਦੀ ਹੈ। ਇਹ ਆਮਦਨ ਠੇਕਿਆਂ 'ਤੇ ਦਿੱਤੀ ਜ਼ਮੀਨ ਦੇ ਠੇਕੇ ਦੇ ਰੇਟ ਵਧਣ ਦੇ ਨਾਲ ਵਧਦੀ ਰਹਿੰਦੀ ਹੈ। 79 ਗੁਰਦੁਆਰਿਆਂ ਦੇ ਨਾਂ ਹੇਠ 13 ਹਜ਼ਾਰ ਏਕੜ ਜ਼ਮੀਨ ਵਿਚੋਂ ਵਧੇਰੇ ਜ਼ਮੀਨ ਸ਼ਰਧਾਲੂਆਂ ਤੇ ਦਾਨੀ ਸੱਜਣਾਂ ਵੱਲੋਂ ਗੁਰਦੁਆਰਿਆਂ ਨੂੰ ਗੁਰੂ ਗ੍ਰੰਥ ਸਾਹਿਬ ਤੇ ਗੁਰੂ ਸਾਹਿਬਾਨ ਦੇ ਨਾਂ ਉਪਰ ਤੇ ਲੋਹ ਲੰਗਰ ਦੇ ਨਾਂ ਉਪਰ ਭੇਟ ਕੀਤੀ ਹੋਈ ਹੈ ਜਿਸ ਦਾ ਪ੍ਰਬੰਧ ਇਸ ਕਮੇਟੀ ਵੱਲੋਂ ਦੇਖਿਆ ਜਾ ਰਿਹਾ ਹੈ।

ਗੁਰੂ ਸਾਹਿਬਾਨ ਤੇ ਲੋਹ ਲੰਗਰ ਦੇ ਨਾਂ ਉਪਰ ਗੁਰੂ ਘਰਾਂ ਨੂੰ ਜ਼ਮੀਨਾਂ ਭੇਟ ਕਰਨ ਦੀ ਇਹ ਰਵਾਇਤ ਗੁਰੂ ਕਾਲ ਤੋਂ ਹੈ ਤੇ ਅੱਜ ਵੀ ਇਹ ਜਾਰੀ ਹੈ। ਇਹ ਰਵਾਇਤ ਗੁਰੂ ਨਾਨਕ ਦੇਵ ਦੇ ਸਮੇਂ ਤੋਂ ਹੀ ਸ਼ੁਰੂ ਹੋ ਗਈ ਸੀ। ਉਸ ਵੇਲੇ ਗੁਰੂ ਸਾਹਿਬ ਦੇ ਅਨਿਨ ਸ਼ਰਧਾਲੂ ਰਾਏ ਬੁਲਾਰ ਨੇ ਇਕ ਵੱਡਾ ਰਕਬਾ ਗੁਰੂ ਜੀ ਦੇ ਨਾਂ ਕਰ ਦਿੱਤਾ ਸੀ ਜਿਥੇ ਅੱਜ ਪਾਕਿਸਤਾਨ ਵਿਚ ਕਸਬਾ ਨਨਕਾਣਾ ਸਾਹਿਬ ਤੇ ਗੁਰਦੁਆਰਾ ਜਨਮ ਅਸਥਾਨ ਨਨਕਾਣਾ ਸਾਹਿਬ ਸਥਾਪਤ ਹੈ। ਮਗਰੋਂ ਇਹ ਪ੍ਰਥਾ ਸਦੀਆਂ ਤਕ ਜਾਰੀ ਰਹੀ।

ਜਦੋਂ ਗੁਰੂ ਕਾਲ ਵੇਲੇ ਲੰਗਰ ਦੀ ਪ੍ਰਥਾ ਸ਼ੁਰੂ ਹੋਈ ਤਾਂ ਉਸ ਵੇਲੇ ਸੰਗਤਾਂ ਨੇ ਆਪਣੀਆਂ ਜ਼ਮੀਨਾਂ ਲੋਹ ਲੰਗਰ ਦੇ ਨਾਂ ਉਪਰ ਵੀ ਗੁਰੂ ਘਰ ਨੂੰ ਭੇਟ ਕੀਤੀਆਂ। ਅੱਜ ਵੀ ਕਈ ਜ਼ਮੀਨਾਂ ਲੋਹ ਲੰਗਰ ਦੇ ਨਾਂ ਉਪਰ ਹਨ। ਗੁਰਦੁਆਰਾ ਦੀਨਾ ਕਾਂਗੜ, ਜਿਥੋਂ ਦਸਵੇਂ ਗੁਰੂ ਨੇ ਜ਼ਫਰਨਾਮਾ ਜਾਰੀ ਕੀਤਾ ਸੀ, ਦੀ ਜ਼ਮੀਨ ਲੋਹ ਲੰਗਰ ਦੇ ਨਾਂ ਉਪਰ ਹੈ ਜੋ ਜ਼ਮੀਨਾਂ ਲੋਹ ਲੰਗਰ ਦੇ ਨਾਂ ਉਤੇ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਨਾਂ ਉਪਰ ਭੇਟ ਕੀਤੀਆਂ ਹੋਈਆਂ ਹਨ, ਉਨ੍ਹਾਂ ਨੂੰ ਅਗਾਂਹ ਨਹੀਂ ਵੇਚਿਆ ਜਾ ਸਕਦਾ ਜੋ ਜ਼ਮੀਨਾਂ ਸ਼੍ਰੋਮਣੀ ਕਮੇਟੀ ਜਾਂ ਗੁਰਦੁਆਰੇ ਦੇ ਨਾਂ ਉਪਰ ਹਨ, ਉਨ੍ਹਾਂ ਨੂੰ ਲੋੜ ਅਨੁਸਾਰ ਕਮੇਟੀ ਅਗਾਂਹ ਵੇਚਣ ਦਾ ਹੱਕ ਰੱਖਦੀ ਹੈ।

# ਅਦਭੁੱਤ ਕਲਾਵਾਂ ਦਾ ਮੁਜੱਸਮਾ ਹੈ ਹਰਿਮੰਦਰ ਸਾਹਿਬ

**ਅੰਮ੍ਰਿਤਸਰ:** ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦਾ ਅੰਦਰੂਨੀ ਹਿੱਸਾ ਵਿਲੱਖਣ ਕਲਾਵਾਂ ਦਾ ਅਦਭੁਤ ਨਮੂਨਾ ਹੈ। ਇਹ ਕਲਾਕ੍ਰਿਤਾਂ ਮੌਸਮ ਤੇ ਪ੍ਰਚੀਨਤਾ ਕਾਰਨ ਸਮੇਂ-ਸਮੇਂ ਪ੍ਰਭਾਵਿਤ ਹੋਈਆਂ ਹਨ ਤੇ ਇਹ ਮੁੜ ਪੁਰਾਤਨ ਰੂਪ ਵਿਚ ਲਿਆਂਦੀਆਂ ਗਈਆਂ। ਮਹਾਰਾਜਾ ਰਣਜੀਤ ਸਿੰਘ ਵੱਲੋਂ 1860 ਬਿਕਰਮੀ ਵਿਚ ਜਦੋਂ ਅੰਮ੍ਰਿਤਸਰ ਖੇਤਰ ਆਪਣੇ ਰਾਜ ਵਿਚ ਸ਼ਾਮਲ ਕੀਤਾ ਤਾਂ ਸ੍ਰੀ ਹਰਿਮੰਦਰ ਸਾਹਿਬ ਵਿਚ ਸ਼ਰਧਾ ਕਾਰਨ ਸੱਚਖੰਡ ਨੂੰ ਕੋਮਲ ਹੁਨਰਾਂ ਨਾਲ ਵੱਧ ਤੋਂ ਵੱਧ ਸਜਾਉਣ ਦੇ ਸੰਕਲਪ ਤਹਿਤ ਇਥੇ ਅਨੂਠੀਆਂ ਕਲਾਕ੍ਰਿਤਾਂ ਬਣਵਾਈਆਂ।



ਉਸ ਸਮੇਂ ਮੁਗ਼ਲ, ਕਾਂਗੜਾ ਤੇ ਰਾਜਪੂਤਾਨਾ ਕਲਾਵਾਂ ਦਾ ਬੋਲਬਾਲਾ ਸੀ ਪਰ ਮਹਾਰਾਜਾ ਰਣਜੀਤ ਸਿੰਘ ਨੇ ਇਨ੍ਹਾਂ ਤੋਂ ਵਿਲੱਖਣ 'ਸਿੱਖ ਕਲਾ' ਨੂੰ ਉੱਨਤ ਕਰਦਿਆਂ ਸ੍ਰੀ ਹਰਿਮੰਦਰ ਸਾਹਿਬ ਅੰਦਰ ਸੁਨਹਿਰੀ ਚਿੱਤਰ ਨਕਾਸ਼ੀ, ਜੜਤਕਾਰੀ, ਮੁਹਰਾਕਸ਼ੀ, ਨਕਾਸ਼ੀ, ਗੱਚ ਦੀ ਮੁਨੱਵਤ, ਟੁਕੜੀ, ਲਾਇ ਦੀ ਮੁਨੱਵਤ, ਹੀਰਾ ਨੁਮਾ ਆਦਿ ਕਲਾਵਾਂ ਨਾਲ ਸੇਵਾ ਕਰਵਾਈ। ਇਤਿਹਾਸਕਾਰ ਗਿਆਨੀ ਗਿਆਨ ਸਿੰਘ ਦੇ ਵੇਰਵਿਆਂ ਅਨੁਸਾਰ ਮਹਾਰਾਜਾ ਰਣਜੀਤ ਸਿੰਘ, ਉਨ੍ਹਾਂ ਦੇ ਪਰਿਵਾਰ ਤੇ ਹੋਰ ਸਿੱਖ ਸਰਦਾਰਾਂ ਵੱਲੋਂ ਉਸ ਸਮੇਂ ਸ੍ਰੀ ਹਰਿਮੰਦਰ ਸਾਹਿਬ ਦੀ ਮੁੱਖ ਇਮਾਰਤ ਦੇ ਸੰਗਮਰਮਰ, ਸੋਨੇ ਤੇ ਚਾਂਦੀ ਦੀ ਨਕਾਸ਼ੀ 'ਤੇ 64 ਲੱਖ 11 ਹਜ਼ਾਰ ਰੁਪਏ ਖਰਚ ਕੀਤੇ ਸਨ। ਮਹਾਰਾਜਾ ਰਣਜੀਤ ਸਿੰਘ ਵੱਲੋਂ ਸੱਚਖੰਡ ਨੂੰ ਸੁਨਹਿਰੀ ਕਰਨ ਦੀ ਸੇਵਾ ਸਿੱਖ ਕਲਾ ਵਿਚ ਸਭ ਤੋਂ ਮਾਹਿਰ ਭਾਈ ਸੰਤ ਸਿੰਘ ਗਿਆਨੀ ਦੀ ਨਿਗਰਾਨੀ ਹੇਠ ਚਨਯੋਟ ਦੇ ਮਾਹਿਰ ਕਾਰੀਗਰਾਂ ਤੋਂ ਕਰਵਾਈ। ਇਨ੍ਹਾਂ ਵਿਚ ਸੋਨੇ ਦੇ ਪਾਣੀ ਤੇ ਵਰਕ ਚੜ੍ਹਾਉਣ ਵਿਚ ਮੁਹਾਰਤ ਹਾਸਲ ਮਿਸਤਰੀ ਮੁਹੰਮਦ ਯਾਰ ਖਾਨ ਪ੍ਰਮੁੱਖ ਸਨ। ਬਾਕੀ ਸੇਵਾ ਮੁਕੰਮਲ ਹੋਣ ਮਗਰੋਂ ਮਹਾਰਾਜਾ ਰਣਜੀਤ ਸਿੰਘ ਨੇ ਭਾਈ ਸੰਤ ਸਿੰਘ ਕੋਲੋਂ ਪੰਜ ਲੱਖ ਦਾ ਨਿਰੋਲ ਸੋਨਾ ਇਥੇ ਕਲਾਤਮਕ ਵਿਧੀ ਅਨੁਸਾਰ ਲਵਾਇਆ ਜਿਸ ਨਾਲ ਸਿੱਖ ਕਲਾ ਨਾਲ ਸੱਜਿਆ ਇਹ ਪਾਵਨ ਅਸਥਾਨ 'ਸੁਨਹਿਰੀ ਮੰਦਰ' ਵਜੋਂ ਜਾਣਿਆ ਜਾਣ ਲੱਗਾ। 1965 ਈਸਵੀ ਤੱਕ ਇਹ ਸੋਨਾ ਕੁਝ ਮੈਲਾ ਪੈਣਾ ਸ਼ੁਰੂ ਹੋ ਗਿਆ ਜਿਸ ਨੂੰ ਸੰਤ ਫਤਿਹ ਸਿੰਘ ਤੇ ਸੰਤ ਚੰਨਣ ਸਿੰਘ ਦੀ ਅਗਵਾਈ ਵਿਚ ਕਾਰ ਸੇਵਾ ਆਰੰਭਦਿਆਂ ਵਿਸ਼ੇਸ਼ ਮਸਾਲੇ ਨਾਲ ਧੋ ਦਿੱਤਾ ਗਿਆ। ਇਸ ਨਾਲ ਇਕ ਵਾਰ ਤਾਂ ਸੁਨਹਿਰੀ ਦਿੱਖ ਵਿਚ ਭਰਪੂਰ ਚਮਕ ਆ ਗਈ ਪਰ ਜਲਦੀ ਹੀ ਇਹ ਡੱਬ-ਖੜੱਬਾ ਲੱਗਣ ਲੱਗਾ। ਮਾਹਿਰਾਂ ਵੱਲੋਂ ਘੋਖਣ 'ਤੇ ਮਸਾਲੇ ਵਿਚ ਦੋਸ਼ ਨਿਕਲਿਆ ਜਿਸ ਨਾਲ ਹੇਠਾਂ ਲੱਗੇ ਤਾਂਬੇ ਦੇ ਪੱਤਰਾਂ ਤੋਂ ਸੋਨਾ ਉਤਰ ਗਿਆ ਸੀ।

1974 ਵਿਚ ਸ਼੍ਰੋਮਣੀ ਕਮੇਟੀ ਦੇ ਉਸ ਸਮੇਂ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਵੱਲੋਂ ਸੰਤ ਕਰਤਾਰ ਸਿੰਘ (ਠੱਟਾ ਟਿੱਬਾ) ਨੂੰ ਸੋਨਾ ਚੜ੍ਹਾਉਣ ਦੀ ਕਾਰ ਸੇਵਾ ਦਿੱਤੀ ਗਈ ਜਿਨ੍ਹਾਂ ਵੱਲੋਂ ਤਾਂਬੇ ਦੇ ਪੱਤਰਿਆਂ 'ਤੇ ਸੋਨੇ ਦੇ 6-6 ਵਰਕ ਚੜਾਏ ਗਏ। ਸ੍ਰੀ ਹਰਿਮੰਦਰ ਸਾਹਿਬ ਅੰਦਰਲਾ ਮੌਜੂਦਾ ਸੁਨਹਿਰੀ ਕੰਮ ਉਸ ਵੇਲੇ ਦਾ ਹੀ ਹੈ। ਹੁਣ ਇਸ ਸੁਨਹਿਰੀ ਨਕਾਸ਼ੀ ਨੂੰ ਮੌਸਮ, ਪ੍ਰਦੂਸ਼ਣ ਦੇ ਪ੍ਰਭਾਵ ਤੇ ਪੁਰਾਤਨ ਹੋਣ ਕਾਰਨ ਉਭਰੀ ਕਾਲੇਪਣ ਦੀ ਖਰਾਬੀ ਦੇ ਚੱਲਦਿਆਂ ਨਵਿਆਉਣ ਸਬੰਧੀ ਸ਼੍ਰੋਮਣੀ ਕਮੇਟੀ ਵੱਲੋਂ ਵਿਚਾਰ ਚਰਚਾ ਕੀਤੀ ਜਾ ਰਹੀ ਸੀ।

ਪਿਛਲੇ ਸਮੇਂ ਦੌਰਾਨ ਕੁਝ ਸ਼ਖ਼ਸੀਅਤਾਂ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਨੂੰ ਵਿਸ਼ਵ ਵਿਰਾਸਤੀ ਦਰਜਾ ਦਿਵਾ ਕੇ ਸੰਯੁਕਤ ਰਾਸ਼ਟਰ ਦੀ ਸਿੱਖਿਆ, ਵਿਗਿਆਨ ਤੇ ਸੱਭਿਆਚਾਰ ਸੰਸਥਾ (ਯੂਨੈਸਕੋ) ਰਾਹੀਂ ਇਸਦੀ ਪੁਰਾਤਨਤਾ ਬਰਕਰਾਰ ਰੱਖਦਿਆਂ ਸੁਖਮਤਾ ਨਾਲ ਕੰਮ ਕਰਵਾਉਣ ਲਈ ਉੱਦਮ ਕੀਤੇ ਪਰ ਪੰਥਕ ਚਰਚਾ ਅਨੁਸਾਰ ਵਿਸ਼ਵ ਪੁਰਾਤਤਵ ਵਿਭਾਗ ਦੇ ਦਖਲ ਨਾਲ ਸੱਚਖੰਡ ਦੀ ਪ੍ਰੰਪਰਿਕ ਮਰਿਆਦਾ ਵਿਚ ਵਿਘਨ ਪੈਣ ਦੀ ਸੰਭਾਵਨਾ ਕਾਰਨ ਉਸ ਵੇਲੇ ਦੀ ਸ਼੍ਰੋਮਣੀ ਕਮੇਟੀ ਪ੍ਰਧਾਨ ਬੀਬੀ ਜਗੀਰ ਕੌਰ ਵੱਲੋਂ ਇਹ ਪ੍ਰਸਤਾਵ ਰੱਦ ਕਰ ਦਿੱਤਾ ਗਿਆ। ਧਾਰਮਿਕ ਸ਼ਖ਼ਸੀਅਤਾਂ ਅਨੁਸਾਰ ਸੱਚਖੰਡ ਵਿਰਾਸਤੀ ਨਹੀਂ ਬਲਕਿ ਪਾਵਨ ਧਾਰਮਿਕ ਇਮਾਰਤ ਹੈ ਤੇ ਇਥੇ ਮਰਿਆਦਾ ਵਿਚ ਖਲਲ ਬਰਦਾਸ਼ਤਯੋਗ ਨਹੀਂ।

# ਸੋਨੇ ਦੀ ਧੁਆਈ ਦੀ ਕਾਰ ਸੇਵਾ ਟਲੀ

**ਚੰਡੀਗੜ੍ਹ (ਬਿਊਰੋ):** ਸ਼੍ਰੋਮਣੀ ਕਮੇਟੀ ਵੱਲੋਂ ਲੰਮੀ ਵਿਚਾਰ ਚਰਚਾ ਉਪਰੰਤ ਸੋਨੇ ਦੀ ਧੁਆਈ ਦੀ ਕਾਰ ਸੇਵਾ ਬਾਬਾ ਕਸ਼ਮੀਰ ਸਿੰਘ ਭੂਰੀ ਵਾਲੇ ਨੂੰ 18 ਅਗਸਤ ਤੋਂ ਸ਼ੁਰੂ ਕਰਨ ਸਬੰਧੀ ਮਾਨਤਾ ਦਿੱਤੀ ਗਈ। ਸੇਵਾ ਮੌਕੇ ਮਰਿਆਦਾ ਤਹਿਤ ਕੀਰਤਨ ਜਾਰੀ ਰੱਖਣ ਦਾ ਫੈਸਲਾ ਹੋਇਆ। ਕਾਰ ਸੇਵਾ ਤੋਂ ਪਹਿਲਾਂ ਵੀਡੀਓ ਤੇ ਫੋਟੋਗ੍ਰਾਫ਼ੀ ਕੀਤੀ ਜਾਣੀ ਸੀ ਤਾਂ ਜੋ ਨਵੀਂ ਸੇਵਾ ਦਾ ਰੂਪ ਬਿਲਕੁਲ ਪੁਰਾਤਨ ਹੀ ਰਹੇ। ਸੇਵਾ ਦੌਰਾਨ ਮਾਹਿਰ ਕਾਰੀਗਰਾਂ ਵੱਲੋਂ ਇਕ-ਇਕ ਪੱਤਰਾ ਉਤਾਰ ਕੇ ਸੂਖਮਤਾ ਨਾਲ ਸੇਵਾ ਮਗਰੋਂ ਜੜ੍ਹਨ ਉਪਰੰਤ ਹੀ ਦੂਸਰਾ ਪੱਤਰਾ ਉਤਾਰਿਆ ਜਾਣਾ ਸੀ।

ਸ਼੍ਰੋਮਣੀ ਕਮੇਟੀ ਪ੍ਰਧਾਨ ਅਨੁਸਾਰ ਇਸ ਸੇਵਾ ਦੀ ਨਿਗਰਾਨੀ ਲੋਕ ਸਭਾ ਮੈਂਬਰ ਬੀਬੀ ਹਰਸਿਮਰਤ ਕੌਰ ਬਾਦਲ ਵੱਲੋਂ ਕੀਤੀ ਜਾਣੀ ਸੀ ਪਰ ਵਿਰਾਸਤੀ ਦਰਜੇ ਵਾਲੇ ਪੱਖ ਦੇ ਹਮਾਇਤੀ ਸ਼੍ਰੋਮਣੀ ਕਮੇਟੀ ਮੈਂਬਰ ਬੀਬੀ ਕਿਰਨਜੋਤ ਕੌਰ ਨੇ ਇਸ ਪਾਵਨ ਸੇਵਾ ਨੂੰ ਕਾਰ ਸੇਵਾ ਵਾਲੇ ਬਾਬਿਆਂ ਹੱਥੀਂ ਦੇਣ 'ਤੇ ਇਤਰਾਜ਼ ਕਰਦਿਆਂ ਸੁਨਹਿਰੀ ਨਕਾਸ਼ੀ ਦੀ ਸੇਵਾ ਦਾ ਮਾਮਲਾ ਮੁੜ ਚਰਚਾ ਵਿਚ ਲੈ ਆਂਦਾ।

ਉਨ੍ਹਾਂ ਅਨੁਸਾਰ ਕਾਰ ਸੇਵਾ ਅਧੀਨ ਨਕਾਸ਼ੀ ਜਿਹੇ ਸੂਖਮ ਕੰਮ ਨੂੰ ਕਥਿਤ ਗੈਰ ਤਜਰਬਾ ਹੱਥਾਂ ਵਿਚ ਦੇਣ ਨਾਲ ਅਨਮੁੱਲੇ ਵਿਰਸੇ ਨੂੰ ਨੁਕਸਾਨ ਦਾ ਡਰ ਹੈ ਤੇ ਇਹ ਕੰਮ ਪੁਰਾਤਤਵ ਵਿਭਾਗ ਨੂੰ ਦੇਣਾ ਚਾਹੀਦਾ ਹੈ। ਉਨ੍ਹਾਂ ਅਨੁਸਾਰ ਪਹਿਲਾਂ ਵੀ ਬਾਹਰਲੀ ਸੋਨੇ ਦੀ ਸੇਵਾ ਯੋਗ ਤਰੀਕੇ ਨਾਲ ਨਹੀਂ ਹੋਈ ਤੇ ਇਸ ਸਬੰਧੀ ਸ਼੍ਰੋਮਣੀ ਕਮੇਟੀ ਨੂੰ ਵਿਰਾਸਤੀ ਸੈੱਲ ਸਥਾਪਿਤ ਕਰਨਾ ਚਾਹੀਦਾ ਹੈ। ਨਕਾਸ਼ੀ ਦੀ ਸੇਵਾ ਮੁੜ ਕਿੰਤੂ ਪ੍ਰੰਤੂ ਵਿਚ ਪੈਣ ਕਾਰਨ ਸ਼੍ਰੋਮਣੀ ਕਮੇਟੀ ਨੇ ਫਿਲਹਾਲ 18 ਅਗਸਤ ਤੋਂ ਕਾਰ ਸੇਵਾ ਰੋਕਣ ਦੇ ਨਿਰਦੇਸ਼ ਦਿੱਤੇ ਹਨ। ਉਨ੍ਹਾਂ ਕਿਹਾ ਹੈ ਕਿ ਮਾਹਿਰਾਂ ਦੀ ਰਾਇ ਲੈਣ ਉਪਰੰਤ ਹੀ ਸੇਵਾ ਬਾਰੇ ਫੈਸਲਾ ਕੀਤਾ ਜਾਵੇਗਾ ਪਰ ਇਸ ਸਬੰਧੀ ਕੋਈ ਨਵੀਂ ਤਾਰੀਖ ਨਹੀਂ ਦਿੱਤੀ। ਅਜਿਹੇ ਵਿਚ ਸ਼੍ਰੋਮਣੀ ਕਮੇਟੀ ਨੂੰ ਜਲਦ ਇਸ ਦੁਬਿਧਾ ਨੂੰ ਦੂਰ ਕਰਦਿਆਂ ਮਰਿਆਦਾ ਤੇ ਸੂਖਮਤਾ ਦੇ ਸੁਮੇਲ ਨਾਲ ਸੁਯੋਗ ਸੇਵਾ ਆਰੰਭ ਕਰਾਉਣੀ ਚਾਹੀਦੀ ਹੈ ਤਾਂ ਜੋ ਕਰੋੜਾਂ ਸ਼ਰਧਾਲੂਆਂ ਦੀ ਆਸਥਾ ਦੇ ਚਾਨਣ ਮੁਨਾਰੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਸੁਨਹਿਰੀ ਚਮਕ ਬਰਕਰਾਰ ਰਹੇ।



# ਸਮਰਾ-ਅਟਵਾਲ ਵਿਵਾਦ ਨੇ ਕਾਂਗਰਸ ਨੂੰ ਵਖਤ ਪਾਇਆ

**ਜਲੰਧਰ:** ਲੰਘੀਆਂ ਵਿਧਾਨ ਸਭਾ ਚੋਣਾਂ ਵਿਚ ਪੰਜਾਬ ਕਾਂਗਰਸ ਦੇ ਜਨਰਲ ਸਕੱਤਰ ਗੁਰਬਿੰਦਰ ਸਿੰਘ ਅਟਵਾਲ 'ਤੇ ਚਾਰ ਕਰੋੜ ਰੁਪਏ ਲੈਣ ਦੇ ਸਾਬਕਾ ਅਮਰਜੀਤ ਸਿੰਘ ਸਮਰਾ ਵੱਲੋਂ ਲਾਏ ਦੋਸ਼ਾਂ ਨੇ ਸੂਬਾ ਕਾਂਗਰਸ ਨੂੰ ਕਸੂਤੀ ਹਾਲਤ ਵਿਚ ਫਸਾ ਦਿੱਤਾ ਹੈ। ਸੱਤਾਧਾਰੀ ਧਿਰ ਅਕਾਲੀ-ਭਾਜਪਾ ਵਿਰੋਧੀ ਧਿਰ ਕਾਂਗਰਸ ਦੀ ਅੰਦਰੂਨੀ ਲੜਾਈ ਦਾ ਪਾਸੇ ਖੜ੍ਹ ਕੇ ਤਮਾਸ਼ਾ ਵੇਖ ਰਹੀ ਹੈ।

ਜ਼ਿਕਰਯੋਗ ਹੈ ਕਿ ਸੂਬਾ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਦੀ ਅਗਵਾਈ ਵਿਚ ਚੱਲ ਰਹੀ ਕਾਂਗਰਸ ਦੀ ਜਨ ਸੰਪਰਕ ਮੁਹਿੰਮ ਦੌਰਾਨ ਨਕੋਦਰ ਵਿਚ ਹੋਈ ਰੈਲੀ ਵਿਚ ਜਨਤਕ ਤੌਰ 'ਤੇ ਸ. ਸਮਰਾ ਨੇ ਪਾਰਟੀ ਦੇ ਸੂਬਾਈ ਜਨਰਲ ਸਕੱਤਰ ਅਟਵਾਲ 'ਤੇ ਦੋਸ਼ ਲਾਏ ਸਨ ਕਿ ਉਨ੍ਹਾਂ ਨੇ ਨਕੋਦਰ ਵਿਧਾਨ ਸਭਾ ਦੀ ਚੋਣ ਵਿਚ ਆਪਣੇ ਨਾਮਜ਼ਦਗੀ ਕਾਗਜ਼ ਵਾਪਸ ਲੈਣ ਲਈ ਉਨ੍ਹਾਂ ਕੋਲੋਂ ਇਕ ਕਰੋੜ ਰੁਪਏ ਲਏ ਸਨ ਤੇ ਇਕ ਕਰੋੜ ਰੁਪਏ ਉਦੋਂ ਦੇ ਕਾਂਗਰਸ ਦੇ ਸੂਬਾ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਦਿੱਤੇ ਸਨ। ਸ. ਸਮਰਾ ਨੇ ਇਹ ਦੋਸ਼ ਵੀ ਲਾਇਆ ਕਿ ਉਨ੍ਹਾਂ ਨੂੰ ਹਰਾਉਣ ਲਈ ਸ. ਅਟਵਾਲ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਕੋਲੋਂ ਵੀ ਦੋ ਕਰੋੜ ਰੁਪਏ ਲਏ ਸਨ।





ਪਾਰਟੀ ਦੇ ਜਨਰਲ ਸਕੱਤਰ ਗੁਰਬਿੰਦਰ ਸਿੰਘ ਅਟਵਾਲ ਨੇ ਸ. ਸਮਰਾ 'ਤੇ ਪਲਟਵਾਰ ਕਰਦਿਆਂ ਕਿਹਾ ਕਿ ਸ਼ਾਹਕੋਟ ਵਿਧਾਨ ਸਭਾ ਹਲਕੇ ਵਿਚ ਅਕਾਲੀ ਆਗੂ ਅਜੀਤ ਸਿੰਘ ਕੋਹਾੜ ਨੂੰ ਵੋਟਾਂ ਪੁਆਉਣ ਤੇ ਉਸ ਦੇ ਬਦਲੇ ਨਕੋਦਰ ਵਿਚ ਆਪਣੇ ਪੱਖ ਵਿਚ ਵੋਟਾਂ ਪੁਆਉਣ ਲਈ ਸ. ਸਮਰਾ ਪਾਰਟੀ ਦੀ ਪਿੱਠ ਵਿਚ ਛੁਰਾ ਮਾਰਦੇ ਆ ਰਹੇ ਹਨ। ਉਨ੍ਹਾਂ ਕਿਹਾ ਕਿ ਵਿਧਾਨ ਸਭਾ ਚੋਣਾਂ ਲੰਘੀਆਂ ਨੂੰ ਡੇਢ ਸਾਲ ਬੀਤ ਗਿਆ ਹੈ ਤੇ ਸ. ਸਮਰਾ ਨੂੰ ਹੁਣ ਹੀ ਕਿਉਂ ਚੇਤਾ ਆਇਆ ਹੈ ਕਿ ਉਨ੍ਹਾਂ ਚਾਰ ਕਰੋੜ ਦੀ ਕਮਾਈ ਕੀਤੀ ਹੈ।

ਸ. ਅਟਵਾਲ ਨੇ ਆਪਣੇ ਆਪ ਨੂੰ ਮਲੰਗ ਸਿਆਸਤਦਾਨ ਦੱਸਦਿਆਂ ਕਿਹਾ ਕਿ ਉਹ ਦਸਾਂ ਨਹੁੰਆਂ ਦੀ ਕਿਰਤ ਕਰਕੇ ਹੀ ਰੋਟੀ ਖਾਂਦੇ ਹਨ। ਸ. ਸਮਰਾ ਨੂੰ ਪਹਿਲੀ ਵਾਰ ਹਾਰ ਦਾ ਮੂੰਹ ਦੇਖਣਾ ਪਿਆ ਜਿਸ ਕਰਕੇ ਉਹ ਬੌਖਲਾਹਟ ਵਿਚ ਆਏ ਹੋਏ ਹਨ। ਉਹ ਆਪਣੀ ਹਾਰ ਨੂੰ ਕਬੂਲਣ ਦੀ ਥਾਂ ਇਸ ਦਾ ਦੋਸ਼ ਉਨ੍ਹਾਂ 'ਤੇ ਮੜ੍ਹ ਰਹੇ ਹਨ। ਸ. ਸਮਰਾ ਤੇ ਅਟਵਾਲ ਨੇ ਇਕ-ਦੂਜੇ 'ਤੇ ਪਾਰਟੀ ਵਿਰੋਧੀ ਕਾਰਵਾਈਆਂ ਕਰਨ ਦੇ ਦੋਸ਼ਾਂ ਬਾਰੇ ਪੰਜਾਬ ਮਾਮਲਿਆਂ ਦੇ ਇੰਚਾਰਜ ਸ਼ਕੀਲ ਅਹਿਮਦ ਨੂੰ ਸ਼ਿਕਾਇਤ ਕੀਤੀ ਹੋਈ ਹੈ।

ਸ਼ਕੀਲ ਅਹਿਮਦ ਨੇ ਜਾਂਚ ਕਰਨ ਦੇ ਆਦੇਸ਼ ਪੰਜਾਬ ਕਾਂਗਰਸ ਦੇ ਸੂਬਾ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੂੰ ਦਿੱਤੇ ਹੋਏ ਹਨ। ਸ. ਬਾਜਵਾ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਉਨ੍ਹਾਂ ਕੋਲ ਇਹ ਮਾਮਲਾ ਜਾਂਚ ਕਰਨ ਲਈ ਆਇਆ ਹੋਇਆ ਹੈ ਤੇ ਉਹ ਛੇਤੀ ਹੀ ਇਸ ਦੀ ਰਿਪੋਰਟ ਹਾਈ ਕਮਾਂਡ ਨੂੰ ਸੌਂਪ ਦੇਣਗੇ। ਸਾਲ 2012 ਵਿਚ ਹੋਈਆਂ ਵਿਧਾਨ ਸਭਾ ਚੋਣਾਂ ਸਮੇਂ ਨਕੋਦਰ ਵਿਧਾਨ ਸਭਾ ਹਲਕੇ ਤੋਂ ਕਾਂਗਰਸ ਨੇ ਚਾਰ ਵਾਰ ਜੇਤੂ ਰਹੇ ਸਾਬਕਾ ਮੰਤਰੀ ਅਮਰਜੀਤ ਸਿੰਘ ਸਮਰਾ ਨੂੰ ਟਿਕਟ ਦਿੱਤੀ ਸੀ ਜਦਕਿ ਇਸ ਹਲਕੇ ਤੋਂ ਗੁਰਬਿੰਦਰ ਸਿੰਘ ਅਟਵਾਲ ਵੀ ਟਿਕਟ ਦੀ ਮੰਗ ਕਰਦੇ ਸਨ।

ਸ. ਅਟਵਾਲ ਨੇ ਆਜ਼ਾਦ ਉਮੀਦਵਾਰ ਵਜੋਂ ਕਾਗਜ਼ ਦਾਖਲ ਕਰ ਦਿੱਤੇ ਸਨ। ਉਨ੍ਹਾਂ ਨੂੰ ਬਿਠਾਉਣ ਲਈ ਤੇ ਪਾਰਟੀ ਦੇ ਹੱਕ ਵਿਚ ਤੋਰਨ ਲਈ ਹੀ ਸ. ਸਮਰਾ ਨੇ ਦਾਅਵਾ ਕੀਤਾ ਸੀ ਕਿ ਉਨ੍ਹਾਂ ਨੇ ਇਕ ਕਰੋੜ ਰੁਪਏ ਤੇ ਕੈਪਟਨ ਅਮਰਿੰਦਰ ਸਿੰਘ ਨੇ ਵੀ ਇਕ ਕਰੋੜ ਰੁਪਏ ਉਨ੍ਹਾਂ ਨੂੰ ਦਿੱਤੇ ਸਨ। ਸ. ਸਮਰਾ ਨੇ ਇਹ ਦੋਸ਼ ਵੀ ਲਾਏ ਸਨ ਕਿ ਪੈਸੇ ਲੈਣ ਦੇ ਬਾਵਜੂਦ ਅਟਵਾਲ ਨੇ ਪਾਰਟੀ ਵਿਰੋਧੀ ਕਾਰਵਾਈ ਕਰਦਿਆਂ ਆਪਣੇ ਹਮਾਇਤੀਆਂ ਦੀਆਂ ਵੋਟਾਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਗੁਰਪ੍ਰਤਾਪ ਸਿੰਘ ਵਡਾਲਾ ਨੂੰ ਪਵਾ ਕੇ ਉਸ ਨੂੰ ਜਿਤਾ ਦਿੱਤਾ ਸੀ। ਅਮਰਜੀਤ ਸਿੰਘ ਸਮਰਾ ਨੇ ਮੰਨਿਆ ਕਿ ਜਿਹੜੇ ਇਕ ਕਰੋੜ ਰੁਪਏ ਅਟਵਾਲ ਨੂੰ ਦਿੱਤੇ ਸਨ ਉਹ ਚੋਣ ਖਰਚਿਆਂ ਤੇ ਇਨਕਮ ਟੈਕਸ ਦੀ ਰਿਟਰਨ ਵਿਚ ਨਹੀਂ ਪਾਏ।

# ਅਤਿਵਾਦ ਨੂੰ ਹੁਣ ਸਿਰ ਨਹੀਂ ਚੁੱਕਣ ਦਿਆਂਗੇ: ਸੁਖਬੀਰ ਸਿੰਘ ਬਾਦਲ

**ਅੰਮ੍ਰਿਤਸਰ (ਬਿਊਰੋ):** ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਦਾਅਵਾ ਕੀਤਾ ਹੈ ਕਿ ਸੂਬੇ ਵਿਚ ਅਤਿਵਾਦ ਨੂੰ ਮੁੜ ਸਿਰ ਚੁੱਕਣ ਦਾ ਮੌਕਾ ਨਹੀਂ ਦਿੱਤਾ ਜਾਵੇਗਾ। ਲੰਘੇ ਦਿਨੀਂ ਇਥੇ ਹਰਿਮੰਦਰ ਸਾਹਿਬ ਵਿਖੇ ਆਪਣੀ ਪਤਨੀ ਬੀਬੀ ਹਰਸਿਮਰਤ ਕੌਰ ਬਾਦਲ ਨਾਲ ਨਤਮਸਤਕ ਹੋਣ ਆਏ ਉਪ ਮੁੱਖ ਮੰਤਰੀ ਨੇ ਆਖਿਆ ਕਿ ਪੰਜਾਬ ਵਿਚ ਅਮਨ ਤੇ ਭਾਈਚਾਰਕ ਸਾਂਝ ਕਾਇਮ ਹੈ ਤੇ ਸੂਬੇ ਵਿਚ ਪੂਰੀ ਤਰ੍ਹਾਂ ਸ਼ਾਂਤੀ ਹੈ। ਉਨ੍ਹਾਂ ਪੁਲਿਸ ਨੂੰ 'ਸ਼ਕਤੀਸ਼ਾਲੀ' ਬਣਾਉਣ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਪੰਜਾਬ ਸਰਹੱਦੀ ਸੂਬਾ ਹੈ ਤੇ ਇਥੇ ਪੁਲਿਸ ਦੇ ਆਧੁਨੀਕੀਕਰਨ ਦੀ ਲੋੜ ਹੈ ਪਰ ਕੇਂਦਰ ਸਰਕਾਰ ਵੱਲੋਂ ਪੁਲਿਸ ਦੇ ਆਧੁਨੀਕੀਕਰਨ ਲਈ ਲੋੜੀਂਦੇ ਫੰਡ ਮੁਹੱਈਆ ਨਹੀਂ ਕੀਤੇ ਜਾ ਰਹੇ।

ਸੂਬੇ ਵਿਚ ਨਵੀਆਂ ਸਕੀਮਾਂ ਸ਼ੁਰੂ ਕੀਤੇ ਜਾਣ ਦਾ ਖੁਲਾਸਾ ਕਰਦਿਆਂ ਉਨ੍ਹਾਂ ਦੱਸਿਆ ਕਿ ਆਟਾ ਦਾਲ ਲੈਣ ਵਾਲੇ ਪਰਿਵਾਰਾਂ ਲਈ ਬਿਨਾਂ ਕਿਸੇ ਨਕਦ ਭੁਗਤਾਨ ਦੇ ਸਰਕਾਰ ਵੱਲੋਂ ਇਕ ਬੀਮਾ ਸਕੀਮ ਸ਼ੁਰੂ ਕਰਨ ਦੀ ਯੋਜਨਾ ਹੈ ਜਿਸ ਤਹਿਤ ਇਨ੍ਹਾਂ ਪਰਿਵਾਰਾਂ ਦਾ 30 ਹਜ਼ਾਰ ਰੁਪਏ ਤੱਕ ਦਾ ਇਲਾਜ ਵੱਡੇ ਹਸਪਤਾਲਾਂ ਵਿਚ ਮੁਫਤ ਕਰਾਉਣ ਦੀ ਸਹੂਲਤ ਹੋਵੇਗੀ। ਆਟਾ-ਦਾਲ ਸਕੀਮ ਦਾ ਘੇਰਾ ਵੀ ਹੋਰ ਵਧਾਉਣ ਦੀ ਯੋਜਨਾ ਹੈ, ਜਿਸ ਤਹਿਤ ਇਸ ਵਿਚ ਹੋਰ ਲੋੜਵੰਦ ਪਰਿਵਾਰ ਸ਼ਾਮਲ ਹੋ ਜਾਣਗੇ। ਇਸ ਤੋਂ ਇਲਾਵਾ ਸੂਬੇ ਦੇ ਸਾਰੇ ਨਾਗਰਿਕਾਂ ਲਈ ਇਕ ਬੀਮਾ ਯੋਜਨਾ ਵੀ ਸ਼ੁਰੂ ਕਰਨ ਦੀ ਯੋਜਨਾ ਹੈ। ਦਰਬਾਰ ਸਾਹਿਬ ਦੇ ਬਾਹਰ ਬਣ ਰਹੇ ਪਲਾਜ਼ੇ ਦੀ ਉਸਾਰੀ ਦਾ ਜਾਇਜ਼ਾ ਲੈਂਦਿਆਂ ਉਨ੍ਹਾਂ ਨੇ ਸਬੰਧਤ ਵਿਭਾਗ ਤੇ ਠੇਕੇਦਾਰ ਨੂੰ ਇਹ ਕੰਮ ਦਸੰਬਰ 2013 ਤੱਕ ਮੁਕੰਮਲ ਕਰਨ ਦੇ ਹੁਕਮ ਦਿੱਤੇ। ਸ਼ਹਿਰ ਵਿਚ ਚੱਲ ਰਹੀਆਂ ਵੱਖ-ਵੱਖ ਯੋਜਨਾਵਾਂ ਬਾਰੇ ਸ. ਬਾਦਲ ਨੇ ਕਿਹਾ ਕਿ ਉਹ ਸ਼ਹਿਰ ਨੂੰ ਅੰਤਰਾਸ਼ਟਰੀ ਨਕਸ਼ੇ 'ਤੇ ਉਭਾਰਨ ਲਈ ਵਿਕਾਸ ਦੇ ਵੱਡੇ ਪ੍ਰਾਜੈਕਟ ਪ੍ਰਵਾਨ ਕਰ ਚੁੱਕੇ ਹਨ।

# ਸਿੱਖ ਕਿਸਾਨਾਂ ਦੀ ਘਾਲਣਾ ਨੂੰ ਯਾਦ ਰੱਖੇ ਮੋਦੀ ਸਰਕਾਰ: ਮਨਪ੍ਰੀਤ ਬਾਦਲ

**ਚੰਡੀਗੜ੍ਹ:** ਪੀਪਲਜ਼ ਪਾਰਟੀ ਆਫ਼ ਪੰਜਾਬ (ਪੀ.ਪੀ.ਪੀ.) ਦੇ ਪ੍ਰਧਾਨ ਮਨਪ੍ਰੀਤ ਸਿੰਘ ਬਾਦਲ ਨੇ ਕਿਹਾ ਕਿ ਗੁਜਰਾਤ ਵਿਚ ਕੱਛ ਦੀ ਬੰਜਰ ਜ਼ਮੀਨ ਨੂੰ ਖੇਤੀ ਵਾਸਤੇ ਵਰਤੋਂ ਵਿਚ ਲਿਆਉਣ ਲਈ ਬਹਾਦਰ ਪੰਜਾਬੀਆਂ ਵੱਲੋਂ ਕੀਤੀ ਘਾਲਣਾ ਨੂੰ ਮਾਨਤਾ ਦੇਣ ਦੀ ਲੋੜ ਹੈ ਤੇ ਇਸ ਮੁੱਦੇ ਨੂੰ ਕੌਮੀ ਹਿੱਤ ਸਮਝ ਕੇ ਹੱਲ ਕੀਤਾ ਜਾਣਾ ਚਾਹੀਦਾ ਹੈ। ਪੀ.ਪੀ.ਪੀ ਇਨ੍ਹਾਂ ਪੰਜਾਬੀ ਕਿਸਾਨਾਂ ਨੇ ਆਪਣੀ ਸਖ਼ਤ ਮਿਹਨਤ ਨਾਲ ਗੁਜਰਾਤ ਦੀ ਸਫਲਤਾ ਦੀ ਦਿਸ਼ਾ ਤੈਅ ਕਰਦਿਆਂ ਕੌਮੀ ਹਿੱਤਾਂ ਵਿਚ ਭਰਵਾਂ ਯੋਗਦਾਨ ਪਾਇਆ ਜਦਕਿ ਹੁਣ ਪੰਜਾਬ ਦੇ ਕਿਸਾਨਾਂ ਵੱਲੋਂ ਪਾਏ ਯੋਗਦਾਨ ਨੂੰ ਭੁਲਾ ਕੇ ਉਨ੍ਹਾਂ ਨੂੰ ਜ਼ਮੀਨਾਂ ਤੋਂ ਵਾਂਝਾ ਕੀਤਾ ਜਾ ਰਿਹਾ ਹੈ।



ਉਨ੍ਹਾਂ ਕਿਹਾ ਕਿ ਪੀ.ਪੀ.ਪੀ ਗੁਜਰਾਤ ਸਰਕਾਰ ਦੇ ਇਸ ਫੈਸਲੇ ਵਿਰੁੱਧ ਆਵਾਜ਼ ਉਠਾਵੇਗੀ ਕਿਉਂਕਿ ਹਰੇਕ ਭਾਰਤੀ ਨੂੰ ਭਾਰਤ ਦੇ ਕਿਸੇ ਵੀ ਹਿੱਸੇ ਵਿਚ ਕੰਮ ਕਰਨ ਦਾ ਪੂਰਾ ਅਧਿਕਾਰ ਹੈ। ਜ਼ਮੀਨ ਦੀ ਮਲਕੀਅਤ ਤੇ ਕਬਜ਼ੇ ਬਾਰੇ ਫੈਸਲੇ ਧਰਮ, ਜਾਤੀ ਜਾਂ ਮੂਲ ਆਧਾਰ 'ਤੇ ਕਰਨ ਦੀ ਥਾਂ ਇਕ ਭਾਰਤੀ ਹੋਣ ਦੀ ਸ਼ਰਤਾਂ 'ਤੇ ਆਧਾਰਤ ਹੋਣੇ ਚਾਹੀਦੇ ਹਨ। ਉਨ੍ਹਾਂ ਸੀਮਤ ਦਾਇਰੇ ਦੀ ਮਲਕੀਅਤ ਵਰਗੀ ਵਿਚਾਰਧਾਰਾ ਨੂੰ ਪੂਰੀ ਤਰ੍ਹਾਂ ਸ਼ਾਹੀ ਬ੍ਰਿਟਿਸ਼ ਪ੍ਰਣਾਲੀ 'ਤੇ ਆਧਾਰਤ ਦੱਸਦਿਆਂ ਕਿਹਾ ਕਿ ਇਸ ਤਰ੍ਹਾਂ ਦੀ ਸੀਮਤ ਮਲਕੀਅਤ ਨੂੰ ਬ੍ਰਿਟਿਸ਼ ਰਾਜ ਦੇ ਦੌਰ ਵਿਚ ਹੀ ਬਾਹਰ ਸੁੱਟ ਦੇਣਾ ਚਾਹੀਦਾ ਸੀ। ਇਸ ਵਿਵਸਥਾ ਨਾਲ ਨਾ ਸਿਰਫ਼ ਨਿਵੇਸ਼ ਘੱਟ ਹੋਇਆ ਹੈ ਸਗੋਂ ਵਿਕਾਸ ਦਰ ਵਿਚ ਵੀ ਗਿਰਾਵਟ ਆਈ ਹੈ। ਉਨ੍ਹਾਂ ਕਿਹਾ ਕਿ ਕੁਝ ਅਜਿਹੀਆਂ ਸਮੱਸਿਆਵਾਂ ਨੂੰ ਪੰਜਾਬੀਆਂ ਵੱਲੋਂ ਹੋਰਨਾਂ ਰਾਜਾਂ ਵਿਚ ਵੀ ਝੱਲਣਾ ਪੈ ਰਿਹਾ ਹੈ।

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School
ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ
ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ
*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

Call For Special Price
Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058
1816 Main Ave., Secramento CA, 95838

House Prices are moving up!
Did you buy your Dream Home yet?

Madan Khatri
One of 10 Top Producers in 2011 and 2012 at the Prudential Office!
Interest Rates are moving up!
Buy A Home anywhere in Metro NOW !!
*A Broker who can work with you from Beginning to End, Call Now!*
Madan Khatri: 847-530-1550
Prudential at 25 Turner Ave, Elk Grove Village, IL

Law Office of Navdeep S. Jhaj

Navdeep S. Jhaj
Member, American Immigration Lawyers Association
Immigration Law Attorney
General Legal Practice
>Estate Planning >Personal Injury >Bankruptcy
ਅਸੀਂ ਹੇਠ ਲਿਖੀਆਂ ਸੇਵਾਵਾਂ ਮੁਹੱਈਆ ਕਰਦੇ ਹਾਂ
■ਇਮੀਗਰੇਸ਼ਨ ■ਜਨਰਲ ਲਾਅ
■ਪਰਸਨਲ ਇੰਜਰੀ ■ਬੈਂਕਰਪਸੀ ■ਐਸਟੇਟ ਪਲਾਨਿੰਗ
1930 W Hubbard, 2nd Floor, Chicago, IL 60622
Voice: 312.404.8893, Fax: 312.243.2277
email: navjhaj@me.com

# ਰਾਜਧਾਨੀ ਉਤੇ ਹੱਕ ਨੂੰ ਖੋਰਾ ਲਾਏਗਾ ਨਵਾਂ ਚੰਡੀਗੜ੍ਹ

**ਚੰਡੀਗੜ੍ਹ:** ਪੰਜਾਬ ਦੀ ਅਕਾਲੀ-ਭਾਜਪਾ ਸਰਕਾਰ ਵੱਲੋਂ ਲੀਡਰਾਂ ਤੇ ਅਫਸਰਾਂ ਦੀ ਜ਼ਮੀਨ ਦੇ ਭਾਅ ਵਧਾਉਣ ਲਈ ਨਵਾਂ ਚੰਡੀਗੜ੍ਹ ਵਸਾਇਆ ਜਾ ਰਿਹਾ ਹੈ ਜਿਸ ਨਾਲ ਪੰਜਾਬ ਦਾ ਆਪਣੀ ਹੀ ਰਾਜਧਾਨੀ ਚੰਡੀਗੜ੍ਹ 'ਤੇ ਹੱਕ ਨੂੰ ਖੋਰਾ ਲੱਗੇਗਾ। ਪੰਜਾਬ ਸਰਕਾਰ ਨੇ ਪਹਿਲਾਂ ਹੀ ਆਪਣੇ ਬਹੁਤੇ ਦਫਤਰ ਮੁਹਾਲੀ ਤਬਦੀਲ ਕਰ ਲਏ ਹਨ ਜਿਸ ਨਾਲ ਚੰਡੀਗੜ੍ਹ 'ਤੇ ਦਾਅਵਾ ਕਮਜ਼ੋਰ ਹੋ ਗਿਆ ਹੈ। ਦੂਜੇ ਪਾਸੇ ਹਰਿਆਣਾ ਬੜੀ ਚਲਾਕੀ ਨਾਲ ਚੰਡੀਗੜ੍ਹ ਵਿਚ ਆਪਣੇ ਮੁਲਾਜ਼ਮਾਂ ਤੇ ਅਫਸਰਾਂ ਦੀ ਗਿਣਤੀ ਵਧਾ ਰਿਹਾ ਹੈ ਜਿਸ ਨਾਲ ਉਸ ਦਾ ਚੰਡੀਗੜ੍ਹ 'ਤੇ ਦਾਅਵਾ ਮਜ਼ਬੂਤ ਹੋ ਸਕੇ।




ਜ਼ਿਕਰਯੋਗ ਹੈ ਕਿ ਚੰਡੀਗੜ੍ਹ ਦੀ ਉੱਤਰ-ਪੱਛਮੀ ਵੱਖੀ ਵਿਚ ਇਕ ਨਵਾਂ ਸ਼ਹਿਰ ਸਿਰ ਚੁੱਕ ਰਿਹਾ ਹੈ। ਹੁਣ ਤਕ ਇਹ ਇਲਾਕਾ ਮੁੱਲਾਂਪੁਰ ਗਰੀਬਦਾਸ ਦੇ ਨਾਂ ਨਾਲ ਜਾਣਿਆ ਜਾਂਦਾ ਸੀ ਪਰ ਹੁਣ ਪੰਜਾਬ ਸਰਕਾਰ ਨੇ ਇਸ ਨੂੰ ਨਵੇਂ ਚੰਡੀਗੜ੍ਹ ਦਾ ਨਾਂ ਦਿੱਤਾ ਹੈ। ਇਹ ਆਪਣੀ ਪੇਂਡੂ ਪਛਾਣ ਤੇਜ਼ੀ ਨਾਲ ਗਵਾਉਂਦਾ ਜਾ ਰਿਹਾ ਹੈ ਤੇ ਇਸ ਵਿਚੋਂ ਨਵਾਂ ਸ਼ਹਿਰ ਅੰਗੜਾਈ ਭਰ ਰਿਹਾ ਹੈ ਤੇ ਨਵੇਂ ਚੰਡੀਗੜ੍ਹ ਦੇ ਨਾਂ ਉੱਤੇ ਮੁੱਲਾਂਪੁਰ ਦੀ ਜ਼ਮੀਨ ਵੇਚਣ ਦੀ ਪੰਜਾਬ ਸਰਕਾਰ ਦੀ ਯੋਜਨਾ ਨੂੰ ਬੂਰ ਪੈ ਰਿਹਾ ਹੈ।

ਇਹ ਇਲਾਕਾ ਅੱਜ ਕੱਲ੍ਹ ਜ਼ਮੀਨਾਂ ਦੀ ਖ਼ਰੀਦੋ-ਫਰੋਖ਼ਤ ਦਾ ਗੜ੍ਹ ਬਣਿਆ ਹੋਇਆ ਹੈ। ਸ਼ਿਵਾਲਕ ਦੀਆਂ ਪਹਾੜੀਆਂ ਵਿਚ ਪੈਂਦੇ ਇਸ ਨੀਮ ਪਹਾੜੀ ਇਲਾਕੇ ਵਿਚ ਅਸਮਾਨ ਛੂੰਹਦੀਆਂ ਇਮਾਰਤਾਂ ਬਣ ਰਹੀਆਂ ਹਨ ਤੇ ਅਨੇਕਾਂ ਰਿਹਾਇਸ਼ੀ ਪ੍ਰਾਜੈਕਟ ਸ਼ੁਰੂ ਹੋ ਚੁੱਕੇ ਹਨ। ਕਿਹਾ ਜਾ ਰਿਹਾ ਹੈ ਕਿ ਤਕਰੀਬਨ 17 ਸਾਲਾਂ ਵਿਚ ਨਵੇਂ ਚੰਡੀਗੜ੍ਹ ਵਿਚ ਤਿੰਨ ਲੱਖ ਤੋਂ ਵੱਧ ਲੋਕ ਵੱਸ ਸਕਣਗੇ ਜੋ ਅਸਲ ਚੰਡੀਗੜ੍ਹ ਦੀ ਮੌਜੂਦਾ ਅਬਾਦੀ ਦਾ ਕਰੀਬ ਪੰਜਵਾਂ ਹਿੱਸਾ ਹੈ। ਸਰਕਾਰ ਦੇ ਇਨ੍ਹਾਂ ਦਾਅਵਿਆਂ ਨਾਲ ਇਸ ਇਲਾਕੇ ਵਿਚ ਜ਼ਮੀਨਾਂ ਦਾ ਭਾਅ ਵਧ ਗਿਆ ਹੈ।

ਇਸ ਪ੍ਰਾਜੈਕਟ ਸਬੰਧੀ ਗਰੇਟਰ ਮੁਹਾਲੀ ਏਰੀਆ ਡਿਵੈਲਪਮੈਂਟ ਅਥਾਰਿਟੀ (ਗਮਾਡਾ) ਦੀ ਬੇਨਤੀ ਉੱਤੇ ਸਿੰਗਾਪੁਰ ਦੀ ਕੰਪਨੀ ਜੁਰੌਂਗ ਕੰਸਲਟੈਂਟਸ ਪ੍ਰਾਈਵੇਟ ਲਿਮਟਿਡ ਨੇ ਰਿਪੋਰਟ ਤਿਆਰ ਕੀਤੀ ਹੈ ਜਿਸ ਨੂੰ ਮੁੱਲਾਂਪੁਰ ਲੋਕਲ ਪਲੈਨਿੰਗ ਏਰੀਆ ਮਾਸਟਰ ਪਲੈਨ 2008-2031 ਦਾ ਨਾਂ ਦਿੱਤਾ ਗਿਆ ਹੈ। ਇਸ ਮੁਤਾਬਕ ਨਵੇਂ ਚੰਡੀਗੜ੍ਹ ਦੇ 20 ਸੈਕਟਰ ਹੋਣਗੇ। ਇਲਾਕੇ ਵਿਚ ਪੈਂਦੀਆਂ 32 ਛੋਟੀਆਂ-ਵੱਡੀਆਂ ਪੇਂਡੂ ਬਸਤੀਆਂ ਦੀ ਅਬਾਦੀ ਨੂੰ ਨਵੇਂ ਸ਼ਹਿਰ ਵਿਚ ਮਿਲਾ ਲਿਆ ਜਾਵੇਗਾ।

ਇਲਾਕੇ ਵਿਚ ਪੈਂਦੀਆਂ ਤਿੰਨ ਬਰਸਾਤੀ ਨਦੀਆਂ ਜੈਅੰਤੀ ਦੇਵੀ ਕੀ ਰਾਓ, ਸੀਸਵਾਂ ਤੇ ਪਟਿਆਲੀ ਕੀ ਰਾਓ ਨੂੰ ਵੀ ਵਿਕਸਤ ਕਰਨ ਦੀ ਯੋਜਨਾ ਹੈ। ਗਮਾਡਾ ਦੇ ਮੁੱਖ ਪ੍ਰਸ਼ਾਸਕ ਏ ਕੇ ਸਿਨਹਾ ਅਨੁਸਾਰ ਐਜੂਸਿਟੀ ਲਈ 1700 ਏਕੜ ਤੇ ਮੈਡੀਸਿਟੀ ਲਈ ਹੋਰ 161 ਏਕੜ ਜ਼ਮੀਨ ਐਕੁਆਇਰ ਕੀਤੀ ਜਾ ਰਹੀ ਹੈ ਜਦੋਂਕਿ ਚੰਡੀਗੜ੍ਹ ਤੇ ਨਵੇਂ ਚੰਡੀਗੜ੍ਹ ਨੂੰ ਜੋੜਨ ਵਾਲੀਆਂ ਚੌੜੀਆਂ ਸੜਕਾਂ ਲਈ ਕਰੀਬ 135 ਏਕੜ ਦੀ ਲੋੜ ਹੋਵੇਗੀ। ਸ਼ਹਿਰ ਦੀ ਮਾਸਟਰ ਪਲਾਨ 15000 ਏਕੜ ਰਕਬੇ ਉੱਤੇ ਆਧਾਰਤ ਹੈ।

ਸਵਾਲ ਇਹ ਹੈ ਕਿ ਕੀ ਇਹ ਨਵਾਂ ਸ਼ਹਿਰ ਆਪਣੀ ਆਜ਼ਾਦ ਹੋਂਦ ਕਾਇਮ ਕਰ ਸਕੇਗਾ ਕਿਉਂਕਿ ਡਰ ਇਹ ਜ਼ਾਹਿਰ ਕੀਤਾ ਜਾ ਰਿਹਾ ਹੈ ਕਿ ਇਸ ਦੀ ਹਮੇਸ਼ਾ ਹੀ ਅਸਲ ਚੰਡੀਗੜ੍ਹ ਉੱਤੇ ਨਿਰਭਰਤਾ ਬਣੀ ਰਹੇਗੀ ਤੇ ਇਹ ਅਸਲ ਚੰਡੀਗੜ੍ਹ ਦਾ ਬੋਲੋੜਾ ਬੱਚਾ ਨਾ ਬਣ ਕੇ ਰਹਿ ਜਾਵੇ। ਹਕੀਕਤ ਪੱਖੋਂ ਦੇਖੀਏ ਤਾਂ ਇਸ ਵਿਚ 17 ਉੱਚੀਆਂ ਇਮਾਰਤਾਂ (ਹਾਈ ਰਾਈਜ਼) ਹੋਣਗੀਆਂ ਜਿਨ੍ਹਾਂ ਵਿਚ ਰਿਹਾਇਸ਼ੀ ਕੰਪਲੈਕਸ ਵੀ ਸ਼ਾਮਲ ਹਨ।

ਇਸ ਦੀ ਅਬਾਦੀ 2031 ਤਕ ਕਰੀਬ ਪੰਜ ਲੱਖ ਤਕ ਪੁੱਜਣ ਦੇ ਮੱਦੇਨਜ਼ਰ ਇਸ ਨੂੰ ਰੋਜ਼ਾਨਾ 16.5 ਕਰੋੜ ਲਿਟਰ ਪਾਣੀ ਤੇ 790 ਮੈਗਾਵਾਟ ਬਿਜਲੀ ਦੀ ਲੋੜ ਹੋਵੇਗੀ। ਸ਼ਹਿਰ 247 ਟਨ ਕੂੜਾ ਕਰਕਟ ਤੇ 6.20 ਲਿਟਰ ਸੀਵਰੇਜ ਪੈਦਾ ਕਰੇਗਾ।

ਦੂਜੇ ਪਾਸੇ ਅਸਲ ਚੰਡੀਗੜ੍ਹ ਨੂੰ ਰੋਜ਼ਾਨਾ 8.70 ਕਰੋੜ ਗੈਲਨ ਪਾਣੀ ਦੀ ਲੋੜ ਹੈ ਪਰ ਕਜੌਲੀ ਵਾਟਰ ਵਰਕਸ ਤੋਂ ਇਸ ਨੂੰ ਇਸ ਤੋਂ 2.90 ਕਰੋੜ ਗੈਲਨ ਘੱਟ ਮਿਲਦਾ ਹੈ। ਚੰਡੀਗੜ੍ਹ ਦੀ 400 ਮੈਗਾਵਾਟ ਰੋਜ਼ਾਨਾ ਬਿਜਲੀ ਦੀ ਲੋੜ ਹੈ ਪਰ ਇਸ ਨੂੰ ਵੱਖ-ਵੱਖ ਵਸੀਲਿਆਂ ਤੋਂ ਇਸ ਨਾਲ ਕਰੀਬ 60 ਮੈਗਾਵਾਟ ਬਿਜਲੀ ਘੱਟ ਮਿਲਦੀ ਹੈ। ਇਸ ਲਿਹਾਜ਼ ਨਾਲ ਇਸ ਮੌਜੂਦਾ ਵਿਰਲੀ ਵਸੋਂ ਵਾਲੇ ਇਲਾਕੇ ਵਿਚ ਬਹੁਤ ਸੰਘਣੀ ਅਬਾਦੀ ਹੋ ਜਾਵੇਗੀ।

## ਹੁੱਡਾ ਵੱਲੋਂ ਪੰਜਾਬ ਨੂੰ ਚੰਡੀਗੜ੍ਹ ਦਾ ਖਹਿੜਾ ਛੱਡਣ ਦੀ ਸਲਾਹ

**ਚੰਡੀਗੜ੍ਹ:** ਹਰਿਆਣਾ ਦੇ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਦਾ ਕਹਿਣਾ ਹੈ ਕਿ ਜੇਕਰ ਪੰਜਾਬ ਚੰਡੀਗੜ੍ਹ ਉਪਰੋਂ ਆਪਣਾ ਦਾਅਵਾ ਛੱਡ ਦਿੰਦਾ ਹੈ ਤਾਂ ਉਨ੍ਹਾਂ ਨੂੰ ਮੁੱਲਾਂਪੁਰ ਵਿਖੇ ਵਸਾਏ ਜਾ ਰਹੇ 'ਨਵੇਂ ਚੰਡੀਗੜ੍ਹ' 'ਤੇ ਭੋਰਾ ਵੀ ਇਤਰਾਜ਼ ਨਹੀਂ ਹੋਵੇਗਾ। ਉਨ੍ਹਾਂ ਕਿਹਾ ਕਿ ਜੇਕਰ ਪੰਜਾਬ ਦਾ ਇਰਾਦਾ ਚੰਡੀਗੜ੍ਹ ਛੱਡ ਕੇ ਨਵੇਂ ਚੰਡੀਗੜ੍ਹ ਵਿਚ ਤਬਦੀਲ ਹੋਣ ਦਾ ਹੈ ਤਾਂ ਇਹ ਬੜੀ ਖ਼ੁਸ਼ੀ ਦੀ ਗੱਲ ਹੈ।



ਉਨ੍ਹਾਂ ਕਿਹਾ ਕਿ ਪੰਜਾਬ ਵੱਲੋਂ ਨਵਾਂ ਚੰਡੀਗੜ੍ਹ ਤਾਂ ਆਪਣੇ ਇਲਾਕੇ ਵਿਚ ਵਸਾਇਆ ਜਾ ਰਿਹਾ ਹੈ ਪਰ ਦਿਖਾਵਾ ਕੀਤਾ ਜਾ ਰਿਹਾ ਹੈ ਕਿ ਇਹ ਚੰਡੀਗੜ੍ਹ ਦਾ ਹਿੱਸਾ ਹੋਵੇਗਾ। ਇਹ ਗ਼ੈਰ-ਇਖਲਾਕੀ ਹੈ ਤੇ ਲੋਕਾਂ ਨੂੰ ਮੂਰਖ ਬਣਾਉਣ ਦੀ ਕੋਸ਼ਿਸ਼ ਹੈ। ਅਸਲੀਅਤ ਇਹ ਹੈ ਕਿ ਜਦ ਤੱਕ ਚੰਡੀਗੜ੍ਹ ਸਾਂਝੀ ਰਾਜਧਾਨੀ ਹੈ, ਉਦੋਂ ਤੱਕ ਕਿਸੇ ਨੂੰ ਵੀ ਇਸ ਦੇ ਖਾਸੇ ਨੂੰ ਬਦਲਣ ਦਾ ਹੱਕ ਨਹੀਂ।

ਉਨ੍ਹਾਂ ਕਿਹਾ ਕਿ ਜੇ ਗੁੜਗਾਉਂ ਦਾ ਨਾਂ ਮਾਡਰਨ ਦਿੱਲੀ ਰੱਖ ਦਿੱਤਾ ਜਾਵੇ ਤਾਂ ਕੀ ਸੁਣਨ ਵਿਚ ਬੜਾ ਅਜੀਬ ਜਿਹਾ ਨਹੀਂ ਲੱਗੇਗਾ। ਦੋਵਾਂ ਦੀ ਆਪਣੀ ਵਿਲੱਖਣ ਪਛਾਣ ਹੈ। ਪੰਜਾਬ ਸਰਕਾਰ ਮੁੱਲਾਂਪੁਰ ਨੂੰ ਨਵੇਂ ਚੰਡੀਗੜ੍ਹ ਵਜੋਂ ਪੇਸ਼ ਕਰਕੇ ਚੰਡੀਗੜ੍ਹ ਦੀ ਅਮੀਰ ਵਿਰਾਸਤ ਦਾ ਮਜ਼ਾਕ ਉਡਾ ਰਹੀ ਹੈ। ਮੁੱਲਾਂਪੁਰ ਨੂੰ ਪੰਜਾਬ ਮੁੱਲਾਂਪੁਰ ਵਜੋਂ ਵਿਕਸਤ ਕਰੇ। ਉਹ ਉਸ ਨੂੰ ਨਵਾਂ ਚੰਡੀਗੜ੍ਹ ਨਾਂ ਦੇ ਕੇ ਪਿੰਡ ਦੇ ਲੋਕਾਂ ਨਾਲ ਨਾਇਨਸਾਫ਼ੀ ਕਿਉਂ ਕਰ ਰਿਹਾ ਹੈ। ਹਰਿਆਣਾ ਨੇ ਪੰਚਕੂਲਾ ਪਿੰਡ ਨੂੰ ਪੰਚਕੂਲਾ ਸ਼ਹਿਰ ਵਜੋਂ ਵਿਕਸਤ ਕੀਤਾ ਤੇ ਨੈਤਿਕਤਾ ਮੰਗ ਕਰਦੀ ਹੈ ਕਿ ਪੰਜਾਬ ਨੂੰ ਵੀ ਮੁੱਲਾਂਪੁਰ ਪਿੰਡ ਨੂੰ ਮੁੱਲਾਂਪੁਰ ਸ਼ਹਿਰ ਵਜੋਂ ਵਿਕਸਤ ਕਰਨਾ ਚਾਹੀਦਾ ਹੈ।

## ਕਰੋੜਪਤੀ ਬਣਨਗੇ ਜ਼ਮੀਨਾਂ ਦੇ ਮਾਲਕ

**ਚੰਡੀਗੜ੍ਹ:** ਅਦਾਲਤ ਵੱਲੋਂ ਮੁੱਖ ਮਾਰਗ ਮੁੱਲਾਂਪੁਰ ਲਈ ਐਕਵਾਇਰ ਜ਼ਮੀਨ ਦੇ ਪ੍ਰਭਾਵਿਤ ਕਿਸਾਨਾਂ ਦੇ ਕੇਸ ਦਾ ਨਿਬੇੜਾ ਕਰਦਿਆਂ ਮੁਆਵਜ਼ੇ ਦੇ ਮਾਮਲੇ ਵਿਚ ਪ੍ਰਤੀ ਏਕੜ ਦੋ ਕਰੋੜ 32 ਲੱਖ ਦੇਣ ਦਾ ਫੈਸਲਾ ਸੁਣਾਇਆ ਹੈ। ਸੂਤਰਾਂ ਅਨੁਸਾਰ ਵਿਆਜ ਸਮੇਤ ਉਜਾੜਾ ਭੱਤਾ ਆਦਿ ਜੋੜ ਕੇ ਇਹ ਰਾਸ਼ੀ ਪ੍ਰਤੀ ਏਕੜ ਤਿੰਨ ਕਰੋੜ ਤੋਂ ਕਿਤੇ ਵੱਧ ਪੰਜਾਬ ਸਰਕਾਰ ਵੱਲੋਂ ਪ੍ਰਭਾਵਿਤ ਕਿਸਾਨਾਂ ਨੂੰ ਅਦਾ ਕਰਨੀ ਪਵੇਗੀ। ਜ਼ਿਕਰਯੋਗ ਹੈ ਕਿ ਮਾਜਰਾ ਟੀ-ਪੁਆਇੰਟ ਤੋਂ ਮੁੱਲਾਂਪੁਰ ਚੰਡੀਗੜ੍ਹ ਬੈਰੀਅਰ ਤੱਕ ਛੇ ਕਿਲੋਮੀਟਰ ਸੜਕ ਨੂੰ ਛੇ ਮਾਰਗੀ ਕਰਨ ਲਈ ਸਰਕਾਰ ਨੇ ਗਮਾਡਾ ਰਾਹੀਂ ਕੁਝ ਵਰ੍ਹੇ ਪਹਿਲਾਂ ਸੈਂਕੜੇ ਏਕੜ ਤੋਂ ਵੱਧ ਜ਼ਮੀਨ ਐਕਵਾਇਰ ਕੀਤੀ ਸੀ। ਇਸ ਮਾਰਗ ਵਿਚ ਮੁੱਲਾਂਪੁਰ ਸਮੇਤ ਸਿੰਗਾਰੀਵਾਲਾ, ਫਿਰੋਜ਼ਪੁਰ ਬਾਂਗਰ, ਪੜੌਲ, ਹੁਸ਼ਿਆਰਪੁਰ ਤੇ ਮਾਜਰਾ ਦੇ ਕਿਸਾਨਾਂ ਦੀ ਕਈ-ਕਈ ਏਕੜ ਉਪਜਾਊ ਜ਼ਮੀਨ ਇਸ ਮਾਰਗ ਦੀ ਭੇਟ ਚੜ੍ਹੀ ਸੀ। ਕਿਸਾਨਾਂ ਨੂੰ ਗਮਾਡਾ ਨੇ ਇਕ ਕਰੋੜ 35 ਲੱਖ ਰੁਪਏ ਦੇ ਕਰੀਬ ਪ੍ਰਤੀ ਏਕੜ ਦੇ ਹਿਸਾਬ ਨਾਲ ਭਾਅ ਤੈਅ ਕੀਤਾ ਸੀ। ਕਿਸਾਨਾਂ ਨੇ ਇਸ ਰੇਟ ਨੂੰ ਨਿਗੂਣਾ ਦੱਸਿਆ ਕਿਸਾਨਾਂ ਮੁਤਾਬਕ ਪ੍ਰਾਈਵੇਟ ਕੰਪਨੀਆਂ ਮੁੱਲਾਂਪੁਰ ਮਾਸਟਰ ਪਲਾਨ ਦੇ ਪਿੰਡਾਂ ਵਿਚ ਜ਼ਮੀਨ ਦੀ ਖਰੀਦੋ ਫਰੋਖਤ ਵੇਲੇ ਪ੍ਰਤੀ ਏਕੜ ਦੋ ਤੋਂ ਤਿੰਨ ਕਰੋੜ ਤੱਕ ਕਿਸਾਨਾਂ ਨਾਲ ਸੌਦੇ ਕਰ ਰਹੀਆਂ ਹਨ।

## ਚੰਡੀਗੜ੍ਹ 'ਤੇ ਇਕੱਲੇ ਪੰਜਾਬ ਦਾ ਹੀ ਹੱਕ: ਸੁਖਬੀਰ ਬਾਦਲ

**ਚੰਡੀਗੜ੍ਹ:** ਪੰਜਾਬ ਦੇ ਉਪ ਮੁੱਖ ਮੰਤਰੀ ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਹਰਿਆਣਾ ਦੇ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਵੱਲੋਂ ਚੰਡੀਗੜ੍ਹ ਉਪਰ ਜਤਾਏ ਦਾਅਵੇ ਨੂੰ ਸਿਰੇ ਤੋਂ ਖਾਰਜ ਕਰਦਿਆਂ ਕਿਹਾ ਕਿ ਚੰਡੀਗੜ੍ਹ ਪੰਜਾਬ ਦਾ ਸੀ, ਪੰਜਾਬ ਦਾ ਹੈ ਤੇ ਪੰਜਾਬ ਦਾ ਹੀ ਰਹੇਗਾ। ਉਨ੍ਹਾਂ ਦਾ ਕਹਿਣਾ ਹੈ ਕਿ ਚੰਡੀਗੜ੍ਹ ਪੰਜਾਬ ਦਾ ਹੈ ਤੇ ਕਿਸੇ ਹੋਰ ਨੂੰ ਇਸ 'ਤੇ ਦਾਅਵਾ ਜਤਾਉਣ ਦਾ ਹੱਕ ਨਹੀਂ ਹੈ। ਇਤਿਹਾਸ ਗਵਾਹ ਹੈ ਕਿ ਜਦੋਂ ਕਦੇ ਕਿਸੇ ਵੱਡੇ ਰਾਜ ਵਿਚੋਂ ਕੋਈ ਨਵਾਂ ਸੂਬਾ ਬਣਿਆ ਹੈ ਤਾਂ ਰਾਜਧਾਨੀ ਹਮੇਸ਼ਾ ਮੂਲ ਰਾਜ ਕੋਲ ਰਹੀ।



ਉਨ੍ਹਾਂ ਕਿਹਾ ਕਿ ਰਾਜੀਵ-ਲੌਂਗੋਵਾਲ ਸਮਝੌਤੇ ਅਨੁਸਾਰ ਚੰਡੀਗੜ੍ਹ ਪੰਜਾਬ ਦਾ ਹੈ। ਇਸ ਵੇਲੇ ਚੰਡੀਗੜ੍ਹ ਵਿਚ ਉਸ ਦੀ ਸਮਰੱਥਾ ਤੋਂ ਕਿਤੇ ਵੱਧ ਅਬਾਦੀ ਹੈ। ਇਸ ਕਾਰਨ ਸ਼ਹਿਰ ਦੇ ਬੁਨਿਆਦੀ ਢਾਂਚੇ ਦੀ ਨਾਂਹ ਹੋਈ ਪਈ ਹੈ। ਇਸ ਕਾਰਨ ਉਸ ਦੀ ਵਿਰਾਸਤੀ ਦਿਖ ਖਤਮ ਨਾ ਹੋ ਜਾਵੇ ਜਿਸ ਲਈ ਨਵੇਂ ਚੰਡੀਗੜ੍ਹ ਦੀ ਲੋੜ ਹੈ। ਚੰਡੀਗੜ੍ਹ ਪੰਜਾਬ ਦਾ ਹੈ ਤੇ ਇਸ ਦੇ ਭਲੇ ਬਾਰੇ ਜਿੰਨਾ ਸੱਚਾ ਤੇ ਸੁੱਚਾ ਪੰਜਾਬ ਸੋਚ ਸਕਦਾ ਹੈ, ਹੋਰ ਕੋਈ ਨਹੀਂ। ਨਵਾਂ ਚੰਡੀਗੜ੍ਹ ਪੂਰੇ ਯੋਜਨਾਬੱਧ ਢੰਗ ਨਾਲ ਵਸਾਇਆ ਜਾਵੇਗਾ। ਜੇਕਰ ਅਜਿਹਾ ਨਾ ਕੀਤਾ ਗਿਆ ਤਾਂ ਜ਼ੀਰਕਪੁਰ ਤੇ ਨਵਾ ਗਾਓਂ ਦਾ ਹਾਲ ਦੇਖ ਲਵੋ। ਨਵੇਂ ਚੰਡੀਗੜ੍ਹ ਪ੍ਰਤੀ ਸ਼੍ਰੋਮਣੀ ਅਕਾਲੀ ਦਲ ਦੇ ਸਟੈਂਡ ਵਿਚ ਆਈ ਤਬਦੀਲੀ ਬਾਰੇ ਉਨ੍ਹਾਂ ਕਿਹਾ ਕਿ ਇਹ ਸਮੇਂ ਦੀ ਮੰਗ ਹੈ। ਉਨ੍ਹਾਂ ਦੀ ਪਾਰਟੀ ਨੇ ਨਵੇਂ ਚੰਡੀਗੜ੍ਹ ਦਾ ਵਿਰੋਧ 1995 ਵਿਚ ਕੀਤਾ ਸੀ ਕਿਉਂਕਿ ਉਦੋਂ ਚੰਡੀਗੜ੍ਹ ਦੀ ਅਬਾਦੀ ਵੀ ਘੱਟ ਸੀ ਤੇ ਬੁਨਿਆਦੀ ਢਾਂਚੇ 'ਤੇ ਅਬਾਦੀ ਭਾਰ ਨਹੀਂ ਸੀ। ਹੁਣ ਹਾਲਾਤ ਬਦਲ ਗਏ ਹਨ।

# ਲੀਡਰਾਂ ਅਤੇ ਅਫਸਰਾਂ ਦੇ ਸਭ ਪਾਸੀਂ ਵਾਰੇ ਨਿਆਰੇ

**ਚੰਡੀਗੜ੍ਹ:** ਅਮੀਰਾਂ ਤੇ ਰਸੂਖ਼ਦਾਰਾਂ ਲਈ ਕੋਈ ਕਾਇਦੇ-ਕਾਨੂੰਨ ਨਹੀਂ ਹਨ। ਉਨ੍ਹਾਂ ਦੇ ਮਨਸੂਬਿਆਂ ਨੂੰ ਪੂਰਾ ਕਰਨ ਲਈ ਨਿਯਮਾਂ ਨੂੰ ਤੋੜਿਆ-ਮਰੋੜਿਆ ਜਾਂਦਾ ਹੈ ਤੇ ਨੀਤੀਆਂ ਨੂੰ ਬਦਲਿਆ ਜਾਂਦਾ ਹੈ। ਨਵਾਂ ਚੰਡੀਗੜ੍ਹ ਵੀ ਹੁਣ ਇਨ੍ਹਾਂ ਅਮੀਰਾਂ ਤੇ ਰਸੂਖ਼ਦਾਰਾਂ ਵੱਲੋਂ ਇਲਾਕੇ ਵਿਚ ਕੀਤੇ ਗਏ ਨਿਵੇਸ਼ ਨੂੰ ਦੁੱਗਣਾ-ਚੌਗਣਾ ਕਰਨ ਦਾ ਵਸੀਲਾ ਹੈ।



ਦੇਖਣ ਨੂੰ ਇਸ ਪ੍ਰਾਜੈਕਟ ਵਿਚ ਕੋਈ ਖਾਮੀ ਨਹੀਂ ਜਾਪਦੀ। ਉਂਜ ਵੀ ਵਿਕਾਸ ਨੂੰ ਨਾ ਰੋਕਿਆ ਜਾ ਸਕਦਾ ਹੈ ਤੇ ਨਾ ਰੋਕਿਆ ਜਾਣਾ ਚਾਹੀਦਾ ਹੈ, ਪਰ ਇਸ ਵਾਤਾਵਰਨ ਪੱਖੋਂ ਸੰਵੇਦਨਸ਼ੀਲ ਸ਼ਿਵਾਲਿਕ ਦੀਆਂ ਪਹਾੜੀਆਂ ਦੇ ਪੈਰਾਂ ਵਿਚ ਵਸੇ ਇਲਾਕੇ ਵਿਚ ਵਿਕਾਸ ਦਾ ਇਹ ਹੜ੍ਹ ਉਦੋਂ ਹੀ ਆਇਆ ਹੈ ਜਦੋਂ ਮੁੱਲਾਂਪੁਰ ਗਰੀਬਦਾਸ ਇਲਾਕੇ ਨੂੰ ਪੰਜਾਬ ਦੇ ਅਫਸਰਸ਼ਾਹਾਂ ਤੇ ਉਨ੍ਹਾਂ ਦੇ ਸਿਆਸੀ ਮਾਲਕਾਂ ਨੇ ਅਮੀਰ ਬਣਨ ਲਈ ਆਪਣੇ ਨਿਵੇਸ਼ ਦਾ ਨਵਾਂ ਨਿਸ਼ਾਨਾ ਬਣਾਇਆ ਹੈ।

ਇਸ ਇਲਾਕੇ ਨੂੰ ਨਵਾਂ ਚੰਡੀਗੜ੍ਹ ਬਣਾਉਣ ਦਾ ਫੁਰਨਾ ਉਦੋਂ ਹੀ ਪੰਜਾਬ ਸਰਕਾਰ ਨੂੰ ਫੁਰਿਆ ਜਦੋਂ ਇਸ ਇਲਾਕੇ ਵਿਚ ਪੰਜਾਬ ਦੀਆਂ ਵੱਖ-ਵੱਖ ਸਿਆਸੀ ਪਾਰਟੀਆਂ ਦੇ ਆਗੂਆਂ ਤੇ ਅਫਸਰਸ਼ਾਹਾਂ ਨੇ ਵੱਡੇ ਪੱਧਰ ਉੱਤੇ ਜ਼ਮੀਨ ਖਰੀਦੀ। ਪਹਿਲਾਂ 200 ਅਫਸਰਸ਼ਾਹਾਂ ਦੇ ਉਸ ਗਰੁੱਪ ਨੇ ਨਿਯਮਾਂ ਨੂੰ ਤੋੜ ਕੇ 2005 ਵਿਚ ਮੁੱਲਾਂਪੁਰ ਤੇ ਸਿੰਗਾਰੀਵਾਲਾ ਵਿਚ ਪੰਜਾਬ ਆਈ.ਏ.ਐਸ.-ਪੀ.ਸੀ.ਐਸ. ਆਫਿਸਰਜ਼ ਕੋਆਪਰੇਟਿਵ ਹਾਊਸ ਬਿਲਡਿੰਗ ਸੁਸਾਇਟੀ ਬਣਾਈ।

ਇਸ ਲਈ ਇਨ੍ਹਾਂ ਨੇ ਚੰਡੀਗੜ੍ਹ ਦੇ 10 ਕਿਲੋਮੀਟਰ ਘੇਰੇ ਵਿਚ 100 ਏਕੜ ਤੋਂ ਵੱਧ ਜ਼ਮੀਨ ਖਰੀਦੀ ਜੋ ਪੰਜਾਬ ਨਿਊ ਕੈਪੀਟਲ ਪੈਰੀਫੈਰੀ ਕੰਟਰੋਲ ਐਕਟ (ਪੈਰੀਫੈਰੀ ਐਕਟ) ਦੀ ਉਲੰਘਣਾ ਸੀ ਜੋ ਚੰਡੀਗੜ੍ਹ ਦੀ ਪੈਰੀਫੈਰੀ ਵਿਚ ਕਲੋਨੀਆਂ ਬਣਾਉਣ ਤੋਂ ਵਰਜਦਾ ਹੈ। ਇਨ੍ਹਾਂ ਅਧਿਕਾਰੀਆਂ ਨੇ 2006 ਵਿਚ ਇਹ ਕਹਿੰਦਿਆਂ ਇਸ ਐਕਟ ਤੋਂ ਛੋਟ ਮੰਗੀ ਕਿ ਚੰਡੀਗੜ੍ਹ ਵਿਚ ਸੇਵਾ ਨਿਭਾਉਂਦੇ ਹੋਣ ਕਾਰਨ ਉਨ੍ਹਾਂ ਨੂੰ ਇੱਥੇ ਰਿਹਾਇਸ਼ਾਂ ਬਣਾਉਣ ਦੀ ਇਜਾਜ਼ਤ ਦਿੱਤੀ ਜਾਵੇ।

ਇਸ ਤੋਂ ਬਾਅਦ ਹੀ ਪੰਜਾਬ ਸਰਕਾਰ ਨੇ ਪੈਰੀਫੈਰੀ ਕੰਟਰੋਲ ਐਕਟ ਤੋਂ ਬਚਣ ਲਈ ਇਸ ਇਲਾਕੇ ਦੇ ਸ਼ਹਿਰੀਕਰਨ ਲਈ ਮਾਸਟਰ ਪਲਾਨ ਲਿਆਉਣ ਦੀ ਯੋਜਨਾ ਬਣਾਈ ਕਿਉਂਕਿ ਮਾਸਟਰ ਪਲਾਨ ਵਾਲੇ ਇਲਾਕੇ ਵਿਚ ਪੈਰੀਫੈਰੀ ਐਕਟ ਲਾਗੂ ਨਹੀਂ ਹੁੰਦਾ। ਇਸ ਦੌਰਾਨ ਅਨੇਕਾਂ ਸਿਆਸਤਦਾਨਾਂ ਨੇ ਵੀ ਮੁਨਾਫੇ ਦੇ ਲਾਲਚ ਵਿਚ ਇਲਾਕੇ ਵਿਚ ਵੱਡੇ ਪੱਧਰ ਉੱਤੇ ਜ਼ਮੀਨ ਖਰੀਦ ਲਈ। ਇਲਾਕੇ ਵਿਚ ਦੇਸ਼ ਦੇ ਵੱਡੇ ਰੀਅਲ ਅਸਟੇਟ ਡਿਵੈਲਪਰ ਜਿਵੇਂ ਓਮੈਕਸ ਤੇ ਡੀਐਲਐਫ ਤੇ ਸਥਾਨਕ ਰੀਅਲ ਅਸਟੇਟ ਕਾਰੋਬਾਰੀ ਜਿਵੇਂ ਮਨੋਹਰ ਸਿੰਘ ਐਂਡ ਸੰਨਜ਼ ਆਦਿ ਦਾਖਲ ਹੋ ਚੁੱਕੇ ਹਨ। ਇੱਥੇ ਪਹਿਲਾਂ ਆਏ ਬਿਲਡਰਾਂ ਨੂੰ ਜ਼ਮੀਨ ਮੁਹਾਲੀ ਆਧਾਰਤ ਸਿਆਸਤਦਾਨਾਂ ਨੇ ਵੇਚੀ। ਇਹ ਜ਼ਮੀਨ ਜੋ 2000ਵਿਆਂ ਦੇ ਸ਼ੁਰੂ ਵਿਚ ਕਰੀਬ 25 ਲੱਖ ਏਕੜ ਵਿਚ ਖਰੀਦੀ ਗਈ ਸੀ, ਕਰੀਬ ਦੋ ਸਾਲ ਪਹਿਲਾਂ 100 ਫੀਸਦੀ ਮੁਨਾਫੇ ਨਾਲ 50-60 ਲੱਖ ਰੁਪਏ ਏਕੜ ਦੇ ਹਿਸਾਬ ਨਾਲ ਵੇਚੀ ਗਈ ਜਦੋਂਕਿ ਹੁਣ ਜ਼ਮੀਨ ਦੀ ਕੀਮਤ 2.50 ਕਰੋੜ ਪ੍ਰਤੀ ਏਕੜ ਤਕ ਪੁੱਜ ਚੁੱਕੀ ਹੈ। ਇਨ੍ਹਾਂ ਵਿਚੋਂ ਅਨੇਕਾਂ ਸਿਆਸਤਦਾਨਾਂ ਨੇ ਜ਼ਮੀਨ ਬੇਨਾਮੀ ਖਰੀਦੀ ਹੋਈ ਹੈ।

# ਨਵਾਜ਼ ਸ਼ਰੀਫ ਨੂੰ ਠਿੱਬੀ ਲਾਉਣਾ ਚਾਹੁੰਦੀ ਹੈ ਪਾਕਿਸਤਾਨੀ ਫੌਜ

**ਸਿਆਸਤ ਦਾ ਪਿੜ**



ਜਤਿੰਦਰ ਪਨੂੰ
ਫੋਨ: 91-98140-68455

***ਪਾਕਿਸਤਾਨ ਦੇ ਰਾਜਸੀ ਹਾਲਾਤ ਦੇ ਜਾਣਕਾਰ ਇੱਕ ਗੱਲ ਆਮ ਕਰ ਕੇ ਕਹਿੰਦੇ ਹਨ ਕਿ ਜਦੋਂ ਵੀ ਉਸ ਦੇਸ਼ ਦੀ ਫੌਜ ਕਿਸੇ ਤਰ੍ਹਾਂ ਕੋਈ ਔਖ ਮਹਿਸੂਸ ਕਰਦੀ ਹੋਵੇ, ਉਹ ਕੋਈ ਨਾ ਕੋਈ ਜੰਗੀ ਸ਼ਰਾਰਤ ਕਰ ਕੇ ਆਪਣੀ ਰਾਜਸੀ ਲੀਡਰਸ਼ਿਪ ਨੂੰ ਫਸਾ ਕੇ ਫਿਰ ਪਲਟੀ ਮਾਰਿਆ ਕਰਦੀ ਹੈ। ਉਥੋਂ ਦੇ ਲੋਕ ਇਹ ਵੀ ਕਹਿੰਦੇ ਹਨ ਕਿ ਪਾਕਿਸਤਾਨ ਦੀ ਫੌਜ ਨੇ ਜਿੰਨੀ ਵਾਰੀ ਬਾਹਰੋਂ ਕੁੱਟ ਖਾਧੀ, ਉਨੀ ਵਾਰੀ ਆਪਣੇ ਲੋਕਾਂ ਨੂੰ ਕੁਟਾਪਾ ਚਾੜ੍ਹ ਕੇ ਰਾਜਸੀ ਤਾਕਤ ਹਥਿਆਈ ਤੇ ਅਗਲੇ ਕਈ ਸਾਲ ਫਿਰ ਰਾਜ ਦਾ ਸੁਖ ਮਾਣਿਆ ਹੈ। ਇਹ ਫਾਰਮੂਲਾ ਹੁਣ ਵੀ ਵਰਤਿਆ ਜਾ ਸਕਦਾ ਹੈ।***

ਪਾਕਿਸਤਾਨੀ ਫੌਜ ਦੇ ਇੱਕ ਕਮਾਂਡੋ ਦਸਤੇ ਵੱਲੋਂ ਭਾਰਤੀ ਇਲਾਕੇ ਵਿਚ ਆਣ ਕੇ ਪੰਜ ਫੌਜੀ ਜਵਾਨਾਂ ਨੂੰ ਮਾਰ ਦੇਣ ਦੀ ਕਾਰਵਾਈ ਤੋਂ ਸਾਰੇ ਭਾਰਤ ਦੇ ਲੋਕ ਰੋਹ ਵਿਚ ਹਨ। ਕਿਸੇ ਵੀ ਜਿਉਂਦੀ ਕੌਮ ਲਈ ਇਸ ਗੱਲੋਂ ਉਬਲ ਪੈਣਾ ਸੁਭਾਵਕ ਹੈ। ਅਸੀਂ ਵੀ ਇਸ ਰੋਹ ਤੋਂ ਬਾਹਰ ਨਹੀਂ ਹੋ ਸਕਦੇ। ਇਹ ਉਬਾਲ ਭਾਰਤ ਸਰਕਾਰ ਦੇ ਕੁਚੱਜ ਨੇ ਹੋਰ ਵਧਾ ਦਿੱਤਾ ਸੀ। ਰੱਖਿਆ ਮੰਤਰੀ ਨੇ ਪਾਰਲੀਮੈਂਟ ਵਿਚ ਜਿਹੜਾ ਪਹਿਲਾ ਬਿਆਨ ਦਿੱਤਾ, ਉਹ ਪਾਕਿਸਤਾਨੀ ਫੌਜ ਦੇ ਕਮਾਂਡਰਾਂ ਨੂੰ ਇਹ ਕਹਿਣ ਦਾ ਰਾਹ ਦਿੰਦਾ ਸੀ ਕਿ ਕਾਤਲ ਉਨ੍ਹਾਂ ਦੀ ਫੌਜ ਦੀ ਵਰਦੀ ਵਿਚ ਵੀ ਹੋਣ ਤਾਂ ਬਾਕਾਇਦਾ ਫੌਜੀ ਨਹੀਂ ਸਨ। ਸਾਰੇ ਦੇਸ਼ ਵਿਚ ਰੋਸ ਪ੍ਰਗਟ ਹੋਣ ਮਗਰੋਂ ਰੱਖਿਆ ਮੰਤਰੀ ਅਗਲਾ ਬਿਆਨ ਲੈ ਆਇਆ ਕਿ ਉਹ ਪਾਕਿਸਤਾਨੀ ਫੌਜ ਦੇ ਸਪੈਸ਼ਲ ਦਸਤੇ ਦੇ ਕਮਾਂਡੋ ਸਨ ਤੇ ਤਾਜ਼ਾ ਸੂਚਨਾ ਭਾਰਤੀ ਫੌਜ ਦੇ ਕਮਾਂਡਰ ਨੇ ਮੌਕੇ ਦਾ ਦੌਰਾ ਕਰਨ ਪਿਛੋਂ ਦਿੱਤੀ ਹੈ। ਅਸਲੀਅਤ ਕੁਝ ਹੋਰ ਵੀ ਨਿਕਲਦੀ ਸੁਣੀ ਹੈ। ਇਹ ਗੱਲ ਕਹੀ ਜਾ ਰਹੀ ਹੈ ਕਿ ਪਹਿਲਾ ਬਿਆਨ ਰੱਖਿਆ ਮੰਤਰੀ ਨੇ ਦਿੱਤਾ ਜ਼ਰੂਰ ਸੀ, ਪਰ ਉਸ ਦਾ ਲਿਖਿਆ ਨਹੀਂ ਸੀ ਤੇ ਫੌਜ ਦੇ ਮੁਖੀ ਨੇ ਪਹਿਲੀ ਸੂਚਨਾ ਜਿੰਨੀ ਦਿੱਤੀ ਸੀ, ਉਸ ਵਿਚ ਵੀ ਇਸ ਕਰ ਕੇ ਕੱਟ-ਵੱਢ ਕੀਤੀ ਗਈ ਸੀ ਕਿ ਦੋਵਾਂ ਦੇਸ਼ਾਂ ਦੇ ਪ੍ਰਧਾਨ ਮੰਤਰੀਆਂ ਦੀ ਅਗਲੇ ਮਹੀਨੇ ਹੋਣ ਵਾਲੀ ਮੁਲਾਕਾਤ ਵਿਚ ਅੜਿੱਕਾ ਪੈਣ ਤੋਂ ਬਚਿਆ ਜਾ ਸਕੇ। ਪਾਕਿਸਤਾਨ ਨਾਲ ਜੰਗ ਲਾ ਦੇਣ ਦੀ ਸਲਾਹ ਕੋਈ ਹੋਸ਼ਮੰਦ ਬੰਦਾ ਇਸ ਵੇਲੇ ਨਹੀਂ ਦਿੰਦਾ, ਪਰ ਜਦੋਂ ਸਾਰਾ ਦੇਸ਼ ਉਬਲ ਰਿਹਾ ਸੀ, ਉਦੋਂ ਇੱਕ ਮੀਟਿੰਗ ਨੂੰ ਸਾਰੇ ਦੇਸ਼ ਦੇ ਲੋਕਾਂ ਦੀਆਂ ਭਾਵਨਾਵਾਂ ਤੋਂ ਉਪਰ ਰੱਖਣ ਦਾ ਯਤਨ ਸਰਕਾਰ ਦੀ ਸਥਿਤੀ ਖਰਾਬ ਕਰਨ ਦਾ ਕਾਰਨ ਬਣ ਗਿਆ। ਜੇ ਇਹ ਗੱਲਾਂ ਸੱਚ ਹਨ ਤਾਂ ਇਹ ਮੂਰਖਤਾ ਨਹੀਂ ਸੀ ਕੀਤੀ ਜਾਣੀ ਚਾਹੀਦੀ। ਫਿਰ ਵੀ ਖਿਆਲ ਰੱਖਣਾ ਚਾਹੀਦਾ ਹੈ ਕਿ ਇਹ ਘਟਨਾ ਭਾਰਤ ਦੇ ਲੋਕਾਂ ਨੂੰ ਉਦਾਂ ਜੰਗੀ ਜਨੂੰਨ ਭੜਕਾਉਣ ਵਾਸਤੇ ਨਾ ਵਰਤੀ ਜਾਵੇ, ਜਿਵੇਂ ਪਾਕਿਸਤਾਨ ਵਿਚ ਵਰਤੀ ਜਾ ਸਕਦੀ ਹੈ।

ਦੂਸਰੇ ਪਾਸੇ ਭਾਰਤੀ ਫੌਜ ਦੇ ਮੁਖੀ ਜਨਰਲ ਬਿਕਰਮ ਸਿੰਘ ਨੇ ਜਦੋਂ ਘਟਨਾ ਵਾਲੀ ਥਾਂ ਦਾ ਦੌਰਾ ਕੀਤਾ ਅਤੇ ਫੌਜੀ ਕਮਾਂਡਰਾਂ ਨਾਲ ਮੀਟਿੰਗ ਕੀਤੀ ਤਾਂ ਇਹ ਗੱਲ ਬਾਹਰ ਆਈ ਕਿ ਉਨ੍ਹਾਂ ਨੇ ਸਥਾਨਕ ਫੌਜੀ ਕਮਾਂਡਰਾਂ ਨੂੰ ਤਕੜੀ ਝਾੜ ਪਾਈ ਹੈ। ਉਨ੍ਹਾਂ ਨੇ ਇਹ ਵੀ ਕਿਹਾ ਕਿ ਸਿਰਫ ਛੇ ਮਹੀਨੇ ਬਾਅਦ ਇਸ ਖੇਤਰ ਵਿਚ ਪਾਕਿਸਤਾਨੀ ਕਮਾਂਡੋਆਂ ਦੇ ਦੂਸਰੀ ਵਾਰੀ ਹਮਲਾ ਕਰ ਕੇ ਦੌੜ ਜਾਣ ਦੀ ਘਟਨਾ ਉਨ੍ਹਾਂ ਦੀ ਨਾਲਾਇਕੀ ਨੂੰ ਜ਼ਾਹਰ ਕਰਦੀ ਹੈ। ਜੇ ਉਨ੍ਹਾਂ ਨੇ ਆਪਣੇ ਫੌਜੀ ਕਮਾਂਡਰਾਂ ਨੂੰ ਏਦਾਂ ਕਿਹਾ ਹੋਵੇ ਤਾਂ ਠੀਕ ਕੀਤਾ ਹੋਵੇਗਾ, ਪਰ ਠੀਕ ਕੀਤੀ ਇਹ ਗੱਲ ਬਹੁਤ ਦੇਰ ਕਰ ਕੇ ਕੀਤੀ ਗਈ ਹੈ। ਫੌਜ ਦੀ ਬੋਲੀ ਵਿਚ ਹਮਲਾਵਰੀ ਹੀ ਨਹੀਂ, ਦੋ ਸ਼ਬਦ ਹੋਰ ਵੀ ਵਰਤੇ ਜਾਂਦੇ ਹਨ। ਇੱਕ ਰਿਟੈਲੀਏਸ਼ਨ ਤੇ ਦੂਸਰਾ ਹਾਟ-ਪਰਸੂਟ ਹੁੰਦਾ ਹੈ। ਪਹਿਲੇ ਦਾ ਮਤਲਬ ਇਹ ਹੈ ਕਿ ਅਮਨ ਦੇ ਦਿਨਾਂ ਵਿਚ ਵੀ ਹੱਦਾਂ ਉਤੇ ਬੈਠੇ ਫੌਜੀ ਕਮਾਂਡਰਾਂ ਨੂੰ ਕਿਸੇ ਤਰ੍ਹਾਂ ਦੀ ਹਮਲਾਵਰੀ ਕਰਨ ਦੀ ਹੀ ਰੋਕ ਹੈ, ਜੇ ਦੂਸਰੀ ਧਿਰ ਹਮਲਾਵਰੀ ਕਰਦੀ ਹੈ ਤਾਂ ਇੱਕੀ ਦੇ ਜਵਾਬ ਵਿਚ ਇਕੱਤੀ ਦਾ ਸ਼ਗਨ ਪਾਉਣ ਦਾ ਉਨ੍ਹਾਂ ਦਾ ਹੱਕ ਵੀ ਹੁੰਦਾ ਹੈ ਤੇ ਫਰਜ਼ ਵੀ। ਦੂਸਰੇ ਸ਼ਬਦ ਦਾ ਅਰਥ ਇਹ ਹੈ ਕਿ ਜੇ ਕੋਈ ਜੁਰਮ ਕਰ ਕੇ ਦੁੜੰਗੇ ਲਾਉਂਦਾ ਹੈ ਤਾਂ ਜਿਨ੍ਹਾਂ ਉਤੇ ਹਮਲਾ ਕੀਤਾ ਗਿਆ ਹੈ, ਉਹ ਮੁਜਰਮ ਦਾ ਪਿੱਛਾ ਕਰਦੇ ਹੋਏ ਉਸ ਦੇ ਵਿਹੜੇ ਤੱਕ ਜਾ ਕੇ ਚੋਟ ਕਰ ਸਕਦੇ ਹਨ। ਭਾਰਤੀ ਫੌਜ ਦੇ ਸਥਾਨਕ ਕਮਾਂਡਰਾਂ ਨੇ ਇਹ ਦੋਵੇਂ ਸ਼ਬਦ ਭੁਲਾ ਛੱਡੇ ਹਨ, ਜਿਸ ਕਰ ਕੇ ਹਾਲੇ ਕੁਝ ਮਹੀਨੇ ਪਹਿਲਾਂ ਪਾਕਿਸਤਾਨੀ ਫੌਜੀ ਆਣ ਕੇ ਦੋ ਜਵਾਨਾਂ ਦੇ ਸਿਰ ਕਲਮ ਕਰ ਕੇ ਇੱਕ ਦਾ ਸਿਰ ਨਾਲ ਲੈ ਗਏ ਤੇ ਹੁਣ ਅੰਦਰ ਆਣ ਕੇ ਫਿਰ ਪੰਜ ਭਾਰਤੀ ਜਵਾਨਾਂ ਨੂੰ ਕਤਲ ਕਰ ਕੇ ਨਿਕਲ ਗਏ ਹਨ। ਇਹ ਸਥਾਨਕ ਕਮਾਂਡਰਾਂ ਦੀ ਸਿੱਧੀ ਨਾਲਾਇਕੀ ਦਾ ਸਬੂਤ ਹੈ।



*ਨਵਾਜ਼ ਸ਼ਰੀਫ*

ਭਾਰਤ ਨੂੰ ਆਪਣਾ ਘਰ ਪੱਕਾ ਰੱਖਣਾ ਚਾਹੀਦਾ ਹੈ ਤੇ ਇਸ ਵਿਚ ਢਿੱਲ ਨਹੀਂ ਆਉਣ ਦੇਣੀ ਚਾਹੀਦੀ, ਪਰ ਮਾਮਲੇ ਨੂੰ ਸਿਰਫ ਇੱਕ ਘਟਨਾ ਨਾਲ ਜੋੜ ਕੇ ਵੇਖਣ ਦੀ ਥਾਂ ਇਸ ਖਿੱਤੇ ਤੇ ਨਾਲ ਲੱਗਦੇ ਜੰਗਲ-ਰਾਜ ਵਾਲੇ ਦੇਸ਼ ਅੰਦਰਲੇ ਹਾਲਾਤ ਨਾਲ ਜੋੜ ਕੇ ਵੇਖਣ ਦੀ ਲੋੜ ਹੈ। ਜਿਹੜੇ ਲੋਕ ਨਵੇਂ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਤੋਂ ਬਹੁਤ ਵੱਡੀ ਆਸ ਲਾਈ ਬੈਠੇ ਹਨ, ਅਸੀਂ ਉਨ੍ਹਾਂ ਦੀ ਆਸ ਨੂੰ ਚੋਭ ਨਹੀਂ ਲਾਉਣੀ ਚਾਹੁੰਦੇ, ਪਰ ਉਹ ਇਹ ਸਮਝਣ ਤੋਂ ਅਸਮਰਥ ਹਨ ਕਿ ਸ਼ਰੀਫ ਜਾਂ ਤਾਂ ਬਾਹਲਾ ਸ਼ਰੀਫ ਹੈ, ਜਾਂ ਦੋਗਲੀ ਖੇਡ ਖੇਡ ਰਿਹਾ ਹੈ। ਉਸ ਨੇ ਤਾਜ਼ਾ ਘਟਨਾ ਤੋਂ ਪਿੱਛੋਂ ਇਹ ਕਿਹਾ ਹੈ ਕਿ ਇਸ ਤਰ੍ਹਾਂ ਫੌਜੀਆਂ ਦਾ ਮਾਰੇ ਜਾਣਾ ਅਫਸੋਸ ਦੀ ਗੱਲ ਹੈ, ਪਰ ਉਸ ਨੇ ਨਾ ਭਾਰਤ ਦੇ ਫੌਜੀ ਲਫਜ਼ ਵਰਤਿਆ ਤੇ ਨਾ ਹਮਲਾਵਰਾਂ ਦੇ ਪਾਕਿਸਤਾਨੀ ਹੋਣ ਦੀ ਗੱਲ ਮੰਨੀ ਹੈ। ਇਸ ਦੇ ਬਾਵਜੂਦ ਕਈ ਭਾਰਤੀ ਆਗੂਆਂ ਨੇ ਇਸ ਨੂੰ ਹਾਂ-ਪੱਖੀ ਆਖਣਾ ਸ਼ੁਰੂ ਕਰ ਦਿੱਤਾ। ਇਹ ਹਾਲਾਤ ਦੀ ਸੂਝ ਤੋਂ ਸੱਖਣੇ ਹੋਣ ਦੀ ਨਿਸ਼ਾਨੀ ਹੈ। ਉਸ ਦੇਸ਼ ਵਿਚ ਪ੍ਰਧਾਨ ਮੰਤਰੀ ਵੱਡੀ ਤਾਕਤ ਨਹੀਂ, ਫੌਜ ਤੇ ਖੁਫੀਆ ਏਜੰਸੀ ਆਈ ਐਸ ਆਈ ਵੱਡੀ ਤਾਕਤ ਮੰਨੀਆਂ ਜਾਣ ਬਾਰੇ ਕਿਸੇ ਨੂੰ ਵੀ ਭੁਲੇਖਾ ਨਹੀਂ। ਪਾਕਿਸਤਾਨ ਦੀ ਫੌਜ ਤੇ ਖੁਫੀਆ ਏਜੰਸੀ ਦਾ ਵਿਰੋਧ ਉਹ ਨਹੀਂ ਕਰ ਸਕਦਾ। ਇਸ ਤਰ੍ਹਾਂ ਕਰਨ ਵਿਚ ਜਿਹੜਾ ਖਤਰਾ ਉਹ ਸੁੰਘ ਰਿਹਾ ਹੈ, ਬਿਨਾਂ ਵਿਰੋਧ ਕੀਤੇ ਤੋਂ ਵੀ ਉਹ ਦਿਨੋ-ਦਿਨ ਉਸ ਖਤਰੇ ਕੋਲ ਪਹੁੰਚਦਾ ਜਾ ਰਿਹਾ ਹੈ ਤੇ ਸਮੁੰਦਰ ਵਿਚ ਰਹਿ ਕੇ ਮਗਰਮੱਛ ਦਾ ਵਿਰੋਧ ਉਹ ਵਾਹ ਲੱਗਦੀ ਟਾਲਣਾ ਚਾਹੁੰਦਾ ਹੈ।

ਪਾਕਿਸਤਾਨ ਦੇ ਰਾਜਸੀ ਹਾਲਾਤ ਦੇ ਜਾਣਕਾਰ ਇੱਕ ਗੱਲ ਆਮ ਕਰ ਕੇ ਕਹਿੰਦੇ ਹਨ ਕਿ ਜਦੋਂ ਵੀ ਉਸ ਦੇਸ਼ ਦੀ ਫੌਜ ਕਿਸੇ ਤਰ੍ਹਾਂ ਕੋਈ ਔਖ ਮਹਿਸੂਸ ਕਰਦੀ ਹੋਵੇ, ਉਹ ਕੋਈ ਨਾ ਕੋਈ ਜੰਗੀ ਸ਼ਰਾਰਤ ਕਰ ਕੇ ਆਪਣੀ ਰਾਜਸੀ ਲੀਡਰਸ਼ਿਪ ਨੂੰ ਫਸਾ ਕੇ ਫਿਰ ਪਲਟੀ ਮਾਰਿਆ ਕਰਦੀ ਹੈ। ਉਥੋਂ ਦੇ ਲੋਕ ਇਹ ਵੀ ਕਹਿੰਦੇ ਹਨ ਕਿ ਪਾਕਿਸਤਾਨ ਦੀ ਫੌਜ ਨੇ ਜਿੰਨੀ ਵਾਰੀ ਬਾਹਰੋਂ ਕੁੱਟ ਖਾਧੀ, ਉਨੀ ਵਾਰੀ ਆਪਣੇ ਲੋਕਾਂ ਨੂੰ ਕੁਟਾਪਾ ਚਾੜ੍ਹ ਕੇ ਰਾਜਸੀ ਤਾਕਤ ਹਥਿਆਈ ਤੇ ਅਗਲੇ ਕਈ ਸਾਲ ਫਿਰ ਰਾਜ ਦਾ ਸੁਖ ਮਾਣਿਆ ਹੈ। ਇਹ ਫਾਰਮੂਲਾ ਹੁਣ ਵੀ ਵਰਤਿਆ ਜਾ ਸਕਦਾ ਹੈ। ਪਿਛਲੀ ਵਾਰ ਜਦੋਂ ਨਵਾਜ਼ ਸ਼ਰੀਫ ਦਾ ਤਖਤ ਪਲਟਿਆ ਸੀ, ਉਦੋਂ ਪਾਕਿਸਤਾਨ ਦੀ ਫੌਜ ਦਾ ਮੁਖੀ ਉਸੇ ਦਾ ਥਾਪਿਆ ਜਰਨੈਲ ਪਰਵੇਜ਼ ਮੁਸ਼ੱਰਫ ਹੁੰਦਾ ਸੀ।

ਭਾਰਤ ਦੇ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਜਦੋਂ ਲਾਹੌਰ ਵਿਚ ਜਾ ਕੇ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਨਾਲ ਜੱਫੀ ਪਾ ਰਹੇ ਸਨ, ਜਰਨੈਲ ਮੁਸ਼ੱਰਫ ਨੇ ਪਰੋਟੋਕੋਲ ਦੀ ਪ੍ਰਵਾਹ ਵੀ ਛੱਡ ਦਿੱਤੀ ਅਤੇ ਗਵਾਂਢੀ ਦੇਸ਼ ਦੇ ਮੁਖੀ ਨੂੰ ਮਿਲਣ ਆਉਣ ਦੀ ਥਾਂ ਕਾਰਗਿਲ ਦੇ ਮੋਰਚਿਆਂ ਨੂੰ ਤੁਰ ਗਿਆ ਸੀ। ਫਿਰ ਲਾਹੌਰ ਸਮਝੌਤੇ ਦੀ ਹਾਲੇ ਸਿਆਹੀ ਨਹੀਂ ਸੀ ਸੁੱਕੀ ਕਿ ਜਨਰਲ ਮੁਸ਼ੱਰਫ ਨੇ ਕਾਰਗਿਲ ਦੀਆਂ ਪਹਾੜੀਆਂ ਉਤੇ ਜਹਾਦੀਆਂ ਦੇ ਭੇਸ ਵਿਚ ਫੌਜੀ ਚਾੜ੍ਹ ਕੇ ਭਾਰਤ ਨਾਲ ਜੰਗ ਛੇੜ ਦਿੱਤੀ ਸੀ। ਹੁਣ ਵਾਲਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਉਦੋਂ ਵੀ ਪ੍ਰਧਾਨ ਮੰਤਰੀ ਹੁੰਦਿਆਂ ਸ਼ਰੀਫ ਬਣਿਆ ਰਿਹਾ ਤੇ ਮੁਸ਼ੱਰਫ ਨੂੰ ਝਿੜਕ ਨਹੀਂ ਸੀ ਸਕਿਆ ਤੇ ਬਾਹਰ ਇਹ ਕਹਿੰਦਾ ਰਿਹਾ ਸੀ ਕਿ ਪਾਕਿਸਤਾਨੀ ਫੌਜ ਨੇ ਕੁਝ ਨਹੀਂ ਕੀਤਾ, ਸਾਰੀ ਸ਼ਰਾਰਤ ਭਾਰਤ ਵਾਲੇ ਪਾਸੇ ਤੋਂ ਹੋਈ ਹੈ। ਫਿਰ ਜਦੋਂ ਮੁਸ਼ੱਰਫ ਦੇ ਮੋਹਰੇ ਫਸ ਗਏ ਤਾਂ ਨਵਾਜ਼ ਸ਼ਰੀਫ ਆਪ ਚੱਲ ਕੇ ਅਮਰੀਕਾ ਦੇ ਰਾਸ਼ਟਰਪਤੀ ਨੂੰ ਤਰਲਾ ਮਾਰਨ ਗਿਆ ਸੀ ਕਿ ਉਹ ਦਖਲ ਦੇ ਕੇ ਲੜਾਈ ਬੰਦ ਕਰਾਵੇ ਤੇ ਇਸ ਵਿਚ ਨਵਾਜ਼ ਸ਼ਰੀਫ ਦੀ ਸਿਰੇ ਦੀ ਬੇਇੱਜ਼ਤੀ ਹੋਈ ਸੀ। ਉਸ ਬੇਇੱਜ਼ਤੀ ਦੇ ਸਤਾਏ ਹੋਣ ਕਰ ਕੇ ਉਸ ਨੇ ਜਨਰਲ ਮੁਸ਼ੱਰਫ ਨੂੰ ਬਰਖਾਸਤ ਕਰਨ ਦਾ ਰਾਹ ਫੜਿਆ ਸੀ, ਪਰ ਇਸ ਕੰਮ ਵਿਚ ਉਹ ਏਨੀ ਦੇਰ ਕਰ ਗਿਆ ਕਿ ਸ਼ਿਕਾਰ ਖੇਡਣ ਦੀ ਥਾਂ ਆਪ ਹੀ ਇਸ ਖੇਡ ਦਾ ਸ਼ਿਕਾਰ ਹੋ ਗਿਆ ਸੀ।

ਅੱਜ ਉਥੋਂ ਦੀ ਫੌਜ ਦਾ ਮੁਖੀ ਉਹ ਜਨਰਲ ਅਸ਼ਫਾਕ ਪਰਵੇਜ਼ ਕਿਆਨੀ ਹੈ, ਜਿਸ ਨੂੰ ਜਨਰਲ ਮੁਸ਼ੱਰਫ ਲਾ ਕੇ ਗਿਆ ਸੀ। ਉਂਜ ਤਾਂ ਉਥੇ ਕੋਈ ਵੀ ਕਿਸੇ ਹੋਰ ਦਾ ਵਫਾਦਾਰ ਨਹੀਂ ਗਿਣਿਆ ਜਾਂਦਾ, ਪਰ ਜਦੋਂ ਸਵਾਲ ਫੌਜੀਆਂ ਦੇ ਵੱਕਾਰ ਦਾ ਖੜਾ ਹੋ ਜਾਂਦਾ ਹੈ ਤਾਂ ਹਰ ਜਰਨੈਲ ਇੱਕੋ ਫਾਰਮੂਲਾ ਵਰਤਦਾ ਹੈ ਤੇ ਉਹ ਇਹ ਕਿ ਸਰਹੱਦ ਉਤੇ ਫੌਜ ਸੁੱਟ ਕੇ ਗਵਾਂਢ ਨਾਲ ਜੰਗ ਲਾਓ ਤੇ ਰਾਜਸੀ ਲੀਡਰਸ਼ਿਪ ਨੂੰ ਫਸਾਉਣ ਪਿੱਛੋਂ ਤਖਤਾ ਪਲਟਣ ਦਾ ਰਾਹ ਕੱਢੋ। ਚੋਣਾਂ ਦੀ ਪ੍ਰਕਿਰਿਆ ਦੌਰਾਨ ਜਿਵੇਂ ਜਨਰਲ ਮੁਸ਼ੱਰਫ ਅਦਾਲਤ ਦੇ ਕਮਰੇ ਵਿਚੋਂ ਭੱਜਾ ਤੇ ਫਿਰ ਉਸ ਨੂੰ ਅਦਾਲਤੀ ਹੁਕਮ ਉਤੇ ਗ੍ਰਿਫਤਾਰ ਕਰ ਕੇ ਉਸ ਦੇ ਆਪਣੇ ਫਾਰਮ ਨੂੰ ਕੈਦਖਾਨਾ ਬਣਾ ਕੇ ਉਥੇ ਬੰਦ ਕਰ ਦਿੱਤਾ ਗਿਆ, ਉਸ ਤੋਂ ਫੌਜ ਦੇ ਕੁਝ ਕਮਾਂਡਰ ਉਦੋਂ ਤੋਂ ਹੀ ਔਖੇ-ਭਾਰੇ ਹੋਏ ਪਏ ਸਨ। ਹਾਲਾਤ ਇਹੋ ਜਿਹੇ ਨਹੀਂ ਸਨ ਕਿ ਉਹ ਕੁਝ ਕਰ ਸਕਦੇ, ਇਸ ਲਈ ਵਕਤੀ ਤੌਰ ਉਤੇ ਚੁੱਪ ਸਨ, ਪਰ ਰਾਜਸੀ ਲੀਡਰਾਂ ਅਤੇ ਅਦਾਲਤਾਂ ਵਿਚ ਬੈਠੇ ਜੱਜਾਂ ਨੂੰ ਸਬਕ ਸਿਖਾਉਣ ਦੀਆਂ ਗੋਂਦਾਂ ਉਹ ਉਦੋਂ ਤੋਂ ਗੁੰਦ ਰਹੇ ਸਨ। ਉਹ ਇਸ ਗੱਲ ਵੱਲੋਂ ਵੀ ਅਣਜਾਣ ਨਹੀਂ ਕਿ ਨਵਾਜ਼ ਸ਼ਰੀਫ ਦੇ ਨਾਲ ਖੜੇ ਕੁਝ ਲੋਕ ਇਹ ਸਲਾਹਾਂ ਕਰ ਰਹੇ ਹਨ ਕਿ ਫੌਜ ਦੇ ਪਰ ਕੁਤਰ ਕੇ ਉਸ ਨੂੰ ਰਾਜਸੀ ਲੀਡਰਸ਼ਿਪ ਦੇ ਆਖੇ ਚੱਲਣ ਦੇ ਉਂਜ ਹੀ ਰਾਹ ਪਾਇਆ ਜਾਵੇ, ਜਿਵੇਂ ਲੋਕਤੰਤਰੀ ਦੇਸ਼ਾਂ ਦੀ ਰਵਾਇਤ ਹੈ। ਅਜਿਹੀ ਨੌਬਤ ਆਉਣ ਤੋਂ ਪਹਿਲਾਂ ਉਹ ਰਾਜਸੀ ਲੀਡਰਸ਼ਿਪ ਨੂੰ ਰਾਹ ਵਿਚੋਂ ਹਟਾ ਦੇਣ ਲਈ ਤਿਆਰੀਆਂ ਕਰ ਰਹੇ ਹਨ ਅਤੇ ਇਸੇ ਚੱਕਰ ਵਿਚ ਭਾਰਤ ਨਾਲ ਆਢਾ ਲਾਉਣਾ ਉਨ੍ਹਾਂ ਦੀ ਗੁੱਝੀ ਖੇਡ ਦਾ ਪਹਿਲਾ ਪੜਾਅ ਹੋ ਸਕਦਾ ਹੈ। ਇਸ ਦਾ ਅਸਰ ਤਾਂ ਬਿਨਾਂ ਸ਼ੱਕ ਭਾਰਤ ਉਤੇ ਵੀ ਪਵੇਗਾ, ਪਰ ਬਹੁਤੀ ਖੇਡ ਇਹ ਪਾਕਿਸਤਾਨ ਦੀ ਅੰਦਰੂਨੀ ਰਾਜਨੀਤੀ ਦੀ ਹੈ।

ਜਦੋਂ ਹਾਲਾਤ ਜ਼ਾਹਰਾ ਤੌਰ ਉਤੇ ਭਾਰਤ ਦੇ ਨਾਲ ਪਾਕਿਸਤਾਨੀ ਫੌਜ ਦੇ ਆਢਾ ਲਾਉਣ ਵਾਲੇ ਦਿਖਾਈ ਦਿੰਦੇ ਹਨ, ਉਦੋਂ ਇੱਕ ਵਾਰੀ ਫਿਰ ਉਹ ਹਾਫਿਜ਼ ਸਈਦ ਵੀ ਸਰਗਰਮ ਹੋ ਗਿਆ ਹੈ, ਜਿਹੜਾ ਮੁੰਬਈ ਦੇ ਦਹਿਸ਼ਤਗਰਦ ਹਮਲੇ ਦਾ ਮੁੱਖ ਸਾਜ਼ਿਸ਼ੀ ਮੰਨਿਆ ਜਾਂਦਾ ਹੈ। ਅੱਜ ਵੀ ਉਸ ਦੇ ਖਿਲਾਫ ਪਾਕਿਸਤਾਨ ਵਿਚ ਉਸ ਵਾਰਦਾਤ ਦਾ ਕੇਸ ਚੱਲ ਰਿਹਾ ਹੈ ਤੇ ਇਸ ਕੇਸ ਵਿਚ ਉਸ ਦੇ ਖਿਲਾਫ ਸਬੂਤ ਪਾਕਿਸਤਾਨ ਦੀ ਸਰਕਾਰ ਦੇ ਵਕੀਲ ਪੇਸ਼ ਕਰਦੇ ਤੇ ਅਦਾਲਤ ਨੂੰ ਕਹਿੰਦੇ ਹਨ ਕਿ ਸਾਰਾ ਕੁਝ ਕੀਤਾ-ਕਰਾਇਆ ਇਸੇ ਦਾ ਸੀ। ਹੈਰਾਨੀ ਦੀ ਗੱਲ ਇਹ ਹੈ ਕਿ ਜਿਸ ਬੰਦੇ ਬਾਰੇ ਉਥੋਂ ਦੀ ਸਰਕਾਰ ਆਪਣੀ ਅਦਾਲਤ ਨੂੰ ਇਹ ਕਹਿੰਦੀ ਹੈ ਕਿ ਇਹ ਮੁੰਬਈ ਵਿਚ ਹੋਏ ਦਹਿਸ਼ਤਗਰਦ ਹਮਲੇ ਦਾ ਮੁੱਖ ਸਾਜ਼ਿਸ਼ੀ ਸੀ, ਉਹ ਇਸ ਹਫਤੇ ਭਾਰਤੀ ਫੌਜੀਆਂ ਨੂੰ ਕਤਲ ਕਰਨ ਵਾਲੇ ਪਾਕਿਸਤਾਨੀ ਫੌਜੀਆਂ ਦੀ ਚੌਕੀ ਉਤੇ ਫੌਜੀ ਅਫਸਰਾਂ ਨੂੰ ਉਚੇਚਾ ਮਿਲਣ ਗਿਆ ਸੀ। ਇਹ ਖਬਰ ਭਾਰਤੀ ਮੀਡੀਏ ਨੇ ਨਹੀਂ, ਪਾਕਿਸਤਾਨ ਵਿਚੋਂ ਉਸ ਦੇ ਆਪਣੇ ਮੀਡੀਏ ਨੇ ਬਾਹਰ ਕੱਢੀ ਸੀ ਤੇ ਹੋਰ ਹਰ ਗੱਲ ਦਾ ਖੰਡਨ ਕਰਨ ਵਾਲੀ ਪਾਕਿਸਤਾਨੀ ਫੌਜ ਨੇ ਇਸ ਖਬਰ ਦਾ ਖੰਡਨ ਕਰਨ ਦੀ ਲੋੜ ਨਹੀਂ ਸਮਝੀ।

ਹਾਫਿਜ਼ ਸਈਦ ਪਾਕਿਸਤਾਨ ਦੀ ਖੁਫੀਆ ਏਜੰਸੀ ਦਾ ਇੱਕ ਪਿਆਦਾ ਹੈ ਤੇ ਉਸ ਦੀ ਫੌਜ ਉਸ ਨੂੰ ਆਪਣੇ ਜਵਾਨਾਂ ਵਿਚ ਜੰਗੀ ਜਨੂੰਨ ਭਰਨ ਲਈ ਆਪਣੀਆਂ ਚੌਕੀਆਂ ਵਿਚ ਗੇੜੇ ਮਾਰਨ ਲਈ ਨਾ ਸਿਰਫ ਮੌਕਾ ਦਿੰਦੀ ਹੈ, ਸਗੋਂ ਆਪ ਸੱਦਦੀ ਸੁਣੀ ਜਾਂਦੀ ਹੈ। ਅੱਗੇ ਵੀ ਹੁਣ ਤੱਕ ਜਿੰਨੀ ਵਾਰੀ ਭਾਰਤ ਨਾਲ ਜੰਗ ਲਾਈ ਗਈ, ਹਰ ਵਾਰ ਪਾਕਿਸਤਾਨੀ ਫੌਜ ਦੀਆਂ ਚੌਕੀਆਂ ਵਿਚ ਜਨੂੰਨੀ ਰਾਜਨੀਤੀ ਕਰਨ ਵਾਲਿਆਂ ਨੂੰ ਆਉਣ ਦੀ ਖੁੱਲ੍ਹ ਦਿੱਤੀ ਜਾਂਦੀ ਰਹੀ ਸੀ। ਹੁਣ ਫਿਰ ਇਹੋ ਕੁਝ ਵਾਪਰਨ ਲੱਗ ਪਿਆ ਹੈ।

ਹਾਲਾਤ ਦੀ ਤੰਦ ਕਿਸੇ ਵੀ ਪਾਸੇ ਤੋਂ ਫੜ ਲਈ ਜਾਵੇ, ਅੰਤਲਾ ਨਤੀਜਾ ਹਾਲ ਦੀ ਘੜੀ ਇਹੋ ਨਿਕਲ ਰਿਹਾ ਹੈ ਕਿ ਪਾਕਿਸਤਾਨ ਦੀ ਫੌਜ ਦੇ ਕਮਾਂਡਰਾਂ ਦੇ ਸਿਰ ਵਿਚ ਇੱਕ ਵਾਰੀ ਫਿਰ ਜੰਗ ਦਾ ਕੀੜਾ ਸਰਕ ਰਿਹਾ ਹੈ। ਉਹ ਕਿਸੇ ਵੀ ਸੂਰਤ ਵਿਚ ਆਪਣੇ ਦੇਸ਼ ਦੀ ਲੀਡਰਸ਼ਿਪ ਨੂੰ ਗਰਦਨ ਤੋਂ ਫੜਨ ਦਾ ਬਹਾਨਾ ਘੜਨ ਲਈ ਭਾਰਤ ਨਾਲ ਪੇਚਾ ਪਾ ਕੇ ਇਸ ਦਾ ਉਹ ਆਧਾਰ ਤਿਆਰ ਕਰਨਾ ਚਾਹੁੰਦੇ ਹਨ, ਜਿਹੜਾ ਉਹ ਪਹਿਲਾਂ ਵੀ ਕਰਦੇ ਰਹੇ ਹਨ।

ਲੋੜ ਹੈ
ਬੇਕਰਸਫੀਲਡ ਕੈਲੀਫੋਰਨੀਆ ਵਿਚ
ਸਟੋਰ ਲਈ ਕੈਸ਼ੀਅਰ
$9:00 (ਪ੍ਰਤੀ ਘੰਟਾ) ਤੋਂ ਸ਼ੁਰੂ
ਸਟੋਰ ਲਈ ਤਨਖਾਹ ਤੇ ਸੁਪਰਵਾਈਜ਼ਰ
ਰੈਸਟੋਰੈਂਟ ਲਈ ਵੇਟਰ/ਮੈਨੇਜ਼ਰ
ਰਸੋਈ ਲਈ ਹੈਲਪਰ
ਦੀ ਤੁਰੰਤ ਲੋੜ ਹੈ
ਸੰਪਰਕ ਕਰੋ
661-364-0341

Philips-66 Truck Stop
Convenience Store
For Lease to Own
11 Pumps, 30 Truck Parkings
Diesel & Gas With Restaurant, Liquor, Lottery
Good Profit Margin
Prime Location (4 States Traffic Area on State Hwy 71/I-44 in Missouri)
Also available commercial bulding (SCF), partially rented in Mohali, India
Commercial plot in business growing area
(in Walmart, Home Office area)
Serious Parties Only, Please.
Contact: 417-825-7602
Email:shaanmann5@gmail.com

# ਪੰਜਾਬ ਟਾਈਮਜ਼

*ਸਨਿਚਰਵਾਰ, 17 ਅਗਸਤ 2013*


## ਸਰਹੱਦ ਬਨਾਮ ਸੰਨ ਸੰਤਾਲੀ

ਐਤਕੀਂ ਭਾਰਤ ਅਤੇ ਪਾਕਿਸਤਾਨ ਦੇ ਆਜ਼ਾਦੀ ਦਿਵਸ ਆਏ ਹਨ, ਤਾਂ ਸਰਹੱਦ ਉਤੇ ਡਾਢਾ ਤਣਾਅ ਹੈ। ਬੰਦੂਕਾਂ ਅਤੇ ਬਾਰੂਦ ਆਪਣਾ ਰੰਗ ਦਿਖਾ ਰਹੇ ਹਨ। ਸਰਹੱਦ ਦੇ ਦੋਹਾਂ ਪਾਸਿਆਂ ਤੋਂ ਗੋਲੀਆਂ ਦੀ ਵਾਛੜ ਹੋ ਰਹੀ ਹੈ। ਇਸ ਨੇ ਕੁਝ ਘਰਾਂ ਵਿਚ ਸੱਥਰ ਵੀ ਵਿਛਾ ਦਿੱਤੇ ਹਨ। ਘਰੋਂ ਕਮਾਈ ਕਰਨ ਗਏ ਜਵਾਨ ਪੁੱਤ, ਲੋਥਾਂ ਬਣ ਕੇ ਘਰਾਂ ਦੀ ਦਹਿਲੀਜ਼ ਅੰਦਰ ਦਾਖਲ ਹੋਏ ਹਨ। ਇਹ ਅਰੁਕ ਸਿਲਸਿਲਾ ਹੈ ਜਿਹੜਾ ਆਮ ਲੋਕਾਂ ਦੇ ਚਾਹੁਣ ਦੇ ਬਾਵਜੂਦ ਰੁਕ ਨਹੀਂ ਰਿਹਾ, ਕਿਉਂਕਿ ਇਸ ਸਿਲਸਿਲੇ ਬਾਰੇ ਗਿਣਤੀਆਂ-ਮਿਣਤੀਆਂ ਆਮ ਲੋਕ ਨਹੀਂ, ਸਗੋਂ ਹੋਰ ਲੋਕ ਕਰਦੇ ਹਨ ਅਤੇ ਬੜੀ ਚੁਸਤੀ ਤੇ ਚਲਾਕੀ ਨਾਲ ਕਰਦੇ ਹਨ। ਸਰਹੱਦ ਹੁਣ ਦੋਹਾਂ ਪਾਸਿਆਂ ਦੇ ਲੋਕਾਂ ਦੇ ਸਾਹ ਸੂਤੀ ਰੱਖਣ ਵਾਲਾ ਅਜਗਰ ਜਾਪਣ ਲੱਗ ਪਈ ਹੈ। ਤਕਰੀਬਨ ਸਾਢੇ ਛੇ ਦਹਾਕੇ ਪਹਿਲਾਂ ਜਦੋਂ ਆਜ਼ਾਦੀ ਦੇ ਪਲੇਠੇ ਜਸ਼ਨ ਮਨਾਏ ਜਾ ਰਹੇ ਸਨ ਤਾਂ ਪੰਜਾਬ ਇਉਂ ਬਾਰੂਦ ਤਾਂ ਨਹੀਂ, ਮਨੁੱਖੀ ਮਨਾਂ ਅੰਦਰ ਡੂੰਘੇ ਲਹਿ ਚੁੱਕੇ ਫਤੂਰ ਕਾਰਨ ਪੀੜ-ਪੀੜ ਹੋਇਆ ਪਿਆ ਸੀ। ਮਨੁੱਖਤਾ ਨੂੰ ਚੌਰਾਹੇ ਲਿਆ ਕੇ ਫਾਹੇ ਟੰਗ ਦਿੱਤਾ ਗਿਆ ਸੀ। ਗੁਆਂਢ ਮੱਥੇ ਲਗਦੇ ਲੋਕਾਂ ਦੀਆਂ ਨਜ਼ਰਾਂ ਫਿਰ ਗਈਆਂ ਸਨ। ਚਾਰੇ ਪਾਸੇ ਲਹੂ ਦੇ ਖੱਪਰ ਭਰੇ ਪਏ ਸਨ। ਉਨ੍ਹਾਂ ਲਹੂ-ਲੁਹਾਣ ਹੋਏ ਦਿਨਾਂ ਬਾਰੇ ਅੱਜ ਤੱਕ, ਅਕਸਰ ਇਹੀ ਕਹਿਣ-ਸੁਣਨ ਨੂੰ ਮਿਲਦਾ ਹੈ ਕਿ 'ਉਸ ਵਕਤ ਪਤਾ ਨਹੀਂ ਲੋਕਾਂ ਨੂੰ ਕੀ ਹੋ ਗਿਆ ਸੀ, ਜਾਂ ਕਿਹੜੀ ਕਾਲੀ ਹਨੇਰੀ ਵਗ ਗਈ ਸੀ ਕਿ ਲੋਕ ਰਾਤੋ-ਰਾਤ ਇਕ-ਦੂਜੇ ਦੇ ਲਹੂ ਦੇ ਪਿਆਸੇ ਹੋ ਗਏ ਸਨ।' ਉਂਜ, ਜੇ ਰਤਾ ਕੁ ਘੋਖ ਕੀਤੀ ਜਾਵੇ ਤਾਂ ਸਭ ਕੁਝ ਸਮਝ ਪੈਣ ਲਗਦਾ ਹੈ। ਉਦੋਂ ਵਕਤ ਨੂੰ ਕੁਝ ਹੋਇਆ ਸੀ ਜਾਂ ਨਹੀਂ, ਪਰ ਸ਼ਾਸਕਾਂ ਦੀ ਨੀਅਤ, ਬਦਨੀਅਤੀ 'ਚ ਜ਼ਰੂਰ ਬਦਲ ਚੁੱਕੀ ਸੀ। ਇਕ ਪਾਸੇ ਤਾਂ ਅੰਗਰੇਜ਼ਾਂ ਵੱਲੋਂ ਚਿਰਾਂ ਤੋਂ ਧਾਰਮਿਕ ਪੱਧਰ 'ਤੇ ਪਾਇਆ ਗਿਆ ਪਾੜਾ ਜ਼ਰਬਾਂ ਦੇ ਰਿਹਾ ਸੀ, ਤੇ ਦੂਜੇ ਪਾਸੇ ਕਤਲੋ-ਗਾਰਤ ਰੋਕਣ ਲਈ ਯਤਨ ਕੋਈ ਨਹੀਂ ਕੀਤਾ ਗਿਆ। ਸ਼ਾਇਦ ਇਹ ਸੰਭਵ ਵੀ ਨਹੀਂ ਸੀ। ਹੁਣ ਤਾਂ ਬਹੁਤ ਸਾਰੇ ਅਜਿਹੇ ਤੱਥ ਵੀ ਉਭਰ ਆਏ ਹਨ ਕਿ ਉਸ ਵੇਲੇ ਜਿੰਨੇ ਕੁ ਸੁਰੱਖਿਆ ਮੁਲਾਜ਼ਮ ਤਾਇਨਾਤ ਕੀਤੇ ਗਏ ਸਨ, ਉਨ੍ਹਾਂ ਤੋਂ ਇਹ ਕਤਲੋ-ਗਾਰਤ ਰੁਕਣੀ ਵੀ ਨਹੀਂ ਸੀ। ਇਨ੍ਹਾਂ ਦੋਹਾਂ ਨੁਕਤਿਆਂ ਨੂੰ ਵਿਚਾਰੀਏ ਤਾਂ ਇਹੀ ਸਿੱਟਾ ਮਿਲਦਾ ਹੈ ਕਿ ਅੰਗਰੇਜ਼ ਦੇ ਜਿਸ ਰਾਜ ਵਿਚ ਚਿੜੀ ਵੀ ਨਹੀਂ ਸੀ ਫੜਕ ਸਕਦੀ, ਉਸ ਵਿਚ ਕਤਲੋ-ਗਾਰਤ ਲਈ ਛੁੱਟੀ ਮਿਲ ਗਈ ਸੀ। ਫਿਰਕੂ ਨਫਰਤ ਦਾ ਜੋ ਬੀਜ ਵਿਦੇਸ਼ੀ ਸ਼ਾਸਕਾਂ ਨੇ ਬਹੁਤ ਸਮਾਂ ਪਹਿਲਾਂ ਬੀਜਿਆ ਸੀ, ਉਹ ਵੱਖ-ਵੱਖ ਸਮਿਆਂ ਦੌਰਾਨ ਸਿੰਜਿਆ ਸੁਆਰਿਆ, ਹੁਣ ਪੂਰਾ-ਸੂਰਾ ਦਰਖਤ ਬਣ ਚੁੱਕਾ ਸੀ। ਸੋ, ਇਕ ਵਾਰ ਜਦੋਂ ਪਿਆਰ ਦੀ ਕੜੀ ਟੁੱਟੀ, ਟੁੱਟਦੀ ਹੀ ਚਲੀ ਗਈ।

ਇਸ ਘੱਲੂਘਾਰੇ ਤੋਂ 37 ਸਾਲਾਂ ਬਾਅਦ 1984 ਵਿਚ ਦਿੱਲੀ ਵਿਚ ਵੀ ਇਹੀ ਭਾਣਾ ਵਰਤਾਇਆ ਗਿਆ। ਸਿੱਖਾਂ ਨੂੰ ਲੱਭ-ਲੱਭ ਕੇ ਕਤਲ ਕਰ ਰਹੀਆਂ ਭੀੜਾਂ ਡੱਕੀਆਂ ਹੀ ਨਹੀਂ ਗਈਆਂ। ਇਹ ਨਾਸੂਰ ਅੱਜ ਤੱਕ ਰਿਸ ਰਹੇ ਹਨ। ਫਿਰ 1984 ਤੋਂ 18 ਵਰ੍ਹਿਆਂ ਬਾਅਦ 2002 ਵਿਚ ਇਹੀ ਕਾਂਡ ਗੁਜਰਾਤ ਵਿਚ ਦੁਹਰਾਇਆ ਗਿਆ। ਉਦੋਂ ਨਿਸ਼ਾਨਾ ਮੁਸਲਮਾਨ ਸਨ। ਉਦੋਂ ਵੀ ਕਤਲ ਹੋ ਰਹੇ ਲੋਕਾਂ ਨੂੰ ਬਚਾਉਣ ਲਈ ਕਿਸੇ ਸੁਰੱਖਿਆ ਬਲ ਨੂੰ ਹੁਕਮ ਨਹੀਂ ਮਿਲੇ। ... ਤੇ ਹੁਣ 11 ਸਾਲਾਂ ਬਾਅਦ ਜੰਮੂ-ਕਸ਼ਮੀਰ 'ਚ ਕਿਸ਼ਤਵਾੜ ਵਿਚ ਵੀ ਉਹੀ ਕੁਝ ਵਾਪਰਿਆ ਹੈ। ਉਥੇ ਈਦ ਦੇ ਜਲੂਸ ਮੌਕੇ ਹੋਇਆ ਮਾਮੂਲੀ ਤਕਰਾਰ ਵਧਦਾ-ਵਧਦਾ ਵਧ ਗਿਆ ਅਤੇ ਫਿਰ ਇਕ ਹਿੰਦੂ ਦਾ ਕਤਲ ਹੋ ਗਿਆ; ਭਾਈਚਾਰੇ ਉਤੇ ਹਮਲੇ ਵੀ ਹੋਏ, ਪਰ ਪ੍ਰਸ਼ਾਸਨ ਦੀ ਨੀਂਦ ਨਾ ਖੁੱਲ੍ਹੀ। ਜਦੋਂ ਨੀਂਦ ਖੁੱਲ੍ਹੀ ਤਾਂ ਬਹੁਤ ਕੁਝ ਵਾਪਰ ਚੁੱਕਿਆ ਸੀ। ਲੋਕਾਂ ਵਿਚਾਲੇ ਪਾੜਾ ਹੋਰ ਵਧ ਚੁੱਕਾ ਸੀ। ਕਿਸ਼ਤਵਾੜ ਅੱਜ ਵੀ ਸਿਸਕ ਰਿਹਾ ਹੈ। ਕਿਸ਼ਤਵਾੜ ਜੰਮੂ-ਕਸ਼ਮੀਰ ਦਾ ਉਹ ਇਲਾਕਾ ਹੈ ਜਿੱਥੇ ਸ੍ਰੀਨਗਰ ਸ਼ਹਿਰ ਵਾਂਗ ਮੁਸਲਮਾਨਾਂ ਦੀ, ਜਾਂ ਜੰਮੂ ਸ਼ਹਿਰ ਵਾਂਗ ਹਿੰਦੂਆਂ ਦੀ ਬਹੁ-ਗਿਣਤੀ ਨਹੀਂ ਹੈ; ਸਗੋਂ ਸਾਂਝੀ, ਮਿੱਸੀ ਵਸੋਂ ਹੈ। ਇਹ ਦੱਸਣ ਦੀ ਤਾਂ ਸ਼ਾਇਦ ਹੀ ਲੋੜ ਹੋਵੇ ਕਿ ਜੰਮੂ-ਕਸ਼ਮੀਰ ਵਿਚ ਜਹਾਦੀਆਂ ਨਾਲ ਲੜ ਰਹੀਆਂ ਪੇਂਡੂ ਸੁਰੱਖਿਆ ਕਮੇਟੀਆਂ ਸਭ ਤੋਂ ਵੱਧ ਇਸੇ ਇਲਾਕੇ ਵਿਚ ਸਰਗਰਮ ਹਨ। ਇਹ ਉਹੀ ਕਮੇਟੀਆਂ ਹਨ ਜਿਨ੍ਹਾਂ ਨੂੰ ਸਰਕਾਰ ਨੇ ਬਾਕਾਇਦਾ ਹਥਿਆਰ ਦਿੱਤੇ ਹੋਏ ਹਨ।

ਇਨ੍ਹਾਂ ਚਾਰਾਂ ਘੱਲੂਘਾਰਿਆਂ/ਘਟਨਾਵਾਂ ਦੇ ਪਿਛੋਕੜ ਅਤੇ ਤੱਟ-ਫੱਟ ਬਣੇ ਕਾਰਨ ਵੱਖੋ-ਵੱਖਰੇ ਹੋ ਸਕਦੇ ਹਨ, ਪਰ ਇਨ੍ਹਾਂ ਵਿਚ ਇਕ ਗੱਲ ਸਾਂਝੀ ਹੈ, ਕਤਲੋ-ਗਾਰਤ ਰੋਕਣ ਦਾ ਯਤਨ ਨਹੀਂ ਕੀਤਾ ਗਿਆ। ਇਹ ਘਟਨਾਵਾਂ 65 ਸਾਲਾਂ ਦੇ ਸਮੇਂ ਦੌਰਾਨ ਵਾਪਰੀਆਂ। ਸਮਾਂ ਅਤੇ ਸਥਾਨ ਵੀ ਵੱਖੋ-ਵੱਖਰੇ ਹਨ। ਫਿਰ 65 ਸਾਲਾਂ ਵਿਚ ਖੱਟਿਆ ਕੀ ਹੈ? 19ਵੀਂ ਸਦੀ ਦੇ ਅੰਤ ਤੱਕ ਪੁੱਜਦਿਆਂ ਜਦੋਂ ਆਜ਼ਾਦੀ ਲਈ ਕੀਤੇ ਜਾ ਰਹੇ ਬੰਨ-ਸੁੱਬ੍ਹ, ਤਿੱਖਾ ਰੁਖ ਅਖਤਿਆਰ ਕਰ ਰਹੇ ਸਨ ਤਾਂ ਅੰਗਰੇਜ਼ਾਂ ਨੇ ਧਾਰਮਿਕ ਵੰਡ ਨੂੰ ਜਿਹੜੀ ਹਵਾ ਦਿੱਤੀ; ਉਹ 1947, 1984, 2002 ਅਤੇ 2013 ਵਿਚ ਝੱਖੜ ਬਣ ਕੇ ਝੁੱਲ ਗਈ, ਤੇ ਅੱਜ ਵੀ ਇਸ ਦਾ ਕੋਈ ਅੰਤ ਨਜ਼ਰੀਂ ਨਹੀਂ ਪੈ ਰਿਹਾ। ਹੁਣ ਸਭ ਤੋਂ ਵੱਡਾ ਸਵਾਲ ਤਾਂ ਇਹੀ ਹੈ ਕਿ ਆਜ਼ਾਦੀ ਕਿਸ ਤੋਂ ਅਤੇ ਕਿਸ ਨੂੰ ਮਿਲੀ ਹੈ? ਜਿਹੜਾ ਗਾਡੀ ਰਾਹ ਪਹਿਲਾਂ ਸੀ, ਅੱਜ ਵੀ ਉਹੀ ਹੈ। ਵਰ੍ਹਿਆਂ ਤੋਂ ਇਕੱਠੇ ਰਹਿੰਦੇ ਲੋਕ ਪਲਾਂ-ਛਿਣਾਂ ਵਿਚ ਹੀ ਨਫਰਤ ਦਾ ਅਖਾੜਾ ਲਾ ਲੈਂਦੇ ਹਨ, ਮੌਤ ਦਾ ਤਾਂਡਵ ਨਾਚ ਅਰੰਭ ਹੋ ਜਾਂਦਾ ਹੈ। ਇਹ ਤਾਂਡਵ ਨਾਚ ਮਰਜ਼ੀ ਨਾਲ ਹੀ ਅਰੰਭ ਹੁੰਦਾ ਹੈ ਅਤੇ ਫਿਰ ਕਹਿਰ ਵਰਤਾ ਕੇ ਮਰਜ਼ੀ ਨਾਲ ਹੀ ਬੰਦ ਹੁੰਦਾ ਹੈ। ਮਨੋਵਿਗਿਆਨੀਆਂ ਨੇ ਮਨੁੱਖੀ ਮਨ ਦੀਆਂ ਕਈ ਤਹਿਆਂ ਫਰੋਲੀਆਂ ਹਨ ਅਤੇ ਕਈ ਤਰ੍ਹਾਂ ਦੇ ਸਿੱਟੇ ਕੱਢੇ ਹਨ। ਹੁਣ ਜਾਪਦਾ ਹੈ ਕਿ ਕੂਹਜ ਨਾਲ ਭਰੀ ਸਿਆਸਤ ਕਰ ਰਹੇ ਸਿਆਸਤਦਾਨਾਂ ਦੀਆਂ ਤਹਿਆਂ ਜ਼ਰੂਰ ਫਰੋਲੀਆਂ ਜਾਣ, ਕਿਉਂਕਿ ਅਜਿਹੇ ਘੱਲੂਘਾਰਿਆਂ ਲਈ ਹਰ ਵਾਰੀ ਵਿਸ਼ੇਸ਼ ਕਿਸਮ ਦੀ ਸਿਆਸਤ ਹੀ ਜ਼ਿੰਮੇਵਾਰ ਨਿਕਲਦੀ ਹੈ। ਜੇ ਲੋਕ ਇਕੱਠੇ ਹੋ ਕੇ ਇਹ ਕਿਲਾ ਫਤਿਹ ਕਰ ਲੈਣ ਤਾਂ ਵਾਰ-ਵਾਰ ਵਾਪਰ ਰਹੇ ਸੰਤਾਲੀਆਂ ਨੂੰ ਲਗਾਮ ਪਾਈ ਜਾ ਸਕਦੀ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਗੁਜਰਾਤੀ ਸਿੱਖਾਂ ਨੂੰ ਛਣਕਣਾ!*

ਬੈਠੇ ਵਰ੍ਹਿਆਂ ਤੋਂ 'ਕੱਛ' ਦੇ ਵਿਚ ਜਾ ਕੇ, ਭਾਣਾ ਵਰਤਿਆ ਨਫਰਤ ਦੇ ਕਾਰਿਆਂ ਦਾ।
ਜੰਗਲ ਪੱਧਰੇ ਕਰੇ ਗੁਜਰਾਤ ਜਾ ਕੇ, ਮੁਸ਼ਕਿਲ ਕੰਮ ਸੀ ਹੌਂਸਲੇ ਭਾਰਿਆਂ ਦਾ।
ਧੱਕੇ ਨਾਲ ਹੁਣ ਹੱਕ ਬੇ-ਦਖਲ ਕਰ'ਤਾ, ਜਿੱਤੇ ਕੋਰਟ 'ਚੋਂ, ਮੋਦੀ ਤੋਂ ਹਾਰਿਆਂ ਦਾ।
ਮੱਕੂ ਠੱਪਣੇ ਵਾਸਤੇ ਤਿਆਰ ਰਹਿੰਦਾ, ਘੱਟ ਗਿਣਤੀਆਂ ਵਾਲਿਆਂ ਸਾਰਿਆਂ ਦਾ।
'ਮਦਰ ਦੇਸ' ਆ ਕਰੀ ਫਰਿਆਦ ਸਿੱਖਾਂ, ਸੁਣੋ ਦੁੱਖੜਾ ਕਿਸਮਤ ਦੇ ਮਾਰਿਆਂ ਦਾ।
ਦੁਖੀਏ ਪਹੁੰਚੇ ਆ ਮੋਦੀ ਦੇ ਯਾਰ ਕੋਲੇ, ਦੇ ਕੇ ਮੋੜ'ਤਾ ਛਣਕਣਾ ਲਾਰਿਆਂ ਦਾ!!

# ਪੰਜਾਬੀ ਬੰਦੇ ਦੇ ਅੰਦਰ ਸੁਲਗਦਾ ਜਵਾਲਾਮੁਖੀ

## ਸਵਾਲ-ਸੰਵਾਦ

ਨਾਮਧਾਰੀ ਫਿਰਕੇ ਦੇ ਮੁਖੀ ਉਦੈ ਸਿੰਘ ਉੱਤੇ ਇੰਗਲੈਂਡ ਦੇ ਲੈਸਟਰ ਸ਼ਹਿਰ ਵਿਚ ਹਮਲਾ ਹੋਇਆ ਹੈ। ਹਮਲਾਵਰ ਬਾਰੇ ਕਈ ਤਰ੍ਹਾਂ ਦੇ ਅੰਦਾਜ਼ੇ ਲਗਾਏ ਜਾ ਰਹੇ ਹਨ। ਉਸ ਦਾ ਪਿਛੋਕੜ ਫਰੋਲਿਆ ਜਾ ਰਿਹਾ ਹੈ। ਅਖ਼ਬਾਰਾਂ ਵਿਚ ਦਾਅਵੇ ਕੀਤੇ ਜਾ ਰਹੇ ਹਨ ਕਿ ਉਹ ਨਾਮਧਾਰੀ ਹੈ ਜਾਂ ਨਹੀਂ। ਕਿਸੇ ਖਾੜਕੂ ਜਥੇਬੰਦੀ ਨਾਲ ਜੁੜਿਆ ਹੋਇਆ ਹੈ ਜਾਂ ਨਹੀਂ। ਖ਼ਦਸ਼ਾ ਇਹ ਵੀ ਹੈ ਕਿ ਕਿਤੇ ਨਾਮਧਾਰੀਆਂ ਦਾ ਅੰਦਰੂਨੀ ਕਲੇਸ਼ ਤਾਂ ਇਸ ਹੱਦ ਤੱਕ ਨਹੀਂ ਪਹੁੰਚ ਗਿਆ। ਹਮਲਾਵਰ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ ਅਤੇ ਕਾਨੂੰਨੀ




**ਦਲਜੀਤ ਅਮੀ**
**ਫੋਨ: 91-97811-21873**


ਕਾਰਵਾਈ ਚੱਲ ਰਹੀ ਹੈ। ਮੌਜੂਦਾ ਮਾਹੌਲ ਵਿਚ ਅਜਿਹਾ ਹਮਲਾ ਹੋਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਇਸ ਲਈ ਇਸ ਮਾਹੌਲ ਦਾ ਜਵਾਲਾਮੁਖੀ-ਖ਼ਾਸਾ ਵਿਚਾਰਨਾ ਬਣਦਾ ਹੈ। ਇਸ ਦੇ ਨਾਲ ਹੀ ਇਹ ਵੀ ਵਿਚਾਰਨਾ ਬਣਦਾ ਹੈ ਕਿ ਕੀ ਅਜਿਹਾ ਮਾਹੌਲ ਸਿਰਫ਼ ਨਾਮਧਾਰੀ ਫ਼ਿਰਕੇ ਨਾਲ ਜੁੜਿਆ ਹੋਇਆ ਹੈ, ਜਾਂ ਨਾਮਧਾਰੀ ਕਲੇਸ਼ ਕਿਸੇ ਵਡੇਰੇ ਰੁਝਾਨ ਦੀ ਕੜੀ ਹੈ? ਇਹ ਹਮਲਾ ਵਿਦੇਸ਼ ਵਿਚ ਹੋਇਆ ਹੈ ਜੋ ਆਪਣੇ-ਆਪ ਵਿਚ ਵਿਚਾਰਨ ਵਾਲਾ ਮਸਲਾ ਹੈ। ਕੀ ਵਿਦੇਸ਼ਾਂ ਵਿਚ ਵਸਦੇ ਸਿੱਖਾਂ ਦਾ ਹੇਰਵਾ ਜਾਂ ਬੇਚੈਨੀ ਇਹ ਰੂਪ ਲੈ ਰਹੀ ਹੈ, ਜਾਂ ਇਹ ਮਹਿਜ਼ ਮੌਕਾ-ਮੇਲ ਹੈ। ਇਸ ਦੇ ਪਿਛੋਕੜ ਵਿਚ ਹੀ ਆਸਟਰੀਆ ਵਿਚ ਸੰਤ ਰਾਮਾਨੰਦ ਅਤੇ ਲੰਡਨ ਵਿਚ ਜਰਨਲ ਕੁਲਦੀਪ ਸਿੰਘ ਬਰਾੜ ਉੱਤੇ ਹੋਏ ਹਮਲੇ ਵੇਖੇ-ਵਿਚਾਰੇ ਜਾ ਸਕਦੇ ਹਨ।

ਨਾਮਧਾਰੀ ਫਿਰਕੇ ਦੇ ਮੁਖੀ ਜਗਜੀਤ ਸਿੰਘ ਦੀ ਮੌਤ ਤੋਂ ਬਾਅਦ ਗੁਰਗੱਦੀ ਦਾ ਚਿਰਾਂ ਤੋਂ ਚਲਿਆ ਜਾ ਰਿਹਾ ਕਲੇਸ਼ ਬਾਹਰ ਆ ਗਿਆ ਸੀ। ਇਸ ਤੋਂ ਪਹਿਲਾਂ ਵੀ ਇਹ ਕਲੇਸ਼ ਅਖ਼ਬਾਰੀ ਇਸ਼ਤਿਹਾਰਾਂ ਤੱਕ ਦਾ ਰੂਪ ਧਾਰਨ ਕਰਦਾ ਰਿਹਾ ਹੈ। ਨਾਮਧਾਰੀ ਦਰਬਾਰ ਅਤੇ ਨਾਮਧਾਰੀ ਸੰਗਤ ਵਿਚ ਜਗਜੀਤ ਸਿੰਘ ਤੋਂ ਬਾਅਦ ਗੁਰਗੱਦੀ ਲਈ ਦਾਅਵੇਦਾਰੀ ਪਹਿਲਾਂ ਤੋਂ ਕੀਤੀ ਜਾ ਰਹੀ ਸੀ। ਜਗਜੀਤ ਸਿੰਘ ਹੁਰਾਂ ਦੀ ਮੌਤ ਤੋਂ ਬਾਅਦ ਗੁਰਗੱਦੀ ਠਾਕੁਰ ਉਦੈ ਸਿੰਘ ਨੂੰ ਦੇ ਦਿੱਤੀ ਗਈ। ਠਾਕੁਰ ਦਲੀਪ ਸਿੰਘ ਦੇ ਸ਼ਰਧਾਲੂਆਂ ਨੇ ਇਸ ਦਾ ਵਿਰੋਧ ਕੀਤਾ। ਕਿਸੇ ਡੇਰੇ ਦੀ ਗੁਰਗੱਦੀ ਦੀ ਦਾਅਵੇਦਾਰੀ ਨੂੰ ਲੈ ਕੇ ਪੰਜਾਬ ਵਿਚ ਸ਼ਾਇਦ ਪਹਿਲੀ ਵਾਰ ਅਰਥੀ ਫੂਕ ਮੁਜ਼ਾਹਰੇ ਕੀਤੇ ਗਏ। ਇਹ ਕਲੇਸ਼ ਕਦੇ ਵੀ ਖ਼ੂਨੀ ਟਕਰਾਅ ਦਾ ਰੂਪ ਲੈ ਸਕਦਾ ਸੀ, ਕਿਉਂਕਿ ਦੋਵਾਂ ਧਿਰਾਂ ਦਾ ਇੱਕ-ਦੂਜੇ ਨਾਲ ਸਮਾਜਕ, ਧਾਰਮਿਕ ਅਤੇ ਕਾਰੋਬਾਰੀ ਰਾਬਤਾ ਹੈ। ਇਸ ਕਾਰਨ ਮੇਲ-ਮਿਲਾਪ ਤਾਂ ਹੋਣਾ ਹੀ ਹੈ। ਅੰਮ੍ਰਿਤਸਰ ਵਿਚ ਦੋਵੇਂ ਧਿਰਾਂ ਆਹਮੋ-ਸਾਹਮਣੇ ਹੋ ਗਈਆਂ ਸਨ, ਪਰ ਬਚਾਅ ਹੋ ਗਿਆ। ਇਨ੍ਹਾਂ ਦੋਵਾਂ ਧਿਰਾਂ ਦਾ ਤਣਾਅ ਜਿਉਂ ਦਾ ਤਿਉਂ ਕਾਇਮ ਹੈ। ਇਸ ਤਣਾਅ ਦੇ ਬਾਹਰ ਆਉਣ ਦੀ ਸੰਭਾਵੀ ਥਾਂ ਧਾਰਮਿਕ ਘੇਰੇ ਤੱਕ ਮਹਿਦੂਦ ਨਹੀਂ ਹੈ, ਸਗੋਂ ਨਾਮਧਾਰੀ ਦਰਬਾਰ ਦਾ ਸਿਆਸੀ ਅਸਰ-ਰਸੂਖ਼, ਆਮਦਨ, ਕਾਰੋਬਾਰ ਅਤੇ ਜਾਇਦਾਦ ਬਹੁਤ ਅਹਿਮ ਹਨ। ਇੰਟਰਨੈਸ਼ਨਲ ਨਾਮਧਾਰੀ ਸੰਗਤ ਨੇ ਮੌਜੂਦਾ ਹਮਲੇ ਦੀ ਨਿਖੇਧੀ ਕੀਤੀ ਹੈ।

ਨਾਮਧਾਰੀ ਫਿਰਕਾ ਗੁਰਗੱਦੀ ਦੇ ਕਲੇਸ਼ ਨੂੰ ਲੈ ਕੇ ਤਕਰੀਬਨ ਦੋਫਾੜ ਹੋਇਆ ਪਿਆ ਹੈ। ਗ਼ੈਰ-ਰਸਮੀ ਦੋਫਾੜ ਸ਼ਰਧਾਲੂਆਂ ਦੀਆਂ ਵਫ਼ਾਦਾਰੀਆਂ ਤੈਅ ਕਰ ਰਹੀ ਹੈ। ਸੁਖਜੀਤ ਨਾਮਧਾਰੀ ਦਰਬਾਰ ਦਾ ਹਿੱਸਾ ਰਿਹਾ ਹੈ ਅਤੇ ਉਸ ਨੇ ਇਸ ਫਿਰਕੇ ਬਾਰੇ ਕਹਾਣੀਆਂ ਅਤੇ ਲੇਖ ਲਿਖੇ ਹਨ। ਉਸ ਦੀ 'ਫਿਲਹਾਲ' ਰਸਾਲੇ ਵਿਚ ਲਿਖੀ ਲੇਖ ਲੜੀ ਤੋਂ ਪਤਾ ਲੱਗਦਾ ਹੈ ਕਿ ਗੁਰਗੱਦੀ ਹਾਸਲ ਕਰਨ ਜਾਂ ਗੁਰੂ ਹੋਣ ਦੇ ਐਲਾਨ ਕਰਨ ਦੀ ਲੜਾਈ ਕਿਸ ਖ਼ੋਰੀ ਹੱਦ ਤੱਕ ਜਾਂਦੀ ਹੈ। ਇਸ ਦੀਆਂ ਤੰਦਾਂ ਅਸਰ-ਰਸੂਖ਼, ਆਮਦਨ, ਕਾਰੋਬਾਰ ਅਤੇ ਜਾਇਦਾਦ ਨਾਲ ਕਿਵੇਂ ਜੁੜੀਆਂ ਹੋਈਆਂ ਹਨ। ਇਹ ਕਲੇਸ਼ ਦੋ ਪੀੜ੍ਹੀਆਂ ਤੋਂ ਨਾਮਧਾਰੀ ਦਰਬਾਰ ਦੀਆਂ ਸਰਗਰਮੀਆਂ ਦਾ ਧੁਰਾ ਰਿਹਾ ਹੈ। ਜੇ ਨਾਮਧਾਰੀ ਦਰਬਾਰ ਦੇ ਇਸ ਰੁਝਾਨ ਨੂੰ ਮਿਸਾਲ ਵਜੋਂ ਵੇਖਿਆ ਜਾਵੇ ਤਾਂ ਦੂਜੇ ਡੇਰਿਆਂ ਵਿਚ ਤਕਰੀਬਨ ਇਹੋ ਹਾਲ ਹੈ। ਰਾਧਾ ਸੁਆਮੀ ਡੇਰੇ ਨੇ ਇਹੋ ਤਜਰਬਾ ਹੱਡੀਂ-ਹੰਢਾਇਆ ਹੈ। ਨਿਰੰਕਾਰੀਆਂ ਦੀ ਪਾਟੋ-ਧਾੜ ਇਸੇ ਤਰ੍ਹਾਂ ਹੋਈ ਹੈ। ਸਿਰਸਾ ਵਾਲੇ ਡੇਰਾ ਸੱਚਾ ਸੌਦਾ ਦੀ ਗੱਦੀ-ਨਸ਼ੀਨੀ ਨਾਲ ਵੀ ਗੋਲੀਬਾਰੀ ਅਤੇ ਨੌਸਰਬਾਜ਼ੀ ਦੀਆਂ ਕਹਾਣੀਆਂ ਜੁੜੀਆਂ ਹੋਈਆਂ ਹਨ। ਰਾੜਾ ਸਾਹਿਬ ਅਤੇ ਨਾਨਕਸਰ ਵਾਲੇ ਡੇਰਿਆਂ ਦੀਆਂ ਵੱਖਰੀਆਂ-ਵੱਖਰੀਆਂ ਫਾਟਾਂ ਵੀ ਇਸੇ ਰੁਝਾਨ ਦੇ ਹਿੱਸੇ ਵਜੋਂ ਵੇਖੀਆਂ ਜਾ ਸਕਦੀਆਂ ਹਨ। ਬੀਬੀ ਜਗੀਰ ਕੌਰ ਦੇ ਬੇਗੋਵਾਲ ਵਾਲੇ ਡੇਰੇ ਦੀਆਂ ਕਿਸੇ ਤੋਂ ਲੁਕੀਆਂ ਨਹੀਂ ਹਨ। ਡੇਰਿਆਂ ਦੇ ਇਸ ਅੰਦਰੂਨੀ ਕਲੇਸ਼ ਦਾ ਸਮਾਜ ਦੇ ਵਡੇਰੇ ਰੁਝਾਨ ਨਾਲ ਸਿੱਧਾ ਰਾਬਤਾ ਹੈ।

ਇਹ ਰੁਝਾਨ ਇਨ੍ਹਾਂ ਡੇਰਿਆਂ ਦੇ ਪੰਥਕ ਹੋਣ ਦੀ ਦਾਅਵੇਦਾਰੀ ਵਾਲੇ ਅਦਾਰਿਆਂ, ਜਥੇਬੰਦੀਆਂ ਅਤੇ ਸੰਤਾਂ ਨਾਲ ਟਕਰਾਅ ਵਜੋਂ ਸਾਹਮਣੇ ਆਉਂਦੇ ਹਨ। ਜਦੋਂ ਸੱਚਾ ਸੌਦਾ ਵਾਲਾ ਡੇਰਾ ਪੰਥਕ ਦਾਅਵੇਦਾਰੀ ਨਾਲ ਟਕਰਾਅ ਵਿਚ ਆਉਂਦਾ ਹੈ ਤਾਂ ਇਸ ਦਾ ਫੌਰੀ ਕਾਰਨ ਤਾਂ ਰਾਮ ਰਹੀਮ ਸਿੰਘ ਦੀ ਭੜਕਾਊ ਹਰਕਤ ਬਣਦੀ ਹੈ, ਪਰ ਇਸ ਨਾਲ ਗੌਣ ਪਿਆ ਤਣਾਅ ਸਰਗਰਮ ਹੁੰਦਾ ਹੈ। ਇਸ ਤੋਂ ਬਾਅਦ ਮੀਡੀਆ ਵਿਚ ਸਿੱਖ ਬਨਾਮ ਡੇਰਾ ਪ੍ਰੇਮੀ ਦਾ ਮਸਲਾ ਚਰਚਾ ਵਿਚ ਰਹਿੰਦਾ ਹੈ। ਪੰਥਕ ਦਾਅਵੇਦਾਰੀ ਵਿਚ ਵੀ ਇਨ੍ਹਾਂ ਹੀ ਸ਼ਬਦਾਂ ਦੀ ਵਰਤੋਂ ਹੁੰਦੀ ਹੈ। ਸੱਚਾ ਸੌਦੇ ਵਾਲੇ ਡੇਰੇ ਜਾਣ ਵਾਲੇ ਜ਼ਿਆਦਾਤਰ ਪੰਜਾਬੀ ਸਿੱਖ ਸਨ ਜੋ ਗੁਰਦੁਆਰਿਆਂ ਵਿਚ ਆਥਣ-ਸਵੇਰ ਜਾਂਦੇ ਸਨ। ਸਮਾਜਕ ਪੱਖ ਇਹ ਆਉਂਦਾ ਹੈ ਕਿ ਡੇਰਾ ਨੀਵੀਆਂ ਜਾਤਾਂ ਵਾਲਿਆਂ ਨੂੰ ਮਾਣ ਦਿੰਦਾ ਹੈ ਅਤੇ ਨਸ਼ਿਆਂ ਤੋਂ ਮੁਕਤੀ ਦਵਾਉਂਦਾ ਹੈ। ਸੱਚੇ ਸੌਦੇ ਵਾਲਿਆਂ ਅਤੇ ਪੰਥਕ ਦਾਅਵੇਦਾਰੀ ਵਿਚਲੇ ਟਕਰਾਅ ਵਿਚੋਂ ਭਾਰੂ ਧਿਰ ਸਮਾਜਕ ਪਾਬੰਦੀ ਦਾ ਐਲਾਨ ਕਰਦੀ ਹੈ। ਇਨ੍ਹਾਂ ਪਾਬੰਦੀਆਂ ਦੀ ਮਾਰ ਵਿਚ ਆਇਆ ਤਬਕਾ ਪਹਿਲਾਂ ਹੀ ਸਮਾਜਕ ਦਾਬੇ ਦਾ ਸ਼ਿਕਾਰ ਹੈ। ਇਸ ਨਾਲ ਡੇਰਾ ਸੱਚਾ ਸੌਦਾ ਵਿਚ ਜਾਣ ਵਾਲਿਆਂ ਦੇ ਕਾਰਨਾਂ ਦੀ ਤਸਦੀਕ ਹੁੰਦੀ ਹੈ। ਹੁਣ ਸਵਾਲ ਅਗਲਾ ਹੈ ਕਿ ਜਿਸ ਦਾਬੇ ਤੋਂ ਮੁਕਤੀ ਲਈ ਬੰਦੇ ਡੇਰੇ ਜਾਂਦੇ ਹਨ, ਉਸੇ ਦਾਬੇ ਲਈ ਡੇਰਿਆਂ ਅੰਦਰ ਕਾਟੋ-ਕਲੇਸ਼ ਚੱਲ ਰਿਹਾ ਹੈ। ਜੇ ਸਮਾਜ ਵਿਚ ਜਾਤ-ਪਾਤ ਅਤੇ ਅਮੀਰ-ਗ਼ਰੀਬ ਦਾ ਪਾੜਾ ਹੈ, ਤਾਂ ਡੇਰਿਆਂ ਅੰਦਰ ਇਹੋ ਰੁਝਾਨ ਅਸਰ-ਰਸੂਖ਼ ਅਤੇ ਵਫ਼ਾਦਾਰੀਆਂ ਦੇ ਸਹਾਰੇ ਚੱਲਦਾ ਹੈ। ਨਤੀਜੇ ਵਜੋਂ ਸਮਾਜਕ ਟਕਰਾਅ ਧਾਰਮਿਕ ਅਖਾੜੇ ਵਿਚ ਆ ਜਾਂਦਾ ਹੈ, ਪਰ ਬੰਦੇ ਦੇ ਮਸਲੇ ਜਿਉਂ ਦੇ ਤਿਉਂ ਨਜ਼ਰਅੰਦਾਜ਼ ਰਹਿੰਦੇ ਹਨ।

ਇਨ੍ਹਾਂ ਹਾਲਾਤ ਵਿਚ ਬਹੁਤ ਸਾਰੀ ਸਿਆਸਤ ਸਿਰਫ਼ ਟਕਰਾਅ ਦੇ ਸਿੱਕੇ ਨਾਲ ਚੱਲਦੀ ਹੈ। ਇਸ ਸਿਆਸਤ ਨੂੰ ਵਕਤੀ ਹੁਲਾਰਾ ਮਿਲਦਾ ਹੈ ਅਤੇ ਮੁੱਖਧਾਰਾ ਗਰਮ-ਦਲੀਆਂ ਦੀ ਹਾਮੀ ਭਰਦੀ ਜਾਪਦੀ ਹੈ। ਕੁਝ ਦੇਰ ਬਾਅਦ ਮੁੱਖਧਾਰਾ ਦੇ ਸਿਆਸਤਦਾਨ ਆਪਣੀ ਸਿਆਸੀ ਜੁਗਤਬੰਦੀ ਵਿਚ ਲੱਗ ਪੈਂਦੇ ਹਨ। ਕਾਂਗਰਸੀਏ-ਅਕਾਲੀ ਡੇਰੇਦਾਰਾਂ ਨਾਲ ਰਿਸ਼ਤੇਦਾਰੀਆਂ ਕੱਢਣ ਲੱਗ ਜਾਂਦੇ ਹਨ। ਸਰਗਰਮ ਹੋਏ ਤਣਾਅ ਦੀ ਬੁਨਿਆਦ ਵਿਚ ਪਏ ਕਾਰਨ ਕਾਇਮ ਰਹਿੰਦੇ ਹਨ, ਪਰ ਸਰਗਰਮੀ ਮੱਠੀ ਹੋਣ ਨਾਲ ਇਹ ਮੁੜ ਕੇ ਗੌਣ ਹੋ ਜਾਂਦੇ ਹਨ। ਅਗਲੇ ਧਮਾਕੇ ਦੀ ਉਡੀਕ ਵਿਚ ਇਹ ਸਾਰਾ ਤਣਾਅ ਲਾਵੇ ਵਾਂਗ ਹੇਠਲੀ ਤੈਅ ਵਿਚ ਜਮ੍ਹਾਂ ਹੁੰਦਾ ਰਹਿੰਦਾ ਹੈ। ਉਪਰਲੀ ਤੈਅ ਤੋਂ ਸਭ ਸਹਿਜ ਜਾਪਣ ਲੱਗਦਾ ਹੈ, ਪਰ ਇਸ ਲਾਵੇ ਦੇ ਫਟਣ ਦੇ ਸਾਰੇ ਕਾਰਨ ਮੌਜੂਦ ਹੁੰਦੇ ਹਨ। ਕਿਸੇ ਫੌਰੀ ਕਾਰਨ ਦੇ ਹਵਾਲੇ ਨਾਲ ਇਹ ਜਵਾਲਾਮੁਖੀ ਆਪਣਾ ਖ਼ਾਸਾ ਜ਼ਾਹਰ ਕਰਦਾ ਰਹਿੰਦਾ ਹੈ। ਪੰਜਾਬ ਅੰਦਰਲੇ ਇਸ ਤਣਾਅ ਨੂੰ ਵਿਦੇਸ਼ਾਂ ਵਿਚ ਬੈਠਾ ਬੰਦਾ ਕਿਵੇਂ ਹੰਢਾਉਂਦਾ ਹੈ? ਦਰਅਸਲ ਇਹ ਤਣਾਅ ਪੰਜਾਬ ਦੀ ਧਰਤੀ ਤੱਕ ਮਹਿਦੂਦ ਨਹੀਂ ਹੈ ਸਗੋਂ ਪੰਜਾਬੀ ਬੰਦੇ ਦੇ ਤਜਰਬੇ ਅਤੇ ਯਾਦਾਸ਼ਤ ਦਾ ਹਿੱਸਾ ਬਣ ਕੇ ਪੂਰੀ ਦੁਨੀਆਂ ਵਿਚ ਫੈਲਿਆ ਹੋਇਆ ਹੈ। ਵਿਦੇਸ਼ੀ ਵਸਦੇ ਪੰਜਾਬੀ ਬੰਦੇ ਦੇ ਹੇਰਵੇ ਦੀ ਇੱਕ ਤੰਦ ਇਸ ਤਣਾਅ ਨਾਲ ਵੀ ਜੁੜਦੀ ਹੈ। ਇਸ ਤਣਾਅ ਨਾਲ ਰੋਜ਼ਾਨਾ ਵਾਹ ਨਾ ਹੋਣ ਕਾਰਨ ਉਸ ਦਾ ਹੇਰਵਾ ਪ੍ਰਚੰਡ ਹੁੰਦਾ ਹੈ। ਪੰਜਾਬ ਵਿਚ ਤਮਾਮ ਤਣਾਅ ਦੇ ਬਾਵਜੂਦ ਸਮਾਜਕ ਤੇ ਕਾਰੋਬਾਰੀ ਵਿਹਾਰ ਕਾਇਮ ਹੈ ਜਿਸ ਦੇ ਹਵਾਲੇ ਨਾਲ ਟਕਰਾਵੀਂ ਸੋਚ ਵਾਲੇ ਵੀ ਇੱਕ-ਦੂਜੇ ਨਾਲ ਢਿੱਲੇ-ਮੱਠੇ ਸੰਪਰਕ ਵਿਚ ਰਹਿੰਦੇ ਹਨ। ਕੁਝ ਗਿਲੇ-ਸ਼ਿਕਵੇ ਮੁੱਕ ਜਾਂਦੇ ਹਨ ਅਤੇ ਕੁਝ ਮਜਬੂਰੀਆਂ ਮਿਲਣ-ਵਰਤਣ ਦਾ ਰਾਹ ਪੱਧਰ ਕਰਦੀਆਂ ਹਨ। ਇਹ ਸਮਾਜਕ ਵਿਹਾਰ ਤਣਾਅ ਨੂੰ ਕੁਝ ਹੱਦ ਤੱਕ ਲਗਾਮ ਪਾਉਂਦਾ ਹੈ। ਕੁਝ ਦਲੀਲਮੰਦ ਇਸ ਤਣਾਅ ਨੂੰ ਕਾਬੂ ਵਿਚ ਕਰਨ ਜਾਂ ਘੱਟ ਕਰਨ ਦਾ ਉਪਰਾਲਾ ਕਰਦੇ ਰਹਿੰਦੇ ਹਨ। ਵਿਦੇਸ਼ੀਂ ਵਸਦੇ ਪੰਜਾਬੀ ਬੰਦੇ ਕੋਲ ਇਹ ਵੰਨ-ਸਵੰਨਾ ਪੰਜਾਬ ਚੱਤੋ-ਪਹਿਰ ਹਾਜ਼ਰ ਨਹੀਂ ਹੁੰਦਾ। ਉਹ ਆਪਣੇ ਤਣਾਅ ਨਾਲ ਲਗਾਤਾਰ ਘੁਲਦਾ ਹੈ। ਮੌਕਾ ਮਿਲਦੇ ਹੀ ਇਹ ਤਣਾਅ ਬਾਹਰ ਆਉਂਦਾ ਹੈ। ਇਸ ਰੁਝਾਨ ਦੀ ਨਿਸ਼ਾਨਦੇਹੀ ਸੰਤ ਰਾਮਾਨੰਦ, ਜਰਨਲ ਕੁਲਦੀਪ ਸਿੰਘ ਬਰਾੜ ਅਤੇ ਉਦੈ ਸਿੰਘ ਉੱਤੇ ਹਮਲਿਆਂ ਰਾਹੀਂ ਹੁੰਦੀ ਹੈ।

ਇਸ ਤਣਾਅ ਵਿਚ ਤਰਲੋਮੱਛੀ ਹੋ ਰਹੇ ਵਿਦੇਸ਼ੀਂ ਵਸਦੇ ਪੰਜਾਬੀ ਦਾ ਵਾਹ ਉਨ੍ਹਾਂ ਮੁਲਕਾਂ ਦੇ ਮਾਹੌਲ ਨਾਲ ਪਿਆ ਹੈ। ਮੌਜੂਦਾ ਦੌਰ ਵਿਚ ਅਮਰੀਕਾ ਅਤੇ ਯੂਰਪ ਦੀਆਂ ਕਈ ਸਰਕਾਰਾਂ ਅਤਿਵਾਦ ਖ਼ਿਲਾਫ਼ ਕੌਮਾਂਤਰੀ ਜੰਗ ਦੇ ਨਾਮ ਉੱਤੇ ਬਹੁਤ ਕੁਝ ਕਰ ਰਹੀਆਂ ਹਨ। ਉਨ੍ਹਾਂ ਸਰਕਾਰਾਂ ਲਈ ਦੁਨੀਆਂ, ਸਿਰਫ਼ ਅਤਿਵਾਦ ਖ਼ਿਲਾਫ਼ ਜੰਗ ਦੇ ਆਰ-ਪਾਰ ਵਾਲੀਆਂ ਦੋ ਧਿਰਾਂ ਵਿਚ ਵੰਡੀ ਹੋਈ ਹੈ। ਸਰਕਾਰਾਂ ਦੀ ਇਸ ਸੋਚ ਦਾ ਅਸਰ ਸ਼ਹਿਰੀਆਂ ਉੱਤੇ ਵੀ ਹੁੰਦਾ ਹੈ। ਯੂਰਪ ਅਤੇ ਅਮਰੀਕਾ ਦੀ ਵਿਦੇਸ਼ ਨੀਤੀ ਇਹੋ ਜਿਹੀ ਸੌੜੀ ਸੋਚ ਦੇ ਵਿਗਸਣ ਦਾ ਕਾਰਨ ਬਣ ਰਹੀ ਹੈ। ਬੰਦਾ ਇਸ ਸੋਚ ਤਹਿਤ ਅੰਤਿਮ ਸੱਚ ਪ੍ਰਾਪਤ ਹੋਣ ਦਾ ਧਾਰਨੀ ਹੋ ਜਾਂਦਾ ਹੈ। ਉਹ ਆਪਣੇ ਤੋਂ ਵੱਖਰੇ ਜਾਂ ਆਪਣੇ ਅਕੀਦਿਆਂ ਉੱਤੇ ਸਵਾਲ ਕਰਨ ਵਾਲਿਆਂ ਨੂੰ ਦੁਸ਼ਮਣ ਕਰਾਰ ਦਿੰਦਾ ਹੈ ਅਤੇ ਹਮਲਾਵਰ ਹੋ ਜਾਂਦਾ ਹੈ। ਇਨ੍ਹਾਂ ਹਾਲਾਤ ਵਿਚ ਬਾਹਰਮੁਖੀ ਪੰਜਾਬੀ ਬੰਦਾ ਤਾਂ ਆਲਮੀ ਸ਼ਹਿਰੀ ਹੋਣ ਦੇ ਰਾਹ ਤੁਰ ਪਿਆ ਹੈ ਅਤੇ ਸਰਕਾਰਾਂ ਦੀ ਕਾਰਗੁਜ਼ਾਰੀ ਉੱਤੇ ਸਵਾਲ ਕਰ ਰਿਹਾ ਹੈ। ਉਹ ਆਪਣੇ ਅੰਦਰਲੇ ਤਣਾਅ ਨਾਲ ਸੰਜੀਦਾ ਸੰਵਾਦ ਵਿਚ ਰੁਝਿਆ ਹੋਇਆ ਹੈ। ਇਨ੍ਹਾਂ ਹਾਲਾਤ ਵਿਚ ਅੰਦਰਮੁਖੀ ਸ਼ਰਧਾਮਈ ਪੰਜਾਬੀ ਬੰਦੇ ਦਾ ਆਤਮਘਾਤੀ ਤਣਾਅ ਵਿਚ ਦਮ ਘੁੱਟ ਰਿਹਾ ਹੈ।

ਮੌਜੂਦਾ ਹਾਲਾਤ ਵਿਚ ਉਦੈ ਸਿੰਘ ਉਤੇ ਹੋਏ ਹਮਲੇ ਦਾ ਫੌਰੀ ਪੱਖ ਅਹਿਮ ਹੈ, ਕਿਉਂਕਿ ਇਸ ਨਾਲ ਹੀ ਕਾਨੂੰਨੀ ਕਾਰਵਾਈ ਅੱਗੇ ਤੁਰਨੀ ਹੈ। ਕਾਨੂੰਨੀ ਕਾਰਵਾਈ ਇਨਸਾਫ਼ ਦਾ ਇੱਕ ਪੱਖ ਹੈ, ਪਰ ਦੂਜਾ ਪੱਖ ਵਧੇਰੇ ਅਹਿਮ ਹੈ; ਉਹ ਇਹ ਕਿ ਮੌਜੂਦਾ ਮਾਹੌਲ ਵਿਚ ਪੰਜਾਬੀ ਬੰਦੇ ਦੀ ਰਾਹਤ ਲਈ ਕੀ ਚਾਰਾਜੋਈ ਕੀਤੀ ਜਾਵੇ। ਉਦੈ ਸਿੰਘ ਉਤੇ ਹੋਏ ਹਮਲੇ ਨੂੰ ਪੰਜਾਬੀ ਬੰਦੇ ਦੀ ਮਾਨਸਿਕ ਹਾਲਤ ਦੇ ਨਮੂਨੇ ਵਜੋਂ ਵੀ ਵੇਖਿਆ ਜਾ ਸਕਦਾ ਹੈ। ਇਹ ਜ਼ਰੂਰੀ ਨਹੀਂ ਕਿ ਪੰਜਾਬੀ ਬੰਦੇ ਦੇ ਅੰਦਰਲਾ ਜਵਾਲਾਮੁਖੀ ਅੰਦਰੂਨੀ ਜਾਂ ਆਪਸੀ ਕਾਰਨਾਂ ਵਿਚੋਂ ਹੀ ਫਟੇ। ਇਸ ਨੂੰ ਫਟਣ ਦਾ ਰਾਹ ਕੋਈ ਵੀ ਮੁਹੱਈਆ ਕਰ ਸਕਦਾ ਹੈ। ਆਖ਼ਰ ਖ਼ਾਨਾਜੰਗੀ ਪੁਲਿਸ ਤੋਂ ਲੈ ਕੇ ਸਿਆਸਤਦਾਨਾਂ ਅਤੇ ਕਾਰੋਬਾਰੀਆਂ ਨੂੰ ਸਦਾ ਹੀ ਰਾਸ ਆਉਂਦੀ ਹੈ। ਪੰਜਾਬੀ ਬੰਦੇ ਸਾਹਮਣੇ ਸਭ ਤੋਂ ਅਹਿਮ ਸਵਾਲ ਇਹੋ ਹੈ ਕਿ ਇੱਕੋ ਵੇਲੇ ਅੰਦਰਮੁਖੀ ਅਤੇ ਬਾਹਰਮੁਖੀ ਹੁੰਦੇ ਹੋਏ ਬੁਨਿਆਦੀ ਮਸਲਿਆਂ ਉੱਤੇ ਸੰਜੀਦਾ ਸੰਵਾਦ ਕਿਵੇਂ ਕੀਤਾ ਜਾਵੇ? ਇਨ੍ਹਾਂ ਮਸਲਿਆਂ ਵਿਚ ਅਧਿਆਤਮ, ਸੱਭਿਆਚਾਰ, ਸਮਾਜਕ ਵਿਹਾਰ, ਸਮਾਜਕ ਇਨਸਾਫ਼, ਮਾਣ-ਸਤਿਕਾਰ ਅਤੇ ਨਵੇਂ ਗਿਆਨ ਤੱਕ ਪਹੁੰਚ ਤੋਂ ਲੈ ਕੇ ਸਿਰਜਣਾ ਨਾਲ ਜੁੜੇ ਦੇ ਸਵਾਲ ਸ਼ਾਮਿਲ ਹਨ।

# ਗੁਜਰਾਤ ਦੇ ਕਾਰਪੋਰੇਟ ਪਸਾਰੇ ਵਿਚ 'ਸਿੱਖ' ਉਜਾੜੇ ਦਾ ਸਵਾਲ

**ਦੇਸ-ਪਰਦੇਸ**

**ਬੂਟਾ ਸਿੰਘ**
ਫੋਨ: 91-94634-74342

ਫਾਸ਼ੀਵਾਦ ਦੇ ਮੁਜੱਸਮੇ ਨਰੇਂਦਰ ਮੋਦੀ ਦੀ ਹਕੂਮਤ ਵਲੋਂ ਗੁਜਰਾਤ ਵਿਚ ਆਬਾਦਕਾਰਾਂ ਨੂੰ ਉਜਾੜੇ ਜਾਣ ਦੇ ਮਾਮਲੇ ਨੂੰ ਮੀਡੀਆ ਵਿਚ ਜਿਸ ਤਰ੍ਹਾਂ ਵਿਗਾੜ ਕੇ ਪੇਸ਼ ਜਾ ਰਿਹਾ ਹੈ, ਉਹ ਹੁਕਮਰਾਨ ਪਾਰਟੀਆਂ ਦੀ ਇਕ-ਦੂਜੇ ਦੀ ਬਦਖੋਹੀ ਕਰ ਕੇ ਇਸ ਨੂੰ ਆਪਣੇ ਸੌੜੇ ਸਿਆਸੀ ਮੁਫ਼ਾਦਾਂ ਲਈ ਵਰਤਣ ਦੀ ਘਿਣਾਉਣੀ ਚਾਲ ਤੋਂ ਵੱਧ ਕੁਝ ਨਹੀਂ ਹੈ। ਜਿਸ ਮੁਲਕ ਵਿਚ 1995 ਤੋਂ ਲੈ ਕੇ 2012 ਤੱਕ 2 ਲੱਖ 70,940 ਕਿਸਾਨ ਖੇਤੀ ਸੰਕਟ ਕਾਰਨ ਖ਼ੁਦਕੁਸ਼ੀਆਂ ਕਰ ਚੁੱਕੇ ਹੋਣ, ਉੱਥੇ ਜਦੋਂ ਇਹ ਪਾਰਟੀਆਂ 'ਸਿੱਖ' ਕਿਸਾਨਾਂ ਦੇ ਉਜਾੜੇ ਬਾਰੇ ਫ਼ਿਕਰਮੰਦੀ ਦੇ ਖੇਖਣ ਕਰਦੀਆਂ ਹਨ, ਤਾਂ ਕੌਣ ਯਕੀਨ ਕਰੇਗਾ? ਕਾਂਗਰਸ ਨੇ ਇਸ ਮਾਮਲੇ ਦੇ ਬਹਾਨੇ ਮੋਦੀ ਦੀ ਮਾਰਫ਼ਤ ਭਾਜਪਾ ਉੱਪਰ ਸਿਆਸੀ ਚਾਂਦਮਾਰੀ ਸ਼ੁਰੂ ਕੀਤੀ ਹੋਈ ਹੈ ਕਿ ਉਸ ਦੀ ਫਿਰਕਾਪ੍ਰਸਤ ਸਰਕਾਰ, ਸਿੱਖ ਧਾਰਮਿਕ ਘੱਟ ਗਿਣਤੀ ਨੂੰ ਨਿਸ਼ਾਨਾ ਬਣਾ ਰਹੀ ਹੈ; ਜਿੱਦਾਂ ਕਿਤੇ ਕਾਂਗਰਸ ਘੱਟ ਗਿਣਤੀਆਂ ਦੀ ਬਹੁਤ ਜ਼ਿਆਦਾ ਹਿਤੈਸ਼ੀ ਹੋਵੇ! ਹਰ ਵਕਤ ਕਿਸੇ ਨਾ ਕਿਸੇ ਵਿਵਾਦ 'ਚ ਘਿਰਿਆ ਰਹਿਣ ਵਾਲਾ ਮੋਦੀ ਉਲਟਾ ਕਾਂਗਰਸ ਸਿਰ ਇਲਜ਼ਾਮ ਲਾ ਰਿਹਾ ਹੈ ਕਿ ਇਸੇ ਨੇ ਬੰਬੇ ਟੈਨੈਂਸੀ ਐਂਡ ਐਗਰੀਕਲਚਰਲ ਲੈਂਡਜ਼ ਐਕਟ 1948 ਤਹਿਤ 1973 'ਚ ਉਹ ਕਾਨੂੰਨ ਬਣਾਇਆ ਸੀ ਜੋ ਬਾਹਰਲੇ ਕਾਸ਼ਤਕਾਰਾਂ ਦੇ ਗੁਜਰਾਤ ਵਿਚ ਜ਼ਮੀਨ ਖ਼ਰੀਦਣ 'ਤੇ ਪਾਬੰਦੀ ਲਾਉਂਦਾ ਅਤੇ ਉਸੇ ਕਾਨੂੰਨ ਨੂੰ ਭਾਜਪਾ ਸਰਕਾਰ ਲਾਗੂ ਕਰ ਕੇ ਜ਼ਮੀਨਾਂ ਛੁਡਵਾ ਰਹੀ ਹੈ। ਭਾਜਪਾ ਦੇ ਪੱਗ ਵੱਟ ਭਾਈਵਾਲ ਬਾਦਲ ਦਲ ਨੇ ਪਹਿਲਾਂ ਤਾਂ ਮਹੀਨਿਆਂ ਬੱਧੀ ਚੁੱਪ ਵੱਟ ਰੱਖਣ 'ਚ ਹੀ ਭਲਾਈ ਸਮਝੀ, ਪਰ ਜਦੋਂ ਮਾਮਲੇ ਨੇ ਜ਼ਿਆਦਾ ਤੂਲ ਫੜ ਲਈ ਤਾਂ ਇਸ ਨੂੰ ਮੂੰਹ ਖੋਲ੍ਹਣਾ ਪਿਆ। ਇਸ ਨੂੰ 'ਸਿੱਖ' ਕਿਸਾਨਾਂ ਦੀ ਪੂਰੀ ਮਦਦ ਕਰਨ ਦਾ "ਭਰੋਸਾ ਦਿਵਾਉਣਾ" ਪਿਆ ਅਤੇ ਮੋਦੀ ਨੂੰ ਮਿਲ ਕੇ ਉਸ ਨੂੰ ਸਿੱਖਾਂ ਨਾਲ ਅਨਿਆਂ ਨਾ ਕਰਨ ਲਈ ਕਹਿਣ ਦਾ ਨਾਟਕ ਵੀ ਕਰਨਾ ਪਿਆ।

ਪੰਜਾਬ ਦੇ ਲੋਕ ਚੰਗੀ ਤਰ੍ਹਾਂ ਜਾਣਦੇ ਹਨ ਕਿ ਜ਼ਮੀਨਾਂ ਤੋਂ ਉਜਾੜੇ ਅਤੇ ਹੱਕ ਮੰਗ ਰਹੇ ਲੋਕਾਂ, ਇੱਥੋਂ ਤੱਕ ਕਿ ਕੁੜੀਆਂ ਨੂੰ ਪੁਲਿਸ ਤੇ ਜਥੇਦਾਰਾਂ ਹੱਥੋਂ ਸੜਕਾਂ ਉੱਪਰ ਗੁੱਤਾਂ ਤੋਂ ਫੜ ਕੇ ਜ਼ਲੀਲ ਕਰਵਾਉਣ ਵਾਲੀ ਬਾਦਲ ਹਕੂਮਤ ਕਿਸਾਨਾਂ ਦੀ ਕਿੰਨੀ ਕੁ ਖ਼ੈਰਖਵਾਹ ਹੈ ਅਤੇ ਇਹ ਸਿੱਖੀ, ਪੱਗਾਂ ਤੇ ਚੁੰਨੀਆਂ ਦਾ ਕਿੰਨਾ ਕੁ ਸਤਿਕਾਰ ਕਰਦੀ ਹੈ। ਇਹ ਉਹ ਹਕੂਮਤ ਹੈ ਜਿਸ ਦੇ ਰਾਜ ਵਿਚ ਆਮ ਮਿਹਨਤਕਸ਼ ਆਵਾਮ ਅਤੇ ਕਿਸਾਨਾਂ ਨਾਲ ਵੱਡੇ ਪੈਮਾਨੇ 'ਤੇ ਧੱਕਾ ਕੀਤਾ ਜਾ ਰਿਹਾ ਹੈ। ਜਿਥੇ ਵਿਕਾਸ ਪ੍ਰੋਜੈਕਟਾਂ ਦੇ ਨਾਂ 'ਤੇ ਕਿਸਾਨਾਂ ਤੋਂ ਜ਼ਮੀਨਾਂ ਖੋਹੀਆਂ ਜਾ ਰਹੀਆਂ ਹਨ। ਸੂਬੇ ਦੇ 88 ਫ਼ੀ ਸਦੀ ਕਰਜ਼ਾਈ ਕਿਸਾਨਾਂ ਦੇ ਸੰਕਟ ਨੂੰ ਦੂਰ ਕਰਨ ਲਈ ਇਸ ਕੋਲ ਕੋਈ ਪ੍ਰੋਗਰਾਮ ਨਹੀਂ ਹੈ। ਕਿਸਾਨ-ਮਜ਼ਦੂਰ ਉਸੇ ਤਰ੍ਹਾਂ ਖ਼ੁਦਕੁਸ਼ੀਆਂ ਕਰ ਰਹੇ ਹਨ ਜਿਵੇਂ ਹੋਰ ਕਾਂਗਰਸ, ਭਾਜਪਾ ਜਾਂ ਹੋਰ ਹਾਕਮ ਜਮਾਤੀ ਪਾਰਟੀਆਂ ਦੇ ਰਾਜ ਵਿਚ। ਇਸ ਦੀ ਸਿੱਧੀ ਸਰਪ੍ਰਸਤੀ ਨਾਲ ਹਾਕਮ ਜਮਾਤੀ ਸਿਆਸਤਦਾਨਾਂ, ਨੌਕਰਸ਼ਾਹਾਂ ਅਤੇ ਭੋਂਇ ਮਾਫ਼ੀਆ (ਆੜ੍ਹਤੀਆਂ ਸਮੇਤ) ਨੇ ਕਿਸਾਨਾਂ ਦੀਆਂ ਜ਼ਮੀਨਾਂ ਧੋਖਾਧੜੀ ਅਤੇ ਤਾਕਤ ਦੇ ਜ਼ੋਰ ਹਥਿਆਉਣ ਦੀ ਸਿਲਸਿਲੇਵਾਰ ਮੁਹਿੰਮ ਵਿੱਢੀ ਹੋਈ ਹੈ ਜਿਸ ਵਿਰੁੱਧ ਕਿਸਾਨੀ ਅਤੇ ਆਬਾਦਕਾਰ ਕਿਸਾਨਾਂ ਨੂੰ ਆਪਣੀਆਂ ਜ਼ਮੀਨਾਂ ਬਚਾਉਣ ਲਈ ਜਾਨ-ਹੂਲਵੀਂ ਲੜਾਈ ਲੜਨੀ ਪੈ ਰਹੀ ਹੈ; ਖ਼ਾਸ ਕਰ ਕੇ ਸਰਹੱਦੀ ਜ਼ਿਲ੍ਹਿਆਂ ਵਿਚ ਜਿਸ ਵਿਚ ਕਿਸਾਨ ਆਗੂ ਸਾਧੂ ਸਿੰਘ ਤਖ਼ਤੂਪੁਰਾ ਅਤੇ ਪ੍ਰਿਥੀਪਾਲ ਸਿੰਘ ਚੱਕ ਅਲੀਸ਼ੇਰ ਵਰਗਿਆਂ ਨੂੰ ਆਪਣੀਆਂ ਜਾਨਾਂ ਵੀ ਦੇਣੀਆਂ ਪਈਆਂ ਸਨ। ਅੱਜ ਵੀ ਇਹ ਕਿਸਾਨੀ ਨੂੰ ਚਿੰਬੜੀ ਆੜ੍ਹਤੀਆ ਪ੍ਰਬੰਧ ਦੀ ਜੋਕ ਨੂੰ ਲਾਹੁਣ ਜਾਂ ਕਿਸਾਨਾਂ ਦੀਆਂ ਫ਼ਸਲਾਂ ਦੀ ਸਿੱਧੀ ਅਦਾਇਗੀ ਦਾ ਪ੍ਰਬੰਧ ਲਿਆਉਣ ਲਈ ਵੀ ਤਿਆਰ ਨਹੀਂ ਹੈ, ਸਗੋਂ ਇਕ ਜਾਂ ਦੂਜੇ ਬਹਾਨੇ ਇਸ ਦੀ ਪੁਸ਼ਤ-ਪਨਾਹੀ ਕਰ ਕੇ ਇਸ ਦੀ ਉਮਰ ਵਧਾਉਣ ਦੀ ਪੂਰੀ ਵਾਹ ਲਾ ਰਹੀ ਹੈ; ਕਿਉਂਕਿ ਇਸ ਦੇ ਆਪਣੇ ਜਮਾਤੀ ਹਿੱਤ ਆੜ੍ਹਤੀਆ ਪ੍ਰਬੰਧ ਨਾਲ ਡੂੰਘੇ ਰੂਪ 'ਚ ਜੁੜੇ ਹੋਏ ਹਨ।

ਇਹ ਸੱਚ ਹੈ ਕਿ ਮੋਦੀ ਹਕੂਮਤ ਨੇ ਉਪਰੋਕਤ ਕਾਨੂੰਨ ਤਹਿਤ 1000 ਕਿਸਾਨਾਂ ਦੀ ਜ਼ਮੀਨ ਰੋਕੀ ਹੋਈ ਹੈ। ਇਹ 1,000 ਕਿਸਾਨ ਉਨ੍ਹਾਂ 10,000 ਆਬਾਦਕਾਰ ਕਿਸਾਨਾਂ ਵਿਚੋਂ ਹਨ ਜੋ 1965 ਦੀ ਭਾਰਤ-ਪਾਕਿ ਜੰਗ ਪਿੱਛੋਂ ਪ੍ਰਧਾਨ ਮੰਤਰੀ ਲਾਲ ਬਹਾਦਰੀ ਸ਼ਾਸਤਰੀ ਦੇ ਸੱਦੇ 'ਤੇ ਪੰਜਾਬ, ਰਾਜਸਥਾਨ ਅਤੇ ਹਰਿਆਣਾ ਤੋਂ ਇਥੇ ਆ ਕੇ ਵਸੇ ਸਨ; ਜਿਨ੍ਹਾਂ ਨੇ ਖ਼ੂਨ-ਪਸੀਨਾ ਡੋਲ੍ਹ ਕੇ ਇਹ ਬੰਜਰ ਜ਼ਮੀਨਾਂ ਆਬਾਦ ਕੀਤੀਆਂ; ਜਿਨ੍ਹਾਂ ਵਿਚ ਇਨ੍ਹਾਂ ਸਿੱਖ ਕਿਸਾਨਾਂ ਦੇ ਕਬਜ਼ੇ ਹੇਠਲੀ 20,000 ਏਕੜ ਜ਼ਮੀਨ ਵੀ ਹੈ। ਇਸ ਤਰ੍ਹਾਂ ਇਨ੍ਹਾਂ 'ਸਿੱਖ' ਆਬਾਦਕਾਰਾਂ ਦਾ ਉਜਾੜਾ ਪੂਰੇ ਮੁਲਕ ਵਿਚ ਆਬਾਦਕਾਰ ਕਿਸਾਨਾਂ ਦੀਆਂ ਆਬਾਦ ਕੀਤੀਆਂ ਜ਼ਮੀਨਾਂ ਨੂੰ ਖੋਹੇ ਜਾਣ ਦੇ ਵਿਆਪਕ ਸਿਲਸਿਲੇ ਦੀ ਕੜੀ ਹੈ। ਤਕਰੀਬਨ ਹਰ ਥਾਂ ਦੀ ਤਰ੍ਹਾਂ ਕਿਸਾਨਾਂ ਨੂੰ ਉਨ੍ਹਾਂ ਦੀਆਂ ਜ਼ਮੀਨਾਂ ਤੋਂ ਉਜਾੜਨ ਦਾ ਇਹ ਮਾਮਲਾ ਵੀ ਪੂਰੀ ਤਰ੍ਹਾਂ ਚਲਾਕੀ ਭਰਿਆ, ਕਾਨੂੰਨੀ ਤੌਰ 'ਤੇ ਖੋਖਲਾ ਅਤੇ ਪੂਰੀ ਤਰ੍ਹਾਂ ਤਰਕਹੀਣ ਹੈ ਅਤੇ ਮੋਦੀ ਸਰਕਾਰ ਨੂੰ ਹਾਈ ਕੋਰਟ ਵਲੋਂ ਇਸ ਮਾਮਲੇ 'ਚ ਭਾਰੀ ਫਿਟਕਾਰ ਦਾ ਸਾਹਮਣਾ ਕਰਨਾ ਪਿਆ। ਹਾਈ ਕੋਰਟ 'ਚ ਕੇਸ ਹਾਰ ਜਾਣ ਪਿੱਛੋਂ ਮੋਦੀ ਸਰਕਾਰ ਸੁਪਰੀਮ ਕੋਰਟ ਦੀ ਸ਼ਰਨ 'ਚ ਗਈ ਹੋਈ ਹੈ।

ਇਹ ਮਸਲਾ ਸਿੱਖ ਕਿਸਾਨੀ ਬਨਾਮ ਹਿੰਦੂ ਫ਼ਿਰਕਾਪ੍ਰਸਤ ਮੋਦੀ ਹਕੂਮਤ ਦਾ ਨਹੀਂ ਹੈ ਹਾਲਾਂਕਿ ਆਮ ਦੀ ਤਰ੍ਹਾਂ ਇਸ ਵਿਚ ਕਿਸੇ ਨਾ ਕਿਸੇ ਪੱਧਰ 'ਤੇ ਘੱਟ ਗਿਣਤੀਆਂ ਵਿਰੋਧੀ ਫੈਕਟਰ ਦੀ ਭੂਮਿਕਾ ਵੀ ਜ਼ਰੂਰ ਹੋਵੇਗੀ; ਪਰ ਬੁਨਿਆਦੀ ਤੌਰ 'ਤੇ ਇਹ ਵਿਦੇਸ਼ੀ ਤੇ ਦੇਸੀ ਕਾਰਪੋਰੇਟ ਸਰਮਾਏਦਾਰੀ ਦਾ ਮੁਲਕ ਦੇ ਵਸੀਲਿਆਂ ਉੱਪਰ ਮੁਕੰਮਲ ਕਬਜ਼ਾ ਕਰਾਉਣ ਅਤੇ ਉਨ੍ਹਾਂ ਦੇ ਸੁਪਰ ਮੁਨਾਫ਼ਿਆਂ ਨੂੰ ਜ਼ਰਬਾਂ ਦੇਣ ਲਈ ਅਪਣਾਏ ਅਖੌਤੀ 'ਵਿਕਾਸ' ਮਾਡਲ ਦੇ ਵਿਆਪਕ ਹਮਲੇ ਦਾ ਅਨਿੱਖੜ ਹਿੱਸਾ ਹੈ, ਜਿਸ ਤਹਿਤ ਮੁਲਕ ਦੇ ਵੱਖੋ-ਵੱਖਰੇ ਹਿੱਸਿਆਂ ਵਿਚ ਕਿਸਾਨਾਂ, ਆਦਿਵਾਸੀਆਂ, ਦਲਿਤਾਂ ਅਤੇ ਹੋਰ ਦੱਬੇ-ਕੁਚਲੇ ਹਿੱਸਿਆਂ ਕੋਲੋਂ ਜ਼ਮੀਨਾਂ, ਜੰਗਲ ਅਤੇ ਦਰਿਆਵਾਂ ਦੇ ਪਾਣੀ, ਮਛੇਰਿਆਂ ਕੋਲੋਂ ਉਨ੍ਹਾਂ ਦੇ ਗੁਜ਼ਾਰੇ ਦਾ ਰਵਾਇਤੀ ਸਾਧਨ- ਦਰਿਆਈ ਅਤੇ ਸਮੁੰਦਰੀ ਕੰਢੇ ਆਦਿ- ਬੇਰਹਿਮੀ ਨਾਲ ਖੋਹੇ ਜਾ ਰਹੇ ਹਨ। ਗੁਜਰਾਤ ਦੇ ਮੋਦੀ ਮਾਰਕਾ 'ਵਿਕਾਸ' ਮਾਡਲ ਨੂੰ ਕਾਰਪੋਰੇਟ ਸਰਮਾਏਦਾਰੀ ਵਲੋਂ ਨਮੂਨੇ ਦੇ ਵਿਕਾਸ ਵਜੋਂ ਪੇਸ਼ ਕੀਤਾ ਜਾ ਰਿਹਾ ਹੈ ਜਿਸ ਦੀ ਵੱਡੀ ਖ਼ੂਬੀ ਹੈ- ਲੋਕਾਂ ਦੇ ਵਸੀਲੇ ਖੋਹ ਕੇ ਕਾਰਪੋਰੇਟਾਂ ਦੇ ਹਵਾਲੇ ਕਰਨ, ਪੂੰਜੀ-ਨਿਵੇਸ਼ ਲਈ ਨਮੂਨੇ ਦਾ ਸਾਜ਼ਗਰ ਮਾਹੌਲ ਦੇਣ ਲਈ ਲੋਕਾਂ ਦੇ ਵਿਰੋਧ ਅਤੇ ਟਰੇਡ ਯੂਨੀਅਨਾਂ ਦਾ ਥੋਕ ਪੱਧਰ 'ਤੇ ਦਮਨ। ਇਸੇ ਲਈ ਕਾਰਪੋਰੇਟ ਲਾਬੀ ਆਪਣਾ ਭਵਿੱਖ ਕਾਂਗਰਸ ਦੀ ਬਜਾਏ ਮੋਦੀ ਦੀ ਵੱਧ ਨੰਗੀ-ਚਿੱਟੀ ਫਾਸ਼ੀਵਾਦੀ ਅਗਵਾਈ ਵਿਚ ਦੇਖਦੀ ਹੈ ਅਤੇ ਨਵਉਦਾਰਵਾਦੀ ਸੁਧਾਰਾਂ ਦੇ ਦੂਜੇ ਗੇੜ ਦੇ ਬੇਰਹਿਮ ਰੱਥ ਅੱਗੇ ਜੁਪਣ ਲਈ ਉਸ ਨੂੰ ਪ੍ਰਧਾਨ ਮੰਤਰੀ ਦੇ ਮਜ਼ਬੂਤ ਦਾਅਵੇਦਾਰ ਵਜੋਂ ਉਭਾਰਿਆ ਜਾ ਰਿਹਾ ਹੈ। ਜਨਵਰੀ 2012 ਵਿਚ ਕੀਤੇ ਗਏ 'ਵਾਈਬਰੈਂਟ ਗੁਜਰਾਤ ਸਿਖਰ ਸੰਮੇਲਨ' ਵਿਖੇ ਮੁਲਕ ਦੇ ਦੋ ਸਿਖ਼ਰਲੇ ਸਰਮਾਏਦਾਰ ਰਤਨ ਟਾਟਾ ਅਤੇ ਮੁਕੇਸ਼ ਅੰਬਾਨੀ ਗੁਜਰਾਤ ਮਾਡਲ ਦੀ ਸ਼ਾਨਦਾਰ ਪ੍ਰਸ਼ਾਸਨਿਕ ਕਾਰਗੁਜ਼ਾਰੀ ਦੀਆਂ ਸਿਫ਼ਤਾਂ ਇਕ-ਦੂਜੇ ਤੋਂ ਅੱਗੇ ਹੋ ਕੇ ਕਰਦੇ ਵੇਖੇ ਗਏ। ਇਹੀ ਸਾਮਰਾਜੀ ਪ੍ਰੈੱਸ ਕਰ ਰਹੀ ਹੈ।

ਦਰਅਸਲ ਮੋਦੀ ਹਕੂਮਤ ਦੀ ਆਵਾਮ ਦੇ ਉਜਾੜੇ ਅਤੇ ਕਾਰਪੋਰੇਟ ਸੇਵਾ ਦੀ ਨੀਤੀ ਮੁਲਕ ਦੀ ਹੁਕਮਰਾਨ ਜਮਾਤ ਦੀ ਆਮ ਨੀਤੀ ਦੀ ਖ਼ਾਸ ਤਰ੍ਹਾਂ ਦੀ ਵੰਨਗੀ ਹੈ; ਖ਼ਾਸ ਇਸ ਲਈ ਕਿ ਉਸ ਵਲੋਂ ਕਾਰਪੋਰੇਟ ਪੂੰਜੀਨਿਵੇਸ਼ ਨੂੰ ਧੂਹ ਪਾਉਣ ਲਈ ਦੂਜਿਆਂ ਦੇ ਮੁਕਾਬਲੇ ਵਧੇਰੇ ਰਿਆਇਤਾਂ, ਟੈਕਸ ਛੋਟਾਂ ਅਤੇ ਕਿਰਤੀਆਂ ਦੇ ਜਥੇਬੰਦ ਹੋਣ ਦੇ ਹੱਕ ਦਾ ਦਮਨ ਕਰਕੇ ਦਿੱਤੀ ਕਾਰਪੋਰੇਟ 'ਸੁਰੱਖਿਆ' ਕਾਰਨ ਉਹ ਕਾਰਪੋਰੇਟਾਂ ਦਾ ਮਨਮੋਹਨ-ਚਿਦੰਬਰਮ-ਮੌਂਟੇਕ ਜੁੰਡਲੀ ਦੇ ਮੁਕਾਬਲੇ ਖ਼ਾਸ ਚਹੇਤਾ ਹੈ। ਗੁਜਰਾਤ ਵਿਚ ਤਿੰਨ ਤਰ੍ਹਾਂ ਦਾ ਪੂੰਜੀਨਿਵੇਸ਼ ਧੜਾਧੜ ਹੋਇਆ ਹੈ। ਵਿਸ਼ੇਸ਼ ਆਰਥਕ ਜ਼ੋਨ ਨਾਲ ਜੁੜ ਕੇ ਬਹੁ-ਮੰਤਵੀ ਟਰਮੀਨਲ, ਬੰਦਰਗਾਹ ਢਾਂਚਾ, ਸਟੋਰੇਜ ਗੋਦਾਮ, ਤੇਲ ਅਤੇ ਰਸਾਇਣਕ ਦੇ ਵਿਸ਼ਾਲ ਪਲਾਂਟ ਅਤੇ ਇਸ ਨਾਲ ਜੁੜਿਆ ਹੋਰ ਬੁਨਿਆਦੀ ਢਾਂਚਾ, ਖ਼ਾਰੇ ਪਾਣੀ ਨੂੰ ਸੋਧਣ ਦੇ ਪਲਾਂਟ, ਪਾਵਰ ਸਟੇਸ਼ਨ ਅਤੇ ਤੇਜ਼ ਰਫ਼ਤਾਰ ਆਵਾਜਾਈ ਲਈ ਮੁਆਫ਼ਕ ਸੜਕਾਂ। ਦੂਜਾ, ਖਣਿਜ ਆਧਾਰਤ ਸਨਅਤਾਂ ਕਿਉਂਕਿ ਕੱਛ ਖੇਤਰ ਚੂਨਾ, ਬਾਕਸਾਈਟ, ਲਿਗਨਾਈਟ, ਕਾਓਲਿਨ, ਬੈਂਟੋਨਾਈਟ, ਜਿਪਸਮ, ਵੱਖ-ਵੱਖ ਤਰ੍ਹਾਂ ਦੀ ਸਨਅਤੀ ਮਿੱਟੀ ਨਾਲ ਭਰਪੂਰ ਖੇਤਰ ਹੈ। ਤੀਜਾ, ਅੰਜਾਰ-ਭਾਚਾਓ ਇਲਾਕੇ ਵਿਚ 2001 ਦੇ ਭੂਚਾਲ ਪਿੱਛੋਂ ਕੇਂਦਰ ਤੇ ਸੂਬਾ ਸਰਕਾਰ ਵਲੋਂ ਦਿੱਤੀਆਂ ਵਿਸ਼ੇਸ਼ ਟੈਕਸ ਛੋਟਾਂ ਦਾ ਲਾਹਾ ਲੈਣ ਲਈ ਖ਼ੁਰਾਕੀ ਤੇਲਾਂ ਦੇ ਕਾਰੋਬਾਰ 'ਚ ਕੰਪਨੀਆਂ ਵਲੋਂ ਵਹੀਰਾਂ ਘੱਤ ਕੇ ਪੂੰਜੀਨਿਵੇਸ਼। ਮਿਸਾਲ ਵਜੋਂ ਅਦਾਨੀ-ਵਿਲਮਰ ਲਿਮਟਿਡ ਅਤੇ ਅਮਰੀਕਾ ਦੀ ਖੇਤੀਬਾੜੀ ਆਧਾਰਤ ਕਾਰੋਬਾਰ ਕਰਨ ਵਾਲੀ ਦਿਓਕੱਦ ਕਾਰਪੋਰੇਸ਼ਨ ਕਾਰਗਿੱਲ ਵਲੋਂ ਨਾਰੀਅਲ ਦੇ ਤੇਲ ਦੀਆਂ ਦਰਾਮਦੀ ਇਕਾਈਆਂ।

ਕੱਛ ਖੇਤਰ ਮੋਦੀ ਦੇ 'ਵਿਕਾਸ' ਮਾਡਲ ਦੀ ਨਮੂਨੇ ਦੀ ਮਿਸਾਲ ਹੈ। ਇਸ ਖੇਤਰ ਦੀ ਸਾਢੇ ਤਿੰਨ ਸੌ ਕਿਲੋਮੀਟਰ ਪੱਟੀ ਸਮੁੰਦਰ ਨਾਲ ਲੱਗਦੀ ਹੈ। ਕੱਛ ਵਿਚ ਰਵਾਇਤੀ ਤੌਰ 'ਤੇ ਜ਼ਮੀਨ ਦੀ ਸਿਰਫ਼ 20 ਫ਼ੀ ਸਦੀ ਮਾਲਕੀ ਨਿੱਜੀ ਹੈ। ਬਾਕੀ ਜ਼ਮੀਨ ਦੀ ਮਾਲਕੀ ਸਰਕਾਰੀ ਅਤੇ ਸਾਂਝੀ ਹੈ। 'ਗੌਚਰ' ਜ਼ਮੀਨ (ਚਰਾਂਦਾਂ ਦੀ ਜ਼ਮੀਨ) ਅਤੇ ਸਮੁੰਦਰੀ ਕੰਢੇ ਜੋ ਸਦੀਆਂ ਤੋਂ ਬੇਆਬਾਦ ਪਏ ਸਨ, ਇਨ੍ਹਾਂ ਉੱਪਰ ਮੋਦੀ ਸਰਕਾਰ ਦੇ 'ਵਿਕਾਸ' ਦੀ ਖ਼ਾਸ ਮਿਹਰ ਹੋਈ ਹੈ। ਇਨ੍ਹਾਂ ਜ਼ਮੀਨਾਂ ਹੇਠ ਦੱਬੇ ਅਮੀਰ ਖਣਿਜਾਂ ਕਾਰਨ ਹਕੂਮਤ ਇਨ੍ਹਾਂ ਨੂੰ ਉਚੇਚੇ ਤੌਰ 'ਤੇ ਖੋਹਣ ਲਈ ਮੁਹਿੰਮ ਚਲਾ ਰਹੀ ਹੈ। ਮਸਲਨ ਉਥੇ ਚਾਲੀ ਹਜ਼ਾਰ ਏਕੜ ਜ਼ਮੀਨ ਰਵਾਇਤੀ ਤਰਜ਼ੇ-ਜ਼ਿੰਦਗੀ ਨਾਲ ਗੁਜ਼ਾਰਾ ਕਰ ਰਹੇ ਲੋਕਾਂ ਨੂੰ ਉਜਾੜ ਕੇ ਵਿਸ਼ੇਸ਼ ਆਰਥਕ ਜ਼ੋਨ ਬਣਾਉਣ ਲਈ ਅਦਾਨੀ ਗਰੁੱਪ ਨੂੰ ਦੇ ਦਿੱਤੀ ਗਈ। ਇਸੇ ਤਰ੍ਹਾਂ ਸਾਂਘੀ ਗਰੁੱਪ ਦਾ ਸੀਮੈਂਟ ਦਾ ਪਲਾਂਟ ਲਾਉਣ ਲਈ ਵੱਡਾ ਰਕਬਾ ਕਬਜ਼ੇ 'ਚ ਲੈ ਕੇ ਉਸ ਦੇ ਹਵਾਲੇ ਕਰ ਦਿੱਤਾ ਗਿਆ। ਇਸ ਤਰ੍ਹਾਂ ਦੀਆਂ ਦਰਜਨਾਂ ਮਿਸਾਲਾਂ ਦਿੱਤੀਆਂ ਜਾ ਸਕਦੀਆਂ ਹਨ।

ਸੰਨ 2000 ਤੋਂ ਲੈ ਕੇ ਇਸ ਵਿਸ਼ਾਲ ਜ਼ਮੀਨ ਨੂੰ ਵਿਕਾਸ ਦੇ ਨਾਂ ਹੇਠ ਕੌਡੀਆਂ ਦੇ ਭਾਅ ਕਾਰਪੋਰੇਟਾਂ ਨੂੰ ਦੇਣ ਦਾ ਸਿਲਸਿਲਾ ਚੱਲ ਰਿਹਾ ਹੈ। ਇਸ ਦੇ ਵਿਰੋਧ ਵਿਚ ਕੱਛ ਇਲਾਕੇ ਦੇ ਉਹ ਸਾਰੇ ਲੋਕ 10-12 ਸਾਲ ਤੋਂ ਲੱਗੇ ਹੋਏ ਹਨ ਜਿਨ੍ਹਾਂ ਦੇ ਰੁਜ਼ਗਾਰ ਦੇ ਵਸੀਲੇ ਲਏ ਗਏ, ਜਾਂ ਖੋਹੇ ਜਾ ਰਹੇ ਹਨ। ਇਨ੍ਹਾਂ ਵਿਚ ਮੱਛੀਆਂ ਫੜਨ ਵਾਲੇ ਮਛੇਰੇ, ਵਿਸ਼ਾਲ ਚਰਾਂਦਾਂ ਵਿਚ ਪਸ਼ੂ ਪਾਲ ਕੇ ਗੁਜ਼ਾਰਾ ਕਰਨ ਵਾਲੇ ਚਰਵਾਹੇ ਭਾਈਚਾਰੇ, ਆਬਾਦਕਾਰ ਕਿਸਾਨ ਆਦਿ ਸ਼ਾਮਲ ਹਨ। ਉਨ੍ਹਾਂ ਦੇ ਜਥੇਬੰਦ ਹੋ ਕੇ ਜਮਹੂਰੀ ਸੰਘਰਸ਼ ਲੜਨ ਅਤੇ ਕਾਨੂੰਨੀ ਚਾਰਾਜੋਈ ਰਾਹੀਂ ਉਜਾੜੇ ਨੂੰ ਰੋਕਣ ਦੀਆਂ ਬਥੇਰੀਆਂ ਮਿਸਾਲਾਂ ਹਨ। ਜਿਨ੍ਹਾਂ ਬਾਰੇ ਕਾਂਗਰਸ ਸਮੇਤ ਸਾਰੀਆਂ ਹੀ ਹੁਕਮਰਾਨ ਪਾਰਟੀਆਂ ਹਮੇਸ਼ਾ ਖ਼ਾਮੋਸ਼ ਰਹਿੰਦੀਆਂ ਹਨ। 'ਸਿੱਖ' ਕਿਸਾਨਾਂ ਦੇ ਉਜਾੜੇ ਦਾ ਵਾਵੇਲਾ ਇਨ੍ਹਾਂ ਪਾਰਟੀਆਂ ਦੀ ਚਤੁਰਾਈ ਤੇ ਬੇਈਮਾਨੀ ਦੀ ਲੜੀ ਵਿਚ ਇਕ ਹੋਰ ਮਿਸਾਲ ਦਾ ਵਾਧਾ ਕਰ ਗਿਆ ਹੈ; ਕਿਉਂਕਿ ਖ਼ੁਦ ਇਹ ਸਾਰੀਆਂ ਅਜਿਹੇ ਸੰਘਰਸ਼ਾਂ ਨੂੰ ਬੇਕਿਰਕੀ ਨਾਲ ਕੁਚਲ ਕੇ ਆਲਮੀ ਤੇ ਮੁਲਕ ਦੀ ਕਾਰਪੋਰੇਟ ਸਰਮਾਏਦਾਰੀ ਦੀਆਂ ਨਜ਼ਰਾਂ 'ਚ ਵਧੇਰੇ ਭਰੋਸੇਯੋਗ ਦਲਾਲ ਵਜੋਂ ਪ੍ਰਵਾਨ ਚੜ੍ਹਨ ਦੀ ਦੌੜ 'ਚ ਇਕ ਦੂਜੇ ਦੇ ਪੈਰ ਮਿੱਧ ਕੇ ਅੱਗੇ ਲੰਘਣ ਲਈ ਪੂਰਾ ਤਾਣ ਲਗਾਉਂਦੀਆਂ ਆਮ ਹੀ ਦੇਖੀਆਂ ਜਾ ਸਕਦੀਆਂ ਹਨ। ਆਵਾਮ ਦੇ ਮਿੱਥ ਕੇ ਉਜਾੜੇ ਅਤੇ ਤਬਾਹੀ ਦੇ ਇਸ ਵਿਆਪਕ ਵਰਤਾਰੇ ਵਿਚੋਂ 'ਸਿੱਖ' ਕਿਸਾਨਾਂ ਦੇ ਮਾਮਲੇ ਨੂੰ ਹੀ ਉਛਾਲਿਆ ਗਿਆ, ਕਿਉਂਕਿ ਇਸ ਵਕਤ ਪੂਰੀ ਤਰ੍ਹਾਂ ਮੋਦੀਕਰਨ ਹੋ ਚੁੱਕੀ ਭਾਜਪਾ ਨੂੰ ਸਿਆਸੀ ਤੌਰ 'ਤੇ ਘੇਰ ਕੇ ਸਿਰ 'ਤੇ ਖੜ੍ਹੀਆਂ ਅਗਲੀਆਂ ਲੋਕ ਸਭਾ ਚੋਣਾਂ 'ਚ ਸਿਆਸੀ ਲਾਹਾ ਖੱਟਣ ਅਤੇ ਪੰਜਾਬ ਵਿਚ ਸਿਆਸੀ ਸ਼ਰੀਕ ਸੱਤਾਧਾਰੀ ਬਾਦਲ ਦਲ ਨੂੰ ਨਿਸ਼ਾਨਾ ਬਣਾਉਣ ਲਈ ਇਸ ਦਾ ਬਾਖ਼ੂਬੀ ਇਸਤੇਮਾਲ ਕੀਤਾ ਜਾ ਸਕਦਾ ਸੀ।

---

# ਭਾਰਤ ਬਨਾਮ ਛੋਟੇ ਸੂਬੇ

**ਪ੍ਰਫੁੱਲ ਬਿਦਵਈ**

ਕਦੇ-ਕਦੇ ਸਿਆਸਤਦਾਨ ਗ਼ਲਤ ਕਾਰਨਾਂ ਕਰ ਕੇ ਸਹੀ ਕੰਮ ਕਰ ਦਿੰਦੇ ਹਨ। ਕਾਂਗਰਸ ਦੀ ਅਗਵਾਈ ਹੇਠਲੇ ਸਾਂਝੇ ਪ੍ਰਗਤੀਸ਼ੀਲ ਗਠਜੋੜ ਵੱਲੋਂ ਆਂਧਰਾ ਪ੍ਰਦੇਸ਼ ਵਿਚੋਂ ਵੱਖਰਾ ਤੇਲੰਗਾਨਾ ਸੂਬਾ ਬਣਾਉਣ ਦੀ ਗੱਲ ਹੀ ਲੈ ਲਓ। ਕਾਂਗਰਸ ਵੱਲੋਂ ਅਜਿਹਾ ਸਿਰਫ ਆਪਣੇ ਨਿੱਜੀ ਹਿਤਾਂ ਦੀ ਪੂਰਤੀ ਲਈ ਕੀਤਾ ਗਿਆ ਹੈ। ਇਸ ਨੂੰ ਆਉਂਦੀਆਂ ਲੋਕ ਸਭਾ ਚੋਣਾਂ ਵਿਚ ਆਂਧਰਾ ਪ੍ਰਦੇਸ਼ ਵਿਚੋਂ ਵੱਡੀ ਹਾਰ ਮਿਲਣ ਦਾ ਡਰ ਸਤਾ ਰਿਹਾ ਸੀ। 2009 ਦੀਆਂ ਚੋਣਾਂ ਵਿਚ ਇਸ ਨੂੰ ਸੂਬੇ ਦੀਆਂ 42 ਲੋਕ ਸਭਾ ਸੀਟਾਂ ਵਿਚੋਂ 33 ਹਾਸਲ ਹੋਈਆਂ ਸਨ। ਤੇਲੰਗਾਨਾ ਅਤੇ ਸੂਬੇ ਦੇ ਬਾਕੀ ਖੇਤਰਾਂ, ਤੱਟਵਰਤੀ ਆਂਧਰਾ ਅਤੇ ਰਾਇਲ ਸੀਮਾ, ਜਿਨ੍ਹਾਂ ਨੂੰ ਸੀਮਾ-ਆਂਧਰਾ ਵੀ ਕਿਹਾ ਜਾਂਦਾ ਹੈ, ਵਿਚ ਇਸ ਦੀਆਂ ਚੋਣ ਸੰਭਾਵਨਾਵਾਂ ਧੁੰਦਲੀਆਂ ਸਨ। ਸੀਮਾ-ਆਂਧਰਾ ਵਿਚ ਜਗਮੋਹਨ ਰੈਡੀ ਦੀ ਅਗਵਾਈ ਹੇਠਲੀ ਵਾਈ.ਐਸ.ਆਰ. ਕਾਂਗਰਸ ਮਜ਼ਬੂਤ ਤਾਕਤ ਬਣ ਚੁੱਕੀ ਹੈ ਜਿਸ ਕਰ ਕੇ ਕਾਂਗਰਸ ਨੂੰ ਵੱਡਾ ਖੋਰਾ ਲੱਗਾ ਹੈ। ਤੇਲੰਗਾਨਾ ਖੇਤਰ ਵਿਚ ਲੋਕ ਇਸ ਲਈ ਕਾਂਗਰਸ ਦੇ ਖਿਲਾਫ਼ ਹੋ ਗਏ ਸਨ ਕਿ 2009 ਵਿਚ ਚਿਦੰਬਰਮ ਵੱਲੋਂ ਵੱਖਰੇ ਸੂਬੇ ਸਬੰਧੀ ਐਲਾਨ ਕਰਨ ਦੇ ਬਾਵਜੂਦ ਉਦੋਂ ਤੋਂ ਹੀ ਕੇਂਦਰ ਸਰਕਾਰ ਵੱਲੋਂ ਇਸ ਸਬੰਧੀ ਲਾਰਿਆਂ ਵਿਚ ਸਮਾਂ ਟਪਾਇਆ ਜਾ ਰਿਹਾ ਸੀ। ਹੁਣ ਨਵਾਂ ਸੂਬਾ ਬਣਾਉਣ ਦੇ ਐਲਾਨ ਤੋਂ ਬਾਅਦ ਕਾਂਗਰਸ ਨੂੰ ਲਾਭ ਮਿਲਣ ਦੀ ਸੰਭਾਵਨਾ ਹੈ। ਇਸ ਨੂੰ ਤੇਲੰਗਾਨਾ ਖੇਤਰ ਵਿਚ ਤਾਂ ਲੋਕਾਂ ਦੀ ਹਮਾਇਤ ਮਿਲੇਗੀ ਹੀ, ਕਾਂਗਰਸ ਨੂੰ ਉਮੀਦ ਹੈ ਕਿ ਇਹ ਜਗਨਮੋਹਨ ਰੈਡੀ ਖਿਲਾਫ਼ ਲੱਗੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਨੂੰ ਮਾਫ਼ ਕਰਾਉਣ ਆਦਿ ਦੀ ਸੌਦੇਬਾਜ਼ੀ ਕਰ ਕੇ ਸੀਮਾ-ਆਂਧਰਾ ਰੈਡੀ ਦੀ ਵਾਈ.ਐਸ.ਆਰ. ਕਾਂਗਰਸ ਨਾਲ ਵੀ ਕਿਸੇ ਤਰ੍ਹਾਂ ਦਾ ਸਮਝੌਤਾ ਕਰ ਲਵੇਗੀ। ਕਾਂਗਰਸ ਦਾ ਇਹ ਵੀ ਸੋਚਣਾ ਹੈ ਕਿ ਆਪਣੇ ਇਸ ਫ਼ੈਸਲੇ ਨਾਲ ਉਹ ਤੇਲੰਗਾਨਾ ਵਿਚ ਭਾਰਤੀ ਜਨਤਾ ਪਾਰਟੀ ਦੀਆਂ ਸੰਭਾਵਨਾਵਾਂ ਨੂੰ ਸੀਮਤ ਕਰ ਦੇਵੇਗੀ।

ਜਿਥੋਂ ਤੱਕ ਤੇਲੰਗਾਨਾ ਨੂੰ ਰਾਜ ਬਣਾਉਣ ਦੀ ਗੱਲ ਹੈ ਤਾਂ ਤੇਲੰਗਾਨਾ ਦਾ ਇਹ ਹੱਕ ਬਿਲਕੁਲ ਜਾਇਜ਼ ਹੈ। ਆਜ਼ਾਦੀ ਤੋਂ ਪਹਿਲਾਂ ਤੇਲੰਗਾਨਾ, ਨਿਜ਼ਾਮ ਦੀ ਹੈਦਰਾਬਾਦ ਰਿਆਸਤ ਨਾਲ ਸਬੰਧਅ ਸੀ। ਸੀਮਾ-ਆਂਧਰਾ ਬਰਤਾਨਵੀ ਹਕੂਮਤ ਵਾਲੀ ਮਦਰਾਸ ਪ੍ਰੈਜ਼ੀਡੈਂਸੀ ਅਧੀਨ ਸੀ। ਇਨ੍ਹਾਂ ਦੋਵਾਂ ਦੇ ਪ੍ਰਸ਼ਾਸਕੀ ਅਤੇ ਸਿੱਖਿਆ ਪ੍ਰਬੰਧ ਵੱਖ-ਵੱਖ ਸਨ। ਇਕ ਦੀ ਸਰਕਾਰੀ ਭਾਸ਼ਾ ਉਰਦੂ ਸੀ ਅਤੇ ਦੂਜੇ ਦੀ ਅੰਗਰੇਜ਼ੀ। ਅੰਗਰੇਜ਼ੀ ਭਾਸ਼ਾ ਦਾ ਗਿਆਨ ਹੋਣ ਕਰ ਕੇ ਸੀਮਾ-ਆਂਧਰਾ ਦੇ ਲੋਕਾਂ ਨੇ ਵੱਡੀ ਗਿਣਤੀ ਵਿਚ ਸਰਕਾਰੀ ਨੌਕਰੀਆਂ ਹਾਸਲ ਕਰ ਲਈਆਂ। ਸਮੁੱਚੇ ਆਂਧਰਾ ਦੀ ਕੁੱਲ ਆਬਾਦੀ ਦਾ 2/5 ਹਿੱਸਾ ਤੇਲੰਗਾਨਾ ਵਿਚ ਹੋਣ ਦੇ ਬਾਵਜੂਦ ਇਸ ਨੂੰ ਸਰਕਾਰੀ ਨੌਕਰੀਆਂ ਦਾ 1/5 ਹਿੱਸਾ ਹੀ ਹਾਸਲ ਹੋਇਆ ਅਤੇ ਉਨ੍ਹਾਂ ਵਿਚੋਂ ਵੀ 1/20 ਲੋਕ ਹੀ ਵਿਭਾਗਾਂ ਦੇ ਮੁਖੀ ਵਗੈਰਾ ਬਣ ਸਕੇ। ਬਰਤਾਨਵੀ ਹਕੂਮਤ ਨੇ ਤਟਵਰਤੀ ਖੇਤਰ ਵਿਚ ਸਿੰਜਾਈ ਪ੍ਰਬੰਧ 'ਚ ਵੱਡਾ ਨਿਵੇਸ਼ ਕੀਤਾ ਜਿਸ ਨਾਲ ਉਥੇ ਖੁਸ਼ਹਾਲ ਜ਼ਿਮੀਂਦਾਰ ਜਮਾਤ ਪੈਦਾ ਹੋ ਗਈ। ਤੇਲੰਗਾਨਾ ਵਿਚ ਅਜਿਹਾ ਕੁਝ ਨਹੀਂ ਹੋ ਸਕਿਆ ਅਤੇ ਇਹ ਇਲਾਕਾ ਗਰੀਬ ਹੀ ਰਿਹਾ।

ਕ੍ਰਿਸ਼ਨਾ ਅਤੇ ਗੋਦਾਵਰੀ ਨਦੀ ਦੇ ਆਲੇ-ਦੁਆਲੇ ਦਾ ਦੋ-ਤਿਹਾਈ ਇਲਾਕਾ ਤੇਲੰਗਾਨਾ ਵਿਚ ਪੈਂਦਾ ਹੈ, ਪਰ ਇਸ ਨੂੰ ਸੂਬੇ ਦੇ ਸਿੰਜਾਈ ਪ੍ਰਬੰਧ ਦਾ ਸਿਰਫ 18 ਫ਼ੀਸਦੀ ਹੀ ਲਾਭ ਹਾਸਲ ਹੁੰਦਾ ਹੈ, ਜਦੋਂ ਕਿ ਤੱਟਵਰਤੀ ਆਂਧਰਾ ਨੂੰ 74 ਫ਼ੀਸਦੀ ਲਾਭ ਮਿਲਦਾ ਹੈ। ਜੰਗਲਾਤ ਅਤੇ ਖਣਿਜ ਦੌਲਤ ਦੇ ਲਾਭਾਂ 'ਤੇ ਵੀ ਇਹੀ ਗੱਲ ਲਾਗੂ ਹੁੰਦੀ ਹੈ। ਤੱਟਵਰਤੀ ਆਂਧਰਾ ਵਿਚ ਜ਼ਿਆਦਾ ਸਨਅਤਾਂ ਲੱਗਣ ਕਰ ਕੇ ਬਾਕੀ ਦੋਵਾਂ ਖੇਤਰਾਂ ਤੋਂ ਜ਼ਿਆਦਾ ਅਮੀਰ ਹੈ। ਉਥੇ ਚੌਲਾਂ ਦੀ ਭਰਪੂਰ ਪੈਦਾਵਾਰ ਹੋਣ ਕਰ ਕੇ ਇਸ ਨੂੰ ਆਂਧਰਾ ਦਾ 'ਚੌਲ ਭੰਡਾਰ' ਵੀ ਕਿਹਾ ਜਾਂਦਾ ਹੈ। ਹੈਦਰਾਬਾਦ ਨੂੰ ਛੱਡ ਕੇ ਤੇਲੰਗਾਨਾ ਦੇ ਬਾਕੀ ਇਲਾਕੇ ਵਿਚ ਬਹੁਤ ਘੱਟ ਸਨਅਤਾਂ ਹਨ। ਇਸ ਦੀ ਬਹੁਤੀ ਖੇਤੀਬਾੜੀ ਮੀਂਹ 'ਤੇ ਹੀ ਨਿਰਭਰ ਹੈ ਅਤੇ ਪੈਦਾਵਾਰ ਵੀ ਘੱਟ ਹੁੰਦੀ ਹੈ। ਤੇਲੰਗਾਨਾ ਅਤੇ ਸੀਮਾ-ਆਂਧਰਾ ਵਿਚਕਾਰ ਸੱਭਿਆਚਾਰਕ, ਨਸਲੀ, ਧਾਰਮਿਕ ਸਰੂਪ ਅਤੇ ਭੋਜਨ ਸਬੰਧੀ ਆਦਤਾਂ ਦਾ ਵੀ ਵੱਡਾ ਫ਼ਰਕ ਹੈ। ਸੀਮਾ-ਆਂਧਰਾ ਵਿਚ ਬੋਲੀ ਜਾਂਦੀ ਤੇਲਗੂ 'ਤੇ ਸੰਸਕ੍ਰਿਤ ਦਾ ਪ੍ਰਭਾਵ ਹੈ ਜਦੋਂ ਕਿ ਤੇਲੰਗਾਨਾ ਵਿਚਲੀ ਤੇਲਗੂ ਬੋਲੀ 'ਤੇ ਉਰਦੂ, ਮਰਾਠੀ ਅਤੇ ਕੰਨੜ ਦਾ ਪ੍ਰਭਾਵ ਹੈ। ਤੇਲੰਗਾਨਾ ਦੇ ਲੋਕਾਂ ਦਾ ਮੰਨਣਾ ਹੈ ਕਿ ਉਨ੍ਹਾਂ ਨੂੰ 'ਸੱਭਿਆਚਾਰਕ ਦਮਨ' ਦਾ ਸ਼ਿਕਾਰ ਬਣਾਇਆ ਗਿਆ ਹੈ। ਉਨ੍ਹਾਂ ਨੂੰ ਸੀਮਾ-ਆਂਧਰਾ ਦੇ ਲੋਕਾਂ ਵੱਲੋਂ ਨੀਵੇਂ ਸਮਝਿਆ ਜਾਂਦਾ ਹੈ ਅਤੇ ਅਕਸਰ ਮੁੱਖ ਧਾਰਾ ਦੇ ਟੀ.ਵੀ. ਲੜੀਵਾਰਾਂ ਆਦਿ ਵਿਚ ਉਨ੍ਹਾਂ ਦਾ ਮਜ਼ਾਕ ਉਡਾਇਆ ਜਾਂਦਾ ਹੈ। ਸਹੀ ਹੋਣ ਜਾਂ ਭਾਵੇਂ ਗ਼ਲਤ, ਪਰ ਅਜਿਹੀਆਂ ਧਾਰਨਾਵਾਂ ਕੁਝ ਨਾ ਕੁਝ ਅਰਥ ਤਾਂ ਰੱਖਦੀਆਂ ਹੀ ਹਨ। ਤੇਲੰਗਾਨਾ ਦੀ ਅਸੰਤੁਸ਼ਟੀ ਦਾ ਇਕ ਹੋਰ ਕਾਰਨ ਤੱਟਵਰਤੀ ਆਂਧਰਾ ਦੇ ਕਾਰੋਬਾਰੀਆਂ ਵੱਲੋਂ ਸਥਾਪਤ ਕੀਤਾ ਗਿਆ ਆਰਥਿਕ ਗਲਬਾ ਹੈ। ਬਹੁਤੀ ਸਨਅਤ ਅਤੇ ਵਪਾਰ ਉਤੇ ਤੱਟਵਰਤੀ ਆਂਧਰਾ ਦੇ ਕਾਰੋਬਾਰੀਆਂ ਦਾ ਹੀ ਕਬਜ਼ਾ ਹੈ। ਪਾਕਿਸਤਾਨ ਅਤੇ ਪੱਛਮੀ ਮੁਲਕਾਂ ਵਿਚ ਜਾਣ ਵਾਲੇ ਮੁਸਲਿਮ ਅਮੀਰਾਂ ਵੱਲੋਂ ਪਿੱਛੇ ਛੱਡੀਆਂ ਗਈਆਂ ਵੱਡੀਆਂ ਜਾਇਦਾਦਾਂ ਵੀ ਅਜਿਹੇ ਕਾਰੋਬਾਰੀਆਂ ਵੱਲੋਂ ਸਾਂਭ ਲਈਆਂ ਗਈਆਂ। 1991 ਵਿਚ ਸ਼ੁਰੂ ਹੋਏ ਉਦਾਰੀਕਰਨ ਦੇ ਦੌਰ ਤੋਂ ਬਾਅਦ ਇਨ੍ਹਾਂ ਕਾਰੋਬਾਰੀਆਂ ਨੇ ਆਪਣੇ ਸਿਆਸੀ ਪ੍ਰਭਾਵ ਦੀ ਵਰਤੋਂ ਕਰਦਿਆਂ ਉਸਾਰੀਆਂ ਆਦਿ ਸਬੰਧੀ ਵੱਡੇ-ਵੱਡੇ ਠੇਕੇ ਆਦਿ ਵੀ ਹਥਿਆਏ। ਹੁਣ ਦਵਾਈਆਂ, ਮੀਡੀਆ ਅਤੇ ਫ਼ਿਲਮ ਦੇ ਖੇਤਰਾਂ ਤੋਂ ਇਲਾਵਾ ਹਵਾਈ ਅੱਡਿਆਂ ਆਦਿ ਦੇ ਖੇਤਰਾਂ ਵਿਚ ਵੀ ਉਨ੍ਹਾਂ ਦਾ ਗਲਬਾ ਹੈ। ਉਨ੍ਹਾਂ ਨੇ ਹੈਦਰਾਬਾਦ ਅਤੇ ਇਸ ਦੇ ਆਲੇ-ਦੁਆਲੇ ਦੇ ਖੇਤਰ ਵਿਚ ਵੱਡਾ ਨਿਵੇਸ਼ ਕੀਤਾ ਹੈ। ਉਹ ਹੈਦਰਾਬਾਦ ਨੂੰ ਆਪਣੇ ਹੱਥੋਂ ਗੁਆਉਣਾ ਨਹੀਂ ਚਾਹੁੰਦੇ। ਉਨ੍ਹਾਂ ਵੱਲੋਂ ਤੇਲੰਗਾਨਾ ਬਣਾਉਣ ਦਾ ਵਿਰੋਧ ਕੀਤੇ ਜਾਣ ਦਾ ਇਕ ਵੱਡਾ ਕਾਰਨ ਵੀ ਇਹੀ ਹੈ। ਉਨ੍ਹਾਂ ਨੂੰ ਸੰਤੁਸ਼ਟ ਕਰਨ ਲਈ ਕੇਂਦਰ ਵੱਲੋਂ ਹੈਦਰਾਬਾਦ ਨੂੰ 10 ਸਾਲਾਂ ਤੱਕ ਤੇਲੰਗਾਨਾ ਅਤੇ ਸੀਮਾ-ਆਂਧਰਾ ਦੀ ਸਾਂਝੀ ਰਾਜਧਾਨੀ ਬਣਾਈ ਰੱਖਣ ਦਾ ਐਲਾਨ ਕੀਤਾ ਗਿਆ ਹੈ, ਪਰ ਹੈਦਰਾਬਾਦ, ਤੇਲੰਗਾਨਾ ਦੀ ਹੀ ਰਾਜਧਾਨੀ ਹੋਣਾ ਚਾਹੀਦਾ ਹੈ। ਇਹ ਤੇਲੰਗਾਨਾ ਦੇ ਮੱਧ ਵਿਚ ਪੈਂਦਾ ਹੈ। ਸੱਭਿਆਚਾਰਕ ਤੌਰ 'ਤੇ ਵੀ ਤੇਲੰਗਾਨਾ ਨਾਲ ਸਬੰਧਤ ਹੈ।

ਸਾਂਝੇ ਪ੍ਰਗਤੀਸ਼ੀਲ ਗਠਜੋੜ ਨੂੰ ਵੱਖਰੇ ਰਾਜਾਂ ਦੇ ਮੁੱਦੇ 'ਤੇ ਪੱਖਪਾਤੀ ਅਤੇ ਚੋਣਵੀਂ ਪਹੁੰਚ ਅਪਣਾਉਣ ਦੀ ਰਾਜਨੀਤੀ ਨਹੀਂ ਕਰਨੀ ਚਾਹੀਦੀ। ਇਸ ਨੂੰ ਇਹ ਗੱਲ ਸਵੀਕਾਰਨੀ ਚਾਹੀਦੀ ਹੈ ਕਿ ਭਾਰਤ ਦੇ ਕਈ ਖੇਤਰਾਂ/ਉਪ-ਖੇਤਰਾਂ ਦੇ ਲੋਕ ਭਾਸ਼ਾਈ ਆਧਾਰ ਤੋਂ ਬਿਨਾਂ ਵੀ ਆਪਣੇ ਵੱਖਰੇ ਰਾਜ ਦੀ ਸਿਰਜਣਾ ਦੀਆਂ ਜਾਇਜ਼ ਖ਼ਾਹਿਸ਼ਾਂ ਰੱਖਦੇ ਹਨ। ਭਾਰਤ ਨੂੰ ਭਾਸ਼ਾਈ ਰਾਜਾਂ ਦੇ ਆਧਾਰ ਤੋਂ ਉੱਪਰ ਉੱਠ ਕੇ ਚੰਗੇ ਪ੍ਰਸ਼ਾਸਨ ਵਾਲੀਆਂ ਛੋਟੀਆਂ ਇਕਾਈਆਂ ਵੱਲ ਵਧਣਾ ਚਾਹੀਦਾ ਹੈ।

ਅਜਿਹਾ ਦੂਜੇ ਰਾਜ ਪੁਨਰਗਠਨ ਕਮਿਸ਼ਨ ਰਾਹੀਂ ਕੀਤਾ ਜਾ ਸਕਦਾ ਹੈ ਜੋ ਕਿਸੇ ਰਾਜ ਦੀ ਸਿਰਜਣਾ ਸਬੰਧੀ ਸਾਰੇ ਪੱਖਾਂ ਦੀ ਸਮੁੱਚੀ ਨਜ਼ਰਸਾਨੀ ਕਰੇ ਅਤੇ ਇਕ ਸੰਤੁਲਿਤ ਪੈਮਾਨਾ ਅਪਣਾਵੇ। ਅਜਿਹੀ ਨਜ਼ਰਸਾਨੀ ਕਰਦਿਆਂ ਨਸਲੀ ਧਾਰਮਿਕ ਅਤੇ ਸੱਭਿਆਚਾਰਕ ਘੱਟ-ਗਿਣਤੀਆਂ ਦੀ ਨੁਮਾਇੰਦਗੀ ਨੂੰ ਆਧਾਰ ਬਣਾਇਆ ਜਾਣਾ ਚਾਹੀਦਾ ਹੈ, ਸਮਾਜਕ ਵਿਕਾਸ ਦੀ ਸਮੁੱਚੀ ਇਕਾਈ ਵਜੋਂ ਰਾਜ ਦੀ ਉਪਯੋਗਤਾ ਅਤੇ ਬੁਨਿਆਦੀ ਢਾਂਚੇ, ਨੌਕਰਸ਼ਾਹਾਂ, ਨਿਆਂਇਕ ਸੰਸਥਾਵਾਂ ਦੀ ਸਾਵੀਂ ਵੰਡ ਆਦਿ ਨੂੰ ਵੇਖਿਆ ਜਾਣਾ ਚਾਹੀਦਾ ਹੈ। ਭਾਰਤ ਵਰਗੇ ਵਿਸ਼ਾਲ ਦੇਸ਼ ਵਿਚ ਅਨੇਕਾਂ ਵੱਡੇ ਸਮੂਹ ਵਿਧਾਨ ਪਾਲਿਕਾ, ਕਾਰਜ ਪਾਲਿਕਾ ਅਤੇ ਨਿਆਂਪਾਲਿਕਾ ਵਿਚ ਲੋੜੀਂਦੀ ਨੁਮਾਇੰਦਗੀ ਤੋਂ ਵਾਂਝੇ ਰਹਿ ਜਾਂਦੇ ਹਨ। ਮਿਸਾਲ ਵਜੋਂ ਖ਼ਾਨਾਬਦੋਸ਼ ਕਬੀਲਿਆਂ ਦਾ 5 ਕਰੋੜ ਦੀ ਗਿਣਤੀ ਨਾਲ ਭਾਰਤ ਦੀ ਆਬਾਦੀ ਵਿਚ 4 ਫ਼ੀਸਦੀ ਹਿੱਸਾ ਹੈ, ਪਰ ਉਨ੍ਹਾਂ ਦੀ ਨੁਮਾਇੰਦਗੀ ਸਿਰਫ 1-2 ਕਾਨੂੰਨਘਾੜੇ ਕਰਦੇ ਹਨ।

# ਪੁੱਤਰ ਮੋਹ ਦੇ ਪੁਰਾਤਨ ਪੱਤਰੇ

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਫੋਨ: 408-915-1268

ਰਾਜਪੂਤਾਨੇ ਦੀ ਹਿੰਦੂ ਰਾਣੀ ਜੋਧਾ ਬਾਈ ਦੀ ਕੁੱਖੋਂ ਪੈਦਾ ਹੋਏ ਆਪਣੇ ਪੁੱਤਰ ਸ਼ਹਿਜ਼ਾਦਾ ਸਲੀਮ ਨੂੰ ਗੋਦੀ 'ਚ ਲੈ ਕੇ ਅਕਬਰ ਸ਼ਹਿਨਸ਼ਾਹ ਲਾਡ ਲਡਾ ਰਿਹਾ ਸੀ। ਰੱਜ ਕੇ ਸੋਹਣੇ ਸੁਨੱਖੇ ਨੈਣ ਨਕਸ਼ਾਂ ਵਾਲੇ ਗੋਰੇ ਨਿਛੋਹ ਸਲੀਮ ਵੱਲ ਦੇਖਦਿਆਂ ਉਸ ਦੇ ਮਨ ਵਿਚ ਪੁੱਤਰ-ਮੋਹ ਦੀ ਕਾਂਗ ਚੜ੍ਹ ਆਈ। ਬੈਠਾ ਬੈਠਾ ਸੋਚਣ ਲੱਗਾ ਕਿ ਮੇਰੇ ਜਿਗਰ ਦੇ ਟੋਟੇ ਸਲੀਮ ਜਿਹਾ ਸੋਹਣਾ ਕੋਈ ਹੋਰ ਬਾਲ ਨਹੀਂ ਹੋ ਸਕਦਾ। ਦਿਲ 'ਚ ਬਾਦਸ਼ਾਹੀ ਚੋਚਲਾ ਫੁਰਿਆ। ਸਲੀਮ ਦੀ ਖਿਡਾਵੀ ਨੂੰ ਸੱਦ ਕੇ ਆਖਿਆ ਕਿ ਜਾਹ, ਸਾਰੀ ਰਾਜਧਾਨੀ ਵਿਚ ਘੁੰਮ ਫਿਰ ਕੇ ਕੋਈ ਐਸਾ ਬੱਚਾ ਲਿਆ ਜੋ ਮੇਰੇ ਸ਼ਹਿਜ਼ਾਦੇ ਜਿੰਨਾ ਸੋਹਣਾ ਮਨਮੋਹਣਾ ਹੋਵੇ।

ਸ਼ਾਮ ਪੈਂਦਿਆਂ ਖਿਡਾਵੀ ਮੈਲੇ ਕੁਚੈਲੇ ਜਿਹੇ ਕੱਪੜਿਆਂ 'ਚ ਲਪੇਟੇ ਹੋਏ ਬਦਸੂਰਤ ਜਿਹੇ ਇਕ ਬਾਲ ਨੂੰ ਲੈ ਕੇ ਰਾਜ ਮਹਿਲੀਂ ਆਣ ਪਹੁੰਚੀ।

"ਲਉ ਜਹਾਂ ਪਨਾਹ...!" ਅਕਬਰ ਨੂੰ ਉਹ ਬੱਚਾ ਦਿਖਾਉਂਦਿਆਂ ਕਹਿਣ ਲੱਗੀ, "ਇਹ ਬੱਚਾ ਮੈਨੂੰ ਸਲੀਮ ਜਿਹਾ ਸੁੰਦਰ ਜਾਪਿਆ ਹੈ।"

ਕਾਲੇ ਕਲੂਟੇ ਅਤੇ ਬਦਸ਼ਕਲ ਜਿਹੇ ਬੱਚੇ ਨੂੰ ਤੱਕ ਕੇ ਬਾਦਸ਼ਾਹ ਝੁੰਜਲਾਇਆ, "ਹੈਅ! ਇਹ ਕੀ ਬਕਵਾਸ ਕਰਨ ਡਹੀ ਏਂ? ਕਿੱਥੇ ਮੇਰਾ ਹੀਰੇ ਜਿਹਾ ਸ਼ਹਿਜ਼ਾਦਾ ਸਲੀਮ, ਤੇ ਕਿੱਥੇ ਇਹ ਇਹ ਭੈੜਾ ਜਿਹਾ ਬਾਲ!!"

"ਬਾਦਸ਼ਾਹ ਸਲਾਮਤ, ਤੁਸੀਂ ਬੇਸ਼ਕ ਇਸ ਨੂੰ ਭੈੜਾ ਆਖੋ, ਪਰ ਮੈਨੂੰ ਤਾਂ ਇਹ ਸਲੀਮ ਨਾਲੋਂ ਵੀ ਕਿਤੇ ਵਧ ਕੇ ਖ਼ੂਬਸੂਰਤ ਜਾਪਦਾ ਹੈ!" ਬੜੇ ਠਰੰਮੇ ਨਾਲ ਖਿਡਾਵੀ ਨੇ ਉਤਰ ਦਿੱਤਾ। ਖਿਡਾਵੀ ਦੀ ਬੇਵਕੂਫੀ 'ਤੇ ਖਫ਼ਾ ਹੁੰਦਿਆਂ ਬਾਦਸ਼ਾਹ ਗਰਜਿਆ, "ਆਖ਼ਰ ਕਿਹੜਾ ਕਾਰਨ ਹੈ ਜੋ ਤੈਨੂੰ ਇਹ ਬਾਲ ਮੇਰੇ ਸਲੀਮ ਤੋਂ ਵੀ ਵੱਧ ਸੁਨੱਖਾ ਜਾਪ ਰਿਹਾ ਐ?"

"ਹਜ਼ੂਰ, ਇਹ ਮੇਰੇ ਢਿੱਡੋਂ ਜਾਇਆ, ਮੇਰਾ ਆਪਣਾ ਪੁੱਤਰ ਹੈ। ਜਿਵੇਂ ਤੁਹਾਡੀਆਂ ਅੱਖਾਂ ਨੂੰ ਆਪਣਾ ਸਲੀਮ ਹੀ ਸਭ ਤੋਂ ਸੁੰਦਰ ਦਿਖਾਈ ਦਿੰਦਾ ਹੈ, ਇਵੇਂ ਮੇਰੀ ਨਜ਼ਰ ਵਿਚ ਮੇਰਾ ਇਹ ਪੁੱਤਰ ਸਾਰੀ ਦੁਨੀਆਂ ਨਾਲੋਂ ਖ਼ੂਬਸੂਰਤ ਹੈ।"

ਤੇ ਹੁਣ ਗੱਲ ਕਰ ਲਈਏ ਪੰਜਾਬ ਦੇ ਗੁਰ ਇਤਿਹਾਸ ਦੀ। ਚੌਥੇ ਗੁਰੂ ਰਾਮਦਾਸ ਜੀ ਦੇ ਵੱਡੇ ਪੁੱਤਰ ਬਾਬਾ ਪ੍ਰਿਥੀ ਚੰਦ ਦਾ ਹੋਣਹਾਰ ਫਰਜ਼ੰਦ ਭਾਈ ਮਿਹਰਬਾਨ, ਜਵਾਨੀ ਦੀ ਦਹਿਲੀਜ਼ 'ਤੇ ਪੈਰ ਧਰਨ ਸਮੇਂ ਹੀ ਫੱਬਦੀ ਤੁਕਬੰਦੀ ਕਰਨ ਲੱਗ ਪਿਆ। ਉਸ ਦੀਆਂ ਲਿਖੀਆਂ ਹੋਈਆਂ ਆਮ ਜਿਹੀਆਂ ਸਤਰਾਂ ਨੂੰ ਵੀ ਉਸ ਦਾ ਬਾਪ ਪੁੱਤਰ ਮੋਹ ਦੀ ਐਨਕ ਨਾਲ ਹੀ ਦੇਖਦਾ। ਪ੍ਰਿਥੀ ਚੰਦ ਨੂੰ ਉਹ 'ਮਹਾਨ ਕਵਿਤਾ' ਦਿਖਾਈ ਦਿੰਦੀਆਂ। ਛੋਟੇ ਭਰਾ ਗੁਰੂ ਅਰਜਨ ਦੇਵ ਨੂੰ ਮਿਲੀ ਗੁਰਗੱਦੀ ਕਾਰਨ ਖਿਝੇ ਹੋਏ ਪ੍ਰਿਥੀ ਚੰਦ ਨੂੰ ਤਰਕੀਬ ਸੁੱਝੀ। ਮਿਹਰਬਾਨ ਦਾ ਜਨਮ ਦਿਨ ਗੁਰੂ ਨਾਨਕ ਆਗਮਨ ਦਿਵਸ ਵਾਲਾ ਹੀ ਹੋਣ ਕਰ ਕੇ ਪ੍ਰਿਥੀ ਚੰਦ ਨੇ ਆਪਣੇ ਪੁੱਤਰ ਨੂੰ ਗੁਰੂ ਨਾਨਕ ਦਾ 'ਅਵਤਾਰ' ਪ੍ਰਚਾਰਨਾ ਸ਼ੁਰੂ ਕਰ ਦਿੱਤਾ। ਮੂੰਹ ਜ਼ੋਰ ਬਾਪ ਦੇ ਧੜੱਲੇਦਾਰ ਪ੍ਰਚਾਰ ਸਦਕਾ ਭਾਈ ਮਿਹਰਬਾਨ ਦਾ ਹੌਸਲਾ ਇੰਨਾ ਵਧ ਗਿਆ ਕਿ ਉਹ ਆਪਣੀਆਂ ਕਵਿਤਾਵਾਂ ਵਿਚ ਗੁਰਬਾਣੀ ਦੀ ਤਰਜ਼ 'ਤੇ ਨਾਨਕ ਪਦ ਦੀ ਵਰਤੋਂ ਕਰਨ ਲੱਗ ਪਿਆ। ਪ੍ਰਿਥੀ ਚੰਦ ਦਾ ਪੁੱਤਰ-ਮੋਹ ਸ਼ਰਧਾਲੂ ਸੰਗਤਾਂ ਲਈ ਵੱਡੀ ਦੁਬਿਧਾ ਖੜ੍ਹੀ ਕਰ ਗਿਆ; ਲੇਕਿਨ ਉਸ ਦਾ ਇਹ ਠਕ-ਠਕਾ ਬਹੁਤਾ ਚਿਰ ਨਾ ਚੱਲ ਸਕਿਆ।

ਗੁਰੂ ਅਰਜਨ ਦੇਵ ਨੇ ਆਦਿ ਬੀੜ ਦੀ ਸੰਪਾਦਨਾ ਕਰ ਦਿੱਤੀ। ਇੰਜ ਭਾਈ ਪ੍ਰਿਥੀ ਚੰਦ ਦਾ ਪੁੱਤਰ-ਮੋਹ ਵਾਲਾ ਸੁਪਨਾ ਚਕਨਾਚੂਰ ਹੋ ਗਿਆ। ਚਾਰ ਕੁ ਦਿਨਾਂ ਲਈ ਭਾਵੇਂ ਪਿਉ-ਪੁੱਤਰ ਨੇ ਆਪਣਾ ਹਲਵਾ-ਮੰਡਾ ਸੋਹਣਾ ਚਲਾ ਲਿਆ, ਪਰ ਆਖ਼ਰ ਨੂੰ 'ਮਨ ਕੀ ਮਨ ਹੀ ਮਾਹਿ ਰਹੀ' ਵਾਲੀ ਗੱਲ ਹੋਈ।

ਇਤਿਹਾਸ ਦਾ ਅਗਲਾ ਪੱਤਰਾ ਹੈ, ਮਹਾਰਾਜਾ ਰਣਜੀਤ ਸਿੰਘ ਵਾਲਾ। ਕਹਿੰਦੇ ਨੇ, ਲਾਹੌਰ ਦਰਬਾਰ ਦੇ ਸਰਦਾਰ ਇਕੱਠੇ ਹੋਏ ਬੈਠੇ ਸਨ। ਸਹਿਵਨ ਗੱਲ ਚੱਲੀ ਕਿ ਰਣਜੀਤ ਸਿੰਘ ਦਾ ਜਾਂ-ਨਸ਼ੀਨ ਕੌਣ ਬਣੇਗਾ? ਸ਼ੇਰ-ਏ-ਪੰਜਾਬ ਦੇ ਪੁੱਤਰ-ਮੋਹ ਨੇ ਉਛਾਲਾ ਮਾਰਿਆ, "ਮੈਥੋਂ ਬਾਅਦ ਵੱਡਾ ਸ਼ਹਿਜ਼ਾਦਾ ਖੜਕ ਸਿੰਘ ਹੀ ਮਹਾਰਾਜਾ ਬਣੇਗਾ, ਹੋਰ ਕੌਣ?" ਇਹ ਗੱਲ ਸੁਣ ਕੇ ਹਰੀ ਸਿੰਘ ਨਲੂਏ ਤੇ ਸ਼ਾਮ ਸਿੰਘ ਅਟਾਰੀ ਜਿਹੇ ਸਰਦਾਰਾਂ ਨੇ 'ਤਖਤਿ ਬਹੈ ਤਖਤੈ ਕੀ ਲਾਇਕ' ਵਾਲੇ ਗੁਰ ਵਾਕ ਦਾ ਹਵਾਲਾ ਦਿੰਦਿਆਂ ਕਿਹਾ ਕਿ ਸਮੂਹ ਪੰਥ ਨੇ ਜਾਨਾਂ ਹੂਲ ਕੇ ਇਹ ਰਾਜ ਕਾਇਮ ਕੀਤਾ ਹੈ। ਇਸ ਦੇ ਵਾਰਸ ਦਾ ਫੈਸਲਾ ਵੀ ਪੰਥ ਹੀ ਕਰੇਗਾ, ਇਕੱਲਾ ਮਹਾਰਾਜਾ ਨਹੀਂ।

ਧਿਆਨ ਸਿੰਘ ਡੋਗਰੇ ਵਰਗਿਆਂ ਨੇ ਚਾਪਲੂਸੀ ਵਾਲਾ ਫਾਰਮੂਲਾ ਵਰਤਦਿਆਂ ਅਤੇ ਮਹਾਰਾਜੇ ਦੀਆਂ ਨਿੱਜੀ ਕਮਜ਼ੋਰੀਆਂ ਦੇ ਭੇਤੀ ਬਣ ਕੇ ਨੀਚ ਗੋਂਦਾਂ ਗੁੰਦਣੀਆਂ ਸ਼ੁਰੂ ਕਰ ਦਿੱਤੀਆਂ। ਲਾਹੌਰ ਦਰਬਾਰ ਦੀ ਬਰਬਾਦੀ ਕਰਾਉਣ ਪਿੱਛੇ ਧਿਆਨ ਸਿੰਘ ਡੋਗਰੇ ਦਾ ਪੁੱਤਰ-ਮੋਹ ਹੀ ਕੰਮ ਕਰ ਰਿਹਾ ਸੀ। ਮਹਾਰਾਜੇ ਦੇ ਹੀਰੇ ਮਰਵਾ ਕੇ ਉਹ ਆਪਣੇ ਪੁੱਤ ਹੀਰਾ ਸਿੰਘ ਨੂੰ ਪੰਜਾਬ ਦੇ ਤਖ਼ਤ 'ਤੇ ਬਿਠਾਉਣਾ ਲੋਚਦਾ ਸੀ; ਪਰ ਹੋਇਆ ਕੀ? ਨਾ ਮਹਾਰਾਜੇ ਦੇ ਸੁਪਨੇ ਪੂਰੇ ਹੋਏ ਅਤੇ ਨਾ ਹੀ ਧਿਆਨ ਸਿੰਘ ਦੇ। ਦੋਹਾਂ ਦੇ ਪੁੱਤਰ-ਮੋਹ ਨੇ ਪੰਜਾਬ ਨੂੰ ਅੰਗਰੇਜ਼ਾਂ ਦੀ ਗੁਲਾਮੀ ਦੇ ਜੂਲੇ ਵਿਚ ਨਰੜ ਦਿੱਤਾ।

ਪੁਰਾਤਨ ਸਮਿਆਂ ਵਾਲੇ ਪਿਤਾ ਪੁਰਖੀ ਬਾਦਸ਼ਾਹੀ ਸਿਸਟਮ ਵਿਚ ਭਾਵੇਂ ਵੱਡੇ ਪੁੱਤਰ ਨੂੰ ਹੀ ਰਾਜ-ਭਾਗ ਦਾ ਵਾਰਸ ਥਾਪਣ ਦੀ ਰਵਾਇਤ ਬਣ ਗਈ ਸੀ, ਪਰ ਹੈਰਾਨੀ ਹੁੰਦੀ ਹੈ ਕਿ ਸਾਡੇ ਦੇਸ਼ ਵਿਚ ਲੋਕ ਰਾਜ ਹੋਣ ਦੇ ਬਾਵਜੂਦ ਭਾਈ-ਭਤੀਜਾਵਾਦ ਜ਼ੋਰ ਫੜਦਾ ਜਾ ਰਿਹਾ ਹੈ। ਕਈ ਸੂਬਿਆਂ ਵਿਚ ਸਥਾਨਕ ਸਿਆਸੀ ਦਲਾਂ ਦੇ ਮੁਖੀਆਂ ਨੇ ਬੜੀ ਵਿਉਂਤਬੰਦੀ ਨਾਲ ਆਪਣੀ ਹੀ ਔਲਾਦ ਨੂੰ ਉਤਰਾਧਿਕਾਰੀ ਬਣਾਇਆ ਹੋਇਆ ਹੈ। ਸਾਡੇ ਸਭਿਆਚਾਰ ਵਿਚ 'ਮਿੱਠਾ ਮੇਵਾ' ਮੰਨੇ ਜਾਂਦੇ ਪੁੱਤਰ ਨਾਲ ਮੋਹ ਕਰਨਾ ਕੋਈ ਗੁਨਾਹ ਨਹੀਂ, ਪਰ ਇਹ ਗੱਲ ਜਾਇਜ਼ ਨਹੀਂ ਹੈ ਕਿ 'ਅੰਨਾ ਵੰਡੇ ਸ਼ੀਰਨੀ ਮੁੜ ਮੁੜ ਆਪਣਿਆਂ ਨੂੰ' ਵਾਂਗ ਹੱਕ-ਬਜਾਨਬ ਲੋਕਾਂ ਨੂੰ ਨਜ਼ਰ-ਅੰਦਾਜ਼ ਕਰ ਕੇ ਆਪਣੇ ਪੁੱਤ ਭਤੀਜਿਆਂ ਨੂੰ ਸਭ ਦੇ ਸਿਰ 'ਤੇ ਬਿਠਾਇਆ ਜਾਵੇ। ਅਜਿਹੇ ਮੌਕਿਆਂ 'ਤੇ ਪੁੱਤਰ-ਮੋਹ ਕਾਰਨ ਫਾਡੀ ਰਹਿ ਗਏ ਹੱਕੀ ਬੰਦੇ ਭਾਵੇਂ ਮਜਬੂਰੀਵੱਸ ਚੁੱਪ ਵੱਟ ਲੈਂਦੇ ਹਨ, ਪਰ ਤਾਰੀਖ ਗਵਾਹ ਹੈ ਕਿ ਕੱਖਾਂ ਥੱਲੇ ਦੱਬੀ ਅੱਗ ਕਦੇ ਨਾ ਕਦੇ ਸੁਲਗ ਹੀ ਪੈਂਦੀ ਹੁੰਦੀ ਹੈ।

ਕਿਸੇ ਹੋਰ ਖਿੱਤੇ ਦੀ ਪੁਣ-ਛਾਣ ਕਰਨ ਨਾਲੋਂ ਆਪਾਂ ਪੰਜਾਬ ਵੱਲ ਹੀ ਨਜ਼ਰ ਮਾਰਦੇ ਹਾਂ। ਵਰਤਮਾਨ ਪੰਜਾਬ ਸਰਕਾਰ ਦੇ ਮੁਖੀਏ ਨੇ ਪੁੱਤਰ-ਮੋਹ ਹੀ ਨਹੀਂ, ਸਗੋਂ ਕੁਨਬਾਪਰਵਰੀ ਦੇ ਸਾਰੇ ਅਗਲੇ ਪਿਛਲੇ ਰਿਕਾਰਡ ਮਾਤ ਪਾ ਦਿੱਤੇ ਹਨ। ਪੰਜਾਬ ਦੇ ਮੰਤਰੀ ਮੰਡਲ, ਸੱਤਾਧਾਰੀ ਧਿਰ ਦੇ ਵਿਧਾਨਕਾਰਾਂ ਜਾਂ ਸੰਸਦ ਮੈਂਬਰਾਂ ਵਿਚੋਂ ਅਨੇਕਾਂ ਦੀਆਂ ਜੜ੍ਹਾਂ ਇਕੋ ਪਰਿਵਾਰ ਨਾਲ ਜੁੜਦੀਆਂ ਹਨ। ਜ਼ੁਬਾਨੀ-ਕਲਾਮੀ ਦਾਅਵਾ ਇਹ ਕੀਤਾ ਜਾਂਦਾ ਹੈ ਕਿ 'ਸਾਡਾ ਦਲ' ਸਿੱਖ ਪੰਥ ਦੀ ਪ੍ਰਤੀਨਿਧਤਾ ਕਰਦਾ ਹੈ, ਪਰ ਇਸ 'ਦਲ' ਦੇ ਕਰਤੇ-ਧਰਤੇ, ਸਿੱਖ ਇਤਿਹਾਸ ਦੀ ਇਸ ਹਕੀਕਤ ਤੋਂ ਅਣਜਾਣ ਹਨ ਕਿ 'ਪ੍ਰਾਚੀਨ ਪੰਥ ਪ੍ਰਕਾਸ਼' ਦੇ ਕਰਤਾ ਭਾਈ ਰਤਨ ਸਿੰਘ 'ਭੰਗੂ' ਮੁਤਾਬਿਕ ਸਿੱਖਾਂ ਦੇ ਵੱਡੇ ਵਡੇਰੇ ਆਪਣੀ ਔਲਾਦ ਨੂੰ ਵੱਡੇ ਚਾਅ ਨਾਲ ਦੇਸ਼, ਧਰਮ, ਕੌਮ ਤੋਂ ਨਿਛਾਵਰ ਕਰ ਦਿੰਦੇ ਹਨ। ਸਰਬੰਸਦਾਨੀ ਗੁਰੂ ਗੋਬਿੰਦ ਸਿੰਘ ਵੱਲ ਧਿਆਨ ਧਰਦਿਆਂ ਉਹ ਆਖਿਆ ਕਰਦੇ ਸਨ,

ਹਮ ਕਾਰਨਿ ਗੁਰ ਕੁਲਹਿ ਗਵਾਈ।
ਹਮ ਕੁਲ ਰਾਖਹਿ ਕਵਨ ਵਡਾਈ?

ਪੁੱਤਰ-ਮੋਹ ਅਧੀਨ ਹੋਰਾਂ ਦੇ ਹੱਕ ਮਾਰਨ ਦੀਆਂ ਪੁਰਾਤਨ ਤੇ ਵਰਤਮਾਨ ਕਹਾਣੀਆਂ ਨਾਲ ਕਈ ਸਫੇ ਭਰੇ ਜਾ ਸਕਦੇ ਹਨ। ਇਹ ਪ੍ਰਮਾਣ ਲੜੀ ਬੜੀ ਲੰਮੀ ਖਿੱਚੀ ਜਾ ਸਕਦੀ ਹੈ; ਮਰਹੂਮ ਸ਼ਿਵ ਕੁਮਾਰ ਬਟਾਲਵੀ ਦੇ ਬੋਲਾਂ ਵਾਂਗ 'ਨਾ ਮੇਰੇ ਗੀਤ ਮੁੱਕਦੇ ਨੇ, ਨਾ ਭੈੜੀ ਰਾਤ ਮੁੱਕਦੀ ਏ', ਪਰ ਜਾਂਦੇ ਜਾਂਦੇ ਪੁੱਤਰ-ਮੋਹ ਤੋਂ ਅਣਜਾਣ ਇਕ ਪੇਂਡੂ ਮੁੰਡੇ ਦਾ ਵਿਅੰਗ ਨੁਮਾ ਕਿੱਸਾ ਸੁਣ ਲਈਏ।

ਇਕ ਪਿੰਡ ਵਿਚ ਰਹਿੰਦੇ ਗਰੀਬੜੇ ਜਿਹੇ ਪਰਿਵਾਰ ਦਾ ਮੁੰਡਾ ਆਪਣੇ ਪਿੰਡ ਦੇ ਜ਼ੈਲਦਾਰ ਦੇ ਰੋਅਬ-ਦਾਬ ਤੋਂ ਬਹੁਤ ਪ੍ਰਭਾਵਤ ਹੋਇਆ। ਚਿੱਟੇ ਕੱਪੜੇ ਪਹਿਨ ਕੇ ਘੋੜੀ 'ਤੇ ਚੜ੍ਹੇ ਜਾਂਦੇ ਜ਼ੈਲਦਾਰ ਵੱਲ ਉਹ ਕਿੰਨਾ ਕਿੰਨਾ ਚਿਰ ਟਿਕ ਟਿਕੀ ਲਾ ਕੇ ਦੇਖਦਾ ਰਹਿੰਦਾ। ਪਿੰਡ ਦਾ ਕੋਈ ਵੀ ਜੀਅ ਉਹਦੇ ਮੋਹਰੇ ਕੂ ਨਾ ਸਕਦਾ। ਇਸੇ ਤਰ੍ਹਾਂ ਜ਼ੈਲਦਾਰ ਦੇ ਮੁੰਡਿਆਂ ਦੀ ਵੀ ਪਿੰਡ 'ਚ ਪੂਰੀ ਦਹਿਸ਼ਤ ਸੀ। ਉਨ੍ਹਾਂ ਮੋਹਰੇ ਕੋਈ ਅੱਖ ਨਾ ਚੁੱਕਦਾ। ਜ਼ੈਲਦਾਰ ਦੇ ਕੁਨਬੇ ਨੂੰ ਚੰਮ ਦੀਆਂ ਚਲਾਉਂਦਿਆਂ ਦੇਖ ਕੇ ਇਕ ਦਿਨ ਉਸ ਪੇਂਡੂ ਮੁੰਡੇ ਨੇ ਆਪਣੀ ਬੁੱਢੀ ਮਾਂ ਨੂੰ ਪੁੱਛਿਆ, "ਭਲਾ ਮਾਂ, ਜੇ ਜ਼ੈਲਦਾਰ ਦੀ ਮੌਤ ਹੋ ਜਾਵੇ ਤਾਂ ਉਸ ਦੀ ਥਾਂ ਨਵਾਂ ਜ਼ੈਲਦਾਰ ਕੌਣ ਬਣੂੰ?"

ਇਹ ਸਵਾਲ ਕਰਨ ਵੇਲੇ ਸ਼ਾਇਦ ਮੁੰਡਾ ਸ਼ੇਖ ਚਿੱਲੀ ਵਾਲਾ ਕੋਈ ਸੁਪਨਾ ਦੇਖ ਰਿਹਾ ਹੋਵੇਗਾ, ਪਰ ਉਸ ਦੀ ਮਾਂ ਨੇ ਉਹਦੇ ਕੰਨ ਕੋਲ ਨੂੰ ਮੂੰਹ ਕਰ ਕੇ ਹੌਲੀ ਦੇਣੀ ਜਵਾਬ ਦਿੱਤਾ, "ਸੁਖ ਨਾਲ ਉਹਦਾ ਵੱਡਾ ਮੁੰਡਾ ਹੈਗਾ ਏ, ਉਹ ਕਰੇਗਾ ਜ਼ੈਲਦਾਰੀ।" ਮੁੰਡੇ ਨੇ ਤੱਤੇ-ਘਾਅ ਅਗਲਾ ਸਵਾਲ ਕਰ ਦਿੱਤਾ, "ਜੇ ਭਲਾ ਉਹ ਵੀ ਮਰ ਜਾਏ, ਫੇਰ?" ਕੁ-ਸਗਨੀਆਂ ਗੱਲਾਂ ਕਰ ਰਹੇ ਆਪਣੇ ਮੁੰਡੇ 'ਤੇ ਥੋੜ੍ਹਾ ਖਿਝ ਕੇ ਮਾਤਾ ਕਹਿੰਦੀ, "ਕਾਕਾ, ਓਦੂੰ ਛੋਟਾ ਜੂ ਹੈਗਾ ਏ।" ਕੁਝ ਪਲ ਚੁੱਪ ਰਹਿਣ ਪਿੱਛੋਂ ਕੁਝ ਸੋਚ ਕੇ ਮੁੰਡੇ ਨੇ ਗੋਲੀ ਵਾਂਗ ਅਗਲਾ ਸਵਾਲ ਦਾਗ ਦਿੱਤਾ, "ਜੇ ਭਲਾ ਅਚਾਨਕ ਰੱਬ ਦਾ ਭਾਣਾ ਵਰਤ ਜਾਏ, ਛੋਟਾ ਵੀ ਤੁਰ ਜਾਏ, ਫੇਰ ਜ਼ੈਲਦਾਰ ਕੌਣ ਬਣੇਗਾ?"

ਐਤਕੀਂ ਮਾਂ ਦਾ ਸਬਰ ਦਾ ਪਿਆਲਾ ਟੁੱਟ ਗਿਆ! ਅਸਮਾਨੀ ਬਿਜਲੀ ਵਾਂਗ ਗੜ੍ਹਕਦਿਆਂ ਬੋਲੀ, "ਭਾਵੇਂ ਜ਼ੈਲਦਾਰ ਦਾ ਸਾਰਾ ਟੱਬਰ ਮਰ ਜਾਏ, ਪਰ ਤੇਰੀ ਵਾਰੀ ਨਹੀਂ ਆਉਣੀ ਬੱਚੂ!...ਉਹਦਾ ਹੋਰ ਬਥੇਰਾ ਲੰਮਾ ਚੌੜਾ ਕੁਨਬਾ ਹੈਗਾ ਏ ਜ਼ੈਲਦਾਰੀ ਸਾਂਭਣ ਨੂੰ!!"

ਅਜੋਕੇ ਯੁਗ ਦੇ 'ਲੋਕਤੰਤਰਿਕ ਜ਼ੈਲਦਾਰ' ਇੰਨੇ ਸ਼ਾਤਰ, ਢੀਠ ਅਤੇ ਰੱਜ ਕੇ ਮੀਸਣੇ ਬਣੇ ਹੋਏ ਹਨ ਕਿ ਆਪਣੀ ਜ਼ੈਲਦਾਰੀ ਦਾ 'ਉਤਰਾਧਿਕਾਰੀ' ਆਪਣੇ ਹੀ ਪੁੱਤ ਭਤੀਜਿਆਂ ਨੂੰ ਥਾਪਣ ਤੋਂ ਪਹਿਲਾਂ ਮਾੜੀ ਮੋਟੀ ਚੂੰ-ਚਰਾਂ ਕਰਨ ਵਾਲਿਆਂ ਨੂੰ ਅਗਾਊਂ ਹੀ 'ਕਾਣੇ' ਕਰ ਲੈਂਦੇ ਹਨ। ਖ਼ੁਦਗਰਜ਼ੀ ਅਤੇ ਮੱਕਾਰੀ ਦੇ ਮੇਲ-ਜੋਲ ਨਾਲ ਐਸਾ ਮਾਹੌਲ ਬਣਾ ਲੈਂਦੇ ਹਨ ਕਿ ਆਪਣੇ ਹੱਕ ਗਵਾਉਣ ਵਾਲੇ ਸਿਵਾਏ ਬਾਹਾਂ ਖੜ੍ਹੀਆਂ ਕਰ ਕੇ 'ਜ਼ਿੰਦਾਬਾਦ' ਦੇ ਨਾਅਰੇ ਲਾਉਣ ਦੇ ਸਾਹ ਵੀ ਉੱਚਾ ਨਹੀਂ ਲੈ ਸਕਦੇ। ਪੁੱਤਰ-ਮੋਹ ਵਿਚ ਅੰਨ੍ਹੇ ਹੋ ਕੇ ਰਾਜ-ਭਾਗ ਨੂੰ ਘਰ ਦੀ ਜਗੀਰ ਬਣਾਉਣ ਵਾਲੇ ਆਗੂ ਇਤਿਹਾਸ ਦੇ ਬੇਦਰਦ ਪੱਤਰੇ ਨਹੀਂ ਪੜ੍ਹਦੇ ਸ਼ਾਇਦ!

ਇਕ ਲਖ ਪੂਤ ਸਵਾ ਲਖ ਨਾਤੀ॥
ਤਿਹ ਰਾਵਣ ਘਰ ਦੀਆ ਨਾ ਬਾਤੀ॥

## ਸੰਪਾਦਕ ਦੀ ਡਾਕ

### ਬਾਬੂ ਰਜਬ ਅਲੀ ਦਾ ਜਾਦੂ

ਸਾਡੇ ਇਥੇ ਪੰਜਾਬ ਟਾਈਮਜ਼ ਦਾ ਪ੍ਰਿੰਟ ਐਡੀਸ਼ਨ ਨਹੀਂ ਪਹੁੰਚਦਾ ਪਰ ਇੰਟਰਨੈਟ 'ਤੇ ਪੜ੍ਹਨ ਦਾ ਐਸਾ ਭੁੱਸ ਪਿਆ ਹੈ ਕਿ ਬੁੱਧਵਾਰ ਸਵੇਰੇ ਹੀ ਕੰਪਿਊਟਰ ਖੋਲ੍ਹ ਪੰਜਾਬ ਟਾਈਮਜ਼ ਪੜ੍ਹਨ ਲਗਦਾ ਹਾਂ। ਇਹ ਵੀ ਚੰਗੀ ਗੱਲ ਹੈ ਕਿ ਸਵੇਰੇ 7 ਵਜੇ ਤੱਕ ਅਖਬਾਰ ਵੈਬਸਾਈਟ 'ਤੇ ਪਿਆ ਹੋਇਆ ਹੁੰਦਾ ਹੈ। ਬਾਬੂ ਰਜਬ ਅਲੀ ਦੀ ਰਚਨਾ ('ਪੰਜਾਬ ਟਾਈਮਜ਼' ਅੰਕ 32) ਪੜ੍ਹ ਕੇ ਖ਼ੁਸ਼ੀ ਵੀ ਹੋਈ ਅਤੇ ਹੈਰਾਨੀ ਵੀ। ਹੈਰਾਨੀ ਸਗੋਂ ਵੱਧ ਹੋਈ। ਅੱਜਕੱਲ੍ਹ ਅਜਿਹੀਆਂ ਰਚਨਾਵਾਂ ਅਤੇ ਰਚਨਾਕਾਰਾਂ ਨੂੰ ਕੌਣ ਗੌਲਦਾ ਹੈ? ਐਤਕੀਂ ਵਾਲੀ ਕਵਿਤਾ ਪੜ੍ਹ ਕੇ ਵਜਦ ਜਿਹੇ ਵਿਚ ਆ ਗਿਆ। ਘਰ ਵਾਲੇ ਪੁੱਛਣ ਕਿ ਤੁਹਾਨੂੰ ਹੋ ਕੀ ਗਿਆ ਹੈ? ਮੈਂ ਝੱਟ 'ਯੂਟਿਊਬ' ਉਤੇ ਬਾਬੂ ਰਜਬ ਅਲੀ ਕੱਢ ਲਿਆ। ਸਾਰੇ ਟੱਬਰ ਨੇ ਉਹਦੀ ਕਵਿਤਾ ਦਾ ਅਨੰਦ ਲਿਆ। ਚਿਰਾਂ ਬਾਅਦ ਟੱਬਰ ਵਿਚ ਅਜਿਹਾ ਕ੍ਰਿਸ਼ਮਾ ਵਾਪਰਿਆ। ਇਸ ਕ੍ਰਿਸ਼ਮੇ ਵਿਚ 'ਪੰਜਾਬ ਟਾਈਮਜ਼' ਦਾ ਯੋਗਦਾਨ ਮੈਂ ਹੁਣ ਸ਼ਾਇਦ ਕਦੀ ਨਾ ਭੁਲਾ ਸਕਾਂ। ਹੁਣ ਤਾਂ ਨਿਆਣੇ 'ਯੂਟਿਊਬ' ਉਤੇ ਅਜਿਹੇ ਹੋਰ ਗੀਤ ਲੱਭਣ ਲੱਗ ਪਏ ਹਨ।

ਬਾਬੂ ਰਜਬ ਅਲੀ ਦੀਆਂ ਰਚਨਾਵਾਂ ਬਹੁਤ ਚਿਰ ਪਹਿਲਾਂ ਐਮ.ਏ. ਕਰਦਿਆਂ ਪੜ੍ਹੀਆਂ ਸਨ। ਫਿਰ ਕਦੀ-ਕਦਾਈਂ ਇਹ ਕੰਨੀਂ ਪੈਂਦੀਆਂ ਰਹੀਆਂ। ਹੁਣ ਇਤਨੇ ਸਾਲਾਂ ਬਾਅਦ ਉਸੇ ਤਰ੍ਹਾਂ ਦਾ ਜਾਦੂ ਫਿਰ ਹੋ ਗਿਆ ਹੈ। ਮੈਂ ਸ਼ਾਇਦ ਇਸ ਕਰ ਕੇ ਵੀ ਭਾਵੁਕ ਹੋ ਰਿਹਾ ਹਾਂ, ਕਿਉਂਕਿ ਬਾਬੂ ਰਜਬ ਅਲੀ ਦਾ ਗੀਤ ਗਾਉਣ ਤੋਂ ਬਾਅਦ, ਮੇਰੇ ਬੂਹੇ ਉਤੇ ਪਿਆਰ ਨੇ ਦਸਤਕ ਦੇ ਦਿੱਤੀ ਸੀ। ਖੈਰ! ਉਸੇ ਪਿਆਰ ਸਦਕਾ ਹੀ ਬਾਬੂ ਰਜਬ ਅਲੀ ਮੇਰੇ ਅੰਦਰ ਕਿਤੇ ਬੈਠਾ ਗਾਉਂਦਾ ਰਹਿੰਦਾ ਹੈ।

*-ਕੁਲਜੀਤ ਸਿੰਘ*
*ਐਲ ਏ, ਕੈਲੀਫੋਰਨੀਆ*

### ਰਿਬੇਰੋ ਦੀ ਆਪਬੀਤੀ

ਆਪ ਜੀ ਦੀ ਅਖਬਾਰ ਵਿਚ ਛਪ ਰਹੀ ਰਿਬੇਰੋ ਦੀ ਆਪਬੀਤੀ ਮੈਂ ਬੜੇ ਗਹੁ ਨਾਲ ਪੜ੍ਹ ਰਿਹਾ ਹਾਂ। ਦਸ ਅਗਸਤ ਵਾਲੇ ਅੰਕ ਵਿਚ ਅੰਗਰੇਜ਼ੀ ਵਿਚ ਲਿਖੀ ਇਸ ਲਿਖਤ ਨੂੰ ਪੰਜਾਬੀ ਵਿਚ ਉਲਥਾਉਣ ਵਾਲੇ ਪ੍ਰੋ. ਹਰਪਾਲ ਸਿੰਘ ਪੰਨੂ ਦੇ ਵਿਚਾਰ ਪੜ੍ਹੇ। ਪੜ੍ਹ ਕੇ ਲੱਗਿਆ, ਜਿਵੇਂ ਉਨ੍ਹਾਂ ਨੇ ਮੇਰੇ ਮੂੰਹ 'ਚੋਂ ਗੱਲ ਖੋਹ ਲਈ ਹੋਵੇ। ਉਨ੍ਹਾਂ ਦਾ ਇਹ ਕਹਿਣਾ ਬਿਲਕੁਲ ਦਰੁਸਤ ਹੈ ਕਿ ਤੱਤੇ ਘਾਹ ਕੁਝ ਵੀ ਕਹਿਣਾ ਸੰਭਵ ਨਹੀਂ ਹੁੰਦਾ, ਪਰ ਹੁਣ ਉਸ ਖੂਨ-ਖਰਾਬੇ ਨੂੰ ਕਈ ਦਹਾਕੇ ਹੋ ਚੱਲੇ ਹਨ। ਬਹੁਤ ਸਾਰਾ ਪਾਣੀ ਪੁਲਾਂ ਹੇਠੋਂ ਲੰਘ ਗਿਆ ਹੈ। ਉਸ ਵੇਲੇ ਦੀ ਰਾਜਨੀਤੀ ਦੀਆਂ ਕਈ ਘੁੰਡੀਆਂ ਵੀ ਖੁੱਲ੍ਹ ਚੁੱਕੀਆਂ ਹਨ। ਉਸ ਦੌਰ ਵੇਲੇ ਮੈਂ ਖੁਦ ਪੰਜਾਬ ਵਿਚ ਸੀ ਅਤੇ ਬੜਾ ਕੁਝ ਆਪਣੀ ਅੱਖੀਂ ਦੇਖਿਆ ਅਤੇ ਕੰਨੀਂ ਸੁਣਿਆ। ਉਸ ਦੌਰ ਬਾਰੇ ਸੋਚ ਕੇ ਝੁਣ-ਝੁਣੀ ਆ ਜਾਂਦੀ ਹੈ। ਉਸ ਮਾਰ ਨੂੰ ਕੋਈ ਨਹੀਂ ਭੁੱਲ ਸਕਦਾ। ਇਸ ਲਈ ਪੰਜਾਬ ਦਾ ਫਿਕਰ ਕਰਨ ਵਾਲਿਆਂ ਨੂੰ ਹੁਣ ਉਸ ਦੌਰ ਬਾਰੇ ਸੋਚਣ ਦੀ ਲੋੜ ਹੈ। ਇਸ ਅਮਲ ਵਿਚ ਹਰ ਬੰਦਾ ਅਤੇ ਘਟਨਾ ਘੇਰੇ ਵਿਚ ਲਿਆਉਣੇ ਚਾਹੀਦੇ ਹਨ। ਜਿੱਥੇ ਜਿੱਥੇ ਚੰਗੀਆਂ ਗੱਲਾਂ ਹੋਈਆਂ, ਉਹ ਅਪਨਾ ਲੈਣੀਆਂ ਚਾਹੀਆਂ ਹਨ।

ਜਿੱਥੇ ਵੀ ਕੁਝ ਮਾੜਾ ਹੋਇਆ, ਉਥੇ ਬਿਨਾਂ ਕਿਸੇ ਲਿਹਾਜ਼ ਦੇ ਉਸ ਨੂੰ ਰੱਦ ਕਰਨਾ ਚਾਹੀਦਾ ਹੈ। ਜੇ ਅਸੀਂ ਅਜਿਹਾ ਕਰਨ ਵਿਚ ਸਫਲ ਹੋ ਜਾਂਦੇ ਹਾਂ ਤਾਂ ਅਸੀਂ ਆਪਣੀਆਂ ਅਗਲੀਆਂ ਪੀੜ੍ਹੀਆਂ ਨੂੰ ਸਹੀ ਸੇਧ ਦੇ ਰਹੇ ਹੋਵਾਂਗੇ। ਇਸ ਤਰ੍ਹਾਂ ਕਰ ਕੇ ਅਸੀਂ ਨਵੀਂ ਪੀੜ੍ਹੀ ਦਾ ਕਰਜ਼ਾ ਹੀ ਲਾਹ ਰਹੇ ਹੋਵਾਂਗੇ, ਨਹੀਂ ਤਾਂ ਯੂਥ ਨੂੰ ਪੁੱਠੇ ਰਾਹ ਪਾਉਣ ਵਾਲੇ ਤਾਂ ਬਥੇਰੇ ਬੈਠੇ ਹਨ। ਬਿਨਾਂ ਸ਼ੱਕ ਰਿਬੇਰੋ ਸਰਕਾਰੀ ਬੰਦਾ ਸੀ ਅਤੇ ਉਸ ਨੇ ਸਰਕਾਰੀ ਨੀਤੀਆਂ ਤਹਿਤ ਹੀ ਹਰ ਕਾਰਵਾਈ ਕੀਤੀ, ਪਰ ਇਹ ਲਿਖਤ ਪੜ੍ਹ ਕੇ ਪਤਾ ਲੱਗਦਾ ਹੈ ਕਿ ਉਹ ਸਰਕਾਰੀ ਬੰਦਾ ਹੋਣ ਦੇ ਨਾਲ ਨਾਲ ਬੰਦਾ ਵੀ ਸੀ। ਪ੍ਰੋ. ਹਰਪਾਲ ਸਿੰਘ ਨੇ ਇਹ ਲਿਖਤ ਅਨੁਵਾਦ ਕਰ ਕੇ ਅਤੇ ਤੁਸੀਂ ਛਾਪ ਕੇ ਉਸ ਦੌਰ ਬਾਰੇ ਨਵੇਂ ਸਿਰਿਉਂ ਸੋਚਣ-ਵਿਚਾਰਨ ਲਈ ਮੌਕਾ ਮੁਹੱਈਆ ਕੀਤਾ ਹੈ। ਮੇਰੇ ਵੱਲੋਂ ਹਰਪਾਲ ਸਿੰਘ ਪੰਨੂ ਜੀ ਨੂੰ ਧੰਨਵਾਦ ਆਖਣਾ।

*-ਜਸਮੀਤ ਸਿੰਘ, ਨਿਊ ਯਾਰਕ*

---

### ਬੁਲਟ ਫਾਰ ਬੁਲਟ

ਮੈਨੂੰ ਸਮਝ ਨਹੀਂ ਆ ਰਹੀ ਕਿ ਤੁਸੀਂ ਸਿੱਖਾਂ ਦੇ ਕਾਤਲ ਰਿਬੇਰੋ ਦੀ ਜੀਵਨੀ ਐਨੀ ਬਣਾ-ਸੁਆਰ ਕੇ ਕਿਉਂ ਛਾਪ ਰਹੇ ਹੋ। ਇਸ ਬੰਦੇ ਨੇ ਪੱਛਮੀ ਬੰਗਾਲ ਦੇ ਕਾਂਗਰਸੀ ਲੀਡਰ ਸਿਧਾਰਥ ਸ਼ੰਕਰ ਰੇਅ ਅਤੇ ਪੁਲਸੀਏ ਕੇ.ਪੀ.ਐਸ. ਗਿੱਲ ਨਾਲ ਰਲ ਕੇ ਸਿੱਖ ਨੌਜਵਾਨਾਂ ਨਾਲ ਜੋ ਤੱਦੀਆਂ ਕੀਤੀਆਂ, ਉਸ ਨੂੰ ਕਦੀ ਮੁਆਫ ਨਹੀਂ ਕੀਤਾ ਜਾ ਸਕੇਗਾ। ਬੇਕਸੂਰਾਂ ਦੇ ਖੂਨ ਨਾਲ ਹੱਥ ਰੰਗ ਕੇ ਹੁਣ ਇਹ ਸ਼ਖਸ ਹੁਣ ਜੀਵਨੀ ਲਿਖ ਕੇ ਬਰੀ ਹੋ ਰਿਹਾ ਹੈ। ਨਾਲੇ ਕਿਤਾਬ ਛਪਵਾ ਕੇ ਮੋਟੇ ਪੈਸੇ ਕਮਾ ਲਏ ਹੋਣਗੇ। ਰੇਅ ਨੇ ਸਿੱਖਾਂ ਦਾ ਹੀ ਘਾਣ ਨਹੀਂ ਸੀ ਕੀਤਾ, ਉਸ ਨੇ ਤਾਂ 1970ਵਿਆਂ ਵਿਚ ਸਰਕਾਰ ਦਾ ਤਖਤਾ ਪਲਟਾਉਣ ਲਈ ਚੱਲੀ ਨਕਸਲੀ ਲਹਿਰ ਦੌਰਾਨ ਪੱਛਮੀ ਬੰਗਾਲ ਵਿਚ ਵੀ ਇਹੀ ਰੋਲ ਨਿਭਾਇਆ ਸੀ ਅਤੇ ਨਕਸਲੀ ਨੌਜਵਾਨਾਂ ਨੂੰ ਰਾਤੋ-ਰਾਤ ਮਾਰ-ਖਪਾ ਦਿੱਤਾ ਸੀ। ਕੇ.ਪੀ.ਐਸ. ਗਿੱਲ ਬਾਰੇ ਤਾਂ ਗੱਲ ਹੀ ਕੀ ਕਰਨੀ ਹੈ। ਮੈਨੂੰ ਲੱਗਦਾ ਹੈ ਕਿ ਸਾਨੂੰ ਸਰਕਾਰੀ ਬੰਦਿਆਂ ਵਿਚਕਾਰ ਕੁਝ ਤਾਂ ਫਰਕ ਰੱਖਣਾ ਚਾਹੀਦਾ ਹੈ। ਪਤਾ ਨਹੀਂ ਕਿਉਂ, ਤੁਹਾਨੂੰ ਹਰਪਾਲ ਸਿੰਘ ਪੰਨੂ ਵਰਗੇ ਬੰਦਿਆਂ ਦੇ ਲੇਖ ਹੀ ਕਿਉਂ ਲੱਭਦੇ ਹਨ? ਜਾਂ ਫਿਰ ਤੁਸੀਂ ਕਾਮਰੇਡੀ ਵਾਲੀਆਂ ਲਿਖਤਾਂ ਹੀ ਕਿਉਂ ਛਾਪੀ ਜਾਂਦੇ ਹੋ ਜਿਨ੍ਹਾਂ ਦੀ ਸਾਰੀਆਂ ਦੁਨੀਆਂ ਵਿਚ ਹੁਣ ਦੁਰ-ਦੁਰ ਹੋ ਰਹੀ ਹੈ ਅਤੇ ਇਨ੍ਹਾਂ ਕੋਲ ਕੋਈ ਜਵਾਬ ਨਹੀਂ ਹੈ। ਭਾਰਤੀ ਕਾਮਰੇਡਾਂ ਦਾ ਤਾਂ ਇਤਿਹਾਸ ਹੀ ਇਹ ਹੈ। ਇਹ ਪਹਿਲਾਂ ਬਲੰਡਰ ਕਰਦੇ ਹਨ ਅਤੇ ਫਿਰ ਗਲਤੀਆਂ ਮੰਨਦੇ ਹਨ। ਪੰਜਾਬ ਬਾਰੇ ਅਜੇ ਤੱਕ ਇਨ੍ਹਾਂ ਨੇ ਆਪਣੀ ਰਾਏ ਬਦਲਣ ਦੀ ਲੋੜ ਨਹੀਂ ਸਮਝੀ। ਇਹ ਹੋਰਨਾਂ ਨੂੰ ਕੱਟੜ ਕਹਿੰਦੇ ਫਿਰਦੇ ਹਨ, ਪਰ ਆਪਣੀ ਕੱਟੜਤਾ ਬਾਰੇ ਕਦੀ ਗੱਲ ਨਹੀਂ ਕਰਦੇ। ਅਜਿਹੇ ਲੋਕਾਂ ਬਾਰੇ ਲੇਖ ਛਾਪਣ ਦਾ ਕੀ ਫਾਇਦਾ ਹੈ।

*-ਬਖਸ਼ੀਸ਼ ਸਿੰਘ, ਡਿਟਰਾਇਟ*

---

### ਲੀਡਰਾਂ ਤੇ ਮਹਾਂਪੁਰਖਾਂ ਦੀਆਂ ਤਸਵੀਰਾਂ ਤੇ ਅਖਬਾਰ

'ਪੰਜਾਬ ਟਾਈਮਜ਼' ਦੇ 20 ਜੁਲਾਈ ਵਾਲੇ ਅੰਕ ਵਿਚ 'ਪਾਠਕਾਂ ਦੀ ਗੱਲ' ਕਾਲਮ ਹੇਠ ਸ. ਕਮਿੱਕਰ ਸਿੰਘ ਹੇਵਰਡ ਨੇ 'ਪੰਜਾਬ ਟਾਈਮਜ਼' ਨੂੰ ਕੁਝ ਸਵਾਲ ਪੁੱਛੇ। ਮੈਂ ਸਵਾਲ ਪੜ੍ਹ ਕੇ ਬੜਾ ਹੈਰਾਨ ਹੋਇਆ ਅਤੇ 3 ਅਗਸਤ ਵਾਲੇ ਅੰਕ ਵਿਚ ਸ. ਭੁਪਿੰਦਰ ਪੰਧੇਰ ਨੇ ਫੇਰ ਉਹੀ ਗੱਲ ਚੁੱਕੀ। ਅਸਲ ਵਿਚ ਸਾਡੀ ਸਭ ਤੋਂ ਵੱਡੀ ਸਮੱਸਿਆ ਹੀ ਇਹ ਹੈ। ਅਸੀਂ ਕਈ ਵਾਰ ਨਾ ਚਾਹੁੰਦੇ ਹੋਏ ਵੀ ਦੋਹਰਾ ਕਿਰਦਾਰ ਨਿਭਾ ਜਾਂਦੇ ਹਾਂ। ਇਕ ਪਾਸੇ ਅਸੀਂ ਉਹਲੇ ਹੋ ਕੇ ਮਾੜੇ ਨੂੰ ਮਾੜਾ ਕਹਿ ਰਹੇ ਹੁੰਦੇ ਹਾਂ, ਦੂਜੇ ਪਾਸੇ ਲੋੜ ਪੈਣ 'ਤੇ, ਜਾਂ ਕਿਸੇ ਹੋਰ ਕਾਰਨ ਕਰ ਕੇ ਅਸੀਂ ਕੁਝ ਨਹੀਂ ਬੋਲਦੇ; ਚੁੱਪ ਰਹਿੰਦੇ ਹਾਂ। ਇਸੇ ਕਰ ਕੇ ਹੀ ਤਾਂ ਅਸੀਂ ਭਾਰਤ ਵਿਚ ਕੋਈ ਵੀ ਸਿਸਟਮ ਠੀਕ ਢੰਗ ਨਾਲ ਨਹੀਂ ਚਲਾ ਸਕੇ।... ਇਕ ਪਾਸੇ ਤਾਂ ਅਸੀਂ ਸਾਰੇ ਸਿਆਸਤਦਾਨਾਂ ਨੂੰ ਗਲਤ ਸਾਬਤ ਕਰਨ ਲੱਗੇ ਹੋਏ ਹਾਂ, ਕਿਉਂਕਿ ਸਾਡਾ ਸਾਰਿਆਂ ਦਾ ਪੰਜਾਬ ਨਾਲ ਨਹੁੰ-ਮਾਸ ਦਾ ਰਿਸ਼ਤਾ ਹੈ, ਅਸੀਂ ਉਸ ਬਾਰੇ ਫਿਕਰ ਕਰਦੇ ਹਾਂ; ਪਰ ਇਨ੍ਹਾਂ ਸਿਆਸਤਦਾਨਾਂ ਨੇ ਉਥੇ ਕੀ ਕੁਝ ਨਹੀਂ ਕੀਤਾ! ਇਹ ਬਹੁਤ ਲੰਬਾ ਚੈਪਟਰ ਹੈ। ਇਸ ਬਾਰੇ ਡੂੰਘੀ ਵਿਚਾਰ ਕਰਨ ਦੀ ਲੋੜ ਹੈ। ਜਦੋਂ ਇਹੋ ਸਿਆਸਤਦਾਨ ਅਮਰੀਕਾ ਪਹੁੰਚਦੇ ਹਨ ਤਾਂ ਅਸੀਂ ਇਨ੍ਹਾਂ ਦੀ ਚਮਚਾਗਿਰੀ ਹੀ ਨਹੀਂ ਕਰਦੇ ਸਗੋਂ ਇਨ੍ਹਾਂ ਦੀਆਂ ਝੋਲੀਆਂ ਮਾਇਆ ਨਾਲ ਹੀ ਭਰਦੇ ਹਾਂ। ਇਹੋ ਹਾਲ ਅਖਉਤੀ 'ਸਾਧਾਂ-ਸੰਤਾਂ' ਦਾ ਹੈ। ਸੰਤ ਮਹਾਂਪੁਰਖ ਜਿਹੜੇ ਸੱਚਮੁੱਚ ਹੀ ਸੰਤ ਮਹਾਂਪੁਰਖ ਹਨ, ਉਹ ਬਾਹਰਲੇ ਮੁਲਕਾਂ ਵਿਚ ਨਹੀਂ ਭਟਕਦੇ ਫਿਰਦੇ। ਉਨ੍ਹਾਂ ਦੇ ਕਰਨ ਲਈ ਤਾਂ ਪੰਜਾਬ ਵਿਚ ਹੀ ਬਥੇਰਾ ਕੰਮ ਹੈ। ਰਹੀ ਗੱਲ ਉਨ੍ਹਾਂ ਦੇ ਪੰਜਾਬ ਟਾਈਮਜ਼ ਦੇ ਦਫਤਰ ਆਉਣ ਦੀ। ਜਿਨ੍ਹਾਂ ਨੂੰ ਸੱਚ ਨਾਲ ਪਿਆਰ ਹੋਵੇਗਾ, ਉਹ ਆਪ ਹੀ 'ਪੰਜਾਬ ਟਾਈਮਜ਼' ਦੇ ਦਫਤਰ ਪੁੱਜ ਜਾਣਗੇ। ਸਾਨੂੰ ਮਾਣ ਹੈ ਕਿ ਜੰਮੂ ਸਾਹਿਬ ਕਿਸੇ ਵੀ ਸਿਆਸਤਦਾਨ ਨੂੰ ਆਪਣੇ ਦਫਤਰ ਬੁਲਾਉਣ ਲਈ, ਅਖ਼ਬਾਰ ਵਿਚ ਫੋਟੋਆਂ ਲਵਾਉਣ ਲਈ ਅਤੇ ਆਪਣੀ ਵਾਹ-ਵਾਹ ਕਰਵਾਉਣ ਲਈ ਕਿਸੇ ਦੀ ਮਿੰਨਤ ਨਹੀਂ ਕਰਨਗੇ।... ਤੇ ਕਰਨ ਵੀ ਕਿਉਂ? ਕਿਉਂ ਉਨ੍ਹਾਂ ਦੇ ਪੈਰ ਚੱਟੇ ਜਾਣ ਜਿਹੜੇ ਸਾਡੀ ਪਸੰਦ ਨਹੀਂ।

ਅਸੀਂ ਸਾਰੇ 'ਪੰਜਾਬ ਟਾਈਮਜ਼' ਨੂੰ ਬੜਾ ਪਿਆਰ ਕਰਦੇ ਹਾਂ, ਤੇ ਇਹਨੂੰ ਪੜ੍ਹੇ ਬਗੈਰ ਨਹੀਂ ਰਹਿ ਸਕਦੇ। ਸ. ਅਮੋਲਕ ਸਿੰਘ ਜੰਮੂ ਬਾਰੇ ਅਖ਼ਬਾਰ ਵਿਚ ਸਮੇਂ ਸਮੇਂ ਬਹੁਤ ਕੁਝ ਲੇਖਕਾਂ ਨੇ ਲਿਖਿਆ, ਪਰ ਅਜੇ ਵੀ ਬਹੁਤ ਲੋਕ ਉਨ੍ਹਾਂ ਦੀ ਸ਼ਖਸੀਅਤ ਬਾਰੇ ਬਹੁਤਾ ਕੁਝ ਨਹੀਂ ਜਾਣਦੇ। ਮੈਂ ਉਨ੍ਹਾਂ ਨੂੰ ਉਦੋਂ ਤੋਂ ਜਾਣਦਾ ਹਾਂ, ਜਦੋਂ ਇਨ੍ਹਾਂ ਨੇ ਅਜੇ ਅਖ਼ਬਾਰ ਨਹੀਂ ਸੀ ਕੱਢਿਆ। ਹੋ ਸਕਦਾ ਹੈ, ਉਦੋਂ ਇਨ੍ਹਾਂ ਦੇ ਦਿਮਾਗ ਵਿਚ ਜ਼ਰੂਰ ਅਜਿਹਾ ਕੋਈ ਪ੍ਰੋਜੈਕਟ ਘੁੰਮ ਰਿਹਾ ਹੋਵੇਗਾ! ਪਰ ਇਕ ਗੱਲ ਤਾਂ ਉਦੋਂ ਵੀ ਅੱਜ ਵਾਂਗ ਹੀ ਸਾਫ ਸੀ ਕਿ ਉਹ ਕਿਸੇ ਦੇ ਪੈਰਾਂ ਥੱਲੇ ਆਪਣੇ ਹੱਥ ਦੇ ਕੇ ਕਿਸੇ ਨੂੰ ਘਰ ਨਹੀਂ ਬੁਲਾਉਣਗੇ। ਇਸੇ ਕਰ ਕੇ ਅਸੀਂ ਇਨ੍ਹਾਂ ਤੋਂ ਸਦਕੇ ਜਾਂਦੇ ਹਾਂ।

*-ਬਲਜੀਤ ਸਿੰਘ ਸਿੱਧੂ, ਸ਼ਿਕਾਗੋ*

# ਰੇਤ-ਬਜਰੀ ਦੀਆਂ ਖੱਡਾਂ 'ਤੇ ਮੁੜ ਜ਼ੋਰਾਵਰ ਕਾਬਜ਼



## ਸੁਖਬੀਰ ਦੀ ਪਾਰਦਰਸ਼ੀ ਨੀਤੀ ਹੋਈ ਫੇਲ੍ਹ



**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਕੀਤੀ ਗਈ ਰੇਤਾ ਤੇ ਬਜਰੀ ਦੀਆਂ ਖੱਡਾਂ ਦੀ ਈ-ਬੋਲੀ ਵਿਵਾਦ ਵਿਚ ਘਿਰ ਗਈ ਹੈ। ਉਪ ਮੁੱਖ ਮੰਤਰੀ ਸੁਖਬੀਰ ਬਾਦਲ ਵੱਲੋਂ ਇਸ ਬਾਰੇ ਪਾਰਦਰਸ਼ੀ ਨੀਤੀ ਬਣਾਉਣ ਦੇ ਦਾਅਵੇ ਕੀਤੇ ਜਾ ਰਹੇ ਸਨ ਜਿਨ੍ਹਾਂ ਦਾ ਪਹਿਲੇ ਹੱਲੇ ਹੀ ਜਨਾਜ਼ਾ ਨਿਕਲ ਗਿਆ ਹੈ। ਕਈ ਬੋਲੀਕਾਰਾਂ ਨੇ ਦੋਸ਼ ਲਾਇਆ ਹੈ ਕਿ ਆਖਰੀ ਮੌਕੇ ਉਨ੍ਹਾਂ ਨੂੰ ਬੋਲੀ ਦੇਣੋਂ ਰੋਕ ਦਿੱਤਾ ਗਿਆ ਤਾਂ ਕਿ ਜ਼ੋਰਾਵਰ ਤੇ ਵੱਡੇ ਲੋਕ ਖਣਨ ਦੇ ਠੇਕੇ ਹਾਸਲ ਕਰ ਸਕਣ।

ਇਨ੍ਹਾਂ ਠੇਕੇਦਾਰਾਂ ਨੇ ਦੋਸ਼ ਲਾਏ ਹਨ ਕਿ ਈ-ਬੋਲੀ ਸਮਾਪਤ ਹੋਣ ਤੋਂ ਕੁਝ ਕੁ ਮਿੰਟ ਪਹਿਲਾਂ ਤੇ ਜਦੋਂ ਉਨ੍ਹਾਂ ਵੱਲੋਂ ਬੋਲੀ ਨਾ ਚੁੱਕਣ ਤੋਂ ਮਗਰੋਂ ਵਿਰੋਧੀਆਂ ਨੂੰ ਦੁਬਾਰਾ ਬੋਲੀ ਲਾਉਣ ਦਾ ਮੌਕਾ ਦੇ ਦਿੱਤਾ ਗਿਆ ਤੇ ਮਗਰੋਂ ਕੰਪਿਊਟਰ ਦੇ ਸਰਵਰ ਨੇ ਉਨ੍ਹਾਂ ਦੀ ਬੋਲੀ ਸਵੀਕਾਰ ਨਹੀਂ ਕੀਤੀ ਤੇ ਇਸ ਕਰਕੇ ਅੰਤਿਮ ਬੋਲੀ ਕੁਝ ਚਹੇਤੇ ਠੇਕੇਦਾਰਾਂ ਦੇ ਹੱਕ ਵਿਚ ਹੋ ਗਈ। ਸਰਕਾਰ ਨੇ 20 ਖਣਨ ਖੇਤਰਾਂ ਦੀ ਇਲੈਕਟ੍ਰਾਨਿਕ ਢੰਗ ਨਾਲ ਬੋਲੀ ਕਰਾਈ ਹੈ। ਇਨ੍ਹਾਂ ਵਿਚੋਂ 11 ਖੇਤਰ ਪਠਾਨਕੋਟ ਵਿਚ, ਛੇ ਰੂਪਨਗਰ ਵਿਚ, ਦੋ ਮੁਹਾਲੀ ਤੇ ਇਕ ਪਟਿਆਲਾ ਵਿਚ ਹੈ। ਸਰਕਾਰ ਨੇ ਇਨ੍ਹਾਂ ਲਈ ਰਾਖਵੀਂ ਕੀਮਤ 22.29 ਕਰੋੜ ਰੁਪਏ ਰੱਖੀ ਸੀ।

ਇਹ ਦੋਸ਼ ਚਾਰ ਖਣਨ ਖੇਤਰਾਂ ਦੀ ਬੋਲੀ ਦੇ ਮਾਮਲੇ ਵਿਚ ਲਾਏ ਗਏ ਹਨ। ਇਹ ਖਣਨ ਖੇਤਰ ਪਲਾਸੀ, ਐਲਗਰਾਂ (ਰੋਪੜ ਵਿਚ) ਤੇ ਕਕਰਾਲੀ ਤੇ ਸੁੰਢਰਾਂ (ਮੁਹਾਲੀ) ਜ਼ਿਲ੍ਹੇ ਵਿਚ ਹਨ। ਸਰਕਾਰ ਨੇ ਠੇਕੇਦਾਰਾਂ ਵੱਲੋਂ ਲਾਏ ਦੋਸ਼ ਰੱਦ ਕੀਤੇ ਹਨ। ਸਨਅਤ ਮੰਤਰੀ ਅਨਿਲ ਜੋਸ਼ੀ ਨੇ ਕਿਹਾ ਕਿ ਉਨ੍ਹਾਂ ਦੇ ਵਿਭਾਗ ਨੂੰ ਬੋਲੀ ਵਿਚ ਬੇਨਿਯਮੀਆਂ ਬਾਰੇ ਮਿਲੀਆਂ ਸ਼ਿਕਾਇਤਾਂ 'ਤੇ ਉਨ੍ਹਾਂ ਨੇ ਖਣਨ ਬਾਰੇ ਡਾਇਰੈਕਟਰ ਤੇ ਪੰਜਾਬ ਇੰਫੋਟੈਕ ਤੋਂ ਰਿਪੋਰਟ ਮੰਗੀ ਹੈ। ਕੋਈ ਵੀ ਬੇਨਿਯਮੀ ਪਾਏ ਜਾਣ 'ਤੇ ਬੋਲੀ ਦੁਬਾਰਾ ਕਰਾਈ ਜਾਏਗੀ।

ਮੁਹਾਲੀ ਤੇ ਰੋਪੜ ਵਿਚ ਬੋਲੀਕਾਰ ਰਾਜੇਸ਼ ਗਰਗ ਤੇ ਗੁਰਇਕਬਾਲ ਸਿੰਘ ਨੇ ਦੋਸ਼ ਲਾਏ ਕਿ ਬੋਲੀ ਖਤਮ ਹੋਣ ਤੋਂ ਇਕ ਮਿੰਟ ਪਹਿਲਾਂ ਉਨ੍ਹਾਂ ਨੇ ਇਕ ਬੋਲੀ ਲਾਈ ਤੇ ਨੇਮਾਂ ਮੁਤਾਬਕ ਉਨ੍ਹਾਂ ਨੂੰ ਪੰਜ ਮਿੰਟ ਦਾ ਸਮਾਂ ਵਾਰ-ਵਾਰ ਬੋਲੀ ਲਾਉਣ ਲਈ ਦਿੱਤਾ ਜਾਣਾ ਬਣਦਾ ਸੀ ਜਦਕਿ ਉਨ੍ਹਾਂ ਦੇ ਮੁਕਾਬਲੇ 'ਤੇ ਆਏ ਹੋਰ ਠੇਕੇਦਾਰ ਬੋਲੀ ਲਾਉਂਦੇ ਰਹੇ ਤੇ ਮਗਰੋਂ ਸਰਵਰ ਨੇ ਕੰਮ ਕਰਨਾ ਬੰਦ ਕਰ ਦਿੱਤਾ। ਉਨ੍ਹਾਂ ਦੋਸ਼ ਲਾਏ ਕਿ ਇਹ ਕਾਰੋਬਾਰੀ ਚਾਲਾਂ ਹਨ ਤੇ ਉਨ੍ਹਾਂ ਨੇ ਸਨਅਤਾਂ ਸਬੰਧੀ ਪ੍ਰਿੰਸੀਪਲ ਸੈਕਟਰੀ ਤੇ ਖਣਨ ਸਬੰਧੀ ਡਾਇਰੈਕਟਰ ਨੂੰ ਸ਼ਿਕਾਇਤਾਂ ਦਿੱਤੀਆਂ ਹਨ।

ਪ੍ਰਿੰਸੀਪਲ ਸਕੱਤਰ (ਸਨਅਤਾਂ) ਕਰਨ ਅਵਤਾਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਸ਼ਿਕਾਇਤ ਮਿਲ ਗਈ ਹੈ ਤੇ ਜੇਕਰ ਪੰਜਾਬ ਇੰਫੋਟੈਕ ਦਾ ਸਰਵਰ ਡਾਊਨ ਹੋਇਆ ਤੇ ਉਨ੍ਹਾਂ ਦੀਆਂ ਬੋਲੀਆਂ ਸਵੀਕਾਰ ਨਾ ਹੋ ਸਕੀਆਂ ਤਾਂ ਉਨ੍ਹਾਂ ਦੀ ਸ਼ਿਕਾਇਤ ਦੂਰ ਕਰਨ ਲਈ ਲੋੜੀਂਦੀ ਕਾਰਵਾਈ ਕੀਤੀ ਜਾਵੇਗੀ। ਉਂਜ ਉਨ੍ਹਾਂ ਨੇ ਨਿਰਪੱਖ ਤੌਰ 'ਤੇ ਕੰਮ ਨੇਪਰੇ ਚੜ੍ਹਾਉਣ ਲਈ ਆਟੋ-ਲਾਕ ਦੀ ਗੱਲ ਵੀ ਕੀਤੀ ਤੇ ਕਿਹਾ ਕਿ ਜੇਕਰ ਸੱਚਮੁੱਚ ਉਨ੍ਹਾਂ ਦੇ ਸਰਵਰ ਕਾਰਨ ਅਜਿਹਾ ਹੋਇਆ ਤਾਂ ਦੁਬਾਰੇ ਬੋਲੀ ਜ਼ਰੂਰ ਹੋਏਗੀ।

# ਤਰਨਜੀਤ ਸੰਧੂ ਅਮਰੀਕਾ ਵਿਚ ਨਿਯੁਕਤ



**ਚੰਡੀਗੜ੍ਹ:** ਤਰਨਜੀਤ ਸਿੰਘ ਸੰਧੂ ਵਾਸ਼ਿੰਗਟਨ ਵਿਚ ਤੀਜੀ ਵਾਰ ਭਾਰਤ ਦੇ ਸਫਾਰਤੀ ਸਟਾਫ਼ ਵਜੋਂ ਜਾ ਰਹੇ ਹਨ। 1988 ਬੈਚ ਦਾ ਇਹ ਭਾਰਤੀ ਵਿਦੇਸ਼ ਸੇਵਾਵਾਂ ਅਧਿਕਾਰੀ ਅਮਰੀਕਾ ਵਿਚ ਭਾਰਤ ਦੀ ਸਫੀਰ ਨਿਰੂਪਮਾ ਰਾਓ ਦਾ ਨਵਾਂ ਡਿਪਟੀ ਹੋਵੇਗਾ। ਇਸ ਤੋਂ ਪਹਿਲਾਂ ਤਿੰਨ ਵੱਖ-ਵੱਖ ਮੌਕਿਆਂ 'ਤੇ ਵਾਸ਼ਿੰਗਟਨ ਵਿਚ ਤਾਇਨਾਤੀ ਸਿਰਫ ਟੀ.ਵੀ ਸ੍ਰੀਨਿਵਾਸਨ ਦੇ ਹਿੱਸੇ ਆਈ ਸੀ।

ਸ. ਸੰਧੂ ਮਾਝੇ ਦੇ ਸ਼ਾਨਾਮੱਤੇ ਸਮੁੰਦਰੀ ਪਰਿਵਾਰ ਨਾਲ ਸਬੰਧਤ ਹਨ। ਉਨ੍ਹਾਂ ਦੇ ਦਾਦਾ ਜੀ ਤੇਜਾ ਸਿੰਘ ਸਮੁੰਦਰੀ ਦੇ ਨਾਂ ਦਾ ਹਰਿਮੰਦਰ ਸਾਹਿਬ ਵਿਚ ਇਕ ਹਾਲ ਹੈ ਜਦੋਂਕਿ ਉਨ੍ਹਾਂ ਦੇ ਪਿਤਾ ਬਿਸ਼ਨ ਸਿੰਘ ਸਮੁੰਦਰੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਪਹਿਲੇ ਵਾਈਸ ਚਾਂਸਲਰ ਸਨ। ਉਨ੍ਹਾਂ ਦਾ ਇਕ ਭਰਾ ਪੰਜਾਬ ਸਰਕਾਰ ਵਿਚ ਭਾਰਤੀ ਜੰਗਲਾਤ ਸੇਵਾਵਾਂ ਤਹਿਤ ਸੇਵਾ ਨਿਭਾਉਂਦਾ ਰਿਹਾ ਹੈ।

ਕਿਸੇ ਸਮੇਂ ਸੋਵੀਅਤ ਯੂਨੀਅਨ ਦੇ ਮਾਹਰ ਮੰਨੇ ਜਾਂਦੇ ਤਰਨਜੀਤ ਸਿੰਘ ਸੰਧੂ ਮਾਸਕੋ ਵੀ ਰਹੇ ਤੇ ਉਥੇ ਉਨ੍ਹਾਂ ਰੂਸੀ ਭਾਸ਼ਾ ਸਿੱਖੀ। ਸੋਵੀਅਤ ਯੂਨੀਅਨ ਦੇ ਟੁੱਟਣ ਮਗਰੋਂ ਉਹ ਕੀਵ ਚਲੇ ਗਏ। ਵਿਦੇਸ਼ ਮੰਤਰਾਲੇ ਦਾ ਤਰਜਮਾਨ ਰਹਿਣ ਮਗਰੋਂ ਤਰਨਜੀਤ ਸਿੰਘ ਸੰਧੂ ਦੀ ਵਾਸ਼ਿੰਗਟਨ ਵਿਚ ਪਹਿਲੀ ਤਾਇਨਾਤੀ 1997 ਵਿਚ ਫਸਟ ਸੈਕਟਰੀ ਵਜੋਂ ਹੋਈ। ਉਨ੍ਹਾਂ ਦੀ ਪਤਨੀ ਰੀਨਤ ਵੀ ਡਿਪਲੋਮੈਟ ਹੈ ਤੇ ਇਸ ਵੇਲੇ ਜਨੇਵਾ ਵਿਚ ਵਿਸ਼ਵ ਵਪਾਰ ਸੰਗਠਨ ਵਿਚ ਭਾਰਤ ਦੀ ਸਥਾਈ ਪ੍ਰਤੀਨਿਧ ਵਜੋਂ ਡਿਪਟੀ ਤਾਇਨਾਤ ਹੈ।

Singh Tax & Accounting Services LLC.
Individual & Business Taxes, Accounting, Payroll & Financial Consulting Services.
ਅਸੀਂ ਪੰਜਾਬੀ, ਹਿੰਦੀ, ਗੁਜਰਾਤੀ ਅਤੇ ਅੰਗਰੇਜ਼ੀ ਬੋਲਦੇ ਹਾਂ। ਟੈਕਸ ਬਾਰੇ ਕੋਈ ਵੀ ਸਲਾਹ ਮੁਫਤ ਦਿੰਦੇ ਹਾਂ। ਸਾਡੇ ਪਾਸ 10 ਸਾਲ ਦਾ ਤਜ਼ਰਬਾ ਹੈ।
ਟੈਕਸ ਬਚਾਉਣ ਲਈ ਸੇਵਾ ਦਾ ਮੌਕਾ ਦਿਓ
Ph:248-982-2036
Fax:616-855-5575

Mohan Singh M.COM, MBA (Finance), ACA
Master in Taxation.
IRS Enrolled agent,
Notary Public
Office Location 38969 Cheshire Drive, Northville, MI, 48167
Email : jhand_mohan@yahoo.com; or info@SinghTaxServices.com
For More Detail check our web site at :www.SinghTaxServices.com

H K TRANSPORT INC
Division of HK Incorporated
1401 West Ray St, Indianapolis, IN 46221
Ph: 317-408-3211, web: www.hktransportinc.com
ਓਨਰ ਅਪਰੇਟਰਾਂ ਅਤੇ ਡਰਾਈਵਰਾਂ ਦੀ ਲੋੜ ਹੈ

ਸਾਰੀਆਂ 48 ਸਟੇਟਾਂ ਲਈ, ਡਰਾਈ ਫਰੇਟ, 100% ਨੋ ਟੱਚ, ਨਵੇਂ ਨਕੋਰ ਟਰੇਲਰ
ਡਾਇਰੈਕਟ ਡਿਪੋਜ਼ਿਟ, ਮੈਡੀਕਲ ਸਹੂਲਤਾਂ ਅਤੇ 5000 ਡਾਲਰ ਸਾਈਨ-ਇਨ ਬੋਨਸ

| ਓਨਰ ਅਪਰੇਟਰਾਂ ਲਈ | ਡਰਾਈਵਰ ਲਈ |
|---|---|
| 92% ਫਲੈਟ ਡਿਸਪੈਚ | 42 ਸੈਂਟ ਤੱਕ ਪ੍ਰਤੀ ਮੀਲ |
| 20 ਸੈਂਟ/ਗੈਲਨ ਤੱਕ ਫਿਊਲ ਡਿਸਕਾਊਂਟ | 95% ਲੋਡ ਯਾਰਡ 'ਚ ਹੁੱਕ ਐਂਡ ਡਰਾਪ |
| ਨਵੇਂ ਨਕੋਰ ਟਰੇਲਰ | ਨਵੇਂ ਨਕੋਰ ਟਰੇਲਰ |
| ਨੈਸ਼ਨਲ ਟਾਇਰ ਰਿਬੇਟ ਪ੍ਰੋਗਰਾਮ | ਵਧੀਆ ਅਤੇ ਸਾਫ ਸੁਥਰੇ ਟਰੱਕ |
| ਹਰ 15 ਦਿਨ ਬਾਅਦ ਅਦਾਇਗੀ | ਹਰ 15 ਦਿਨ ਪਿਛੋਂ ਤਨਖਾਹ |

ਲੋੜੀਂਦੀ ਯੋਗਤਾ:
■ਕਲਾਸ ਏ ਸੀ ਡੀ ਐਲ ਅਤੇ ਸਾਫ-ਸੁਥਰਾ ਰਿਕਾਰਡ ਹੋਵੇ ■ਉਮਰ ਘੱਟੋ ਘੱਟ 23 ਸਾਲ
■ਘੱਟੋ ਘੱਟ 2 ਸਾਲ ਦਾ ਓ ਟੀ ਆਰ ਅਤੇ ਕੁਲ 5 ਸਾਲ ਦਾ ਤਸਦੀਕਯੋਗ ਤਜ਼ਰਬਾ ਹੋਵੇ।
ਤੁਸੀਂ ਸਾਡੇ 'ਲੀਜ਼ ਟੂ ਬਾਈ' ਪ੍ਰੋਗਰਾਮ ਦਾ ਲਾਭ ਵੀ ਉਠਾ ਸਕਦੇ ਹੋ
ਡਾਇਰੈਕਟ ਡਿਪਾਜ਼ਿਟ ਅਤੇ ਪੰਪ 'ਤੇ ਫਿਊਲ ਰਿਬੇਟ
ਸੰਪਰਕ ਕਰੋ: ਫੋਨ 317-408-3211
ਜਾਂ ਵੈਬ ਸਾਈਟ www.hktransportinc.com 'ਤੇ ਅਰਜੀ ਭਰੋ

Global Smiles DENTAL CARE
8028 S. Emerson Ave. #A, Indianapolis, IN 46237
General Dentistry
Periodontal Care
Cosmetic Dentistry
Root-Canal
Invisalign, Crowns
Adults & Children
Urgent Care

ਸਾਡੇ ਪਾਸ ਆਓ, ਮੁਸਕਰਾਹਟ ਪਾਓ
ਨਵੇਂ ਮਰੀਜ਼ਾਂ ਲਈ ਖਾਸ ਰਿਆਇਤ
Accept all insurance including medicaide.
Open 7 Days a Week
Monday - Sunday
8am to 7pm
Walk-Ins Welcome
Evenings & Weekends
After Hours & Weekends
ਅਸੀਂ ਪੰਜਾਬੀ ਬੋਲਦੇ ਹਾਂ
Ph: 317-893-2657
Fax: 317-893-2750 www.globalsmilesdental.com

# ਮੀਰੀ ਪੀਰੀ ਸਪੋਰਟਸ ਕਲੱਬ, ਇੰਡੀਆਨਾ

# ਤੀਜਾ ਕਬੱਡੀ ਕੱਪ ਮੇਲਾ

## 24 ਅਗਸਤ 2013

### ਦਿਨ ਸਨਿਚਰਵਾਰ

**Chrtistian Park:** 4200 English Ave., Indianapolis, IN 46201

ਟੂਰਨਾਮੈਂਟ ਦੌਰਾਨ ਕੈਨੇਡਾ ਤੇ ਅਮਰੀਕਾ ਤੋਂ ਨਾਮੀ ਕਬੱਡੀ ਟੀਮਾਂ ਵਿਚ ਚੋਟੀ ਦੇ ਕਬੱਡੀ ਖਿਡਾਰੀ ਆਪਣੇ ਬਾਹੂਬਲ ਦਾ ਜੌਹਰ ਦਿਖਾਉਣਗੇ। ਲੜਕੇ ਅਤੇ ਲੜਕੀਆਂ ਦੇ ਵਾਲੀਬਾਲ, ਬਾਸਕਿਟਬਾਲ ਤੇ ਫੁੱਟਬਾਲ ਮੈਚਾਂ ਤੋਂ ਇਲਾਵਾ ਕਬੱਡੀ ਅੰਡਰ-21 ਅਤੇ ਓਪਨ ਕਬੱਡੀ ਕੱਪ ਮੁਕਾਬਲੇ ਕਰਵਾਏ ਜਾਣਗੇ।



ਕੁਮੈਂਟਰੀ



ਪ੍ਰੋ. ਮੱਖਣ ਸਿੰਘ ਹਕੀਮਪੁਰੀ

**ਬਾਹਰੋਂ ਪਹੁੰਚ ਰਹੀਆਂ ਕਬੱਡੀ ਟੀਮਾਂ**

ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ (ਸ਼ਿਕਾਗੋ)
ਪੰਜਾਬ ਸਪੋਰਟਸ ਕਲੱਬ, ਕਲੀਵਲੈਂਡ, ਓਹਾਇਓ
ਪੰਜਾਬ ਸਪੋਰਟਸ ਕਲੱਬ, ਡੈਲਸ, ਟੈਕਸਸ
ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ, ਸਿਨਸਿਨੈਟੀ, ਓਹਾਇਓ

*ਰੈਫਰੀ: ਦੀਪਾ ਬਦੇਸ਼ਾ, ਕਰਮਜੀਤ ਸਿੰਘ, ਤੀਰਥ ਮਿਸ਼ੀਗਨ*
*ਕਬੱਡੀ ਦੀ ਲਈ ਸੰਪਰਕ ਕਰੋ: ਤਾਰੀ ਸੰਗਢੇਸੀਆਂ*
*ਬਾਸਕਿਟਬਾਲ: ਜਸਦੀਪ ਸਿੰਘ ਸਿੱਧੂ, ਵਾਲੀਬਾਲ: ਲਾਡਾ*

*ਲੰਗਰ ਦੀ ਸੇਵਾ: ਅੰਬਰ ਇੰਡੀਆ ਰੈਸਟੋਰੈਂਟ (ਫੋਨ: 317-437-0367)*
*ਜਲੇਬੀਆਂ ਦੀ ਸੇਵਾ: ਦੇਸੀ ਬਾਜ਼ਾਰ (ਫੋਨ: 317-888-2040)*
*ਪਾਣੀ ਦੀ ਸੇਵਾ: ਮਨਜੀਤ ਸਿੰਘ ਤੇ ਗੁਰਦੇਵ ਸਿੰਘ (ਫੋਨ: 317-274-2449)*

**ਖਾਣਾ ਫਰੀ**

*ਇੰਟਰਨੈਟ ਉਤੇ ਕਬੱਡੀ ਮੇਲਾ ਨਾਲੋ ਨਾਲ ਦੇਖਣ ਲਈ ਕਲਿਕ ਕਰੋ*
www.bckabaddilive.com



ਜੇ ਪੀ ਐਸ ਖਹਿਰਾ ਚੇਅਰਮੈਨ



ਤੀਰਥ ਸਿੰਘ ਅਟਵਾਲ ਪ੍ਰਧਾਨ



ਗੁਰਿੰਦਰਪਾਲ ਸਿੰਘ ਨਾਗਰਾ



ਸਤਵੰਤ ਸਿੰਘ ਨਿੱਜਰ



ਪਰਮਜੀਤ ਸਿੰਘ ਸਿੱਧੂ



ਕੁਲਵਿੰਦਰ ਸਿੰਘ ਰੰਧਾਵਾ



ਰਾਣਾ ਸਿੱਧੂ



ਲਖਵੰਤ ਸਿੰਘ



ਬੁੱਕਣ ਸਿੰਘ



ਸੁਰਜੀਤ ਸਿੰਘ



ਕੁਲਵੰਤ ਸਿੰਘ



ਮੰਗਾ ਸਿੰਘ ਮੱਟੂ



ਚਤਰਪਾਲ ਸਿੰਘ ਆਹਲੂਵਾਲੀਆ

## Committee:

JPS Khaira
Ph: 765-881-0511
Tearth Atwal
Ph: 317-989-7274
Jimmy Brar
Ph: 317-538-5385
Manjit Singh Nagra
Gurinderpal Nagra
Satwant Singh Nijjar
Parmjit Singh Sidhu
Darshan Singh Dhrar
Makhan Singh Badesha

## Club Members:

Kulwinder Randhawa
Kulwant Singh Deol
Rana Sidhu
Sarbjit Randhawa
Manga Mattu
Kuldip Singh Phaw
Buckan Singh
Tut Brothers Inc.
Lucky
Baljinder S. Cheema
Malkiat Singh
Bhajan Sidhu
JSR Trucking Inc.

***For More Info. Please Call: JPS Khaira (Ph: 765-881-0511) Tearth Atwal (Ph: 317-989-7274) or Jimmy Brar (Ph: 317-538-5385)***

# ਮੀਰੀ ਪੀਰੀ ਸਪੋਰਟਸ ਕਲੱਬ, ਇੰਡੀਆਨਾ

Kabaddi Open 1st Prize $5100

Kabaddi Open 2nd Prize $4100

ਕਬੱਡੀ ਦਾ ਪਹਿਲਾ ਅਤੇ ਦੂਜਾ ਇਨਾਮ
ਫਾਈਵ ਰਿਵਰ ਐਂਟਰਟੇਨਮੈਂਟ ਵਲੋਂ

ਦਰਸ਼ਨ ਸਿੰਘ ਦਰੜ, ਪ੍ਰਿਥਪਾਲ ਸਿੰਘ ਘੋਤੜਾ, ਵਰਿੰਦਰ ਸਿੰਘ ਸਾਹੀ,
ਮਨਜੀਤ ਨਾਗਰਾ, ਸੰਦੀਪ ਸਿੰਘ ਲਾਡੀ, ਸੁਰਿੰਦਰ ਕੁਲਾਰ


ਦਰਸ਼ਨ ਸਿੰਘ ਦਰੜ


ਪ੍ਰਿਥਪਾਲ ਘੋਤੜਾ


ਮਨਜੀਤ ਨਾਗਰਾ


ਵਰਿੰਦਰ ਸਾਹੀ

1st Prize $2100 Kabaddi Under 21 2nd Prize $1500

Get Me Freight Logistics Inc.
Gurpreet Singh Bhandal


ਗੁਰਪ੍ਰੀਤ ਸਿੰਘ ਭੰਡਾਲ

ਦੂਜਾ ਇਨਾਮ ਗੁਰਵਿੰਦਰ ਸਿੰਘ ਢਿੱਲੋਂ ਦੀ ਯਾਦ
ਵਿਚ ਸੰਧੂ ਪਰਿਵਾਰ ਵਲੋਂ


ਗੁਰਵਿੰਦਰ ਸਿੰਘ ਢਿੱਲੋਂ


ਪਰਮਜੀਤ ਸੰਧੂ


ਕਰਮਜੀਤ ਸੰਧੂ

Volleyball

1st prize $1500
Emly Transport
Harmail Thiara

2nd Prize $1200
HK Cheema
Singh Truck &
Trailer Repair.


ਹਰਮੇਲ ਸਿੰਘ ਥਿਆੜਾ

Basketball

1st prize
Mayflower
2nd Prize
Chatarpal Singh
Ahluwalia

ਹੋਰ ਸਪਾਂਸਰ
ਜਗਵਿੰਦਰ ਸਿੰਘ ਭੱਠਲ


# ਸ਼ਿਕਾਗੋ ਦੇ ਕਬੱਡੀ ਮੇਲੇ ਵਿਚ ਮਿਲਵਾਕੀ ਦੀ ਟੀਮ ਰਹੀ ਜੇਤੂ

**ਸ਼ਿਕਾਗੋ (ਬਿਊਰੋ):** ਪੰਜਾਬ ਸਪੋਰਟਸ ਕਲੱਬ ਮਿਡਵੈਸਟ (ਸ਼ਿਕਾਗੋ) ਵਲੋਂ ਇਥੇ ਬਸੀ ਵੁਡਜ਼ ਐਲਕ ਗਰੂਵ ਦੇ ਮੈਦਾਨ ਵਿਚ ਕਰਵਾਏ ਗਏ ਕਬੱਡੀ ਟੂਰਨਾਮੈਂਟ ਵਿਚ ਜੇਤੂ ਪੰਜਾਬ ਸਪੋਰਟਸ ਕਲੱਬ ਮਿਲਵਾਕੀ ਦੀ ਟੀਮ ਰਹੀ ਜਦੋਂਕਿ ਦੂਜੇ ਨੰਬਰ 'ਤੇ ਦੋਆਬਾ ਸਪੋਰਟਸ ਕਲੱਬ ਸ਼ਿਕਾਗੋ ਰਿਹਾ। ਕਬੱਡੀ ਦਾ ਪਹਿਲਾ ਇਨਾਮ ਪਰਸ਼ਨ ਸਿੰਘ ਮਾਨ ਵਲੋਂ ਆਪਣੇ ਸਵਰਗਵਾਸੀ ਪਿਤਾ ਹਰਦਮ ਸਿੰਘ ਮਾਨ ਦੀ ਯਾਦ ਵਿਚ ਸਪਾਂਸਰ ਕੀਤਾ ਗਿਆ ਸੀ ਜਦੋਂਕਿ ਦੂਜਾ ਇਨਾਮ ਲਖਬੀਰ ਸਿੰਘ ਸੰਧੂ ਅਤੇ ਸੰਧੂ ਭਰਾਵਾਂ ਵਲੋਂ ਦਿੱਤਾ ਗਿਆ। ਆਇਓਵਾ ਤੋਂ ਜੀਤ ਸਿੰਘ ਮੇਲੇ ਦੇ ਮੁੱਖ ਮਹਿਮਾਨ ਸਨ।


*ਲੱਗ ਗਿਆ ਬਈ ਰੋਪੜੀ ਜਿੰਦਾ, ਹੁਣ ਨਹੀਂ ਜਾਣ ਦਿੰਦਾ...*



ਕਬੱਡੀ ਟੂਰਨਾਮੈਂਟ 'ਚ ਕੁਲ 5 ਟੀਮਾਂ ਭਿੜੀਆਂ ਜਿਨ੍ਹਾਂ ਵਿਚ ਮੀਰੀ ਪੀਰੀ ਸਪੋਰਟਸ ਕਲੱਬ-ਇੰਡੀਆਨਾ, ਦੋਆਬਾ ਸਪੋਰਟਸ ਕਲੱਬ-ਸ਼ਿਕਾਗੋ, ਪੰਜਾਬ ਸਪੋਰਟਸ ਕਲੱਬ-ਮਿਲਵਾਕੀ, ਡੀ ਐਫ ਡਬਲਿਊ-ਡੈਲਸ ਅਤੇ ਸਿਨਸਿਨੈਟੀ ਸ਼ਾਮਲ ਸਨ। ਸੈਮੀ ਫਾਈਨਲ ਵਿਚ ਭੇੜ ਪੰਜਾਬ ਸਪੋਰਟਸ ਕਲੱਬ ਮਿਲਵਾਕੀ ਅਤੇ ਮੀਰੀ ਪੀਰੀ ਸਪੋਰਟਸ ਕਲੱਬ ਇੰਡੀਆਨਾ ਵਿਚਾਲੇ ਸੀ ਪਰ ਮੀਰੀ ਪੀਰੀ ਸਪੋਰਟਸ ਕਲੱਬ ਦੇ ਮੈਦਾਨ ਵਿਚ ਨਾ ਆਉਣ ਕਰਕੇ ਮਿਲਵਾਕੀ ਵਾਲਿਆਂ ਨੂੰ ਵਾਕ ਓਵਰ ਮਿਲ ਗਿਆ। ਦੂਜਾ ਸੈਮੀ ਫਾਈਨਲ ਮੈਚ ਸਿਨਸਿਨੈਟੀ ਅਤੇ ਦੋਆਬਾ ਸਪੋਰਟਸ ਕਲੱਬ ਸ਼ਿਕਾਗੋ ਵਿਚਾਲੇ ਸੀ। ਸਿਨਸਿਨੈਟੀ ਵਾਲੇ ਦੋਆਬਾ ਸਪੋਰਟਸ ਕਲੱਬ ਦੇ ਸਾਢੇ ਉਨੀ ਅੰਕਾਂ ਦੇ ਮੁਕਾਬਲੇ ਸਾਢੇ ਉਨੱਤੀ ਅੰਕਾਂ ਨਾਲ ਜੇਤੂ ਰਹੇ ਪਰ ਫਾਈਨਲ ਵਿਚ ਸਿਨਸਿਨੈਟੀ ਦੀ ਟੀਮ ਮੈਦਾਨ ਵਿਚ ਨਾ ਨਿੱਤਰੀ ਜਿਸ ਕਰਕੇ ਫਾਈਨਲ ਮੈਚ ਪੰਜਾਬ ਸਪੋਰਟਸ ਕਲੱਬ ਮਿਲਵਾਕੀ ਅਤੇ ਦੋਆਬਾ ਸਪੋਰਟਸ ਕਲੱਬ ਸ਼ਿਕਾਗੋ ਵਿਚਾਲੇ ਹੋਇਆ। ਇਸ ਅਸਾਵੇਂ ਫਾਈਨਲ ਮੈਚ ਵਿਚ ਜੇਤੂ ਟੀਮ ਦੇ ਸਾਢੇ 38 ਅੰਕ ਰਹੇ ਜਦੋਂਕਿ ਦੂਜੇ ਥਾਂ ਆਈ ਟੀਮ ਸਿਰਫ 6 ਅੰਕ ਹੀ ਬਣਾ ਸੀ।

ਬੈਸਟ ਰੇਡਰ ਗੁਰੀ ਅਤੇ ਸੇਠੀ ਸਾਂਝੇ ਤੌਰ 'ਤੇ ਐਲਾਨੇ ਗਏ ਜਦੋਂਕਿ ਇਸੇ ਤਰਜ 'ਤੇ ਬੈਸਟ ਜਾਫੀ ਵੀ ਕੁੱਦਾ ਅਤੇ ਕੀਪਾ ਸਾਂਝੇ ਤੌਰ 'ਤੇ

*(ਬਾਕੀ ਸਫਾ 21 'ਤੇ)*


*ਘੁੱਟ ਘੁੱਟ ਜੱਫੀਆਂ ਪਾਓ ਪਰ ਲੜੋ ਨਾ*

## ਚੁਸਕੀਆਂ ਤੇ ਚੁਟਕੀਆਂ

ਜਦੋਂ ਪ੍ਰਬੰਧਕਾਂ ਨੇ ਦੇਖਿਆ ਕਿ ਮੇਘਰਾਜ (ਬੱਦਲ) ਸਦੇਹਾਂ ਹੀ ਗੇੜੀਆਂ ਦੇਣ ਲਗ ਪਿਆ ਹੈ ਤਾਂ ਉਨ੍ਹਾਂ ਝੱਟ ਦਰਸ਼ਕਾਂ ਵਾਸਤੇ ਹੋਰ ਟੈਂਟਾਂ ਦਾ ਜੁਗਾੜ ਕਰ ਲਿਆ। ਇਸ ਪਿਛੋਂ ਮੇਘਰਾਜ ਝਾਤੀਆਂ ਤੇ ਬਥੇਰੀਆਂ ਮਾਰਦਾ ਰਿਹਾ ਕਿ ਦਾਅ ਲਗ ਜਾਵੇ ਤੇ ਇਸ ਘੂਰੀਆਂ ਵੀ ਬਥੇਰੀਆਂ ਵੱਟੀਆਂ ਪਰ ਵਰ੍ਹ ਪੈਣ ਦਾ ਜੇਰਾ ਨਾ ਕਰ ਸਕਿਆ। ਸ਼ਾਇਦ ਇਸ ਕਰਕੇ ਕਿ ਉਸ ਨੂੰ ਸਮਝ ਪੈ ਗਈ ਕਿ ਪੰਜਾਬੀ ਬੜੇ ਜੁਗਾੜੀ ਹੁੰਦੇ ਆ ਜਾਂ ਫਿਰ ਇਸ ਕਰਕੇ ਕਿ ਨੇਂ ਜਾਣੀਏ ਕਿਸੇ ਜਾਫੀ ਨੇ ਜੱਟ ਜੱਫਾ ਮਾਰ ਲਿਆ ਤਾਂ ਖੈੜਾ ਛੁਡਾਉਣਾ ਔਖਾ ਹੋ ਜਾਊ। ਸ਼ਾਮ ਨੂੰ ਜਦੋਂ ਗਾਇਕਾ ਗੁਰਲੇਜ਼ ਅਖਤਰ ਅਤੇ ਕੁਲਵਿੰਦਰ ਕੈਲੀ ਨੇ ਮੇਘ ਰਾਗ ਗਾ ਕੇ ਬੱਦਲ ਨਾਲ ਆਪ ਪੰਗਾ ਲੈ ਲਿਆ ਤਾਂ ਫਿਰ ਬੱਦਲ ਨੇ ਕਿਣਮਿਣ ਕਿਣਮਿਣ ਕਰਨੀ ਸ਼ੁਰੂ ਕਰ ਦਿਤੀ ਪਰ ਫਿਰ ਵੀ ਇਸ ਗੱਲੋਂ ਡਰਦਾ ਕ੍ਰੋਧ ਕਰਨੋਂ ਟਲ ਗਿਆ ਕਿ ਕੀ ਆ ਕਿਤੇ ਚੰਗਾ ਜੱਫਾ ਨਾ ਲੱਗਣ ਤੋਂ ਖਿਝਿਆ ਕੋਈ ਜਾਫੀ ਹੀ ਜੱਫਾ ਮਾਰ ਬਹੇ।

---

ਮੇਲੇ ਵਿਚ ਦਰਸ਼ਕਾਂ ਦੀ ਹਾਜ਼ਰੀ ਗੁਜ਼ਾਰੇ ਜੋਗੀ ਤਾਂ ਹੋ ਗਈ ਸੀ ਪਰ ਜੇ ਕਲੱਬ ਵਲੋਂ ਆਪਣੇ ਇਸ਼ਤਿਹਾਰ ਵਿਚ ਜਿੰਨੇ ਸਪਾਂਸਰਾਂ ਦੇ ਨਾਂ ਗਿਣੇ ਗਏ ਸਨ, ਜੇ ਕਿਤੇ ਉਹ ਹੀ ਸਾਰੇ ਆ ਜਾਂਦੇ ਤਾਂ ਮੇਲਾ ਸੱਚ ਮੁੱਚ ਹੀ ਭਰਿਆ ਹੁੰਦਾ।

---

ਮੇਲੇ ਦੇ ਇਕ ਦੂਜੇ ਹਿੱਸੇ ਵਿਚ ਚੂੜੀਆਂ, ਪਰਾਂਦਿਆਂ, ਸੂਟਾਂ ਅਤੇ ਤਸਵੀਰਾਂ ਦੇ ਸਟਾਲ ਲੱਗੇ ਹੋਏ ਸਨ ਜਿਥੋਂ ਕਈ ਲੋਕ ਖਰੀਦੋ-ਫਰੋਖਤ ਕਰ ਰਹੇ ਸਨ। ਖਿਡੌਣੇ ਵੇਚਣ ਵਾਲਿਆਂ ਅਤੇ ਆਈਸ ਕਰੀਮ ਵਾਲਿਆਂ ਦੀ ਵਾਹਵਾ ਚਾਂਦੀ ਰਹੀ। ਬੱਚੇ ਮਾਪਿਆਂ ਦੇ ਪਰਸ ਢਿੱਲੇ ਕਰਵਾਉਂਦਿਆਂ ਆਪਣਾ ਦਿਲ ਪਰਚਾਉਂਦੇ ਰਹੇ।

---

ਦਰਸ਼ਕਾਂ ਲਈ ਕੜ੍ਹੀ-ਚੌਲ ਅਤੇ ਮੁਰਗ-ਮਸੱਲਮ ਹਾਜ਼ਰ ਸੀ। ਰਾਇਲ ਸਵੀਟਸ ਵਾਲੇ ਮਾਣਕ ਨੇ ਗਰਮਾ ਗਰਮ ਪਕੌੜਿਆਂ ਅਤੇ ਦਾਲ-ਚੀਨੀ ਵਾਲੀ ਚਾਹ ਨਾਲ ਚੰਗੀਆਂ ਲਹਿਰਾਂ-ਬਹਿਰਾਂ ਕਰੀ ਰੱਖੀਆਂ ਅਤੇ ਜੇ ਕੋਈ ਕਸਰ ਬਾਕੀ ਸੀ ਤਾਂ ਉਹ ਉਸ ਨੇ ਕੜਕ ਕੜਕ ਕਰਦੀਆਂ ਜਲੇਬੀਆਂ ਖਵਾ ਕੇ ਪੂਰੀ ਕਰ ਦਿੱਤੀ। ਪਾਣੀ ਦੀਆਂ ਬੋਤਲਾਂ ਵਾਧੂ ਤੁਰੀਆਂ ਫਿਰਦੀਆਂ ਸਨ।

---

ਪੰਜਾਬੀ ਆਪਣੇ ਸੁਭਾਅ ਅਨੁਸਾਰ ਮੇਲੇ ਨੂੰ ਅਸਲੀ ਰੰਗ 'ਚ ਮਾਣਨ ਤੇ ਹਵਾ-ਪਿਆਜ਼ੀ ਹੋਣ ਲਈ ਕਾਰਾਂ ਦੀ ਸੇਵਾ 'ਚ ਵੀ ਲੱਗੇ ਹੋਏ ਸਨ ਪਰ ਚੰਗੀ ਗੱਲ ਇਹ ਸੀ ਕਿ ਨਾ ਤੇ ਖੇਡ ਮੈਦਾਨ ਵਿਚ ਦਾਰੂ ਵਾਲਾ ਕੋਈ ਟੈਂਟ ਹੀ ਲੱਗਾ ਅਤੇ ਨਾ ਹੀ ਮੈਚ ਖਤਮ ਹੁੰਦੇ ਸਾਰ ਹੀ ਕੋਈ ਲੀਮੋਜ਼ੀਨ ਹੀ ਦਾਰੂ-ਪਾਣੀ ਲੈ ਕੇ ਮੈਦਾਨ 'ਚ ਨਿੱਤਰੀ।

# ਸ਼ੇਰ-ਏ-ਪੰਜਾਬ ਸਪੋਰਟਸ ਐ

## ਸ਼ਿਕਾਗੋ ਕਬੱਡੀ ਕੱਪ ਅਤੇ ਵਾਲੀਬਾਲ ਮੁਕਾਬਲੇ

**1 ਸਤੰਬਰ 2013** *(ਦਿਨ ਐਤਵਾਰ)* @ Busse Wood Forest Preserve South, Elk Grove , IL



ਇਹ ਖੇਡ ਮੇਲਾ ਕਲੱਬ ਦੇ ਸਰਪ੍ਰਸਤ ਸਵਰਗੀ ਸਤਵੰਤ ਸਿੰਘ ਕਾਲੇਕਾ ਅਤੇ ਓਕ ਕਰੀਕ, ਵਿਸਕਾਨਸਿਨ ਦੇ ਗੋਲੀ ਕਾਂਡ ਦੇ ਹੋਰ ਸ਼ਹੀਦਾਂ ਨੂੰ ਸਮਰਪਿਤ ਹੋਵੇਗਾ

**ਇਸ ਪਰਿਵਾਰਕ ਪ੍ਰੋਗਰਾਮ ਲਈ ਸਭਨਾਂ ਨੂੰ**

**ਖੁੱਲ੍ਹਾ ਸੱਦਾ**



ਕੁਮੈਂਟੇਟਰ ਇਕਬਾਲ ਗਾਲਿਬ ਦਾ ਰਾਣਾ ਸਿੱਧੂ ਵਲੋਂ ਗੋਲਡ ਮੈਡਲ ਨਾਲ ਸਨਮਾਨ ਕੀਤਾ ਜਾਵੇਗਾ

ਰੈਫਰੀ

ਬਲਜੀਤ ਸਿੰਘ ਘੋੜਾ, ਤੀਰਥ ਬੋਦਲਾਂਵਾਲਾ, ਮੱਖਣ ਬਰਾੜ



ਡਾ. ਰਵਿੰਦਰਪਾਲ ਸਿੰਘ ਨੰਦੜਾ, ਚੇਅਰਮੈਨ



ਅੰਮ੍ਰਿਤਪਾਲ ਸਿੰਘ ਗਿੱਲ ਪ੍ਰਧਾਨ

**ਜਲੇਬੀਆਂ ਅਤੇ ਪਕੌੜੇ ਰਾਇਲ ਸਵੀਟਸ, ਸ਼ਿਕਾਗੋ ਵਲੋਂ**

*ਸਵੇਰੇ 10:30 ਵਜੇ ਤੋਂ ਸ਼ਾਮ 4 ਵਜੇ ਤੱਕ ਮੈਚ ਹੋਣਗੇ ਅਤੇ ਉਸ ਤੋਂ ਬਾਅਦ ਗਾਇਕੀ ਦਾ ਅਖਾੜਾ ਲੱਗੇਗਾ।*

ਮੇਲਾ ਮਿਡਵੈਸਟ ਦੀਆਂ ਸਮੂਹ ਸੰਸਥਾਵਾਂ ਅਤੇ ਸਮਰਥਕਾਂ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ। ਸਭਿਆਚਾਰਕ ਪ੍ਰੋਗਰਾਮ ਵਿਚ ਉਘੇ ਪੰਜਾਬੀ ਗਾਇਕ ਦਰਸ਼ਕਾਂ ਦਾ ਮਨੋਰੰਜਨ ਕਰਨਗੇ।

**ਕੋਈ ਟਿਕਟ ਨਹੀਂ, ਪਾਰਕਿੰਗ ਮੁਫਤ ਅਤੇ ਖਾਣਾ ਮੁਫਤ**



ਗਾਇਕ ਗਿੱਲ ਹਰਦੀਪ

### ਸਾਬਕਾ ਚੇਅਰਮੈਨ



ਡਾ. ਮੁਖਤਿਆਰ ਸਿੰਘ ਨੰਦਰਾ | ਗੁਰਬਚਨ ਸਿੰਘ ਪੱਪੂ | ਪਰਮਿੰਦਰ ਸਿੰਘ ਗਰੇਵਾਲ | ਲਾਲੀ ਰਣਬੀਰ ਸਿੰਘ ਧਾਲੀਵਾਲ | ਬਲਦੇਵ ਸਿੰਘ ਸੱਲ੍ਹਾਂ



ਜਸਵਿੰਦਰ ਸਿੰਘ ਜੱਸੀ | ਜਿੰਦਰ ਸਿੰਘ ਬੈਨੀਪਾਲ | ਦੀਪਾ ਬੰਦੇਸ਼ਾ | ਧਰਮਿੰਦਰ ਸਿੰਘ ਜਸਵਾਲ | ਹਰਬੰਤ ਸਿੰਘ ਗਰੇਵਾਲ | ਗੁਰਦੇਵ ਸਿ... ਵਾਕੀਗ...

### ਸਾਡੇ ਸ...



ਜਸਜੀਤ ਸਿੰਘ ਸਿੱਧੂ | ਦਪਿੰਦਰ ਸਿੰਘ ਧਾਲੀਵਾਲ | ਹਰਇੰਦਰਜੀਤ ਧਾਲੀਵਾਲ | ਪਰਮਜੀਤ ਸਿੰਘ ਮਹਿਰਾਜ | ਰੁਪਿੰਦਰ ਅਰੋੜਾ | ਤੇਜਿੰਦਰ ਸਿੰਘ | ਹਰਚਰਨ ਸਿੰਘ ਗਿੱਲ | ਬਿਕਰਮਜੀਤ ਸਿੰਘ | ਲਖਵਿੰਦਰ ਸਿੰਘ ਸੇਖੋਂ | ਲਵ ਮਿਨਹਾਸ | ਕੰਵਰਵੀਰ ਸਿੰਘ ਕੇਪੀ | ਸ਼ੇਰਗਿੱਲ ਬ੍ਰਦਰਜ਼ (ਸਪੁਤਰ ਸੰਨੀ ਸ਼ੇਰਗਿੱਲ) | ਮੱਖਣ ਸਿੰਘ | ਬਲਵਿ... ਸਿੰਘ...



ਨਰਿੰਦਰ ਸਿੰਘ ਮੁੰਦਰ | ਹਰਪਾਲ ਸਿੰਘ ਟਾਂਡਾ | ਦਲਜੀਤ ਸਿੰਘ ਰਾਜਪੁਰਾ | ਕਸ਼ਮੀਰਾ ਸਿੰਘ | ਰਵਿੰਦਰ ਰਵੀ ਆਰ ਕੇ ਕਾਰਪੈਟਸ | ਹਰਵਿੰਦਰ ਕੰਗ | ਦਰਸ਼ਨ ਸਿੰਘ ਪੰਮਾ | ਡਾ. ਪਾਲ ਬੰਦੇਸ਼ਾ | ਲਖਬੀਰ ਢੀਂਡਸਾ | ਇੰਦਰਜੀਤ ਸਿੰਘ ਢਿੱਲੋਂ | ਜਸਬੀਰ ਪੰਨੂ | ਅਯੁਧਿਆ ਸਲਵਾਨ | ਸਤੀਸ਼ ਭਾਰਦਵਾਜ | ਸੁਰਿੰਦਰ ਕੁਮਾਰ ਜੈਨ



ਨਿਹਾਲ ਸਿੰਘ ਨਿਹਾਲ | ਕੈਪਟਨ ਕੰਵਰਜੀਤ ਸਿੰਘ ਬਾਜਵਾ | ਪੰਮੀ ਗਰੇਵਾਲ | ਬਿਕਰਮਜੀਤ ਸਿੱਧੂ | ਗੁਰਮੁਖ ਸਿੰਘ ਏਸ਼ੀਅਨ ਡਿਸਕਸ ਥਰੋ ਚੈਂਪੀਅਨ | ਨਿਰਮਲਜੀਤ ਸਿੰਘ | ਗੁਰਦਿਆਲ ਸਿੰਘ ਬਸਰਾਨ | ਹਰਦਿਆਲ ਸਿੰਘ ਦਿਓਲ | ਹਰਗੁਰਮੁਖਪਾਲ ਸਿੰਘ



ਐਪਲਟਨ, ਵਿਸਕਾਨਸਿਨ ਤੋਂ ਗੁਰਮੀਤ ਕਾਲੇਕਾ, ਸਰਬਜੀਤ ਸਿੰਘ, ਦੀਪਕ ਡੋਗਰਾ, ਗੁਰਵਿੰਦਰ ਬੱਬੂ, ਸਵਰਨ ਸਿੰਘ, ਹਰਦੀਪ ਅਰੋੜਾ

# ਹੱਸਦਾ ਪੰਜਾਬ ਦੀਆਂ ਤੀਆਂ ਵਿਚ ਲੱਗੀਆਂ ਖੂਬ ਰੌਣਕਾਂ

**ਡੈਲਸ, ਟੈਕਸਸ (ਹਰਜੀਤ ਢੇਸੀ):** ਸਥਾਨਕ ਪੰਜਾਬੀ ਸੰਸਥਾ 'ਹੱਸਦਾ ਪੰਜਾਬ' ਵਲੋਂ ਇਥੇ ਬਾਬ ਬੁਡਰਫ ਪਾਰਕ ਵਿਚ ਖੁੱਲ੍ਹੇ ਅਸਮਾਨ ਹੇਠ ਕਰਵਾਏ ਗਏ ਤੀਆਂ ਦੇ ਮੇਲੇ ਵਿਚ ਰੰਗ ਬਰੰਗੀਆਂ ਪੁਸ਼ਾਕਾਂ 'ਚ ਸਜੀਆਂ-ਫਬੀਆਂ ਧੀਆਂ-ਧਿਆਣੀਆਂ ਅਤੇ ਸੁਆਣੀਆਂ ਨੇ ਗਿੱਧੇ ਦੀਆਂ ਖੂਬ ਧਮਾਲਾਂ ਪਾਈਆਂ ਅਤੇ ਪੀਂਘਾਂ ਝੂਟੀਆਂ।

ਇਕ ਤੋਂ ਇਕ ਚੜ੍ਹਦੀ ਬੋਲੀ ਉਤੇ ਮੁਟਿਆਰਾਂ ਨੇ ਅੱਡੀਆਂ ਮਾਰ ਮਾਰ ਧਰਤੀ ਪੁੱਟਣੀ ਲਾਈ ਰੱਖੀ। ਨਿੱਕੀਆਂ ਨਿੱਕੀਆਂ ਬਾਲੜੀਆਂ ਨੇ ਸਕਿੱਟਾਂ ਪੇਸ਼ ਕਰਕੇ ਤੀਆਂ ਦੇ ਇਸ ਮੇਲੇ ਨੂੰ ਹੋਰ ਵੀ ਖੂਬਸੂਰਤ ਬਣਾਇਆ। ਕਿਲਕਾਰੀਆਂ ਮਾਰਦੇ ਬੱਚੇ ਮੇਲੇ ਨੂੰ ਹੋਰ ਵੀ ਰੌਣਕਾਂ ਬਖਸ਼ ਰਹੇ ਸਨ। ਬੀਬੀਆਂ ਨੇ ਇਸ ਮੌਕੇ ਲੱਗੇ ਕੱਪੜਿਆਂ, ਗਹਿਣੇ-ਗੱਟੇ ਅਤੇ ਹਾਰ-ਸ਼ਿੰਗਾਰ ਦੇ ਸਟਾਲਾਂ ਤੋਂ ਖੂਬ ਖਰੀਦੋ-ਫਰੋਖਤ ਕੀਤੀ। ਮੇਲੇ ਦਾ ਅੱਖੀਂ ਡਿੱਠਾ ਹਾਲ ਗਲੋਬਲ ਪੰਜਾਬੀ ਚੈਨਲ ਦੇ ਤਰਫੋਂ ਪਹੁੰਚੇ ਮਨਦੀਪ ਕੌਰ ਸਿੱਧੂ ਅਤੇ ਪਰਮਿੰਦਰ ਸੰਘੇੜਾ ਨੇ ਨਾਲੋ ਨਾਲ ਪ੍ਰਸਾਰਿਤ ਕੀਤਾ। ਹੱਸਦਾ ਪੰਜਾਬ ਜਥੇਬੰਦੀ ਨੇ ਇਸ ਮੇਲੇ ਲਈ ਮਾਲੀ ਸਹਿਯੋਗ ਪਾਉਣ ਵਾਲੇ ਸਪਾਂਸਰਾਂ ਦਾ ਧੰਨਵਾਦ ਕੀਤਾ ਹੈ।








# ਏ ਡੀ ਜੀ ਇਕਬਾਲ ਪ੍ਰੀਤ ਸਿੰਘ ਸਹੋਤਾ ਦਾ ਮਿਸ਼ੀਗਨ 'ਚ ਥਾਂ ਥਾਂ ਸਵਾਗਤ

**ਲੈਨਸਿੰਗ, ਮਿਸ਼ੀਗਨ (ਬਿਊਰੋ):** ਪੰਜਾਬ ਦੇ ਏ ਡੀ ਜੀ ਇਕਬਾਲ ਪ੍ਰੀਤ ਸਿੰਘ ਸਹੋਤਾ ਅਮਰੀਕਾ ਦੌਰੇ 'ਤੇ ਆਏ ਤਾਂ ਮਿਸ਼ੀਗਨ ਸਟੇਟ ਵਿਚ ਉਨ੍ਹਾਂ ਦਾ ਜਗ੍ਹਾ ਜਗ੍ਹਾ ਉਨ੍ਹਾਂ ਦੇ ਮਿੱਤਰਾਂ-ਦੋਸਤਾਂ ਵਲੋਂ ਸਵਾਗਤ ਕੀਤਾ ਗਿਆ ਅਤੇ ਉਨ੍ਹਾਂ ਦਾ ਮਾਣ-ਸਨਮਾਨ ਕੀਤਾ ਗਿਆ। ਜ਼ਿਕਰਯੋਗ ਹੈ ਕਿ ਸ. ਸਹੋਤਾ ਕ੍ਰਮਵਾਰ ਆਈ ਜੀ ਬਾਰਡਰ ਰੇਂਜ, ਆਈ ਜੀ ਪੰਜਾਬ ਹੈਡ ਕੁਆਰਟਰ ਅਤੇ ਆਈ ਜੀ ਪੰਜਾਬ ਲੋਕ ਪਾਲ ਰਹਿ ਚੁਕੇ ਹਨ ਅਤੇ ਰਾਸ਼ਟਰਪਤੀ ਇਨਾਮ ਵੀ ਲੈ ਚੁਕੇ ਹਨ।

ਸਭ ਤੋਂ ਪਹਿਲਾਂ ਉਹ ਪਰਿਵਾਰ ਸਮੇਤ ਮਿਸ਼ੀਗਨ ਦੀ ਰਾਜਧਾਨੀ ਲੈਨਸਿੰਗ ਵਿਚ ਆਪਣੇ ਮਿੱਤਰ ਮਨਜੀਤ ਸਿੰਘ ਦੇ ਘਰ ਪਹੁੰਚੇ ਤਾਂ ਉਥੇ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ ਗਿਆ। ਇਸ ਮੌਕੇ ਮਨਜੀਤ ਸਿੰਘ ਦੇ ਪਿਤਾ ਰਜਿੰਦਰ ਸਿੰਘ, ਜੋ ਅਕਾਲੀ ਦਲ ਸਰਕਲ ਜਲੰਧਰ ਦੇ ਸਾਬਕਾ ਪ੍ਰਧਾਨ ਹਨ, ਗੁਰਜਿੰਦਰ ਸਿੰਘ ਡਿੰਪਲ, ਗੁਰਦੁਆਰਾ ਲੈਨਸਿੰਗ ਦੇ ਸਾਬਕਾ ਪ੍ਰਧਾਨ ਗੁਰਦੇਵ ਸਿੰਘ, ਫਿਲਮ ਕਲਾਕਾਰ ਬਾਬ ਖਹਿਰਾ ਅਤੇ ਪੱਤਰਕਾਰ ਰੇਸ਼ਮ ਸਿੰਘ ਸੈਣੀ ਹਾਜ਼ਰ ਸਨ। ਅਗਲੇ ਦਿਨਾਂ ਦੇ ਪ੍ਰੋਗਰਾਮ ਦੌਰਾਨ ਉਹ ਗ੍ਰੈਂਡ ਰੈਪਿਡਜ਼ ਵਿਚ ਕਾਂਗਰਸ ਆਗੂ ਸੰਨੀ ਧੂੜ ਪਾਸ ਪਹੁੰਚੇ। ਮਸਕੀਗਨ 'ਚ ਉਨ੍ਹਾਂ ਦੇ ਮਾਣ-ਸਤਕਾਰ ਸਮਾਗਮ ਸਮੇਂ ਉਂਕਾਰ ਸਿੰਘ ਕਾਰੀ, ਬਲਜੀਤ ਸਿੰਘ ਬੌਬੀ, ਸਤਪਾਲ ਸਿੰਘ ਪੱਪੂ ਅਤੇ ਸਤਵਿੰਦਰ ਸਿੰਘ ਟੀਟੂ, ਬੈਟਲ ਕਰੀਕ ਵਿਚ ਡਾ. ਹਰਸ਼ਪੂਰਨ ਸਿੰਘ, ਹਰਪਾਲ ਸਿੰਘ ਪੰਮਾ, ਜਰਨੈਲ ਸਿੰਘ ਪੱਪੀ, ਕਰਨੈਲ ਸਿੰਘ ਰਾਜਾ ਅਤੇ ਪਵਨ ਹਾਜ਼ਰ ਸਨ। ਬੈਂਟਨ ਹਾਰਬਰ ਵਿਚ ਹੋਏ ਸਨਮਾਨ ਸਮਾਗਮ ਮੌਕੇ ਪਾਲ ਖਲੀਲ, ਸ਼ਿਕਾਗੋ ਤੋਂ ਹੈਪੀ ਹੀਰ, ਅਜੈਬ ਸਿੰਘ ਲੱਖਣ, ਸੰਤੋਖ ਸਿੰਘ ਡੀ ਸੀ ਅਤੇ ਮੱਖਣ ਸਿੰਘ ਗਿੱਲ ਪਹੁੰਚੇ ਹੋਏ ਸਨ। ਸ. ਸਹੋਤਾ ਨੇ ਉਨ੍ਹਾਂ ਸਭ ਸੱਜਣਾਂ ਮਿੱਤਰਾਂ ਦਾ ਧੰਨਵਾਦ ਕੀਤਾ ਜਿਨ੍ਹਾਂ ਨੇ ਉਨ੍ਹਾਂ ਦਾ ਮਾਣ-ਸਤਿਕਾਰ ਕੀਤਾ।



# ਜਸਕਰਨ ਧਾਲੀਵਾਲ ਦਾ ਟੋਰਾਂਟੋ 'ਚ ਸਨਮਾਨ

**ਬਰੈਂਪਟਨ, ਕੈਨੇਡਾ (ਬਿਊਰੋ):** ਅਕਾਲੀ ਦਲ ਕੈਨੇਡਾ ਵਲੋਂ ਇਥੇ ਵਿਲੇਜ ਹਾਲ ਰੈਸਟੋਰੈਂਟ ਵਿਚ

ਕਰਵਾਏ ਗਏ ਇਕ ਸਮਾਗਮ ਵਿਚ ਵਿਸ਼ੇਸ਼ ਸੱਦੇ ਉਤੇ ਪੰਜਾਬ ਤੋਂ ਹਲਕਾ ਪੂਰਬੀ ਲੁਧਿਆਣਾ ਦੇ ਵਿਧਾਇਕ ਰਣਜੀਤ ਸਿੰਘ ਢਿੱਲੋਂ ਅਤੇ ਸ਼ਿਕਾਗੋ ਤੋਂ ਯੂਥ ਅਕਾਲੀ ਦਲ ਮਿਡਵੈਸਟ ਦੇ ਪ੍ਰਧਾਨ ਜਸਕਰਨ ਸਿੰਘ ਧਾਲੀਵਾਲ ਪਹੁੰਚੇ। ਇਸ ਮੌਕੇ ਜਸਕਰਨ ਸਿੰਘ ਧਾਲੀਵਾਲ ਅਤੇ ਰਣਜੀਤ ਸਿੰਘ ਢਿੱਲੋਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।

ਵਿਧਾਇਕ ਰਣਜੀਤ ਸਿੰਘ ਢਿੱਲੋਂ ਨੇ ਇਸ ਮੌਕੇ ਬੋਲਦਿਆਂ ਕਿਹਾ ਕਿ ਪੰਜਾਬ ਦੀ ਅਕਾਲੀ ਸਰਕਾਰ ਪਰਵਾਸੀ ਪੰਜਾਬੀਆਂ ਦੇ ਹਿੱਤਾਂ ਅਤੇ ਉਨ੍ਹਾਂ ਦੀ ਰਾਖੀ ਲਈ ਵਚਨਬੱਧ ਹੈ ਅਤੇ ਉਨ੍ਹਾਂ ਨੇ ਪੰਜਾਬੀਆਂ ਨੂੰ ਪੰਜਾਬ ਵਿਚ ਵੱਧ ਨਿਵੇਸ਼ ਕਰਨ ਦਾ ਸੱਦਾ ਦਿੰਦਿਆਂ ਕਿਹਾ ਕਿ ਉਨ੍ਹਾਂ ਨੂੰ ਆਪਣੀ ਮਾਤ ਭੂਮੀ ਦੀ ਤਰੱਕੀ ਵਿਚ ਹਿੱਸਾ ਪਾਉਣਾ ਚਾਹੀਦਾ ਹੈ। ਸ. ਢਿੱਲੋਂ ਅਤੇ ਸ. ਧਾਲੀਵਾਲ ਨੇ ਮਾਣ-ਸਨਮਾਨ ਕਰਨ ਲਈ ਅਕਾਲੀ ਦਲ ਦੀ ਕੈਨੇਡਾ ਇਕਾਈ ਦੇ ਪ੍ਰਧਾਨ ਬੇਅੰਤ ਸਿੰਘ ਧਾਲੀਵਾਲ ਦਾ ਧੰਨਵਾਦ ਕੀਤਾ। ਇਸ ਇਕੱਠ ਵਿਚ ਇਕਾਈ ਦੇ ਅਹੁਦੇਦਾਰ ਬਚਿੱਤਰ ਸਿੰਘ ਘੋਲੀਆ, ਮਹਿੰਦਰ ਸਿੰਘ ਢਿੱਲੋਂ, ਦਲਜੀਤ ਸਿੰਘ ਮਾਂਗਟ, ਪਲਵਿੰਦਰ ਸਿੰਘ ਢਿੱਲੋਂ, ਹਰਜੀਤ ਸਿੰਘ ਮਹਾਲੋਂ, ਰੁਪਿੰਦਰ ਸਿੰਘ ਨਿੱਜਰ, ਜਗਜੀਤ ਗਿੱਲ ਅਤੇ ਗੋਪੀ ਧਾਲੀਵਾਲ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।



*ਜਸਕਰਨ ਧਾਲੀਵਾਲ ਦਾ ਸਨਮਾਨ ਕਰਦੇ ਹੋਏ ਅਕਾਲੀ ਦਲ ਕੈਨੇਡਾ ਦੇ ਅਹੁਦੇਦਾਰ*

# 175 ਕਰੋੜ ਦੀ ਹੈਰੋਇਨ ਬਰਾਮਦ

**ਤਰਨ ਤਾਰਨ:** ਡਾਇਰੈਕਟੋਰੇਟ ਆਫ ਰੈਵਨਿਊ ਇੰਟੈਲੀਜੈਂਸ ਨੇ ਪਾਕਿਸਤਾਨ ਤੋਂ ਆਈ 35 ਕਿਲੋ ਹੈਰੋਇਨ ਸਮੇਤ ਇਕ ਵਿਅਕਤੀ ਨੂੰ ਟਵੈਰਾ ਗੱਡੀ ਵਿਚ ਗ੍ਰਿਫ਼ਤਾਰ ਕਰਨ ਵਿਚ ਸਫਲਤਾ ਪ੍ਰਾਪਤ ਕੀਤੀ ਹੈ। ਡੀ.ਆਰ.ਆਈ. ਦੇ ਡਿਪਟੀ ਕਮਿਸ਼ਨਰ ਅਮਨਦੀਪ ਸਿੰਘ ਦੀ ਅਗਵਾਈ ਵਿਚ ਪਿੰਡ ਭੁੱਚਰ ਕਲਾਂ ਤੇ ਆਸ-ਪਾਸ ਨਾਕਾਬੰਦੀ ਕੀਤੀ ਹੋਈ ਸੀ। ਇਸੇ ਦੌਰਾਨ ਪੁਲਿਸ ਪਾਰਟੀ ਨੇ ਸਰਹੱਦੀ ਖੇਤਰ ਵੱਲੋਂ ਆ ਰਹੀ ਟਵੈਰਾ ਗੱਡੀ ਰੋਕ ਕੇ ਇਸ ਦੀ ਤਲਾਸ਼ੀ ਲਈ ਤਾਂ 35 ਕਿਲੋ ਹੈਰੋਇਨ ਬਰਾਮਦ ਹੋਈ ਜਿਸ ਦੀ ਕੀਮਤ ਕੌਮਾਂਤਰੀ ਬਾਜ਼ਾਰ ਵਿਚ 175 ਕਰੋੜ ਹੈ।

ਪੁਲਿਸ ਅਨੁਸਾਰ ਫੜੇ ਗਏ ਵਿਅਕਤੀ ਦੀ ਪਛਾਣ ਥਾਣਾ ਸਦਰ ਤਰਨ ਤਾਰਨ ਦੇ ਪਿੰਡ ਐਮਾ ਮਲ੍ਹੀਆ ਨਿਵਾਸੀ ਜੱਗਾ ਸਿੰਘ ਪੁੱਤਰ ਦਲਬੀਰ ਸਿੰਘ ਦੱਸੀ ਗਈ ਹੈ।


ਮਿਸ਼ੀਗਨ ਵਿਚ ਮਕਾਨ ਵੇਚਣ/ਖਰੀਦਣ ਲਈ ਭਰੋਸੇਯੋਗ ਨਾਂ

ਕਰਨ ਗਿੱਲ



Ph: (734) 612-9984

Either Buying or Selling a Home in Michigan "Always Go with the Winner"

COLDWELL BANKER

44644 Ann Arbor Road Plymouth, MI 48170
Email: KarnGill@Hotmail.com
Website: www.KarnGill.com



OKKJI Transfer LLC.

15238 Radiance Dr., Noblesville, IN, 46060

ਓਨਰ ਅਪਰੇਟਰ ਚਾਹੀਦੇ ਹਨ

*ਲੋਕਲ ਤੇ ਲੌਂਗ ਰੂਟ
*ਡਰਾਈ ਅਤੇ ਰੀਫਰ ਲੋਡ
ਕਾਗਜ਼ ਦਿਓ ਤੇ ਪੈਸੇ ਲਓ



ਟਰੱਕ ਪਾਰਕਿੰਗ ਮਾਸਿਕ ਰੈਂਟ 'ਤੇ ਉਪਲਬਧ ਹੈ
ਸੰਪਰਕ ਕਰੋ:

Toll Free: 1-855-966-5554

Manny Sandhu: 317-603-1000, Sam Bhullar: 732-486-9045
Fax: 317-774-9665



EXCLUSIVE OFFER

Credit Card Processing Program
• Wireless • Retail Internet
• Mail Order • Dial Pay
Multiple Processors - FIRST DATA, Global, Chase Paymentech etc

Wholesale rates go as low as

.05%*

Example: Processing $10,000 = $5 in fee !!

*Rg Debit tier pricing, call for details.

Process Credit Cards with your
Smart Phone & Tablet

Free Terminal, EMV/Smart chips available.
Free Wireless Terminal



Free Placement, Credit Card Terminal
No Set up Fees, Free paper
Wireless/Land Line/High Speed/Dial-up
ATM, Check Service, Gift Cards available
No Collateral CASH ADVANCE

ENROLL NOW

SAGAR
Your true partner

888-950-VISA or 773.935.VISA (8472)
www.InternationalCardSystems.com

# ਸ਼ਿਕਾਗੋ ਦਾ ਕਬੱਡੀ ਟੂਰਨਾਮੈਂਟ

(ਸਫਾ 17 ਦੀ ਬਾਕੀ)

ਐਲਾਨੇ ਗਏ। ਟੀਮਾਂ ਭਾਵੇਂ ਵੱਖੋ ਵੱਖ ਨਾਂਵਾਂ ਹੇਠ ਖੇਡੀਆਂ ਪਰ ਹੋਰ ਟੂਰਨਾਮੈਂਟਾਂ ਵਾਂਗ ਹੀ ਕਈ ਸਾਰੇ ਖਿਡਾਰੀ ਇਧਰੋਂ-ਉਧਰੋਂ ਹੀ ਲਏ ਗਏ ਸਨ। ਕੈਲੀਫੋਰਨੀਆ ਤੋਂ ਆਏ ਕਾਲੇ ਮੂਲ ਦੇ ਖਿਡਾਰੀ ਡਾਂਟੇ ਨੇ ਚੰਗੇ ਜੱਫੇ ਲਾਏ ਅਤੇ ਇਕ-ਦੋ ਵਾਰ ਰੇਡ ਵੀ ਪਾਈ। ਕੀਪਾ, ਸ਼ੌਂਕੀ ਹੁਸ਼ਿਆਰਪੁਰੀਆ, ਜਗਦੀਪ ਸਿੰਘ ਬਾਬਾ, ਹਰਪ੍ਰੀਤ ਕੁੱਦਾ ਅਤੇ ਸ਼ੇਰੀ ਹਰਖੋਵਾਲੀਆ ਵੀ ਚੰਗਾ ਖੇਡੇ। ਰੈਫਰੀ ਦਿਲਬਾਗ ਸਿੰਘ ਹੋਠੀ ਅਤੇ ਗੁਰਮੀਤ ਸਿੰਘ ਬਾਠ ਸਨ। ਕੁਮੈਂਟਰੀ ਮੱਖਣ ਸਿੰਘ ਹਕੀਮਪੁਰੀ ਨੇ ਕੀਤੀ ਜਦੋਂਕਿ ਮੰਚ ਸੰਚਾਲਨ ਕਲੱਬ ਦੇ ਪ੍ਰਧਾਨ ਸਤਿੰਦਰ ਸੁਸਾਣਾ ਨੇ ਕੀਤਾ।

ਵਾਲੀਬਾਲ ਮੁਕਾਬਲਿਆਂ ਵਿਚ ਦੋ ਹੀ ਟੀਮਾਂ ਨਿੱਤਰੀਆਂ। ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ ਸ਼ਿਕਾਗੋ ਦੀ 'ਏ' ਟੀਮ ਜੇਤੂ ਰਹੀ ਜਦੋਂਕਿ ਇਸੇ ਕਲੱਬ ਦੀ 'ਬੀ' ਟੀਮ ਦੂਜੇ ਥਾਂ ਆਈ। ਇਨ੍ਹਾਂ ਟੀਮਾਂ ਦੇ ਸਪਾਂਸਰ ਸਨ-ਟਾਈਗਰ ਗੈਸ ਕੰਪਨੀ, ਲੇਕ ਸਟਰੀਟ ਡੈਂਟਲ ਅਤੇ ਜੱਸੀ ਸਿੰਘ-ਰੀਮੈਕਸ।

ਟੂਰਨਾਮੈਂਟ ਦੇ ਅਖੀਰ ਵਿਚ ਗਾਇਕਾ ਗੁਰਲੇਜ਼ ਅਖਤਰ ਅਤੇ ਕੁਲਵਿੰਦਰ ਕੈਲੀ ਨੇ ਆਪਣੀ ਗਾਇਕੀ ਰਾਹੀਂ ਦਰਸ਼ਕਾਂ ਦਾ ਚੰਗਾ ਮਨੋਰੰਜਨ ਕੀਤਾ। ਗੁਰਲੇਜ਼ ਨੇ ਇਸ ਪ੍ਰੋਗਰਾਮ ਦਾ ਅਰੰਭ 'ਬਾਜਾਂ ਵਾਲਿਆ ਚੋਜ ਤੇਰੇ ਜੱਗ ਤੋਂ ਨਿਆਰੇ' ਨਾਲ ਕੀਤਾ। ਇਸ ਉਪਰੰਤ ਸੁਰਿੰਦਰ ਕੌਰ ਦੇ ਗਾਏ ਦੋ ਗੀਤ 'ਇਕ ਤੇਰੀ ਅੱਖ ਕਾਸ਼ਨੀ' ਅਤੇ 'ਇਨ੍ਹਾਂ ਅੱਖੀਆਂ ਵਿਚ ਪਾਵਾਂ ਕਿਵੇਂ ਕਜਲਾ, ਵੇ ਅੱਖੀਆਂ 'ਚ ਤੂੰ ਵੱਸਦਾ' ਗਾ ਕੇ ਰਵਾਇਤੀ ਗਾਇਕੀ ਦੇ ਸ਼ੌਕੀਨਾਂ ਦੀ ਮੁਰਾਦ ਪੂਰੀ ਕੀਤੀ। ਉਸ ਮਿਰਜ਼ਾ ਵੀ ਗਾਇਆ ਅਤੇ ਕੁਲਵਿੰਦਰ ਕੈਲੀ ਨਾਲ ਰਲ ਕੇ ਕਈ ਦੋਗਾਣੇ ਵੀ ਪੇਸ਼ ਕੀਤੇ। ਗਾਇਕੀ ਦੇ ਇਸ ਦੌਰ ਦੇ ਅਖੀਰ ਵਿਚ ਗੁਰਲੇਜ਼ ਅਖਤਰ, ਕੁਲਵਿੰਦਰ ਕੈਲੀ ਅਤੇ ਸਥਾਨਕ ਗੈਰੀ ਕਾਹਲੋਂ ਨੇ ਰਲ ਕੇ ਬੋਲੀਆਂ ਪਾਈਆਂ।


Sistar Mortgage

Minimizing Cost, Maximizing Investment
www.SistarMortgage.com



Balbir (Bill) Grewal, Loan Officer
*Residential & Commercial Loans*
(734) 330-8859 Mobile
(586) 802-7385 Fax
Balbir.Grewal@SistarMortgage.com
**Refinance up to 125% value of the house.*

*Loans Available In Most States!*

>100% FHA Financing >Residential (Purchase & *Refinance) >Self Employed >Cash Out Refinance >Investment Property Loans >Jumbo Loans >Commercial Property With Business or Business Only



Care for Soul, Inc.

Free Home Maker Service for Seniors
Funded by Illinois Department on Aging.

ਬਜ਼ੁਰਗਾਂ ਵਾਸਤੇ ਮੁਫਤ ਹੋਮ ਮੇਕਰ ਸੇਵਾ

ਕੀ ਤੁਹਾਡੇ ਘਰ ਤੁਹਾਡਾ ਕੋਈ ਸਕਾ ਸਬੰਧੀ ਬਜ਼ੁਰਗ ਹੈ?
ਕੀ ਤੁਸੀਂ ਘਰ ਵਿਚ ਇਕੱਲੇ ਬੁਢਾਪਾ ਕੱਟ ਰਹੇ ਹੋ?



ਕੌਣ ਯੋਗ ਹੈ?
ਉਮਰ ਸੱਠ ਸਾਲ ਜਾਂ ਵੱਧ ਹੋਵੇ
ਅਮਰੀਕੀ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਹੋਵੇ

ਅਸੀਂ ਬਜ਼ੁਰਗਾਂ ਵਾਸਤੇ ਕੀ ਕਰ ਸਕਦੇ ਹਾਂ?
ਸਾਡੀ ਸੇਵਾਦਾਰਾਂ ਦੀ ਨਿਸ਼ਠਾਪੂਰਨ ਅਤੇ ਪੂਰੀ ਤਰ੍ਹਾਂ ਸਿਖਿਅਤ ਟੀਮ ਤੁਹਾਡੀ ਮਦਦ ਕਰੇਗੀ ਅਤੇ ਤੁਹਾਡੀ ਸੰਭਾਲ ਕਰੇਗੀ ਜਿਸ ਦੇ ਕਿ ਤੁਸੀਂ ਹੱਕਦਾਰ ਹੋ।

ਅਸੀਂ ਅੰਗਰੇਜ਼ੀ, ਹਿੰਦੀ, ਗੁਜਰਾਤੀ, ਉਰਦੂ, ਪੰਜਾਬੀ, ਸਿੰਧੀ, ਬੰਗਾਲੀ, ਮਲਿਆਲਮ, ਤਾਮਿਲ, ਤੈਲਗੂ, ਕੰਨੜ, ਨੇਪਾਲੀ, ਸਪੈਨਿਸ਼, ਚੀਨੀ ਅਤੇ ਰੂਸੀ ਬੋਲ ਸਕਦੇ ਹਾਂ

Contact: ਸੰਪਰਕ ਕਰੋ
9186 W. Golf Road · Niles, IL 60714 · Tel: 847-983--0041
2426 W. Army Trail Rd. · Hanover Park, IL 60133 · Tel:: 630-855-5339



ਮਿਡਵੈਸਟ ਪੰਜਾਬੀ ਵਿਰਸਾ ਕਲਚਰਲ ਕਮੇਟੀ (ਕੈਨਸਸ) ਵਲੋਂ
ਮਿਡਵੈਸਟ ਸਿੱਖ ਗੁਰਦੁਆਰਾ ਕੈਨਸਸ ਦੇ ਸਹਿਯੋਗ ਨਾਲ

ਪੰਜਾਬੀ ਸਭਿਆਚਾਰਕ ਤੇ ਖੇਡ ਮੇਲਾ-2013

24 ਅਗਸਤ 2013 ਸਨਿਚਰਵਾਰ
ਦੁਪਹਿਰ 12 ਵਜੇ ਤੋਂ ਸ਼ਾਮੀਂ 8 ਵਜੇ ਤਕ

Shawnee Mission Park Shelter #12
7900 Renner Road, Shawnee, KS 66219



ਗਿੱਧਾ, ਭੰਗੜਾ, ਤੀਆਂ ਅਤੇ ਬੱਚਿਆਂ ਦੀਆਂ ਖੇਡਾਂ
Free Parking, Free Entry, Free Food
ਪੰਜਾਬੀ ਕਲਚਰਲ ਸੁਸਾਇਟੀ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸਭਨਾਂ ਨੂੰ ਬੇਨਤੀ ਹੈ ਕਿ ਇਸ ਮੇਲੇ ਵਿਚ ਹਾਜਰੀ ਭਰ ਕੇ ਇਸ ਦੀ ਰੌਣਕ ਵਧਾਓ ਜੀ।

ਗੁਰਦੁਆਰਾ ਕਮੇਟੀ ਮੈਂਬਰ:
ਰਜਿੰਦਰ ਸਿੰਘ ਸੰਘਾ, ਹਰਵਿੰਦਰ ਸਿੰਘ ਟਿਵਾਣਾ, ਸੁਖਮੰਦਰ ਸਿੰਘ ਪੂਨੀਆ, ਮਨਜਿੰਦਰ ਸਿੰਘ, ਅਮਰੀਕ ਸਿੰਘ ਬਲੱਗਣ, ਅਮਰਜੀਤ ਸਿੰਘ ਸੀਚੇਵਾਲ, ਬੀਬੀ ਸਤਿੰਦਰ ਕੌਰ ਹੁੰਦਲ

ਮਿਡਵੈਸਟ ਪੰਜਾਬੀ ਵਿਰਸਾ ਕਲਚਰਲ ਕਮੇਟੀ
ਹਰਮੇਲ ਸਿੰਘ ਥਿਆੜਾ 913-915-0781
ਦਿਲਸ਼ੇਰ ਸਿੰਘ ਸੰਧੂ 913-238-5599
ਗੁਰਦਿੱਤ ਸਿੰਘ ਪੁਰੇਵਾਲ 913-927-3773
ਗੁਰਵਿੰਦਰ ਸਿੰਘ ਰਾਣਾ 913-544-5209
ਜਸਵਿੰਦਰ ਸਿੰਘ ਸਰਾਏ (ਸੋਢੀ) 913-980-9282
ਸੁਖਵਿੰਦਰ ਸਿੰਘ ਔਜਲਾ 913-708-4627
ਤਰਲੋਕ ਸਿੰਘ ਬੱਲ ਤੇ ਰਵਿੰਦਰਪਾਲ ਸਿੰਘ

ਬਾਬੂ ਰਜਬ ਅਲੀ ਦੇ ਰੰਗ



*ਬਾਬੂ ਰਜਬ ਅਲੀ ਖਾਨ (10 ਅਗਸਤ 1894-6 ਮਈ 1979) ਦਾ ਜਨਮ ਮੀਆਂ ਧਮਾਲੀ ਖਾਨ ਅਤੇ ਜਿਉਣੀ ਦੇ ਘਰ ਪਿੰਡ ਸਾਹੋਕੇ ਜ਼ਿਲ੍ਹਾ ਫਿਰੋਜ਼ਪੁਰ ਵਿਚ ਹੋਇਆ। ਉਨ੍ਹਾਂ ਨੇ ਸਿਵਲ ਇੰਜੀਨੀਅਰਿੰਗ ਦਾ ਡਿਪਲੋਮਾ (ਓਵਰਸੀਅਰੀ) ਪਾਸ ਕੀਤਾ ਅਤੇ ਸਿੰਜਾਈ ਵਿਭਾਗ ਵਿਚ ਨੌਕਰੀ ਕਰ ਲਈ, ਪਰ ਆਪਣੇ ਗਾਉਣ ਦੇ ਇਸ਼ਕ ਕਰ ਕੇ 1940 ਵਿਚ ਨੌਕਰੀ ਛੱਡ ਦਿੱਤੀ। 1947 ਦੀ ਵੰਡ ਵੇਲੇ ਉਨ੍ਹਾਂ ਨੂੰ ਪਾਕਿਸਤਾਨ ਜਾਣਾ ਪਿਆ, ਪਰ ਕਵੀਸ਼ਰ ਦਾ ਦਿਲ ਮਾਲਵੇ ਦੇ ਪਿੰਡਾਂ ਵਿਚ ਹੀ ਰਿਹਾ। ਲਹਿੰਦੇ ਪੰਜਾਬ ਵਿਚ ਉਨ੍ਹਾਂ ਨੂੰ ਓਕਾੜਾ ਜ਼ਿਲ੍ਹੇ ਵਿਚ ਚੱਕ ਨੂੰਬਰ 32/2 ਵਿਖੇ ਜ਼ਮੀਨ ਅਲਾਟ ਹੋਈ। ਉਹ ਕਵੀਸ਼ਰੀ ਦੇ ਬਾਦਸ਼ਾਹ ਵਜੋਂ ਮਸ਼ਹੂਰ ਹਨ। ਉਨ੍ਹਾਂ ਦਰਜਨਾਂ ਕਿੱਸੇ ਅਤੇ ਅਨੇਕਾਂ ਕਵਿਤਾਵਾਂ ਲਿਖੀਆਂ। ਉਨ੍ਹਾਂ ਦੀਆਂ ਰਚਨਾਵਾਂ ਵਿਚੋਂ ਪੰਜਾਬ, ਖਾਸ ਕਰ ਮਾਲਵੇ ਦੀ ਰੂਹ ਝਲਕਦੀ ਹੈ। ਉਨ੍ਹਾਂ ਦਾ ਚਾਚਾ ਹਾਜੀ ਰਤਨ ਵੀ ਵਧੀਆ ਕਵੀਸ਼ਰ ਸੀ। ਉਨ੍ਹਾਂ ਦੇ ਜਨਮ ਦਿਨ (10 ਅਗਸਤ) ਮੌਕੇ ਅਸੀਂ 'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਉਨ੍ਹਾਂ ਦੀ ਕਵਿਤਾ ਲੜੀਵਾਰ ਛਾਪ ਰਹੇ ਹਾਂ। ਇਹ ਕਵਿਤਾ ਸਵੈ-ਜੀਵਨੀ ਵਿਚ ਹੈ। -ਸੰਪਾਦਕ*

# ਵਤਨ ਦੀਆਂ ਤਾਂਘਾਂ

### ਤਰਜ਼ ਦੋਤਾਰਾ

ਨੰਗ ਕੰਗਲਾ, ਹਰੀਜਨ ਹੋ,
ਭਮੇਂ ਸਰਦਾਰ ਘਰੇ ਹੋ ਰੈਸ੍ਹੀ।
ਪਤਾ ਲਗਦਾ ਉਜੜ ਕੇ ਤੇ,
ਨਹੀਂ ਚੀਜ਼ ਪਿਆਰੀ ਦੇਸ਼ ਦੇ ਜੈਸੀ।
ਬੰਨ੍ਹ ਟੁੱਟ ਗਿਆ ਸਬਰ ਦਾ ਜੀ,
ਗ਼ਮਾਂ ਦੀ, ਨਹਿਰ ਚੜ੍ਹਦੀਆਂ ਕਾਂਗਾਂ।
ਮੈਨੂੰ ਉੱਠਦੇ ਬੈਠਦੇ ਨੂੰ,
ਰਹਿਣ ਹਰ ਵਕਤ ਵਤਨ ਦੀਆਂ ਤਾਂਘਾਂ।

ਢੈ ਗੇ ਕਿੰਗਰੇ ਦਿਲਾਂ ਦੇ ਜੀ,
ਮੇਰੀਆਂ ਰਹਿਣ ਦਲੀਲਾਂ ਡਿੰਗੀਆਂ।
ਮੈਂ ਵਾਂਗ ਸ਼ੁਦਾਈਆਂ ਜੀ,
ਨੀਵੀਂ ਪਾ ਬਹਿ ਜਾਂ ਢਾਲ ਕੇ ਰਿੰਗੀਆਂ।
ਰੱਤ ਸਿੰਮਦੀ ਅੱਖੀਆਂ 'ਚੋਂ,
ਜਿਗਰ ਪਰ ਮਾਰੇ ਵਿਛੋੜਾ ਸਾਂਗਾਂ।
ਮੈਨੂੰ ਉੱਠਦੇ ਬੈਠਦੇ ਨੂੰ,
ਰਹਿਣ ਹਰ ਵਕਤ ਵਤਨ ਦੀਆਂ ਤਾਂਘਾਂ।

ਹੇਠੋਂ ਧਰਤੀ ਨਿਕਲ ਜੂ ਗੀ,
ਕਰਾਂ ਵਰਣਨ ਜੋ ਸਿਰਾਂ ਪਰ ਵਰਤੀ।
ਕਿਸੇ ਵੇਲੇ ਭੁੱਲਦੇ ਨਾ,
ਅੰਮਾਂ ਦੇ ਕੋਠੇ, ਬਾਪ ਦੀ ਧਰਤੀ।
ਯਾਰਾਂ ਨਾਲ ਨੀਤਣੀ ਸੀ,
ਕਿਤੋਂ ਨਾ ਸੁਣਨ ਸ਼ੌਕ ਦੀਆਂ ਬਾਂਗਾਂ।
ਮੈਨੂੰ ਉੱਠਦੇ ਬੈਠਦੇ ਨੂੰ,
ਰਹਿਣ ਹਰ ਵਕਤ ਵਤਨ ਦੀਆਂ ਤਾਂਘਾਂ।

ਵੇਖੇ ਕਿਲੇ ਰਿਆਸਤ ਦੇ,
ਰਾਜੇ ਦੇ ਮੰਦਰ, ਵੜੇ ਨਾ ਅੰਦਰ।
ਕਪਤਾਨ ਟੀਮ ਦਾ ਸਾਂ,
ਖੇਲਣੇ ਗਏ ਕ੍ਰਿਕਟ ਜਲੰਧਰ।
ਕਦੇ ਮੈਂ ਤੇ ਅਰਜਣ ਨੇ,
ਮਾਰੀਆਂ ਸੇਖੇ ਝਿੜੀ ਛਲਾਂਗਾਂ।
ਮੈਨੂੰ ਉੱਠਦੇ ਬੈਠਦੇ ਨੂੰ,
ਰਹਿਣ ਹਰ ਵਕਤ ਵਤਨ ਦੀਆਂ ਤਾਂਘਾਂ।

ਪੌਂਦੇ ਘੁੰਮਰਾਂ ਲਹਿੰਗੇ ਸੀ,
ਕੁੜਤੀਆਂ ਮੜ੍ਹੀਆਂ ਨਾਲ ਕਤੂਨਾਂ।
ਬਹਿ ਕੇ ਸੱਥ 'ਚ ਵੇਖਦੇ ਸੀ,
ਪਾਣੀ ਜਾਣ ਭਰਨ ਭਾਬੀਆਂ ਮੂੰਨਾਂ।
ਵੇਲਾ ਚੇਤੇ ਆ ਜੇ ਜੀ,
ਸੁੱਤਾ ਪਿਆ ਉੱਠ ਪਾਂ ਮਾਰ ਕੇ ਚਾਂਗਾਂ।



ਬਾਬੂ ਰਜਬ ਅਲੀ ਦੀ ਪੁਰਾਣੇ ਪੰਜਾਬ ਦੀ ਇਕ ਝਲਕੀ।

ਮੈਨੂੰ ਉੱਠਦੇ ਬੈਠਦੇ ਨੂੰ,
ਰਹਿਣ ਹਰ ਵਕਤ ਵਤਨ ਦੀਆਂ ਤਾਂਘਾਂ।

ਵਿਛੇ ਪਲੰਘ ਨਿਵਾਰੀ ਜੀ,
ਫੁੱਲਾਂ ਦੀ ਮਹਿਕ ਬਾਗ਼ ਵਿਚ ਟਹਿਲਾਂ।
ਬੱਕੀ ਮਿਰਜ਼ੇ ਖ਼ਾਨ ਦੀ ਜੀ,
ਪਾਂਮਦੀ ਜਾਂਦੀ ਨਹਿਰ ਪਰ ਪੈਲਾਂ।
ਨਾਲ ਰਲ ਜੇ ਪੌਣ ਦੇ ਜੀ,
ਸ਼ੀਸ਼ਮੋਂ ਤੋੜ ਛਮਕ ਨੂੰ ਛਾਂਗਾਂ।
ਮੈਨੂੰ ਉੱਠਦੇ ਬੈਠਦੇ ਨੂੰ,
ਰਹਿਣ ਹਰ ਵਕਤ ਵਤਨ ਦੀਆਂ ਤਾਂਘਾਂ।

ਜਲ ਚਾਂਦੀ ਵਰਗਾ ਜੀ,
ਪਟੜੀਉਂ ਉੱਤਰ ਬਰਮ ਪਰ ਬਹਿਣਾ।
ਰਾਮਪੁਰੇ, ਦੌਧਰੋਂ, ਜੀ, ਕੈਰੇ,
ਜਗਰਾਵੀਂ, ਮੌੜ ਤੇ ਸਹਿਣਾ।
ਗਏ ਮਹਾਂ-ਵੱਧਰੋਂ ਜੀ,
ਸੂਏ ਦੀ ਬੰਨ੍ਹਣੀ ਟੋਟ ਅੜਾਂਘਾਂ।
ਮੈਨੂੰ ਉੱਠਦੇ ਬੈਠਦੇ ਨੂੰ,
ਰਹਿਣ ਹਰ ਵਕਤ ਵਤਨ ਦੀਆਂ ਤਾਂਘਾਂ।
ਠੇਕੇਦਾਰ ਅਨੇਕਾਂ ਨੇ,
ਮੇਰੇ ਪਾਸ ਕਰਕੇ ਕਾਮ ਸੁਖ ਭੋਗੇ।

ਜੱਟ ਦਿਲੋਂ ਭੁਲਾਉਂਦੇ ਨਾ,
ਜਿਨ੍ਹਾਂ ਦੇ ਲਾ ਤੇ ਦਾਸ ਨੇ ਮੋਘੇ।
ਪੈਦਾਵਾਰ ਵਧਾਤੀ ਸੀ,
ਬੋਹਲ ਤੇ ਬੋਹਲ ਲਾਤੀਆਂ ਧਾਂਗਾਂ।
ਮੈਨੂੰ ਉੱਠਦੇ ਬੈਠਦੇ ਨੂੰ,
ਰਹਿਣ ਹਰ ਵਕਤ ਵਤਨ ਦੀਆਂ ਤਾਂਘਾਂ।

ਮੈਨੂੰ ਰੱਖ ਲੌ ਨਗਰ ਮੇਂ ਜੀ,
ਨਗਰ ਦੇ ਲੋਕੋ ਹੱਥਾਂ ਦੀਆਂ ਵਾਹੋ।
'ਬਾਬੂ' ਜਾਣ ਦੇਵਣਾ ਨਾ,
ਦਾਸ ਦੀ ਕਬਰ ਬਣਾ ਲੋ ਸਾਹੋ।
ਲਾਸ਼ ਦੱਬ ਦਿਉ ਗਾਮ ਮੇਂ ਜੀ,
ਸੱਚੇ ਕੌਲ ਭੌਰ ਪਹੁੰਚ ਜੂ 'ਗੁਾਂ-ਗੁਾਂ'।
ਮੈਨੂੰ ਉੱਠਦੇ ਬੈਠਦੇ ਨੂੰ,
ਰਹਿਣ ਹਰ ਵਕਤ ਵਤਨ ਦੀਆਂ ਤਾਂਘਾਂ।

*(ਇਹ ਕਵਿਤਾ 21 ਤੋਂ 24 ਮਾਰਚ 1965 ਨੂੰ ਬਾਬੂ ਰਜਬ ਅਲੀ ਦੇ ਦੇਸ਼ ਦੀ ਵੰਡ ਉਪਰੰਤ ਹਿੰਦੁਸਤਾਨ ਪਧਾਰਨ ਉੱਤੇ ਕੀਤੇ ਗਏ ਵਿਸ਼ਾਲ ਇਤਿਹਾਸਕ ਸੁਆਗਤੀ ਸਮਾਗਮ ਸਮੇਂ ਲਈ ਬਾਬੂ ਜੀ ਨੇ ਅਗਾਊਂ ਲਿਖ ਕੇ ਭੇਜੀ ਸੀ)*

ਵੰਡ ਦਾ ਦਰਦ ਜੋ ਬਾਬੂ ਰਜਬ ਅਲੀ ਦੀ ਇਸ ਰਚਨਾ ਵਿਚ ਵਹਿ ਤੁਰਿਆ ਹੈ।



# ਆਖ ਤਸਵੀਰਾਂ ਬੋਲਦੀਆਂ

ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਇਸ ਕਾਲਮ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 24 ਅਗਸਤ ਹੈ। -ਸੰਪਾਦਕ

## ਕੈਪਸ਼ਨ ਮੁਕਾਬਲਾ-78



*ਪਾ ਲਾ ਵੱਟਾਂ ਖਿੱਚ ਜਿੰਦੇ ਨੂੰ, ਜੱਟ ਤੇ ਸੀਰੀ 'ਕੱਠੇ,
ਇਉਂ ਕੰਮ ਨਿਬੇੜ ਕੇ ਆਪਾਂ ਵੱਢਣੇ ਪੱਠੇ-ਦੱਥੇ।
ਚੜ੍ਹ ਗਈ ਧੁੱਪ ਲਾਹ ਟੋਪੀ ਸਿਰ ਤੋਂ ਮਿਹਨਤ ਦਾ ਕੀ ਤਾਅਨਾ,
ਉਂਜ ਜ਼ਿੰਦਗੀ ਸਾਰੀ ਪਾਈ ਰੱਖਦਾ ਵੱਟੇ ਵੱਟ ਜ਼ਮਾਨਾ।*

## ਕੈਪਸ਼ਨ ਮੁਕਾਬਲਾ-76



ਕਿਉਂ ਵੱਢ ਦਿੱਤਾ ਪਿੰਡ ਦੀ ਸ਼ਾਨ ਸਾਂ ਮੈਂ
ਕਦੀ ਸੱਥਾਂ ਦੇ ਸਿਰ ਸੀ ਛਾਂ ਰੱਖਦਾ
ਇਸ ਉਜੜੇ ਬਾਗ ਦਾ ਸੀ ਮੈਂ ਮੋਢੀ
ਰੁੱਖਾਂ ਵਿਚ ਸਿਰਮੌਰ ਸੀ ਥਾਂ ਰੱਖਦਾ।
ਪਿੱਪਲ, ਟਾਹਲੀਆਂ, ਤੂਤ ਧੀਆਂ ਪੁੱਤ ਮੇਰੇ
ਕਿਸੇ ਚੰਦਰੀ ਨਜ਼ਰ ਨੇ ਖਾ ਲਏ ਨੇ,
ਲੋਕ ਭੁੱਲ ਗਏ ਪਰ ਮੈਨੂੰ ਬੋਹੜ ਕਹਿੰਦੇ
ਮੇਰੇ ਨਾਲ ਸੀ ਖੁਸ਼ ਗਿਰਾਂ ਵਸਦਾ।
**-ਐਸ ਮਹਿਬੂਬ, ਨਵਾਂ ਸ਼ਹਿਰੀ**
**ਫੋਨ: 732-773-6777**

---

ਧਰਤੀ ਮਾਂ ਦੀ ਕੁਖ 'ਚੋਂ
ਜਨਮੇ ਹਰੇ ਭਰੇ ਜੋ ਰੁੱਖ।
ਵਾਂਗ ਜਲਾਦਾਂ ਅਤੇ ਕਸਾਈਆਂ
ਵੱਢੀ ਜਾਣ ਮਨੁੱਖ।
ਵਾਤਾਵਰਣ ਸੰਵਾਰਨ ਦੇ ਲਈ
ਉਠ ਪਏ ਨੇ ਕਈ ਮਾਲੀ।
ਫਿਰ (ਸੁਰਜੀਤ) ਦਿਸੇਗੀ ਹਰ ਥਾਂ
ਹਰੀ ਭਰੀ ਹਰਿਆਲੀ।
**-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ**

---

ਮਨੁੱਖ ਰੁੱਖ ਦੀ ਸਾਂਝ ਪੁਰਾਣੀ,
ਲੋਭ ਨੇ ਮਨੋਂ ਭੁਲਾਈ।
ਮੈਂ ਤਾਂ ਹਰ ਦਮ ਚੰਗਾ ਕੀਤਾ,
ਪਰ ਬੰਦੇ ਕਦਰ ਨਾ ਪਾਈ।
ਆਰੇ ਦੇ ਨਾਲ ਕਰ ਕੇ ਟੋਟੇ,
ਲਾਸ਼ ਮੈਦਾਨ ਖਿੰਡਾਈ।
ਭੀੜ ਪਈ ਤੋਂ ਚੇਤੇ ਆਊ,
ਜਿਹੜੀ ਕੀਤੀ ਅੱਜ ਰੁਸਵਾਈ।
**-ਜਗਮੀਤ ਸਿੰਘ ਪੰਧੇਰ**
**ਫੋਨ: 91-98783-37222**

---

ਧੁੱਪਾਂ ਛਾਂਵਾਂ ਸਿਰ ਪਿੰਡੇ ਹੰਢਾਵਾਂ
ਧਰਤੀ ਮਾਂ ਦਾ ਜਾਇਆ।
ਫੁੱਲ ਤੇ ਫਲ ਦੋਵੇਂ ਦਿੱਤੇ
ਪਰ ਤੈਨੂੰ ਪਸੰਦ ਨਾ ਆਇਆ।
ਪੰਛੀ ਖੇਡੇ ਮੇਰੀ ਬੁੱਕਲ ਵਿਚ
ਨਾਲੇ ਆਲ੍ਹਣਾ ਪਾਇਆ।
ਪਉਣ ਪਾਣੀ ਨੂੰ ਸਾਂਵਾਂ ਰੱਖਾਂ
ਬਾਲਣ ਲਈ ਕੰਮ ਆਇਆ।
ਪਸ਼ੂਆਂ ਲਈ ਮੈਂ ਚਾਰਾ ਬਣਿਆ
ਤੇਰੇ ਘਰ ਲਈ ਛੱਤ।
ਬੇਦਰਦਾ ਤੈਨੂੰ ਦਰਦ ਨਾ ਆਇਆ
ਲਾਹ ਛੱਡੀ ਮੇਰੀ ਪੱਤ।
ਜੇਬਾਂ ਭਰਨ ਦੀ ਕਾਹਲੀ ਤੈਨੂੰ
ਸ਼ਾਇਦ ਮਾਰੀ ਗਈ ਮੱਤ।
ਤਾਹੀਓਂ ਮੈਨੂੰ ਮਾਰ ਮੁਕਾਇਆ
ਹੁਣ ਤਾਂ ਕਰ ਦੇ ਬੱਸ।
**-ਸੇਵਾ ਸਿੰਘ ਨੂਰਪੁਰੀ**
**ਸੈਨ ਹੋਜ਼ੇ, ਕੈਲੀਫੋਰਨੀਆ।**

---

ਪੱਤਾ ਪੱਤਾ, ਡਾਲੀ ਡਾਲੀ,
ਕੱਟਿਆ ਅੰਗ ਅੰਗ ਸਾਰਾ।
ਪਾਣੀ ਨਾਲ ਸਿੰਜਣ ਨਾਲੋਂ,
ਫੇਰਿਆ ਮੇਰੇ ਉਤੇ ਆਰਾ।
**-ਹਰਮੀਕ ਸਿੰਘ ਵਿੱਕੀ**
**ਸਟਾਕਟਨ, ਕੈਲੀਫੋਰਨੀਆ।**

---

ਛੇਤੀ ਕੰਮ ਮੁਕਾ ਵੀਰਾ
ਛੇਤੀ ਛੇਤੀ ਚਲਾ ਆਰਾ।
ਮੁਕਿਆ ਦਾਲ ਅਤੇ ਆਟਾ
ਘਰੇ ਪਿਆ ਪੁਆੜਾ।
ਆ ਗਏ ਜਦੋਂ ਦੇ ਮਸ਼ੀਨੀ ਆਰੇ
ਮਜ਼ਦੂਰੀ ਮਿਲਦੀ ਘੱਟ,
ਦਿਹਾੜੀਆਂ ਲਾ ਲਾ ਜਰਬਾਂ ਦੇਵੇ
ਗਰੀਬ ਮਜ਼ਦੂਰ ਵਿਚਾਰਾ।
**-ਗੋਰਾ ਪ੍ਰਜਾਪਤ, ਨਿਊ ਯਾਰਕ**
**ਫੋਨ: 718-690-8403**

# ਸਾਡੀ ਰੋਟੀ ਬਨਾਮ ਮਰ ਜਾਣੇ ਮਾਨ ਦੀ ਰੋਟੀ


ਕੀ ਮੈਂ ਝੂਠ ਬੋਲਿਐ...



ਸਵਰਨ ਸਿੰਘ ਟਹਿਣਾ
ਫੋਨ:91-98141-78883


ਗੁਰਦਾਸ ਮਾਨ ਪੰਜਾਬੀਆਂ ਦਾ ਸਭ ਤੋਂ ਵੱਧ ਸਤਿਕਾਰਿਆ ਕਲਾਕਾਰ ਹੈ ਤੇ ਸ਼ਾਇਦ ਇਸੇ ਕਰਕੇ ਬਹੁਗਿਣਤੀ ਪੰਜਾਬੀ ਇਕ-ਦੂਜੇ ਦੀ ਰੀਸੇ ਉਸ ਨੂੰ 'ਬਾਬਾ ਗਾਇਕ' ਕਹਿ ਬੁਲਾਉਂਦੇ ਨੇ। ਗੁਰਦਾਸ ਨੇ ਅੱਜ ਤੱਕ ਜ਼ਿਆਦਾਤਰ ਚੰਗਾ ਹੀ ਗਾਇਆ ਤੇ ਜਿਹੜੇ ਕੁਝ 'ਤੇ ਥੋੜ੍ਹੀ-ਬਹੁਤ ਕਿੰਤੂ ਹੋ ਸਕਦੀ ਸੀ, ਉਹ ਉਸ ਦੀ ਵੱਡ ਅਕਾਰੀ ਸ਼ਖਸੀਅਤ ਕਰਕੇ ਨਹੀਂ ਹੋਈ। ਉਸ ਦੇ ਹੱਕ ਵਿਚ ਇਹ ਗੱਲ ਜਾਂਦੀ ਹੈ ਕਿ ਉਸ ਖਾਤਰ ਜਜ਼ਬਾਤੀ ਸਰੋਤੇ ਲੜ ਸਕਦੇ ਨੇ। ਜਿਵੇਂ ਕਿਸੇ ਡੇਰੇ ਵਾਲੇ ਬਾਬੇ ਨੂੰ ਮਾੜਾ ਕਹਿਣ 'ਤੇ ਕਈ ਸ਼ਰਧਾਵਾਨ ਅੱਖਾਂ ਕੱਢਣ ਲੱਗਦੇ ਨੇ, ਉਵੇਂ ਗੁਰਦਾਸ ਦੀ ਗਾਇਕੀ ਜਾਂ ਸ਼ਖਸੀਅਤ ਵਿਚ ਨੁਕਸ ਕੱਢਿਆ ਜਾਵੇ ਤਾਂ ਕਈਆਂ ਨੂੰ ਚੰਗਾ ਨਹੀਂ ਲੱਗਦਾ।

ਸੱਚੀ ਗੱਲ ਹੈ ਕਿ ਗੁਰਦਾਸ ਨੇ ਪੰਜਾਬੀ ਗਾਇਕੀ ਨੂੰ ਗਿੱਦੜਬਾਹਾ ਤੋਂ ਉਠ ਉਥੋਂ ਤੱਕ ਪੁਚਾਇਆ, ਜਿੱਥੋਂ ਤੱਕ ਦਾ ਸੁਪਨਾ ਕੋਈ ਨਹੀਂ ਲੈ ਸਕਦਾ। ਸ਼ਾਇਦ ਉਹ ਪੰਜਾਬ ਦਾ ਪਹਿਲਾ ਫ਼ਨਕਾਰ ਹੋਏਗਾ, ਜਿਸ ਦੀ ਮਾਇਆ ਨਗਰੀ ਵਿਚ ਵੀ ਚੋਖੀ ਪਛਾਣ ਹੈ। ਬਾਲੀਵੁੱਡ ਦੇ ਵੱਡੇ ਅਦਾਕਾਰ ਗੁਰਦਾਸ ਦਾ ਨਾਂ ਸਤਿਕਾਰ ਨਾਲ ਲੈਂਦੇ ਹਨ। ਭਾਵ ਉਸ ਨੇ ਆਪਣੀ ਅੱਡਰੀ ਪਛਾਣ ਬਣਾਈ ਤੇ ਬਣੀ ਹੋਈ ਪਛਾਣ ਕਈ ਤਰ੍ਹਾਂ ਦੇ ਯਤਨ ਕਰਕੇ ਖੂਬ ਸੰਭਾਲੀ ਹੈ। ਇਕ ਵੇਲ਼ਾ ਸੀ ਜਦੋਂ ਗੁਰਦਾਸ 'ਤੇ ਵਕਤ ਦਾ ਰੰਗ ਚੜ੍ਹਦਾ ਜਾਪਣ ਲੱਗਾ ਸੀ ਤੇ ਉਹ 'ਪੰਜ ਉਂਗਲਾਂ ਵਿਚ ਪੰਜ ਪੰਜ ਛੱਲੇ' ਗਾਉਂਦਾ ਦਿਸਿਆ ਸੀ, ਪਰ ਬਾਅਦ ਵਿਚ ਉਸ ਨੇ ਧਾਰ ਲਿਆ ਕਿ ਗਾਇਕੀ ਜਿਹੜਾ ਮੋੜ ਮਰਜ਼ੀ ਕੱਟੇ, ਮੇਰੇ ਗਾਣਿਆਂ ਦੇ ਵਿਸ਼ੇ ਗਿੱਦੜਬਾਹੇ ਦੀ ਮਿੱਟੀ ਵਰਗੇ ਹੀ ਰਹਿਣਗੇ ਤੇ ਇਹ ਫਾਰਮੂਲਾ ਉਸ ਨੂੰ ਏਨਾ ਰਾਸ ਆਇਆ ਕਿ ਅੱਜ ਤੱਕ ਉਸ ਬਰਾਬਰ ਖੜ੍ਹਨ ਵਾਲਾ ਕੋਈ ਨਹੀਂ।

ਪੰਜਾਬੀ ਗਾਇਕੀ 'ਚ ਚਾਰ-ਚਾਰ ਸਾਲ ਬੜਿਆਂ ਦੀ ਚੜ੍ਹਤ ਰਹੀ, ਕਦੇ ਮਿਸ ਪੂਜਾ ਦਾ ਦੌਰ, ਕਦੇ ਬਿਹੂਮੀਆ ਦਾ ਤੇ ਕਦੇ ਹਨੀ ਸਿੰਘ ਦਾ, ਪਰ ਥੋੜ੍ਹੇ ਸਮੇਂ ਬਾਅਦ ਇਨ੍ਹਾਂ ਦੀ ਪਛਾਣ ਮੱਠੀ ਪੈ ਜਾਂਦੀ ਹੈ, ਜਦਕਿ ਗੁਰਦਾਸ ਅਡਿੱਗ ਹੈ, ਅਡੋਲ ਹੈ। ਵਕਤੀ ਕਲਾਕਾਰ ਇਕ ਦਮ ਆਤਿਸ਼ਬਾਜ਼ੀ ਵਾਂਗ ਛੂੰ ਕਰਕੇ ਉਤਾਂਹ ਜਾਂਦੇ ਨੇ, ਪਰ ਅਗਲੇ ਪਲ਼ ਪਤਾ ਨਹੀਂ ਲੱਗਦਾ ਕਿ ਉਹ ਆਤਿਸ਼ਬਾਜ਼ੀ ਕਿਨ੍ਹਾਂ ਦੇ ਕੋਠੇ 'ਤੇ ਡਿੱਗੀ ਹੈ।

ਇਨ੍ਹੀਂ ਦਿਨੀਂ ਗੁਰਦਾਸ ਮਾਨ ਦੀ ਨਵੀਂ ਐਲਬਮ 'ਰੋਟੀ' ਦੀ ਚਰਚਾ ਚੱਲ ਰਹੀ ਹੈ। ਇਹ ਚਰਚਾ ਹੋਣੀ ਵੀ ਸੀ, ਕਿਉਂਕਿ ਇਕ ਪਾਸੇ ਜਦੋਂ ਪੰਜਾਬ ਦੇ ਕਲਾਕਾਰ 'ਹਮਰ', 'ਓਡੀ', 'ਫਰਾਰੀ' ਗੱਡੀਆਂ, 'ਐਪਲ' ਦੇ ਫੋਨਾਂ, 'ਗੂਚੀ' ਦੀਆਂ ਐਨਕਾਂ, ਬਰੈਂਡਿਡ ਕੱਪੜਿਆਂ, ਮਹਿੰਗੇ ਪੀ.ਜੀ ਅਤੇ ਫਾਈਵ ਸਟਾਰ ਹੋਟਲਾਂ 'ਚ ਮਸਤੀਆਂ ਦੀਆਂ ਗੱਲਾਂ ਗਾਣਿਆਂ ਜ਼ਰੀਏ ਕਰਦੇ ਨੇ ਤਾਂ ਗੁਰਦਾਸ ਮਜ਼ਦੂਰਾਂ, ਮੋਚੀਆਂ, ਵਿਦੇਸ਼ਾਂ 'ਚ ਰੋਜ਼ੀ ਲਈ ਰੁਲਦਿਆਂ ਅਤੇ ਹੋਰ ਲੋੜਵੰਦਾਂ ਦੀਆਂ ਗੱਲਾਂ ਕਰਦਾ ਹੈ। ਉਹ ਇਸ ਗੱਲ ਦਾ ਅਰਥ ਚੰਗੀ ਤਰ੍ਹਾਂ ਸਮਝਾਉਂਦਾ ਹੈ ਕਿ ਉਸ ਰੋਟੀ ਦਾ ਵੀ ਕੀ ਖਾਣਾ, ਜਿਹੜੀ ਖਾ ਕੇ ਹਜ਼ਮ ਨਾ ਹੋਵੇ।

ਕਹਿਣ ਦਾ ਭਾਵ ਹੈ ਕਿ ਉਹ ਜ਼ਮੀਨੀ ਹਕੀਕਤ ਦੀ ਗੱਲ ਕਰਦਾ ਹੈ ਕਿ ਚੋਰ 'ਚੋਰੀ' ਰੋਟੀ ਲਈ ਕਰਦਾ ਹੈ, ਪਾਠੀ 'ਪਾਠ' ਰੋਟੀ ਲਈ ਕਰਦਾ ਹੈ, ਗਾਉਣ ਵਾਲਾ ਗਾਉਂਦਾ ਰੋਟੀ ਲਈ ਹੈ, ਡਾਕਟਰ ਡਾਕਟਰੀ ਰੋਟੀ ਲਈ ਕਰਦਾ ਹੈ, ਭਿਖਾਰੀ ਮੰਗਦਾ ਰੋਟੀ ਲਈ ਹੈ, ਵਗੈਰਾ-ਵਗੈਰਾ।




ਅਸੀਂ 'ਰੋਟੀ' ਨੂੰ ਕਈ ਵਾਰ ਸੁਣਿਆ ਹੈ ਤੇ ਗੁਰਦਾਸ ਦੀਆਂ ਕਈ ਗੱਲਾਂ ਤੋਂ ਬਲਿਹਾਰੇ ਜਾਣ ਨੂੰ ਮਨ ਕਰਦਾ ਹੈ। ਪਰ ਕਦੇ-ਕਦੇ ਗੁਰਦਾਸ ਦੇ ਦੋਹਰੇ ਮਾਪਦੰਡ ਦੁਖੀ ਵੀ ਕਰ ਛੱਡਦੇ ਨੇ। 'ਰੋਟੀ' ਗਾਣੇ 'ਚ ਸਮੇਂ ਦਾ ਸੱਚ ਬਿਆਨਦਿਆਂ ਉਸ ਨੇ 'ਭੱਜੀ ਫਿਰਦੀ ਏ ਰੋਟੀ ਦੇ ਮਗਰ ਦੁਨੀਆਂ, ਸੁਬ੍ਹਾ, ਸ਼ਾਮ ਦੁਪਹਿਰ ਨੂੰ ਖਾਈ ਰੋਟੀ', ਆਖਿਆ ਹੈ ਤੇ ਰੋਟੀ ਬਾਰੇ ਉਸ ਨੇ ਕਈ ਤਰ੍ਹਾਂ ਦੇ ਤਰਕ ਪੇਸ਼ ਕੀਤੇ ਨੇ। ਪਰ ਬਹੁਤ ਘੱਟ ਗਿਣਤੀ ਲੋਕਾਂ ਨੂੰ ਪਤਾ ਹੋਏਗਾ ਕਿ ਗੁਰਦਾਸ ਦੀ 'ਰੋਟੀ' ਚੰਡੀਗੜ੍ਹ ਦੇ ਇਕ ਪੰਜ ਤਾਰਾ ਹੋਟਲ ਵਿਚ ਰਿਲੀਜ਼ ਕੀਤੀ ਗਈ ਹੈ, ਜਿੱਥੇ ਇਕ ਬੰਦੇ ਦੀ 'ਰੋਟੀ' ਦਾ ਖਰਚ ਤਿੰਨ ਹਜ਼ਾਰ ਦੇ ਨੇੜੇ-ਤੇੜੇ ਹੋਏਗਾ। ਸਾਡੀ ਜਾਚੇ ਜੇ ਗੁਰਦਾਸ ਸੱਚੀਂਮੁੱਚੀਂ ਗੱਲ ਨੂੰ ਹਕੀਕੀ ਰੂਪ ਦੇਣਾ ਚਾਹੁੰਦਾ ਸੀ ਤਾਂ ਇਹ ਐਲਬਮ ਉਸ ਨੂੰ ਮਜ਼ਦੂਰਾਂ ਕੋਲੋਂ, ਮੋਚੀਆਂ ਕੋਲੋਂ, ਭਿਖਾਰੀਆਂ ਕੋਲੋਂ ਜਾਂ ਏਹੋ ਜਹੇ ਥੁੜ੍ਹਾ ਮਾਰੇ ਹੋਰ ਲੋਕਾਂ ਵਿਚ ਖੜ੍ਹ ਕੇ ਰਿਲੀਜ਼ ਕਰਨੀ ਚਾਹੀਦੀ ਸੀ ਤਾਂ ਜੋ ਲੋਕਾਂ ਵਿਚ ਸੁਨੇਹਾ ਜਾਂਦਾ ਕਿ 'ਬਾਬਾ ਗਾਇਕ' ਜੋ ਕਹਿੰਦੈ, ਕਰਦਾ ਵੀ ਉਹੀ ਹੈ।

ਦੂਜੀ ਗੱਲ ਗੁਰਦਾਸ ਨੇ ਗਾਣੇ ਵਿਚ ਕਿਹਾ ਹੈ ਕਿ 'ਓਨੀ ਖਾਈਂ ਮਾਨਾ ਜਿੰਨੀ ਹਜ਼ਮ ਹੋ ਜੇ', ਪਰ ਆਪ 'ਬਾਬਾ ਜੀ' ਸੱਤ-ਅੱਠ ਲੱਖ ਰੁਪਿਆ ਪ੍ਰਤੀ ਪ੍ਰੋਗਰਾਮ ਲੈਂਦੇ ਨੇ, ਜਦਕਿ ਏਨੀ ਮਹਿੰਗੀ ਰੋਟੀ ਖਾਧੇ ਬਿਨਾਂ ਵੀ ਗੁਜ਼ਾਰਾ ਹੋ ਸਕਦਾ ਏ ਤੇ 'ਮਹਾਨ ਭਾਰਤ' ਵਿਚ ਅਜਿਹੇ ਲੋਕਾਂ ਦੀ ਗਿਣਤੀ ਘੱਟ ਨਹੀਂ ਜੋ ਭੁੱਖੇ ਢਿੱਡ ਸੌਣ ਲਈ ਮਜਬੂਰ ਨੇ।

ਤੀਜੀ ਗੱਲ, ਜਿਸ ਤਰ੍ਹਾਂ 'ਮੁੜ ਮੁੜ ਯਾਦ ਸਤਾਵੇ ਪਿੰਡ ਦੀਆਂ ਗਲੀਆਂ' ਗੀਤ ਦੀ ਰਫ਼ਤਾਰ ਮੱਠੀ-ਮੱਠੀ ਸੀ ਤੇ ਉਹ ਗੀਤ ਗਾਉਣ ਨਾਲੋਂ ਵੱਧ ਸਮਝਾਉਣ ਕਰਕੇ ਚਰਚਾ ਵਿਚ ਆਇਆ, 'ਰੋਟੀ' ਵੀ ਉਸੇ ਅੰਦਾਜ਼ ਵਾਲਾ ਗੀਤ ਸੀ, ਜਿਸ ਨੂੰ ਸਾਡੇ ਖਿਆਲ ਮੁਤਾਬਕ ਏਨੀ ਤੇਜ਼ ਬੀਟ 'ਤੇ ਨਾ ਗਾਇਆ ਜਾਂਦਾ ਤਾਂ ਵੀ ਵਧੀਆ ਰਹਿੰਦਾ। ਜੇ ਵੀਡੀਓ ਵਿਚ ਏਨੇ ਢੋਲ-ਢਮੱਕੇ ਨਾ ਹੁੰਦੇ ਤਾਂ ਗੀਤ ਦੀ ਸਾਰਥਿਕਤਾ ਜ਼ਿਆਦਾ ਉਭਰਨੀ ਸੀ, ਇਹ ਵੱਖਰੀ ਗੱਲ ਹੈ ਕਿ 'ਬਾਬੇ ਦੇ ਭਗਤਾਂ' ਨੂੰ ਇਹ ਹਾਲੇ ਵੀ ਠੀਕ ਲੱਗਦਾ ਹੈ। ਕਈ ਵੀਡੀਓ ਡਾਇਰੈਕਟਰਾਂ ਦਾ ਕਹਿਣਾ ਹੈ ਕਿ ਇਸ ਗੀਤ ਦਾ ਫ਼ਿਲਮਾਂਕਣ ਵੀ ਸੱਚਾਈ ਅਧਾਰਤ ਹੀ ਹੋਣਾ ਚਾਹੀਦਾ ਸੀ ਕਿ ਕਿਵੇਂ ਮਜ਼ਦੂਰ ਰੋਟੀ ਲਈ ਮਜ਼ਦੂਰੀ ਕਰ ਰਿਹਾ ਹੈ, ਕੋਈ ਰੋਟੀ ਲਈ ਕੀ ਪਾਪੜ ਵੇਲ ਰਿਹੈ ਤੇ ਕੋਈ ਕੀ।

ਕੋਈ ਹੋਰ ਕਲਾਕਾਰ 'ਰੋਟੀ' ਵਾਲਾ ਗੀਤ ਰੈਪ ਪਾ-ਪਾ ਗਾਈ ਜਾਂਦਾ ਜਾਂ ਇਸ ਨੂੰ ਬੀਚ 'ਤੇ ਫ਼ਿਲਮਾਈ ਜਾਂਦਾ ਤਾਂ ਨਾ ਸਾਨੂੰ ਇਸ ਗੱਲ 'ਤੇ ਕੋਈ ਬਹੁਤੀ ਹੈਰਾਨੀ ਹੋਣੀ ਸੀ ਤੇ ਨਾ ਹੀ ਹੋਰਾਂ ਨੂੰ, ਕਿਉਂਕਿ ਕਲਾਕਾਰਾਂ ਤੋਂ ਇਨ੍ਹਾਂ ਯਭਲੀਆਂ ਦੀ ਹੀ ਆਸ ਹੁੰਦੀ ਹੈ। ਪਰ ਗੁਰਦਾਸ ਕਿਉਂਕਿ 'ਗੁਰੂ ਦਾ ਦਾਸ' ਹੈ, ਇਸ ਕਰਕੇ ਉਸ ਕੋਲੋਂ ਹੋਰਾਂ ਤੋਂ ਜ਼ਿਆਦਾ ਉਮੀਦਾਂ ਹੋ ਜਾਂਦੀਆਂ ਨੇ।

ਓਦਾਂ ਇਕ ਗੱਲ ਚੰਗੀ ਵੀ ਹੈ ਕਿ 'ਰੋਟੀ' ਵਪਾਰਕ ਨਾਲੋਂ ਰੂਹਦਾਰੀ ਵਾਲੀ ਐਲਬਮ ਜ਼ਿਆਦਾ ਹੈ ਤੇ ਇਸ ਦਾ ਹਰ ਗੀਤ ਗੁਰਦਾਸ ਦੇ ਪੁਰਾਣੇ ਸਟਾਈਲ ਦਾ ਗਵਾਹ ਹੈ। ਜਿਸ ਦਿਨ ਇਹ ਐਲਬਮ ਜਲੰਧਰ ਰਿਲੀਜ਼ ਕੀਤੀ ਗਈ ਸੀ ਤਾਂ ਉਥੇ ਹੰਸ ਰਾਜ ਹੰਸ, ਇੰਦਰਜੀਤ ਨਿੱਕੂ, ਮੰਗੀ ਮਾਹਲ, ਸ਼ੀਰਾ ਜਸਵੀਰ, ਸਤਵਿੰਦਰ ਬੁੱਗਾ ਤੇ ਕਈ ਹੋਰਾਂ ਨੇ ਗੁਰਦਾਸ ਦੀ ਗਾਇਕੀ ਤੇ ਸ਼ਖਸੀਅਤ ਦਾ ਸੋਹਣਾ ਮੁਲਾਂਕਣ ਕੀਤਾ ਤੇ ਹਾਜ਼ਰੀਨ ਨੇ ਵੀ ਗੁਰਦਾਸ ਤੇ ਮਨਜੀਤ ਮਾਨ ਦੇ ਉਪਰਾਲਿਆਂ ਨੂੰ ਦਾਦ ਦਿੱਤੀ, ਪਰ ਹਰ ਤਸਵੀਰ ਦਾ ਦੂਜਾ ਪਾਸਾ ਵੀ ਹੁੰਦਾ ਹੈ, ਜਿਸ ਵੱਲ ਸਾਨੂੰ ਇਕ ਵਾਰ ਨਜ਼ਰ ਜ਼ਰੂਰ ਮਾਰਨੀ ਚਾਹੀਦੀ ਹੈ।

ਗੁਰਦਾਸ 'ਤੇ ਕਈ ਲੋਕ ਡੇਰਾਵਾਦ ਦੀ ਪੈਰਵੀ ਕਰਨ ਵਾਲੇ ਗੀਤ ਗਾਉਣ ਦਾ ਦੋਸ਼ ਵੀ ਲਾਉਂਦੇ ਨੇ। ਸਭ ਜਾਣਦੇ ਨੇ ਕਿ ਨਕੋਦਰ ਵਿਚ ਦੋ ਡੇਰੇ ਮਸ਼ਹੂਰ ਨੇ ਤੇ ਦੋਹਾਂ ਦੇ ਸੇਵਾਦਾਰ ਪੰਜਾਬ ਦੇ ਦੋ ਪ੍ਰਸਿੱਧ ਗਾਇਕ ਹਨ। ਪਰ ਗੁਰਦਾਸ ਦੀ ਸੋਚ ਥੋੜ੍ਹੀ ਵੱਖਰੀ ਹੈ, ਸ਼ਾਇਦ ਇਸੇ ਕਰਕੇ ਉਹ ਆਪਣੀ ਲਗਭਗ ਹਰ ਐਲਬਮ ਵਿਚ ਡੇਰੇ ਨਾਲ ਸਬੰਧਤ ਇਕ-ਅੱਧ ਗੀਤ ਪੇਸ਼ ਕਰਦਾ ਹੈ। ਉਹ ਗੀਤ ਉਸ ਡੇਰੇ 'ਚ ਆਸਥਾ ਰੱਖਣ ਵਾਲਿਆਂ ਨੂੰ ਤਾਂ ਬਹੁਤ ਪਸੰਦ ਆਉਂਦਾ ਹੈ, ਪਰ ਡੇਰਾਵਾਦ ਦੀ ਮੁਖਾਲਫ਼ਤ ਕਰਨ ਵਾਲਿਆਂ ਨੂੰ ਨਹੀਂ ਭਾਉਂਦਾ।

ਇਕ ਗੱਲ ਹੋਰ, ਜੋ ਅਸੀਂ ਕੁਝ ਸਾਲ ਪਹਿਲਾਂ ਲਿਖੀ ਸੀ, ਜਦੋਂ ਗੁਰਦਾਸ ਨੇ 'ਕੋਕਾ ਕੋਲਾ' ਦੀ ਇਸ਼ਤਿਹਾਰਬਾਜ਼ੀ ਕੀਤੀ ਸੀ। ਉਦੋਂ 'ਬਾਬਾ ਜੀ' ਬਾਰੇ ਲਿਖਣ 'ਤੇ ਕਈਆਂ ਸਾਨੂੰ ਵਧਾਈ ਵਾਲੇ ਫੋਨ ਕੀਤੇ ਸਨ ਤੇ ਕਈਆਂ ਤਾਅਨਿਆਂ ਵਾਲੇ। ਉਸ ਗੱਲ ਦਾ ਜ਼ਿਕਰ ਫੇਰ ਕਰਨਾ ਬਣਦੈ ਕਿ ਬਾਬਾ ਜੀ ਨੇ ਇਕ ਵਾਰ ਗਾਇਆ ਸੀ, 'ਮਾਂ ਦੀ ਹੱਲਾਸ਼ੇਰੀ ਸ਼ੇਰ ਬਣਾ ਦੇਂਦੀ, ਜਦ ਅੱਧ ਰਿੜਕੇ ਦਾ ਛੰਨਾ ਮੂੰਹ ਨੂੰ ਲਾ ਦੇਂਦੀ' ਤੇ ਜਦੋਂ ਬਾਬਾ ਜੀ ਦਾ ਸਮਝੌਤਾ 'ਕੋਕ' ਨਾਲ ਹੋਇਆ ਤਾਂ ਉਨ੍ਹਾਂ ਆਖਿਆ ਸੀ, 'ਕੋਕ ਨਾਲ ਮੇਰਾ ਰਿਸ਼ਤਾ ਗੀਤਾਂ ਵਰਗਾ' ਤੇ ਪੂਰੀ ਸਤਰ ਸੀ, 'ਘੁੰਮ ਘੁਮਾ ਕੇ ਦੇਖੀ ਦੁਨੀਆਂ, ਦੇਖੇ ਸਾਰੇ ਲੋਕ...ਪਰ ਸਭ ਦੀ ਇਕ ਗੱਲ ਸਾਂਝੀ ਜਾਪੇ, ਸਭ ਦਾ ਪਿਆਰਾ ਕੋਕ, ਕੋਕ ਦੀ ਬੱਲੇ ਬੱਲੇ...।'

ਕਈਆਂ ਨੇ ਉਦੋਂ ਇਸ 'ਤੇ ਇਤਰਾਜ਼ ਕੀਤਾ ਸੀ ਤੇ ਕਈਆਂ ਆਖਿਆ ਸੀ ਕਿ ਕਲਾਕਾਰ ਕਿਸੇ ਇਕ ਚੀਜ਼ ਨਾਲ ਬੱਝਾ ਨਹੀਂ ਹੁੰਦਾ, ਉਸ ਨੇ ਸੱਭੇ ਚੀਜ਼ਾਂ ਦੀ ਮਸ਼ਹੂਰੀ ਕਰਨੀ ਹੁੰਦੀ ਏ। ਪਰ ਬਹੁਤਿਆਂ ਦਾ ਕਹਿਣਾ ਸੀ, 'ਫੱਕਰ ਤਬੀਅਤ' ਦਾ ਕਹਾਉਣ ਵਾਲੇ ਨੂੰ ਏਦਾਂ ਹਰ ਗੱਲ ਵਪਾਰਕ ਲਹਿਜ਼ੇ ਵਿਚ ਕਰਨੀ ਸ਼ੋਭਦੀ ਨਹੀਂ।

ਸਾਡੀਆਂ ਸ਼ੁਭ ਕਾਮਨਾਵਾਂ 'ਬਾਬਾ ਜੀ' ਦੇ ਨਾਲ ਹਨ। ਅਸੀਂ ਚਾਹੁੰਦੇ ਹਾਂ ਕਿ ਉਨ੍ਹਾਂ ਦੀ ਉਮਰ ਲੰਮੀ ਹੋਵੇ, ਤੰਦਰੁਸਤੀਆਂ ਮਾਨਣ, ਇਸੇ ਤਰ੍ਹਾਂ ਗਾਈ ਜਾਣ, ਪਰ ਜਿਹੜੀ ਗੱਲ 'ਤੇ ਇਤਰਾਜ਼ ਉਠਦਾ ਹੋਵੇ, ਉਸ ਵੱਲ ਧਿਆਨ ਵੀ ਦੇਣ। ਨਾਲ ਹੀ ਉਨ੍ਹਾਂ ਦੇ ਚਾਹਵਾਨਾਂ ਨੂੰ ਕਹਿਣਾ ਚਾਹਾਂਗੇ ਕਿ ਕਲਾਕਾਰ ਨੂੰ ਸਿਰਫ਼ ਕਲਾਕਾਰ ਦੇ ਰੂਪ ਵਿਚ ਹੀ ਜਾਨਣ, ਨਾ ਕਿ 'ਬਾਬਾ ਜੀ' ਦਾ ਰੁਤਬਾ ਦੇਣ, ਕਿਉਂਕਿ ਸਾਡੇ ਵੱਲੋਂ ਦਿੱਤੀਆਂ ਇਹ ਉਪਾਧੀਆਂ ਹੀ ਸਬੰਧਤ ਸ਼ਖਸ ਤੋਂ ਜ਼ਿਆਦਾ ਉਮੀਦਾਂ ਲਵਾ ਛੱਡਦੀਆਂ ਨੇ।

**ਪੰਜਾਬੀ ਫ਼ਿਲਮਾਂ 'ਤੇ ਕਬਜ਼ਾ:** ਕਈ ਹੋਰ ਦੋਸ਼ਾਂ ਦੇ ਨਾਲ-ਨਾਲ ਪਿਛਲੇ ਕੁਝ ਹਫ਼ਤਿਆਂ ਤੋਂ ਪੰਜਾਬ ਸਰਕਾਰ 'ਤੇ ਇਕ ਨਵਾਂ ਦੋਸ਼ ਲੱਗ ਰਿਹਾ ਹੈ ਕਿ ਇਸ ਨੇ ਪੰਜਾਬੀ ਫ਼ਿਲਮਾਂ 'ਤੇ ਵੀ ਕਬਜ਼ਾ ਕਰਨ ਦੀ ਧਾਰ ਲਈ ਹੈ। ਇਸੇ ਕਰਕੇ ਕੁਝ ਹਫ਼ਤੇ ਪਹਿਲਾਂ ਪੰਜਾਬ ਦੇ ਇਕ ਚੈਨਲ ਵੱਲੋਂ ਰਿਲੀਜ਼ ਕੀਤੀ ਗਈ ਪੰਜਾਬੀ ਫ਼ਿਲਮ ਨੂੰ ਕਾਮਯਾਬ ਬਣਾਉਣ ਲਈ ਸਰਕਾਰੀ ਅਧਿਕਾਰੀ ਪੱਬਾਂ ਭਾਰ ਹੋਏ ਫਿਰਦੇ ਰਹੇ।

ਪੰਜਾਬ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੇ ਵੀ ਪਿਛਲੇ ਦਿਨੀਂ ਬਿਆਨ ਦਿੱਤਾ ਸੀ ਕਿ ਰੇਤ, ਬੱਜਰੀ, ਕੇਬਲ, ਟਰਾਂਸਪੋਰਟ ਅਤੇ ਜ਼ਮੀਨਾਂ 'ਤੇ ਕਬਜ਼ਿਆਂ ਤੋਂ ਬਾਅਦ ਹੁਣ ਸਰਕਾਰ ਮਨੋਰੰਜਨ ਖੇਤਰ 'ਤੇ ਕਾਬਜ਼ ਹੋਣ ਜਾ ਰਹੀ ਹੈ। ਉਨ੍ਹਾਂ ਦੇ ਬਿਆਨ ਦਾ ਭਾਵੇਂ ਕੋਈ ਅਰਥ ਨਿਕਲੇ ਜਾਂ ਨਾ, ਪਰ ਇਨ੍ਹੀਂ ਦਿਨੀਂ ਪੰਜਾਬੀ ਫ਼ਿਲਮਾਂ ਦੇ ਕਾਰੋਬਾਰ ਨਾਲ ਜੁੜੇ ਲੋਕਾਂ ਵਿਚ ਇਕ ਚਰਚਾ ਜ਼ਰੂਰ ਛਿੜੀ ਹੋਈ ਹੈ ਕਿ ਜੇ ਸਰਕਾਰ ਦਾ ਪ੍ਰਭਾਵ ਇਸ ਖੇਤਰ ਵਿਚ ਇਸੇ ਤਰ੍ਹਾਂ ਵਧਦਾ ਗਿਆ ਤਾਂ ਸਿਰਫ਼ ਸਰਕਾਰ ਦੇ ਥਾਪੜੇ ਵਾਲੇ ਲੋਕਾਂ ਦੀਆਂ ਫ਼ਿਲਮਾਂ ਰਿਲੀਜ਼ ਹੋਇਆ ਕਰਨਗੀਆਂ, ਬਾਕੀਆਂ ਨੂੰ ਕਿਸੇ ਨਹੀਂ ਪੁੱਛਣਾ।

ਇਹ ਵੀ ਪਤਾ ਲੱਗਾ ਹੈ ਕਿ ਕਈ ਲੋਕ ਪੰਜਾਬੀ ਫ਼ਿਲਮਾਂ ਨਾਲੋਂ ਪਾਸਾ ਵੱਟਣਾ ਠੀਕ ਸਮਝ ਰਹੇ ਨੇ, ਕਿਉਂਕਿ ਉਨ੍ਹਾਂ ਦਾ ਕਹਿਣਾ ਹੈ ਕਿ ਜੇ ਸਰਕਾਰ ਦੀ ਅਗਵਾਈ ਵਾਲੇ ਚੈਨਲ ਨੂੰ ਜਾਪਿਆ ਕਰੇਗਾ ਕਿ ਸਾਡੀ ਫ਼ਿਲਮ ਨੂੰ ਦੂਜੇ ਦੀ ਫ਼ਿਲਮ ਤੋਂ ਖਤਰਾ ਪੈਦਾ ਹੋ ਸਕਦੈ ਤਾਂ ਉਨ੍ਹਾਂ ਵੱਲੋਂ ਸਰਕਾਰ ਨੂੰ ਕਹਿ ਕੇ ਫ਼ਿਲਮ ਵਿਚ ਕਈ ਤਰ੍ਹਾਂ ਦੇ ਅੜਿੱਕੇ ਪਵਾਏ ਜਾਇਆ ਕਰਨਗੇ, ਸੋ ਫ਼ਿਲਮਕਾਰ 'ਭੱਠ ਪਿਆ ਸੋਨਾ, ਜਿਹੜਾ ਕੰਨਾਂ ਨੂੰ ਖਾਵੇ' ਵਾਲੀ ਗੱਲ 'ਤੇ ਅਮਲ ਕਰਦੇ ਜਾਪ ਰਹੇ ਹਨ।

ਸਰਕਾਰ ਤੋਂ ਉਮੀਦ ਤਾਂ ਇਸ ਗੱਲ ਦੀ ਕੀਤੀ ਜਾਂਦੀ ਹੈ ਕਿ ਉਹ ਪੰਜਾਬੀ ਫ਼ਿਲਮਾਂ ਨੂੰ ਮਨੋਰੰਜਨ ਟੈਕਸ ਤੋਂ ਛੋਟ ਦੇਵੇਗੀ ਤਾਂ ਜੋ ਇਹ ਕਾਰੋਬਾਰ ਹੋਰ ਅੱਗੇ ਆ ਸਕੇ, ਪਰ ਜੇ ਸਰਕਾਰੀ ਦਬਕਿਆਂ ਦੀਆਂ ਖ਼ਬਰਾਂ ਇੰਜ ਹੀ ਆਉਂਦੀਆਂ ਰਹੀਆਂ ਤਾਂ ਇਸ ਖੇਤਰ ਵਿਚ ਆਵੇਗਾ ਕੌਣ, ਇਹ ਸਵਾਲ ਮੂੰਹ ਅੱਡੀ ਖੜ੍ਹਾ ਹੈ।

# ਵਿਜੀਲੈਂਸ ਬਿਊਰੋ ਬਣੀ ਪੰਜਾਬ ਸਰਕਾਰ ਦੇ 'ਪਿੰਜਰੇ ਦਾ ਤੋਤਾ'

**ਚੰਡੀਗੜ੍ਹ:** ਵਿਜੀਲੈਂਸ ਬਿਊਰੋ ਪੰਜਾਬ ਸਰਕਾਰ ਦੇ ਪਿੰਜਰੇ ਦਾ ਤੋਤਾ ਬਣ ਚੁੱਕੀ ਹੈ। ਇਸ ਏਜੰਸੀ ਵਿਚ ਸਿਆਸੀ ਆਗੂਆਂ ਨਾਲ ਟੱਕਰ ਲੈਣ ਦਾ ਦਮ ਨਹੀਂ ਜਿਸ ਦਾ ਪਤਾ ਇਸ ਦੀ ਕਾਰਗੁਜਾਰੀ ਤੋਂ ਲੱਗਦਾ ਹੈ। ਪੰਜਾਬ ਵਿਜੀਲੈਂਸ ਬਿਊਰੋ ਨੇ ਆਮ ਭ੍ਰਿਸ਼ਟਾਚਾਰ ਦੇ ਕੇਸਾਂ ਵਿਚ ਬਿਆਨਾਂ ਤੋਂ ਮੁੱਕਰਨ ਵਾਲੇ ਗਵਾਹਾਂ ਤੇ ਮੁਦੱਈਆਂ ਖ਼ਿਲਾਫ਼ ਕਾਰਵਾਈ ਕੀਤੀ ਜਾ ਰਹੀ ਹੈ ਪਰ ਸਿਆਸਦਾਨਾਂ ਦੇ ਕੇਸਾਂ ਵਿਚ ਗਵਾਹੀ ਤੋਂ ਫਿਰਨ ਵਾਲਿਆਂ ਨੂੰ 'ਬਖ਼ਸ਼' ਦਿੱਤਾ ਹੈ। ਬਿਊਰੋ ਵੱਲੋਂ ਸਰਕਾਰੀ ਅਫਸਰਾਂ ਤੇ ਮੁਲਾਜ਼ਮਾਂ ਦੇ ਮਾਮਲਿਆਂ ਵਿਚ ਤਾਂ ਗਵਾਹਾਂ ਵਿਰੁੱਧ ਕੇਸ ਦਰਜ ਕੀਤੇ ਗਏ ਹਨ ਜਦੋਂਕਿ ਰਾਜਸੀ ਵਿਅਕਤੀਆਂ ਵਿਰੁੱਧ ਕੇਸਾਂ ਵਿਚ ਮੁੱਕਰੇ ਗਵਾਹਾਂ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ ਜਾ ਰਹੀ।

ਬਿਊਰੋ ਨੇ ਪਿਛਲੇ ਪੰਜ ਸਾਲਾਂ ਦੌਰਾਨ ਸਰਕਾਰੀ ਕਰਮਚਾਰੀਆਂ ਤੇ ਅਫਸਰਾਂ ਵਿਰੁੱਧ ਚਲਦੇ ਮਾਮਲਿਆਂ ਵਿਚ ਮੁਨਕਰ ਹੋਏ 333 ਵਿਅਕਤੀਆਂ ਵਿਰੁੱਧ ਆਈ.ਪੀ.ਸੀ. ਦੀ ਧਾਰਾ 182 ਤੇ 340 ਸੀ.ਆਰ.ਪੀ.ਸੀ. ਤਹਿਤ ਕੇਸ ਦਰਜ ਕੀਤੇ ਹਨ। ਬਿਊਰੋ ਦੇ ਸੀਨੀਅਰ ਅਧਿਕਾਰੀਆਂ ਦਾ ਕਹਿਣਾ ਹੈ ਕਿ ਭ੍ਰਿਸ਼ਟਾਚਾਰ ਤੇ ਸਰੋਤਾਂ ਤੋਂ ਜ਼ਿਆਦਾ ਆਮਦਨ ਦੇ ਕੇਸਾਂ ਵਿਚ ਸਜ਼ਾ ਦੀ ਦਰ ਵਧਾਉਣ ਲਈ ਬਿਆਨਾਂ ਤੋਂ ਮੁੱਕਰਨ ਵਾਲੇ ਗਵਾਹਾਂ ਵਿਰੁੱਧ ਕਾਨੂੰਨੀ ਕਾਰਵਾਈ ਦੇ ਆਦੇਸ਼ ਦਿੱਤੇ ਗਏ ਹਨ।

ਵਿਜੀਲੈਂਸ ਤੋਂ ਪ੍ਰਾਪਤ ਜਾਣਕਾਰੀ ਮੁਤਾਬਕ ਜਿਨ੍ਹਾਂ ਵਿਅਕਤੀਆਂ ਵਿਰੁੱਧ ਧਾਰਾ 182 ਤੇ 340 ਸੀ.ਆਰ.ਪੀ.ਸੀ. ਦੇ ਕੇਸ ਦਰਜ ਕੀਤੇ ਗਏ ਹਨ, ਉਨ੍ਹਾਂ ਵਿਚ ਅਜਿਹੇ ਵਿਅਕਤੀ ਹੀ ਸ਼ਾਮਲ ਹਨ ਜੋ ਪਟਵਾਰੀਆਂ, ਜੇਈਜ਼ ਜਾਂ ਹੋਰ ਛੋਟੇ ਅਫਸਰਾਂ ਦੇ ਮਾਮਲਿਆਂ ਵਿਚ ਗਵਾਹ ਸਨ। ਬਿਊਰੋ ਦੇ ਅਧਿਕਾਰੀਆਂ ਦਾ ਦਾਅਵਾ ਹੈ ਕਿ ਇਹ ਗਵਾਹ ਪੈਸੇ ਲੈ ਕੇ ਜਾਂ ਪ੍ਰਭਾਵ ਹੇਠ ਆ ਕੇ ਗਵਾਹੀ ਤੋਂ ਮੁੱਕਰ ਜਾਂਦੇ ਹਨ। ਬਿਊਰੋ ਦੇ ਮੁਖੀ ਸੁਰੇਸ਼ ਅਰੋੜਾ ਨੇ ਪਿਛਲੇ ਦਿਨੀਂ ਇਹ ਕਾਰਵਾਈ ਤੇਜ਼ ਕਰਨ ਦੇ ਨਿਰਦੇਸ਼ ਵੀ ਦਿੱਤੇ ਸਨ।

ਵਿਜੀਲੈਂਸ ਦੀ ਇਸ ਕਾਰਵਾਈ ਦਾ ਰੋਚਕ ਪੱਖ ਇਹ ਹੈ ਕਿ ਸਿਆਸਤਦਾਨਾਂ ਦੇ ਕੇਸਾਂ ਵਿਚ ਗਵਾਹੀਆਂ ਤੋਂ ਮੂੰਹ ਫੇਰਨ ਵਾਲਿਆਂ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ ਜਾ ਰਹੀ। ਇਸ ਦਾ ਸਭ ਤੋਂ ਵੱਡਾ ਸਬੂਤ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਉਨ੍ਹਾਂ ਦੇ ਪੁੱਤਰ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਤੇ ਹੋਰਾਂ ਵਿਰੁੱਧ ਦਰਜ ਹੋਏ ਮਾਮਲੇ ਦਾ ਹੈ। ਮੁਹਾਲੀ ਦੀ ਵਿਸ਼ੇਸ਼ ਅਦਾਲਤ ਨੇ ਬਾਦਲ ਪਰਿਵਾਰ ਤੇ ਹੋਰਾਂ ਨੂੰ ਬਾਇੱਜ਼ਤ ਬਰੀ ਕਰ ਦਿੱਤਾ ਸੀ। ਇਸ ਕੇਸ ਵਿਚਲੇ 59 ਵਿਚੋਂ 38 ਗਵਾਹ ਆਪਣੇ ਬਿਆਨਾਂ ਤੋਂ ਮੁੱਕਰ ਗਏ ਸਨ।

ਅਦਾਲਤ ਨੇ ਕੇਸ ਦੇ ਤਫ਼ਤੀਸ਼ੀ ਅਫਸਰ ਸੁਰਿੰਦਰਪਾਲ ਸਿੰਘ ਤੇ ਨਿਗਰਾਨ ਅਧਿਕਾਰੀ ਬਲਜਿੰਦਰ ਕੁਮਾਰ ਉਪਲ ਵਿਰੁੱਧ ਤਾਂ ਝੂਠੀ ਸਹੁੰ ਚੁੱਕਣ ਦਾ ਕੇਸ ਚਲਾਉਣ ਦੇ ਹੁਕਮ ਦੇ ਦਿੱਤੇ ਸਨ ਪਰ ਬਿਊਰੋ ਨੇ 38 ਗਵਾਹਾਂ ਵਿਚੋਂ ਇਕ ਵੀ ਗਵਾਹ ਵਿਰੁੱਧ ਕਾਰਵਾਈ ਨਹੀਂ ਕੀਤੀ। ਵਿਜੀਲੈਂਸ ਬਿਊਰੋ ਦੀ ਆਈ.ਜੀ. ਵੀ. ਨੀਰਜਾ ਦਾ ਕਹਿਣਾ ਹੈ ਕਿ ਇਸ ਮਾਮਲੇ ਵਿਚ ਅਦਾਲਤ ਨੇ ਹੀ ਕਾਰਵਾਈ ਕਰ ਦਿੱਤੀ। ਇਸ ਲਈ ਬਿਊਰੋ ਵੱਲੋਂ ਕਾਰਵਾਈ ਕਰਨ ਦਾ ਕੋਈ ਆਧਾਰ ਨਹੀਂ ਸੀ ਬਣਦਾ। ਉਨ੍ਹਾਂ ਇਹ ਵੀ ਕਿਹਾ ਕਿ ਜਾਂਚ ਏਜੰਸੀ ਸਿਰਫ ਉਨ੍ਹਾਂ ਮਾਮਲਿਆਂ ਵਿਚ ਹੀ ਕਾਰਵਾਈ ਕਰਦੀ ਹੈ ਜਿਨ੍ਹਾਂ ਮਾਮਲਿਆਂ ਵਿਚ ਦੋਸ਼ੀ ਬਰੀ ਹੋ ਜਾਂਦੇ ਹਨ।

ਜ਼ਿਕਰਯੋਗ ਹੈ ਕਿ ਕਾਂਗਰਸ ਸਰਕਾਰ ਦੇ ਸਮੇਂ ਵਿਜੀਲੈਂਸ ਵੱਲੋਂ ਅਕਾਲੀ ਦਲ ਦੇ ਦਰਜਨ ਤੋਂ ਵਧੇਰੇ ਸੀਨੀਅਰ ਆਗੂਆਂ ਵਿਰੁੱਧ ਭ੍ਰਿਸ਼ਟਾਚਾਰ ਤੇ ਸਰੋਤਾਂ ਤੋਂ ਜ਼ਿਆਦਾ ਆਮਦਨ ਦੇ ਕੇਸ ਦਰਜ ਕੀਤੇ ਗਏ ਸਨ। ਸੂਬੇ ਵਿਚ ਸੱਤਾ ਤਬਦੀਲੀ ਤੋਂ ਬਾਅਦ ਰਾਜਸੀ ਵਿਅਕਤੀਆਂ ਵਿਰੁੱਧ ਦਰਜ ਮਾਮਲਿਆਂ ਵਿਚ ਗਵਾਹ ਵੱਡੀ ਪੱਧਰ 'ਤੇ ਮੁੱਕਰੇ ਤੇ ਇਹ ਰੁਝਾਨ ਅਜੇ ਵੀ ਜਾਰੀ ਹੈ। ਅਕਾਲੀ ਆਗੂਆਂ ਨਿਰਮਲ ਸਿੰਘ ਕਾਹਲੋਂ, ਸੁੱਚਾ ਸਿੰਘ ਲੰਗਾਹ ਤੇ ਵਿਰਸਾ ਸਿੰਘ ਵਲਟੋਹਾ ਆਦਿ ਵਿਰੁੱਧ ਅਜੇ ਵੀ ਮਾਮਲੇ ਅਦਾਲਤ ਵਿਚ ਚੱਲ ਰਹੇ ਹਨ।

ਬਿਊਰੋ ਦੇ ਰਿਕਾਰਡ ਮੁਤਾਬਕ ਸਭ ਤੋਂ ਜ਼ਿਆਦਾ ਗਵਾਹ ਮਾਝੇ ਦੇ ਜ਼ਿਲ੍ਹਿਆਂ ਵਿਚ ਗਵਾਹੀਆਂ ਤੋਂ ਮੁੱਕਰੇ। ਅੰਮ੍ਰਿਤਸਰ ਰੇਂਜ ਵਿਚ ਦਰਜ ਹੋਏ ਭ੍ਰਿਸ਼ਟਾਚਾਰ ਦੇ ਮਾਮਲਿਆਂ ਵਿਚ 87 ਗਵਾਹ ਮੁੱਕਰ ਗਏ ਜਾਂ ਮੁੱਦਈ ਹੀ ਬਿਆਨ ਬਦਲ ਗਏ। ਜਲੰਧਰ ਰੇਂਜ ਵਿਚ ਇਹ ਗਿਣਤੀ 39, ਲੁਧਿਆਣਾ ਰੇਂਜ ਵਿਚ 59, ਪਟਿਆਲਾ ਰੇਂਜ ਵਿਚ 55, ਫ਼ਿਰੋਜ਼ਪੁਰ ਰੇਂਜ ਵਿਚ 74 ਤੇ ਬਠਿੰਡਾ ਰੇਂਜ ਵਿਚ 19 ਮਾਮਲੇ ਧਾਰਾ 182 ਤੇ 340 ਸੀ.ਆਰ.ਪੀ.ਸੀ. ਦੇ ਪਿਛਲੇ ਪੰਜ ਸਾਲਾਂ ਵਿਚ ਦਰਜ ਕੀਤੇ ਗਏ।

## ਲਹੌਰੀਆ ਦੀ ਅਗਲੀ ਪੇਸ਼ੀ 26 ਨੂੰ

**ਖੰਨਾ:** ਤਿਹਾੜ ਜੇਲ੍ਹ ਵਿਚ ਨਜ਼ਰਬੰਦ ਖ਼ਾਲਿਸਤਾਨ ਲਿਬਰੇਸ਼ਨ ਫੋਰਸ ਦੇ ਮੈਂਬਰ ਦਇਆ ਸਿੰਘ ਲਹੌਰੀਆ ਨੂੰ ਸਖ਼ਤ ਸੁਰੱਖਿਆ ਪਹਿਰੇ ਹੇਠ ਦਿੱਲੀ ਤੋਂ ਲਿਆ ਕੇ ਖੰਨਾ ਦੀ ਅਦਾਲਤ ਵਿਚ ਪੇਸ਼ ਕੀਤਾ ਗਿਆ। ਪੰਜ ਮਈ, 1987 ਨੂੰ ਬੈਂਕ ਆਫ ਇੰਡੀਆ ਦੀ ਖੰਨਾ ਸ਼ਾਖ਼ਾ ਵਿਚ ਹੋਈ ਡਕੈਤੀ ਕਰਕੇ ਉਸ ਖ਼ਿਲਾਫ਼ ਕੇਸ ਚੱਲ ਰਿਹਾ ਹੈ। ਜੱਜ ਨੇ ਅਗਲੀ ਪੇਸ਼ੀ 26 ਅਗਸਤ ਦੀ ਪਾਈ ਹੈ।

ਇਸ ਕੇਸ ਵਿਚ ਉਸ ਨੂੰ ਮਈ 1987 ਵਿਚ ਬਰੀ ਕੀਤਾ ਗਿਆ ਸੀ ਪਰ ਸਰਕਾਰੀ ਪੱਖ ਵੱਲੋਂ ਅਪੀਲ ਕਰਨ 'ਤੇ ਇਹ ਕੇਸ ਫਰਵਰੀ 2012 ਵਿਚ ਫਿਰ ਤੋਂ ਸ਼ੁਰੂ ਕੀਤਾ ਗਿਆ ਹੈ। ਭਾਵੇਂ ਸਰਕਾਰ ਵੱਲੋਂ ਅਪੀਲ ਤਾਂ ਕਰ ਦਿੱਤੀ ਗਈ ਹੈ ਪਰ ਅਦਾਲਤ ਵਿਚ ਕੇਸ ਦੀ ਅਸਲ ਫ਼ਾਈਲ ਹੀ ਪੇਸ਼ ਨਹੀਂ ਕੀਤੀ ਜਾ ਰਹੀ। ਇਸ ਕਾਰਨ ਕੇਸ ਦੀ ਵਾਰ ਵਾਰ ਅਗਲੀ ਤਾਰੀਖ ਪੈ ਰਹੀ ਹੈ। ਉਹ ਸੰਸਦ ਮੈਂਬਰ ਰਾਮ ਨਿਵਾਸ ਮਿਰਧਾਂ ਦੇ ਬੇਟੇ ਨੂੰ ਅਗਵਾ ਕਰਨ ਦੇ ਕੇਸ ਵਿਚ ਤਿਹਾੜ ਜੇਲ੍ਹ ਵਿਚ ਉਮਰ ਕੈਦ ਦੀ ਸਜ਼ਾ ਭੁਗਤ ਰਿਹਾ ਹੈ। ਉਨ੍ਹਾਂ ਦੇ ਵਕੀਲ ਜਗਮੋਹਨ ਸਿੰਘ ਨੇ ਸ਼ੱਕ ਜ਼ਾਹਰ ਕੀਤਾ ਕਿ ਬੈਂਕ ਡਕੈਤੀ ਸਬੰਧੀ ਸਰਕਾਰੀ ਰਿਕਾਰਡ ਵਿਚੋਂ ਫਾਈਲ ਗੁੰਮ ਹੋ ਸਕਦੀ ਹੈ ਤੇ 26 ਸਾਲ ਪਹਿਲਾਂ ਵਾਪਰੇ ਇਸ ਕੇਸ ਵਿਚ ਸਾਰੇ ਗਵਾਹਾਂ ਦਾ ਮੁੜ ਤੋਂ ਲੱਭਣਾ ਮੁਸ਼ਕਲ ਹੋ ਰਿਹਾ ਹੈ।

# ਸਾਝ ਕਰੀਜੈ ਗੁਣਹ ਕੇਰੀ



ਡਾ. ਗੁਰਨਾਮ ਕੌਰ, ਕੈਨੇਡਾ

ਗੁਣ ਸੰਸਕ੍ਰਿਤ ਦਾ ਸ਼ਬਦ ਅਤੇ ਸੰਗਿਆ-ਵਿਸ਼ੇਸ਼ਣ ਹੈ। ਮਾਇਆ ਦੇ ਵੀ ਤਿੰਨ ਗੁਣ ਮੰਨੇ ਗਏ ਹਨ-ਸਤ, ਤਮ ਤੇ ਰਜ। ਇਸੇ ਲਈ ਮਾਇਆ ਨੂੰ ਤ੍ਰੈਗੁਣਾਤਮਕ ਵੀ ਕਿਹਾ ਜਾਂਦਾ ਹੈ। ਤਾਸੀਰ ਨੂੰ ਵੀ ਗੁਣ ਕਿਹਾ ਜਾਂਦਾ ਹੈ। ਵਿਹਾਰ ਜੋ ਕਿਸੇ ਦੇ ਗਲਤ ਜਾਂ ਸਹੀ ਹੋਣ ਦਾ ਪ੍ਰਮਾਣਤ ਮਾਪਦੰਡ ਹੈ, ਵੀ ਗੁਣ ਹੈ। ਗੁਣ ਕਿਸੇ ਵਸਤੂ ਦੀ ਵਿਸ਼ੇਸ਼ਤਾ, ਸੀਰਤ ਜਾਂ ਸੁਭਾ ਹੈ। ਭਾਈ ਕਾਹਨ ਸਿੰਘ ਨਾਭਾ ਨੇ 'ਗੁਨ' (ਪੰਜਾਬੀ ਵਿਚ 'ਗੁਣ') ਨੂੰ ਸੰਸਕ੍ਰਿਤ ਭਾਸ਼ਾ ਦਾ ਸ਼ਬਦ ਕਿਹਾ ਹੈ। ਇਸ ਨੂੰ ਸਿਫ਼ਤ ਵੀ ਕਿਹਾ ਹੈ (ਅਰਬੀ ਭਾਸ਼ਾ ਦਾ ਸ਼ਬਦ ਜਿਸ ਦਾ ਅਰਥ ਵੀ ਕਿਸੇ ਚੀਜ਼ ਦਾ ਗੁਣ ਹੈ), ਸ਼ੀਲ, ਸਦਵ੍ਰਿਤ, ਨੇਕ ਅਤੇ ਅਮਾਲ ਕਿਹਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਦੋ ਸ਼ਬਦਾਂ 'ਗੁਣ' ਅਤੇ ਔਗੁਣ ਦਾ ਬਹੁਤ ਜ਼ਿਕਰ ਆਇਆ ਹੈ। ਗੁਣ ਦਾ ਅਰਥ ਚੰਗਿਆਈਆਂ ਅਤੇ ਔਗੁਣ ਦਾ ਅਰਥ ਬੁਰਾਈਆਂ ਹੈ। ਤੀਸਰਾ ਸ਼ਬਦ ਜੋ ਬਾਣੀ ਅਤੇ ਸਿੱਖ ਸਾਹਿਤ ਵਿਚ ਵਰਤਿਆ ਗਿਆ ਹੈ, 'ਵਿਗੁਣ' ਜਾਂ 'ਬਿਨਗੁਣ' ਹੈ, ਜਿਸ ਦਾ ਅਰਥ ਹੈ ਬਿਨਾ ਕਿਸੇ ਵਿਸ਼ੇਸ਼ਤਾ ਜਾਂ ਚੰਗਿਆਈ ਦੇ। ਗੁਰੂ ਨਾਨਕ ਸਾਹਿਬ ਅਨੁਸਾਰ ਜਿੰਨੇ ਵੀ ਔਗੁਣ ਅਤੇ ਇਨ੍ਹਾਂ ਤੋਂ ਪੈਦਾ ਹੋਣ ਵਾਲੇ ਵਿਕਾਰ ਮਨੁੱਖ ਕਰਦਾ ਹੈ, ਇਹ ਸਾਰੇ ਜ਼ੰਜੀਰਾਂ ਬਣ ਕੇ ਮਨੁੱਖ ਦੇ ਗਲ ਦੁਆਲੇ ਪੈ ਜਾਂਦੇ ਹਨ। ਇਹ ਜ਼ੰਜੀਰਾਂ ਉਦੋਂ ਹੀ ਕੱਟੀਆਂ ਜਾਂਦੀਆਂ ਹਨ ਜਦੋਂ ਮਨੁੱਖ ਦੇ ਅੰਦਰ ਗੁਣ ਪੈਦਾ ਹੁੰਦੇ ਹਨ। ਗੁਣ ਹੀ ਮਨੁੱਖ ਦੇ ਅਸਲ ਭਾਈ-ਬੰਦ ਅਤੇ ਮਿੱਤਰ ਹਨ। ਮਨੁੱਖ ਦੇ ਨਾਲ ਗਏ ਹੋਏ ਔਗੁਣ ਅਤੇ ਵਿਕਾਰ ਆਦਰ ਨਹੀਂ ਪਾਉਂਦੇ। ਇਸ ਲਈ ਇਨ੍ਹਾਂ ਨੂੰ ਇਥੇ ਹੀ ਮਾਰ-ਮੁਕਾ ਦੇਣਾ ਅਰਥਾਤ ਖ਼ਤਮ ਕਰ ਦੇਣਾ ਚਾਹੀਦਾ ਹੈ,

ਨਾਨਕ ਅਉਗਣ ਜੇਤੜੇ ਤੇਤੇ ਗਲੀ ਜੰਜੀਰ॥
ਜੇ ਗੁਣ ਹੋਨਿ ਤ ਕਟੀਅਨਿ ਸੇ ਭਾਈ ਸੇ ਵੀਰ॥
ਅਗੈ ਗਏ ਨ ਮੰਨੀਅਨਿ ਮਾਰਿ ਕਢਹੁ ਵੇਪੀਰ॥
(ਪੰਨਾ 595)

ਗੁਣਾਂ ਨੂੰ ਕਿਵੇਂ ਪ੍ਰਭਾਸ਼ਿਤ ਕੀਤਾ ਜਾ ਸਕਦਾ ਹੈ, ਇਹ ਗੁਰੂ ਨਾਨਕ ਸਾਹਿਬ ਦੀ ਅਗਲੀ ਰਚਨਾ ਤੋਂ ਸਪਸ਼ਟ ਹੋ ਜਾਂਦਾ ਹੈ ਜਿਸ ਵਿਚ ਉਨ੍ਹਾਂ ਨੇ ਮਨੁੱਖ ਨੂੰ ਆਪਣੇ ਮਨ ਨੂੰ ਹਾਲੀ ਅਰਥਾਤ ਖੇਤੀ ਕਰਨ ਵਾਲਾ ਉਦਮੀ, ਮਿਹਨਤੀ ਬਣਾਉਣ, ਉਚੇ ਆਚਰਣ ਨੂੰ ਵਾਹੀ (ਖੇਤੀ) ਦਾ ਕੰਮ ਸਮਝਣ, ਮਿਹਨਤ ਨੂੰ ਪਾਣੀ ਅਤੇ ਮਨੁੱਖੀ ਸਰੀਰ ਨੂੰ ਖੇਤ ਕਿਹਾ ਹੈ। ਇਸ ਸਰੀਰ-ਰੂਪ ਪੈਲੀ ਵਿਚ ਅਕਾਲ ਪੁਰਖ ਦਾ ਨਾਮ ਬੀਜਣ, ਉਸ ਦੇ ਨਾਮ ਦੀ ਖੇਤੀ ਕਰਨ ਅਤੇ ਸੰਤੋਖ ਦਾ ਸੁਹਾਗਾ ਫੇਰਨ (ਮਨ ਨੂੰ ਤ੍ਰਿਸ਼ਨਾਵਾਂ ਵੱਲੋਂ ਮੋੜੀ ਰੱਖਣ ਲਈ ਸੰਤੋਖ ਬਹੁਤ ਜ਼ਰੂਰੀ ਹੈ), ਸਾਦਾ ਜੀਵਨ ਇਸ ਖੇਤੀ ਨੂੰ ਬਚਾਉਣ ਲਈ ਇਸ ਦਾ ਰਾਖਾ ਕਿਹਾ ਹੈ। ਇਹ ਫ਼ਸਲ ਅਕਾਲ ਪੁਰਖ ਦੀ ਮਿਹਰ ਅਤੇ ਪ੍ਰੇਮ ਸਦਕਾ ਪੈਦਾ ਹੋਵੇਗੀ ਜਿਸ ਨਾਲ ਮਨੁੱਖ ਦਾ ਘਰ ਨਿਹਾਲ ਹੋ ਜਾਵੇਗਾ,

ਮਨੁ ਹਾਲੀ ਕਿਰਸਾਣੀ ਕਰਣੀ
ਸਰਮੁ ਪਾਣੀ ਤਨੁ ਖੇਤੁ॥
ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ॥
ਭਾਉ ਕਰਮ ਕਰਿ ਜੰਮਸੀ
ਸੇ ਘਰ ਭਾਗਠ ਦੇਖੁ॥ (ਪੰਨਾ 595)

ਸਿੱਖ ਧਰਮ ਵਿਚ ਆਤਮ ਦੇ ਪਰਮਾਤਮ ਨਾਲ ਸੁਮੇਲ ਦਾ ਆਦਰਸ਼ ਪ੍ਰਾਪਤ ਕਰਨ ਲਈ ਗੁਣਾਂ ਦਾ ਕਿੰਨਾ ਮਹੱਤਵ ਹੈ, ਇਹ ਬਾਣੀ ਤੋਂ ਸਪਸ਼ਟ ਹੋ ਜਾਂਦਾ ਹੈ ਜਿਸ ਵਿਚ ਗੁਰੂ ਨਾਨਕ ਸਾਹਿਬ ਖੇਤੀ ਦੇ ਦ੍ਰਿਸ਼ਟਾਂਤ ਰਾਹੀਂ ਸਮਝਾਉਂਦੇ ਹਨ ਕਿ ਮਨ ਨੂੰ ਕਿਰਸਾਣ ਅਤੇ ਕਰਮਾਂ ਨੂੰ ਖੇਤੀ ਬਣਾ। ਜਪੁਜੀ ਸਾਹਿਬ ਵਿਚ ਵੀ ਗੁਰੂ ਨਾਨਕ ਸਾਹਿਬ ਇਸ ਤੱਥ ਨੂੰ ਦ੍ਰਿੜ ਕਰਵਾਉਂਦੇ ਹਨ ਕਿ ਗੁਣ ਪੈਦਾ ਕੀਤੇ ਤੋਂ ਬਿਨਾ ਭਗਤੀ ਸੰਭਵ ਨਹੀਂ ਹੈ, "ਵਿਣੁ ਗੁਣ ਕੀਤੇ ਭਗਤਿ ਨ ਹੋਇ॥" ਇਸੇ ਸ਼ਬਦ ਵਿਚ ਵਪਾਰ ਦੇ ਦ੍ਰਿਸ਼ਾਂਤ ਰਾਹੀਂ ਸਮਝਾਇਆ ਹੈ ਕਿ ਪਰਮਾਤਮਾ ਦੇ ਨਾਮ ਦਾ ਸੌਦਾਗਰ ਬਣਨ ਲਈ ਧਰਮ ਗ੍ਰੰਥਾਂ (ਸਾਸਤ) ਦਾ ਉਪਦੇਸ਼ ਸੁਣਿਆ ਕਰ, ਇਹੀ ਪਰਮਾਤਮਾ ਦੇ ਨਾਮ ਦੀ ਸੌਦਾਗਰੀ ਹੈ। ਇਸ ਵਸਤੂ ਨੂੰ ਲੱਦਣ ਲਈ ਉਚੇ ਆਚਰਣ ਨੂੰ ਘੋੜੇ ਬਣਾ ਕੇ ਤੁਰ ਅਤੇ ਜ਼ਿੰਦਗੀ ਦੇ ਸਫ਼ਰ ਦੇ ਖ਼ਰਚੇ ਵਾਸਤੇ ਚੰਗੇ ਗੁਣ ਪੱਲੇ ਬੰਨ੍ਹ। ਮਨ ਨੂੰ ਸਮਝਾਇਆ ਹੈ ਕਿ ਇਸ ਵਪਾਰ ਨੂੰ ਕਲ੍ਹ ਤੇ ਨਾ ਪਾਈਂ, ਹੁਣੇ ਇਸੇ ਘੜੀ ਕਰ। ਇਸ ਵਣਜ ਨਾਲ ਜੇ ਤੂੰ ਅਕਾਲ ਪੁਰਖ ਦੇ ਦੇਸ਼ ਵਿਚ ਟਿਕ ਜਾਵੇਂ ਤਾਂ ਆਤਮਕ ਸੁੱਖ ਮਿਲੇਗਾ। ਪਰਮਾਤਮ-ਪ੍ਰੇਮ ਦੀ ਪ੍ਰਾਪਤੀ ਲਈ ਗੁਣ ਪੈਦਾ ਕਰਨ ਦੀ ਜੋ ਮਹੱਤਤਾ ਹੈ, ਉਹ ਗੁਰੂ ਨਾਨਕ ਸਾਹਿਬ ਦੇ ਇਸ ਕਥਨ ਤੋਂ ਸਪਸ਼ਟ ਹੋ ਜਾਂਦੀ ਹੈ ਜਦੋਂ ਉਹ ਕਹਿੰਦੇ ਹਨ ਕਿ ਜਿਨ੍ਹਾਂ ਸਖੀਆਂ ਨੇ ਉਸ ਦੇ ਪ੍ਰੇਮ ਨੂੰ ਪ੍ਰਾਪਤ ਕਰ ਲਿਆ ਹੈ, ਉਨ੍ਹਾਂ ਕੋਲੋਂ ਰਸਤਾ ਪੁੱਛਣ 'ਤੇ ਪਤਾ ਲਗਦਾ ਹੈ ਕਿ ਉਸ ਦੇ ਪ੍ਰੇਮ ਨੂੰ ਗੁਣਾਂ ਰਾਹੀਂ ਹੀ ਪਾ ਸਕੀਦਾ ਹੈ,

ਹੁਕਮੁ ਪਛਾਣੈ ਨਾਨਕਾ ਭਉ ਚੰਦਨੁ ਲਾਵੈ॥
ਗੁਣ ਕਾਮਣ ਕਾਮਣਿ ਕਰੈ ਤਉ ਪਿਆਰੇ ਕਉ ਪਾਵੈ॥
(ਪੰਨਾ 725)

ਜਦੋਂ ਗੁਰੂ ਸਾਹਿਬ 'ਸੁਹਾਗੇ' ਅਤੇ 'ਵਾੜ' ਵੱਲ ਸੰਕੇਤ ਕਰਦੇ ਹਨ ਤਾਂ ਉਨ੍ਹਾਂ ਦੇ ਕਹਿਣ ਦਾ ਅਰਥ ਹੈ ਕਿ ਇਸ ਤਰ੍ਹਾਂ ਅਧਿਆਤਮਕ ਬੀਜ ਦਾ ਉਗ ਸਕਣਾ ਸੰਭਵ ਹੈ। ਗੁਰੂ ਸਾਹਿਬਾਨ ਅਨੁਸਾਰ ਇਹ ਗੁਰਮੁਖਾਂ, ਗੁਣਵਾਨ ਮਨੁੱਖਾਂ ਦੀ ਸੰਗਤਿ ਵਿਚ ਜਾਇਆਂ ਸੰਭਵ ਹੈ ਕਿ ਮਨੁੱਖ ਆਪਣੇ ਅੰਦਰ ਗੁਣ ਪੈਦਾ ਕਰਨੇ ਸਿੱਖਦਾ ਹੈ। ਇਸ ਦਾ ਅਰਥ ਇਹੀ ਬਣਦਾ ਹੈ ਕਿ ਸਿੱਖ ਧਰਮ ਅਨੁਸਾਰ ਅਧਿਆਤਮਕ ਗੁਣ ਸਮਾਜਿਕ ਸਹਿਚਾਰ ਅਤੇ ਸੰਵਾਦ ਰਾਹੀਂ ਪੈਦਾ ਹੁੰਦੇ ਹਨ। ਇਕੱਲੇ ਬੈਠ ਕੇ ਕਿਸੇ ਕਿਸਮ ਦੇ ਹਠ-ਯੋਗ ਜਾਂ ਕਰਮ-ਕਾਂਡ ਰਾਹੀਂ ਪੈਦਾ ਨਹੀਂ ਹੁੰਦੇ, ਸੰਗਤਿ ਵਿਚ ਵੀਚਾਰ ਕੀਤਿਆਂ ਪੈਦਾ ਹੁੰਦੇ ਹਨ, ਕਿਉਂਕਿ ਗੁਰਮੁਖਾਂ ਦੀ ਸੰਗਤਿ ਵਿਚ ਮਨੁੱਖ ਗੁਰਮੁਖਿ ਬਣਦਾ ਹੈ। ਗੁਣਾਂ ਨੂੰ ਦੂਸਰਿਆਂ ਨਾਲ ਵੰਡਣ ਦੀ ਪ੍ਰਸ਼ੰਸਾ ਹੀ ਨਹੀਂ ਕੀਤੀ ਬਲਕਿ ਇਸ ਨੂੰ ਉਤਸ਼ਾਹਿਤ ਕੀਤਾ ਹੈ। ਗੁਰੂ ਨਾਨਕ ਸਾਹਿਬ ਫਰਮਾਉਂਦੇ ਹਨ ਕਿ ਜੇ ਕਿਸੇ ਕੋਲ ਸੁਗੰਧੀ ਵਾਲੀਆਂ ਚੀਜ਼ਾਂ ਦਾ ਡੱਬਾ ਹੋਵੇ ਤਾਂ ਉਨ੍ਹਾਂ ਨੂੰ ਬਾਹਰ ਕੱਢ ਕੇ ਖ਼ੁਸ਼ਬੂ ਲੈ ਲੈਣੀ ਚਾਹੀਦੀ ਹੈ। ਇਸੇ ਤਰ੍ਹਾਂ ਜੇ ਕਿਸੇ ਨੂੰ ਗੁਣਾਂ ਦਾ ਡੱਬਾ ਲੱਭ ਪਵੇ ਤਾਂ ਉਹ ਡੱਬਾ ਖੋਲ੍ਹ ਕੇ ਸੁਗੰਧੀ ਲੈ ਲੈਣੀ ਚਾਹੀਦੀ ਹੈ। ਜੇ ਕਿਸੇ ਕੋਲ ਗੁਣ ਹੋਣ ਤਾਂ ਦੂਸਰਿਆਂ ਨਾਲ ਵੰਡ ਲੈਣੇ ਚਾਹੀਦੇ ਹਨ। ਇਸ ਤਰ੍ਹਾਂ ਔਗੁਣਾਂ ਦਾ ਤਿਆਗ ਕਰਕੇ ਜੀਵਨ ਦੇ ਰਸਤੇ 'ਤੇ ਤੁਰ ਸਕੀਦਾ ਹੈ। ਸਭ ਨਾਲ ਪ੍ਰੇਮ ਵਾਲਾ ਵਰਤਾਉ ਕਰਕੇ, ਆਪਣੇ ਅੰਦਰੋਂ ਵਿਕਾਰਾਂ ਨੂੰ ਖ਼ਤਮ ਕਰਕੇ, ਭਲਾਈ ਦਾ ਉਦਮ ਕਰਕੇ ਜੀਵਨ-ਸੰਗਰਾਮ ਨੂੰ ਜਿੱਤਿਆ ਜਾ ਸਕਦਾ ਹੈ,

ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ॥
ਜੇ ਗੁਣ ਹੋਵਨਿ ਸਾਜਨਾ ਮਿਲਿ ਸਾਝ ਕਰੀਜੈ॥
(ਪੰਨਾ 766)

ਸਿੱਖ ਨੈਤਿਕਤਾ ਵਿਚ ਜੀਵ ਦੇ ਆਤਮ-ਅਨੁਭਵ ਦੇ ਸਫ਼ਰ ਲਈ ਆਪਣੇ ਅੰਦਰ ਗੁਣ ਪੈਦਾ ਕਰਨ 'ਤੇ ਜ਼ੋਰ ਦਿੱਤਾ ਗਿਆ ਹੈ। ਕੁੱਝ ਗੁਣ, ਜਿਨ੍ਹਾਂ ਨੂੰ ਨੈਤਿਕ-ਉਤਮਤਾ ਦੇ ਸੰਕੇਤਕ ਮੰਨਿਆ ਗਿਆ ਹੈ, ਇਹ ਹਨ-ਸਿਆਣਪ, ਸਤਿ, ਸੰਜਮ, ਉਦਮ, ਨਿਆਉਂ, ਹਲੀਮੀ ਅਤੇ ਸੰਤੋਖ।

**ਸਿਆਣਪ:** ਸਿਆਣਪ ਮੁੱਢਲਾ ਗੁਣ ਹੈ ਜੋ ਸਿੱਖ ਨੈਤਿਕ ਸ਼ਾਸਤਰ ਅਨੁਸਾਰ ਆਤਮ-ਅਨੁਭਵ ਦੇ ਰਸਤੇ 'ਤੇ ਬਹੁਤ ਅਹਿਮ ਭੂਮਿਕਾ ਨਿਭਾਉਂਦਾ ਹੈ। ਸਿਆਣਪ ਦਾ ਅਰਥ ਹੈ-ਸੁਜਾਨਤਾ, ਦਾਨਾਈ, ਅਨੁਭਵ। ਗੁਰਬਾਣੀ ਵਿਚ ਸਿਆਣਪ ਦੇ ਦੋ ਪੱਧਰ ਮੰਨੇ ਜਾਂਦੇ ਹਨ, ਪਹਿਲੇ ਪੱਧਰ ਦਾ ਜ਼ਿਕਰ ਉਪਰ ਹੋ ਚੁੱਕਾ ਹੈ। ਹੇਠਲੇ ਪੱਧਰ 'ਤੇ ਇਸ ਨੂੰ ਚਤੁਰਾਈ ਵੀ ਮੰਨਿਆ ਗਿਆ ਹੈ ਜਿਸ ਦੀ ਗੁਰਮਤਿ ਵਿਚ ਸਿਫਾਰਸ਼ ਨਹੀਂ ਕੀਤੀ ਗਈ। ਸਿਆਣਪ ਦੇ ਗੁਣ ਵਾਲੇ ਨੂੰ ਸਿਆਣਾ ਜਾਂ ਗਿਆਨੀ, ਗੁਣਵਾਨ ਕਹਿੰਦੇ ਹਨ ਅਤੇ ਸੁਜਾਨ, ਦੂਰ-ਦ੍ਰਿਸ਼ਟੀ ਵਾਲਾ ਵੀ ਕਿਹਾ ਜਾਂਦਾ ਹੈ। ਗੁਰਮਤਿ ਵਿਚ ਆਮ ਤੌਰ 'ਤੇ ਸਿਆਣਪ ਅਤੇ ਸਿਆਣੇ ਲਈ ਸ਼ਬਦ ਗਿਆਨ ਅਤੇ ਗਿਆਨੀ ਵਰਤਿਆ ਜਾਂਦਾ ਹੈ। ਭਾਈ ਕਾਹਨ ਸਿੰਘ ਨਾਭਾ ਅਨੁਸਾਰ 'ਸਿਆਣਾ' ਸ਼ਬਦ ਅਰਬੀ ਦੇ ਸ਼ਬਦ 'ਸ਼ਾਨ' ਤੋਂ ਆਇਆ ਹੈ ਜਿਸ ਦਾ ਅਰਥ ਹੈ ਦੀਰਘ ਦ੍ਰਿਸ਼ਟੀ ਅਤੇ ਵਿਸ਼ਾਲ ਨਜ਼ਰੀਏ ਦਾ ਮਾਲਕ ਮਨੁੱਖ। ਸਿਆਣਪ ਦੇ ਆਦਰਸ਼ ਨੂੰ ਬਿਆਨ ਕਰਨ ਲਈ ਹੋਰ ਸ਼ਬਦ ਮਤਿ, ਮਨ, ਬੁਧਿ ਅਤੇ ਵਿਵੇਕ ਵਰਤੇ ਜਾਂਦੇ ਹਨ। ਗੁਰਮਤਿ ਵਿਚ ਸਿਆਣਪ ਨੂੰ ਸੋਚ, ਵੀਚਾਰ ਅਤੇ ਅਕਲ ਨਾਲ ਜੋੜਿਆ ਗਿਆ ਹੈ। ਸਿਆਣਾ ਮਨੁੱਖ ਵੀਚਾਰ ਜਾਂ ਅਕਲ ਦੀ ਵਰਤੋਂ ਚੀਜ਼ਾਂ ਨੂੰ ਉਨ੍ਹਾਂ ਦੇ ਸਹੀ ਸੰਦਰਭ ਵਿਚ ਸਮਝਣ ਲਈ ਕਰਦਾ ਹੈ। ਸਿਆਣਾ ਮਨੁੱਖ ਆਪਣੇ ਵੀਚਾਰ ਦੀ ਵਰਤੋਂ ਦੋ ਤਰ੍ਹਾਂ ਨਾਲ ਕਰਦਾ ਹੈ-ਇੱਕ, ਵੀਚਾਰ ਰਾਹੀਂ ਆਪਣੇ ਆਲੇ-ਦੁਆਲੇ ਦੀ ਦੁਨੀਆਂ ਨੂੰ ਸਮਝਣਾ, ਜਿਸ ਦਾ ਸਬੰਧ ਕਾਰਨ ਅਤੇ ਕਾਰਜ ਨਾਲ ਹੈ। ਦੂਸਰਾ, ਉਸ ਸਤਿ ਨੂੰ ਸਮਝਣਾ, ਜਿਸ ਦਾ ਪ੍ਰਕਾਸ਼ਨ ਸ਼ਬਦ ਜਾਂ ਬਾਣੀ ਰਾਹੀਂ ਹੋਇਆ ਹੈ। ਉਹ ਵੀਚਾਰ ਰਾਹੀਂ ਉਚਤਮ ਸਤਿ ਨੂੰ ਸਮਝਣ ਦੀ ਕੋਸ਼ਿਸ਼ ਕਰਦਾ ਹੈ। ਸਿੱਖ ਧਰਮ ਅਨੁਸਾਰ ਅਹਿਮ ਨੁਕਤਾ ਇਹ ਹੈ ਕਿ ਸਿਆਣਪ ਜਾਂ ਗੁਣਾਂ ਨੂੰ ਆਪਣੇ ਕਾਰਜਾਂ ਜਾਂ ਕੀਤੇ ਜਾਣ ਵਾਲੇ ਕੰਮਾਂ ਵਿਚ ਅਨੁਵਾਦ ਕਰਨਾ ਹੈ ਅਰਥਾਤ ਸਿਆਣਪ ਜਾਂ ਕਿਸੇ ਵੀ ਗੁਣ ਨੇ ਉਸ ਦੇ ਕੰਮਾਂ ਵਿਚ ਪ੍ਰਗਟ ਹੋਣਾ ਹੈ। ਗੁਰੂ ਨਾਨਕ ਜੀਵਨ ਦੀਆਂ ਵੱਖ ਵੱਖ ਅਵਸਥਾਵਾਂ ਦੀ ਗੱਲ ਕਰਦਿਆਂ ਕਹਿੰਦੇ ਹਨ ਕਿ ਮਨੁੱਖ ਦੀ ਸਿਆਣਪ ਦੋ ਤਰ੍ਹਾਂ ਨਾਲ ਕੰਮ ਕਰਦੀ ਹੈ। ਜਦੋਂ ਮਨੁੱਖ ਦੀ ਸਿਆਣਪ ਤੁਰੰਤ ਪ੍ਰਾਪਤੀਆਂ ਦੇ ਅਧੀਨ ਹੋ ਕੇ ਕੰਮ ਕਰਦੀ ਹੈ ਤਾਂ ਉਸ ਦੀ ਬੁੱਧ ਜਾਂ ਸਿਆਣਪ ਉਸ ਦਾ ਸਾਥ ਛੱਡ ਦਿੰਦੀ ਹੈ ਪਰ ਜਦੋਂ ਉਹ ਗੁਰੂ ਦੇ ਦੱਸੇ ਰਸਤੇ 'ਤੇ ਚੱਲਦਿਆਂ ਆਪਣੇ ਵੀਚਾਰ ਦੀ ਵਰਤੋਂ ਕਰਦਾ ਹੈ ਤਾਂ ਉਹ ਉਚੇ ਪੱਧਰ ਦੀ ਸਿਆਣਪ ਪ੍ਰਾਪਤ ਕਰ ਲੈਂਦਾ ਹੈ,

ਬੁਧਿ ਵਿਸਰਜੀ ਗਈ ਸਿਆਣਪ
ਕਰਿ ਅਵਗੁਣ ਪਛੁਤਾਇ॥
ਕਹੁ ਨਾਨਕ ਪ੍ਰਾਣੀ ਤੀਜੈ ਪਹਰੈ
ਪ੍ਰਭ ਚੇਤਹੁ ਲਿਵ ਲਾਇ॥ (ਪੰਨਾ 76)

ਗੁਰੂ ਅਰਜਨ ਦੇਵ ਵੀਚਾਰ ਅਤੇ ਉਚੀ ਸਿਆਣਪ ਦੀ ਗੱਲ ਕਰਦਿਆਂ ਕਹਿੰਦੇ ਹਨ ਕਿ ਇਸ ਕਿਸਮ ਦੀ ਸਿਆਣਪ ਅਕਾਲ ਪੁਰਖ ਦੀ ਮਿਹਰ ਰਾਹੀਂ ਪ੍ਰਾਪਤ ਹੁੰਦੀ ਹੈ। ਸਿਆਣਪ, ਜਿਸ ਦਾ ਇੱਕ ਸੰਦਰਭ ਦਿਮਾਗੀ ਯੋਗਤਾ ਹੈ, ਉਥੇ ਦੂਸਰੇ ਸੰਦਰਭ ਵਿਚ ਮਨੁੱਖ ਦੀ ਅਜਿਹੀ ਸ਼ਕਤੀ ਹੈ ਜੋ ਅਕਾਲ ਪੁਰਖ ਦੀ ਮਿਹਰ ਰਾਹੀਂ ਪ੍ਰਾਪਤ ਹੁੰਦੀ ਹੈ ਜੋ ਉਚਤਮ ਪੱਧਰ 'ਤੇ ਪਹੁੰਚ ਕੇ ਪ੍ਰਭੂ ਦੇ ਭਾਣੇ ਨੂੰ ਸਮਝਣ ਦੇ ਸਮਰੱਥ ਹੈ।

**ਸੱਚਾਈ:** ਸੱਚਾਈ ਇੱਕ ਅਜਿਹਾ ਗੁਣ ਹੈ ਜਿਸ ਦੀ ਸਿੱਖ ਨੈਤਿਕਤਾ ਵਿਚ ਬਹੁਤ ਮਹੱਤਤਾ ਹੈ। ਸੱਚਾਈ ਅਤੇ ਸਤਿ ਵਿਚ ਅੰਤਰ ਹੈ। ਸਤਿ ਉਸ ਅਕਾਲ ਪੁਰਖ ਦਾ ਗੁਣ ਹੈ ਜੋ ਉਸ ਦੀ ਸਦੀਵੀ ਕਾਰਜਸ਼ੀਲ ਹੋਂਦ ਦਾ ਸੂਚਕ ਹੈ। ਦੂਸਰੇ ਪਾਸੇ ਇਹ ਸਤਿ ਜੀਵ ਲਈ ਉਚਤਮ ਆਦਰਸ਼ ਹੈ ਜੋ ਉਸ ਨੇ ਪ੍ਰਾਪਤ ਕਰਨਾ ਹੈ। ਸਿੱਖ ਧਰਮ ਵਿਚ ਸੱਚ ਜਾਂ ਸਤਿ ਨੂੰ ਤਿੰਨ ਵੱਖ ਵੱਖ ਅਰਥਾਂ ਵਿਚ ਵਰਤਿਆ ਗਿਆ ਹੈ। ਪਹਿਲਾ ਉਹ ਉਸ ਪਰਮਸਤਿ ਦਾ ਗੁਣ ਹੈ ਜੋ ਸਦੀਵੀ ਕਾਰਜਸ਼ੀਲ ਹੈ, ਕਰਤਾ ਪੁਰਖ ਹੈ। ਕਰਤਾ ਪੁਰਖ ਹੋਣਾ ਉਸ ਦੀ ਸਦੀਵੀ ਕਾਰਜਸ਼ੀਲਤਾ ਨੂੰ ਦਰਸਾਉਂਦਾ ਹੈ। ਪਰਾਭੌਤਿਕ ਅਰਥਾਂ ਵਿਚ ਸਤਿ ਪਰਮਸਤਿ ਦਾ ਉਹ ਗੁਣ ਹੈ ਜੋ ਜੀਵ ਵਾਸਤੇ ਆਦਰਸ਼ ਹੈ ਜੋ ਉਸ ਨੇ ਪ੍ਰਾਪਤ ਕਰਨਾ ਹੈ। ਦੂਸਰੇ ਅਰਥਾਂ ਵਿਚ ਇਹ ਵਚਨ ਅਰਥਾਤ ਉਕਤੀ ਦਾ ਗੁਣ ਹੈ ਜਿਸ ਵਿਚ ਵਿਹਾਰ ਦੀ ਅਗਵਾਈ ਕਰਨ ਦੀ ਸਮਰੱਥਾ ਹੈ। ਤੀਸਰੇ ਅਰਥਾਂ ਵਿਚ ਇਹ ਨੈਤਿਕ ਗੁਣ ਹੈ। ਸੱਚਾਈ ਨੂੰ ਮਨੁੱਖ ਦੇ ਵਤੀਰੇ ਦਾ ਹਿੱਸਾ ਮੰਨਦੇ ਹੋਏ ਗੁਰੂ ਨਾਨਕ ਸਾਹਿਬ ਫਰਮਾਉਂਦੇ ਹਨ ਕਿ ਸਤਿ ਦਾ ਅਨੁਭਵ ਸਭ ਤੋਂ ਉਤੇ ਹੈ ਪਰ ਉਸ ਤੋਂ ਵੀ ਉਤੇ ਸੱਚੀ ਰਹਿਣੀ ਹੈ,

ਮਨ ਹਠ ਬੁਧੀ ਕੇਤੀਆ ਕੇਤੇ ਬੇਦ ਬੀਚਾਰ॥
ਕੇਤੇ ਬੰਧਨ ਜੀਅ ਕੇ ਗੁਰਮੁਖਿ ਮੋਖ ਦੁਆਰ॥
ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ॥
(ਪੰਨਾ 62)

ਇਹ ਮਨੁੱਖ ਦੇ ਕਥਨ ਅਤੇ ਵੀਚਾਰ ਦਾ ਸੁਮੇਲ ਹੈ, ਕਹਿਣੀ ਅਤੇ ਕਰਨੀ ਦੀ ਇੱਕਸੁਰਤਾ ਹੈ, ਅਹਿਦ ਹੈ। ਗੁਰੂ ਰਾਮਦਾਸ ਇਸ ਨੂੰ ਵੱਖਰੇ ਅੰਦਾਜ਼ ਵਿਚ ਬਿਆਨ ਕਰਦੇ ਹਨ, ਜਦੋਂ ਉਹ ਕਹਿੰਦੇ ਹਨ ਕਿ ਹੇ ਸਰਬ-ਵਿਆਪਕ ਅਕਾਲ ਪੁਰਖ ਤੂੰ ਸਦੀਵੀ ਪਵਿੱਤਰ ਹੈਂ ਪਰ ਅਸੀ ਮੈਲੇ ਜੀਵਨ ਵਾਲੇ ਹਾਂ, ਅਸੀਂ ਤੈਨੂੰ ਕਿਵੇਂ ਮਿਲ ਸਕਦੇ ਹਾਂ? ਸਾਡੇ ਦਿਲ 'ਚ ਕੁੱਝ ਹੋਰ ਹੁੰਦਾ ਹੈ ਤੇ ਸਾਡੀ ਜ਼ੁਬਾਨ 'ਤੇ ਕੁੱਝ ਹੋਰ। ਅਸੀਂ ਮੰਦਭਾਗੇ ਹਾਂ ਜੋ ਕੂੜੀ ਮਾਇਆ ਦੇ ਗਾਹਕ ਬਣੇ ਰਹਿੰਦੇ ਹਾਂ,

ਤੁਮ ਪਵਿਤ੍ਰ ਪਾਵਨ ਪੁਰਖ ਪ੍ਰਭ ਸੁਆਮੀ
ਹਮ ਕਿਉ ਕਰਿ ਮਿਲਹ ਜੂਠਾਰੀ॥
ਹਮਰੈ ਜੀਇ ਹੋਰੁ ਮੁਖਿ ਹੋਰੁ ਹੋਤ ਹੈ
ਹਮ ਕਰਮਹੀਣ ਕੂੜਿਆਰੀ॥ (ਪੰਨਾ 62)

**ਨਿਆਉਂ:** ਨਿਆਉਂ ਇੱਕ ਹੋਰ ਅਹਿਮ ਗੁਣ ਹੈ ਜਿਸ ਨੂੰ ਸਿੱਖ ਧਰਮ ਚਿੰਤਨ ਵਿਚ ਅਹਿਮ ਸਥਾਨ ਪ੍ਰਾਪਤ ਹੈ। ਸਿੱਖ ਧਰਮ ਚਿੰਤਨ ਅਨੁਸਾਰ ਪਰਮਾਤਮਾ ਇੱਕੋ-ਇੱਕ ਪਰਮਸਤਿ ਹੈ ਬਾਕੀ ਸਾਰਾ ਸੰਸਾਰ ਉਸ ਦੀ ਰਚਨਾ ਹੈ। ਉਹ ਸਾਰਿਆਂ 'ਤੇ ਆਪਣੀ ਮਿਹਰ ਕਰਦਾ ਹੈ। ਇਸ ਤਰ੍ਹਾਂ ਉਸ ਦੀ ਰਚਨਾ ਹੋਣ ਦੇ ਨਾਤੇ ਸਾਰੇ ਉਸ ਦੀ ਬਖ਼ਸ਼ਿਸ਼ ਦੇ ਇੱਕੋ ਜਿੰਨੇ ਅਧਿਕਾਰੀ ਹਨ। ਇਸ ਲਈ ਧਰਮ, ਜਾਤ, ਜਨਮ, ਨਸਲ ਜਾਂ ਇਸਤਰੀ-ਪੁਰਸ਼ ਹੋਣ ਦਾ ਕੋਈ ਵਿਤਕਰਾ ਨਹੀਂ। ਅਸਲ ਵਿਚ ਨਿਆਉਂ ਦਾ ਸਬੰਧ ਸਮਾਜਿਕ ਬਰਾਬਰੀ ਨਾਲ ਹੈ। ਸਿੱਖ ਧਰਮ ਚਿੰਤਨ ਸਮਾਜਿਕ ਬਰਾਬਰੀ ਨੂੰ ਯਕੀਨੀ ਬਣਾਉਣਾ ਚਾਹੁੰਦਾ ਹੈ ਜਦੋਂ ਉਹ ਜਾਤੀ ਪ੍ਰਬੰਧ ਨੂੰ ਨਕਾਰਦਾ ਹੈ। ਜਾਤੀ ਪ੍ਰਬੰਧ ਦੀ ਸਮਾਜਿਕ ਵੰਡ ਦੇ ਆਰੰਭ ਦਾ ਕਾਰਨ ਜੋ ਵੀ ਰਿਹਾ ਹੋਵੇ ਪਰ ਇਹ ਸਮਾਜਿਕ ਨਾ-ਬਰਾਬਰੀ ਦਾ ਪ੍ਰਤੀਕ ਬਣ ਗਿਆ ਹੈ। ਗੁਰੂ ਸਾਹਿਬ ਅਨੁਸਾਰ ਸਮਾਜਿਕ ਬਰਾਬਰੀ ਤੋਂ ਬਿਨਾ ਨਿਆਉਂ ਦਾ ਕੋਈ ਅਰਥ ਨਹੀਂ ਰਹਿ ਜਾਂਦਾ। ਨਿਆਉਂ ਇੱਕ ਐਸਾ ਗੁਣ ਹੈ ਜਿਸ ਰਾਹੀਂ ਇੱਕ ਮਨੁੱਖ ਦੂਸਰੇ ਮਨੁੱਖਾਂ ਨੂੰ ਹਰ ਪੱਧਰ 'ਤੇ ਬਰਾਬਰ ਸਮਝਦਾ ਹੈ-ਇਹ ਸਮਾਜਿਕ ਰਿਸ਼ਤਿਆਂ ਦਾ ਇੱਕ ਜ਼ਰੂਰੀ ਚਲਨ ਹੈ। ਗੁਰੂ ਨਾਨਕ ਸਾਹਿਬ ਜਾਤੀ ਪ੍ਰਬੰਧ ਨੂੰ ਨਕਾਰਦਿਆਂ ਕਹਿੰਦੇ ਹਨ ਕਿ ਮੇਰਾ ਸਾਥ ਉਨ੍ਹਾਂ ਨਾਲ ਹੈ ਜੋ ਨੀਵੀਂ ਤੋਂ ਨੀਵੀਂ ਜਾਤ ਦੇ ਕਹੇ ਜਾਂਦੇ ਹਨ ਕਿਉਂਕਿ ਪਰਮਾਤਮਾ ਦੀ ਬਖ਼ਸ਼ਿਸ਼, ਉਸ ਦੀ ਮਿਹਰ ਦੀ ਨਜ਼ਰ ਉਥੇ ਹੈ ਜਿਥੇ ਗ਼ਰੀਬਾਂ ਦੀ ਸਾਰ ਲਈ ਜਾਂਦੀ ਹੈ,

ਨੀਚਾ ਅੰਦਰਿ ਨੀਚ ਜਾਤਿ
ਨੀਚੀ ਹੂ ਅਤਿ ਨੀਚੁ॥
ਨਾਨਕੁ ਤਿਨ ਕੈ ਸੰਗਿ ਸਾਥਿ
ਵਡਿਆ ਸਿਉ ਕਿਆ ਰੀਸ॥
ਜਿਥੈ ਨੀਚ ਸਮਾਲੀਅਨਿ
ਤਿਥੈ ਨਦਰਿ ਤੇਰੀ ਬਖਸੀਸ॥ (ਪੰਨਾ 15-16)

ਭਗਤ ਕਬੀਰ ਰਾਗੁ ਆਸਾ ਵਿਚ ਕਹਿੰਦੇ ਹਨ ਕਿ ਸਾਰੀ ਮਨੁੱਖ ਜਾਤ ਦੀਆਂ ਨਾੜਾਂ ਵਿਚ ਇੱਕੋ ਰੰਗ ਦਾ ਖ਼ੂਨ ਵਹਿੰਦਾ ਹੈ। ਫਿਰ ਕਿਸੇ ਨੂੰ ਵੀ ਜਨਮ ਦੇ ਆਧਾਰ 'ਤੇ ਛੋਟਾ ਜਾਂ ਵੱਡਾ ਕਿਵੇਂ ਕਿਹਾ ਜਾ ਸਕਦਾ ਹੈ? ਇਹ ਤਾਂ ਨਹੀਂ ਹੈ ਕਿ ਬ੍ਰਾਹਮਣ ਦੀਆਂ ਨਾੜਾਂ ਵਿਚ ਦੁੱਧ ਵਗਦਾ ਹੈ ਅਤੇ ਦੂਸਰਿਆਂ ਦੀਆਂ ਵਿਚ ਖ਼ੂਨ, ਫਿਰ ਇਹ ਕਿਵੇਂ ਕਿਹਾ ਜਾ ਸਕਦਾ ਹੈ ਕਿ ਉਹ ਉਚੀ ਜਾਤ ਦਾ ਹੈ ਅਤੇ ਬਾਕੀ ਅਛੂਤ ਹਨ। ਜੇ ਉਹ ਦੂਸਰੇ ਲੋਕਾਂ ਤੋਂ ਵੱਖਰਾ ਹੈ ਫਿਰ ਉਹ ਆਮ ਲੋਕਾਂ ਦੀ ਤਰ੍ਹਾਂ ਕਿਉਂ ਪੈਦਾ ਹੋਇਆ ਹੈ, ਉਸ ਦਾ ਜਨਮ ਕਿਸੇ ਹੋਰ ਰਸਤੇ ਤੋਂ ਕਿਉਂ ਨਹੀਂ ਹੋਇਆ? ਨਿਆਉਂ ਦਾ ਅਰਥ ਹੈ ਦੂਸਰਿਆਂ ਦੇ ਹੱਕ ਦਾ ਮਾਣ ਕਰਨਾ, ਦੂਸਰਿਆਂ ਦੇ ਹੱਕ ਨਾ ਖੋਹਣਾ। ਇਸ ਬਾਰੇ ਗੁਰੂ ਨਾਨਕ ਸਾਹਿਬ ਨੇ ਕਿਹਾ ਹੈ ਕਿ ਕਿਸੇ ਦਾ ਹੱਕ ਖੋਹਣਾ ਇਸ ਤਰ੍ਹਾਂ ਹੈ ਜਿਵੇਂ ਹਿੰਦੂ ਲਈ ਗਊ ਦੀ ਆਣ ਅਤੇ ਮੁਸਲਮਾਨ ਲਈ ਸੂਰ। ਇਸੇ ਤਰ੍ਹਾਂ ਇਸਤਰੀ ਦੇ ਬਰਾਬਰ ਦਰਜੇ ਦੀ ਗੱਲ ਕਰਦਿਆਂ ਦੱਸਿਆ ਹੈ ਕਿ ਸਾਰਾ ਸਮਾਜਿਕ ਢਾਂਚਾ ਇਸਤਰੀ ਨਾਲ ਹੀ ਉਸਰਦਾ ਹੈ ਅਤੇ ਮਨੁੱਖ ਇਸਤਰੀ ਰਾਹੀਂ ਹੀ ਸੰਸਾਰ 'ਤੇ ਜਨਮ ਲੈਂਦਾ ਹੈ। ਫਿਰ ਉਸ ਨੂੰ ਮੰਦਾ ਕਿਵੇਂ ਕਿਹਾ ਜਾ ਸਕਦਾ ਹੈ।

(ਚਲਦਾ)

## ਗੁਰਬਾਣੀ ਗਿਆਨ

## ਖੋਜਤ ਖੋਜਤ ਖੋਜਿ ਬੀਚਾਰਿਓ...

**ਸੋਰਠ ਮਹਲਾ ੫**

ਖੋਜਤ ਖੋਜਤ ਖੋਜਿ ਬੀਚਾਰਿਓ
ਰਾਮ ਨਾਮੁ ਤਤੁ ਸਾਰਾ॥
ਕਿਲਬਿਖ ਕਾਟੇ ਨਿਮਖ ਅਰਾਧਿਆ
ਗੁਰਮੁਖਿ ਪਾਰਿ ਉਤਾਰਾ॥੧॥
ਹਰਿ ਰਸੁ ਪੀਵਹੁ ਪੁਰਖ ਗਿਆਨੀ॥
ਸੁਣਿ ਸੁਣਿ ਮਹਾ ਤ੍ਰਿਪਤਿ ਮਨੁ ਪਾਵੈ
ਸਾਧੂ ਅੰਮ੍ਰਿਤ ਬਾਨੀ॥ਰਹਾਉ॥
ਮੁਕਤਿ ਭੁਗਤਿ ਜੁਗਤਿ ਸਚੁ ਪਾਈਐ
ਸਰਬ ਸੁਖਾ ਕਾ ਦਾਤਾ॥
ਅਪੁਨੇ ਦਾਸ ਕਉ ਭਗਤਿ ਦਾਨੁ
ਦੇਵੈ ਪੂਰਨ ਪੁਰਖੁ ਬਿਧਾਤਾ॥੨॥
ਸ੍ਰਵਣੀ ਸੁਣੀਐ ਰਸਨਾ ਗਾਈਐ
ਹਿਰਦੈ ਧਿਆਈਐ ਸੋਈ॥
ਕਰਣ ਕਾਰਣ ਸਮਰਥ ਸੁਆਮੀ
ਜਾ ਤੇ ਬ੍ਰਿਥਾ ਨ ਕੋਈ॥੩॥
ਵਡੈ ਭਾਗਿ ਰਤਨ ਜਨਮੁ ਪਾਇਆ
ਕਰਹੁ ਕ੍ਰਿਪਾ ਕਿਰਪਾਲਾ॥
ਸਾਧਸੰਗਿ ਨਾਨਕੁ ਗੁਣ ਗਾਵੈ
ਸਿਮਰੈ ਸਦਾ ਗੁਪਾਲਾ॥੪॥

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਉਪਦੇਸ਼ ਕਰਦੇ ਹਨ ਕਿ ਹੇ ਭਾਈ! ਖੋਜਤ ਖੋਜਤ ਖੋਜਿ ਬੀਚਾਰਿਓ, ਭਾਵ ਬਹੁਤ ਲੰਮੀ ਖੋਜ ਕਰਨ ਮਗਰੋਂ ਇਸ ਵਿਚਾਰ 'ਤੇ ਅੱਪੜੇ ਹਾਂ ਕਿ ਰਾਮ ਨਾਮੁ ਤਤੁ ਸਾਰਾ, ਭਾਵ ਪ੍ਰਭੂ ਜੀ ਦਾ ਨਾਮ ਸਿਮਰਨ ਹੀ ਸਭ ਤੋਂ ਉਤਮ ਹੈ। ਕਿਲਬਿਖ ਕਾਟੇ ਨਿਮਖ ਅਰਾਧਿਆ, ਭਾਵ ਸਤਿਗੁਰੂ ਦੀ ਸ਼ਰਨ ਵਿਚ ਬੈਠ ਕੇ ਨਾਮ ਜਪਣ ਨਾਲ ਸਾਰੇ ਪਾਪ ਅੱਖ ਝਪਕਣ ਨਾਲ ਹੀ ਕੱਟੇ ਜਾਂਦੇ ਹਨ ਅਤੇ ਸੰਸਾਰ ਸਮੁੰਦਰ ਤੋਂ ਪਾਰ ਲੰਘ ਜਾਈਦਾ ਹੈ।

ਹਰਿ ਰਸੁ ਪੀਵਹੁ ਪੁਰਖ ਗਿਆਨੀ॥
ਸੁਣਿ ਸੁਣਿ ਮਹਾ ਤ੍ਰਿਪਤਿ ਮਨੁ ਪਾਵੈ
ਸਾਧੂ ਅੰਮ੍ਰਿਤ ਬਾਨੀ॥ਰਹਾਉ॥

ਹਰਿ ਰਸੁ ਪੀਵਹੁ ਪੁਰਖ ਗਿਆਨੀ, ਭਾਵ ਹੇ ਆਤਮਿਕ ਜੀਵਨ ਦੀ ਸੋਝੀ ਰੱਖਣ ਵਾਲੇ ਜੀਵ! ਤੂੰ ਸਦਾ ਹੀ ਅਕਾਲ ਪੁਰਖ ਦਾ ਹਰਿ ਰਸ ਜਾਮ ਰੂਪੀ ਅੰਮ੍ਰਿਤ ਪੀਆ ਕਰ ਅਤੇ ਅਨੰਦ ਵਿਭੋਰ ਅਵਸਥਾ ਵਿਚ ਜੁੜਿਆ ਰਹਿ। ਸਾਧੂ ਅੰਮ੍ਰਿਤ ਬਾਨੀ, ਭਾਵ ਹੇ ਭਾਈ! ਉਚਾ ਆਤਮਿਕ ਜੀਵਨ ਦੇਣ ਵਾਲੀ ਗੁਰੂ ਦੀ ਬਾਣੀ ਰਾਹੀਂ ਉਸ ਮਿਹਰਬਾਨ ਪ੍ਰਭੂ ਦਾ ਨਾਮ ਮੁੜ ਮੁੜ ਕੇ ਸੁਣਦੇ ਰਹੀਏ ਤਾਂ ਇਹ ਮਨ ਤ੍ਰਿਪਤਿ, ਭਾਵ ਸਦਾ ਲਈ ਰੱਜ ਜਾਂਦਾ ਹੈ ਅਤੇ ਸੰਤੋਖਮਈ ਅਵਸਥਾ ਪ੍ਰਾਪਤ ਹੋ ਜਾਂਦੀ ਹੈ।

ਮੁਕਤਿ ਭੁਗਤਿ ਜੁਗਤਿ ਸਚੁ ਪਾਈਐ
ਸਰਬ ਸੁਖਾ ਕਾ ਦਾਤਾ॥
ਅਪੁਨੇ ਦਾਸ ਕਉ ਭਗਤਿ ਦਾਨੁ
ਦੇਵੈ ਪੂਰਨ ਪੁਰਖੁ ਬਿਧਾਤਾ॥੨॥

ਗੁਰਦੇਵ ਜੀ ਆਖਦੇ ਹਨ ਮੁਕਤਿ ਭੁਗਤਿ ਜੁਗਤਿ ਸਚੁ ਪਾਈਐ, ਭਾਵ ਮੁਕਤ ਮਾਇਆ ਰੂਪੀ ਸੰਸਾਰ ਦੇ ਮੋਹ ਤੋਂ ਛੁਟਕਾਰਾ ਭਗਤਿ ਨਾਮ ਰੂਪੀ ਆਤਮਿਕ ਖ਼ੁਰਾਕ ਜੁਗਤਿ ਜ਼ਿੰਦਗੀ ਜਿਉਣ ਦਾ ਸੋਹਣਾ ਤੇ ਸੁਚੱਜਾ ਤਰੀਕਾ, ਇਹ ਸਭ ਤਾਂ ਉਹ ਮਿਹਰਾਂ ਦਾ ਮਾਲਕ ਜੋ ਸਰਬ ਸੁਖਾਂ ਦਾ ਦਾਤਾ ਹੈ ਸਰਬ ਵਿਆਪਕ ਹੈ ਅਤੇ ਬਿਧਾਤਾ ਭਾਵ ਜਗਤ ਦਾ ਰਚਨਾ ਹਾਰ ਹੈ, ਉਹ ਮਿਹਰਵਾਨ ਪ੍ਰਭੂ ਸਾਰੇ ਸੁਖ ਅਤੇ ਭਗਤੀ ਦਾ ਦਾਨ ਉਹ ਆਪ ਹੀ ਆਪਣੇ ਸੇਵਕਾਂ ਨੂੰ ਬਖ਼ਸ਼ਿਸ਼ ਕਰਦਾ ਹੈ।

ਸ੍ਰਵਣੀ ਸੁਣੀਐ ਰਸਨਾ ਗਾਈਐ
ਹਿਰਦੈ ਧਿਆਈਐ ਸੋਈ॥
ਕਰਣ ਕਾਰਣ ਸਮਰਥ ਸੁਆਮੀ
ਜਾ ਤੇ ਬ੍ਰਿਥਾ ਨ ਕੋਈ॥੩॥

ਸਤਿਗੁਰੂ ਪਿਤਾ ਜੀ ਬਖ਼ਸ਼ਿਸ਼ ਕਰਦੇ ਹਨ ਕਿ ਹੇ ਭਾਈ! ਇਸ ਸਾਰੇ ਜਗਤ ਦਾ ਜੋ ਮੂਲ ਹੈ ਤੇ ਸਭ ਤਾਕਤਾਂ ਦਾ ਮਾਲਕ ਹੈ, ਤੇ ਸਦਾ ਹੀ ਅਟੱਲ ਰਹਿਣ ਵਾਲਾ ਹੈ ਤੇ ਜ਼ੱਰੇ ਜ਼ੱਰੇ ਵਿਚ ਸਮਾਇਆ ਹੈ ਤੇ ਸਭ ਨੂੰ ਦਾਤਾਂ ਵੀ ਵੰਡ ਰਿਹਾ ਹੈ, ਐਸੇ ਮਿਹਰਬਾਨ ਪ੍ਰਭੂ ਪਰਮੇਸ਼ਵਰ ਦੇ ਦਰ ਤੋਂ ਕੋਈ ਵੀ ਖਾਲੀ ਨਹੀਂ ਮੁੜਦਾ। ਉਸ ਦੇ ਨਾਮ ਨੂੰ ਹਰ ਵੇਲੇ ਕੰਨਾਂ ਰਾਹੀਂ ਸੁਣਦੇ, ਆਪਣੀ ਜੀਭਾ ਨਾਲ ਗਾਉਂਦੇ ਅਤੇ ਆਪਣੇ ਅੰਤਰ ਆਤਮੇ ਜਪਦੇ ਰਹਿਣਾ ਚਾਹੀਦਾ ਹੈ।

ਵਡੈ ਭਾਗਿ ਰਤਨ ਜਨਮੁ ਪਾਇਆ
ਕਰਹੁ ਕ੍ਰਿਪਾ ਕਿਰਪਾਲਾ॥
ਸਾਧਸੰਗਿ ਨਾਨਕੁ ਗੁਣ ਗਾਵੈ
ਸਿਮਰੈ ਸਦਾ ਗੁਪਾਲਾ॥੪॥

ਗੁਪਾਲ, ਭਾਵ ਹੇ ਪ੍ਰਿਥਵੀ ਦੀ ਪਾਲਣਾ ਕਰਨ ਵਾਲੇ ਮਿਹਰਬਾਨ ਪ੍ਰਭੂ ਜੀਓ! ਤੇ ਸਭ 'ਤੇ ਕ੍ਰਿਪਾ ਕਰਨ ਵਾਲੇ ਕਿਰਪਾਲੂ ਪਿਤਾ ਜੀਓ!! ਵੱਡੇ ਭਾਗਾਂ ਨਾਲ ਸਾਨੂੰ ਜੀਵਾਂ ਨੂੰ ਰਤਨ ਜਨਮ, ਭਾਵ ਸਭ ਤੋਂ ਮਹਿੰਗਾ ਉਤਮ ਤੇ ਸ੍ਰੇਸ਼ਟ ਜਨਮ ਮਿਲਿਆ ਹੈ; ਪ੍ਰਭੂ ਜੀ, ਹੁਣ ਆਪਣੀ ਕ੍ਰਿਪਾ ਕਰ ਦੇਵੋ ਅਤੇ ਆਪ ਦਾ ਇਹ ਦਾਸ ਨਾਨਕ ਸਾਧ ਸੰਗਤ ਵਿਚ ਬੈਠ ਕੇ ਸਦਾ ਹੀ ਆਪ ਦੇ ਗੁਣਾਂ ਦਾ ਗਾਇਨ ਕਰਦਾ ਰਵ੍ਹੇ ਅਤੇ ਮਿਹਰਬਾਨ ਪਿਤਾ, ਆਪ ਜੀ ਦਾ ਨਾਮ ਸਿਮਰਦਾ ਰਵ੍ਹੇ।

ਆਓ, ਸ਼ਬਦ ਗੁਰੂ ਨਾਲ ਜੁੜੀਏ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

## ਰਿਬੇਰੋ ਦੀ ਆਪਬੀਤੀ-11

# ਖਾੜਕੂ, ਸਿਆਸੀ ਆਕਾ ਤੇ ਆਵਾਮ

*ਲੈਫਟੀਨੈਂਟ ਜਨਰਲ ਕੁਲਦੀਪ ਸਿੰਘ ਬਰਾੜ, ਪੰਜਾਬ ਪੁਲਿਸ ਦੇ ਸਾਬਕਾ ਮੁਖੀ ਕੇ.ਪੀ.ਐਸ. ਗਿੱਲ ਅਤੇ ਜੂਲੀਓ ਰਿਬੇਰੋ ਨੇ ਪਿਛਲੀ ਸਦੀ ਦੇ ਅੱਸੀਵਿਆਂ ਦੇ ਦੌਰ ਉਪਰ ਕਿਤਾਬਾਂ ਲਿਖੀਆਂ ਹਨ। ਇਹ ਕਿਤਾਬਾਂ ਕਿਉਂਕਿ ਸਟੇਟ ਅਫਸਰਾਂ ਵਲੋਂ ਲਿਖੀਆਂ ਗਈਆਂ, ਇਸ ਕਰ ਕੇ ਇਹ ਸਟੇਟ ਦਾ ਏਜੰਡਾ ਹਨ ਪਰ ਰਿਬੇਰੋ ਇਨ੍ਹਾਂ ਤਿੰਨਾਂ ਵਿਚੋਂ ਭਿੰਨ ਹੈ ਕਿਉਂਕਿ ਕਦੀ ਕਦਾਈਂ ਉਹ ਸਟੇਟ ਨਾਲ ਸਹਿਮਤ ਨਹੀਂ ਹੁੰਦਾ। ਇਹੀ ਗੱਲ ਉਸ ਨੂੰ ਬਾਕੀਆਂ ਨਾਲੋਂ ਨਿਖੇੜਦੀ ਹੈ। ਰਿਬੇਰੋ ਦੀ ਧਿਰ ਨਾਲ ਭਾਵੇਂ ਕਿਸੇ ਵੀ ਸੂਰਤ ਸਹਿਮਤ ਨਹੀਂ ਹੋਇਆ ਜਾ ਸਕਦਾ, ਪਰ ਉਸ ਦੀ ਲਿਖਤ ਤੋਂ ਪਤਾ ਲੱਗਦਾ ਹੈ ਕਿ ਸਟੇਟ ਕੀ ਸੋਚਦੀ ਰਹੀ, ਕੀ ਕਰਦੀ ਰਹੀ, ਕਿਉਂ ਕਰਦੀ ਰਹੀ? ਰਿਬੇਰੋ ਵੱਲੋਂ ਲਿਖੀ ਕਿਤਾਬ 'ਬੁੱਲਟ ਫਾਰ ਬੁੱਲਟ' ਦੇ ਕੁੱਝ ਪੰਨਿਆਂ ਦਾ ਅੰਗਰੇਜ਼ੀ ਤੋਂ ਪੰਜਾਬੀ ਵਿਚ ਅਨੁਵਾਦ ਉਘੇ ਲੇਖਕ ਪ੍ਰੋ. ਹਰਪਾਲ ਸਿੰਘ ਪੰਨੂ ਨੇ ਕੀਤਾ ਹੈ ਜੋ ਅਸੀਂ ਕਿਸ਼ਤਵਾਰ ਛਾਪ ਰਹੇ ਹਾਂ। ਇਸ ਕਿਸ਼ਤ ਵਿਚ ਆਪ੍ਰੇਸ਼ਨ ਬਲੈਕ ਥੰਡਰ ਤੋਂ ਬਾਅਦ ਦੇ ਹਾਲਾਤ ਬਾਰੇ ਚਰਚਾ ਹੈ ਅਤੇ ਨਿਯੁਕਤੀ ਦੇ ਮੁੱਦੇ ਉਤੇ ਰਿਬੇਰੋ ਦੀਆਂ ਆਪਣੇ ਸਿਆਸੀ ਆਕਾਵਾਂ ਨਾਲ ਪਈਆਂ ਦਰਾੜਾਂ ਦਾ ਜ਼ਿਕਰ ਹੈ। -ਸੰਪਾਦਕ*

**ਜੂਲੀਓ ਰਿਬੇਰੋ**
**ਅਨੁਵਾਦ: ਹਰਪਾਲ ਸਿੰਘ ਪੰਨੂ**
**ਫੋਨ: 91-94642-51454**

**ਪੰਨਾ 356:** ਜਿਵੇਂ ਮੈਂ ਪਹਿਲਾਂ ਖਾੜਕੂ ਲਹਿਰ ਦੇ ਉਤਰਾ-ਚੜ੍ਹਾਅ ਬਾਰੇ ਦੱਸਿਆ, ਅਵਿੰਦਰ ਬਰਾੜ ਦੇ ਕਤਲ ਤੋਂ 4-5 ਮਹੀਨੇ ਪਹਿਲਾਂ ਖਾੜਕੂ ਸਫਾਂ ਵਿਚ ਸੁਸਤੀ ਆ ਗਈ ਸੀ। ਜਿਹੜੇ ਹਿੰਦੂ ਪੰਜਾਬ ਛੱਡ ਕੇ ਦਿੱਲੀ ਜਾਂ ਹੋਰ ਸੂਬਿਆਂ ਵਿਚ ਜਾ ਵਸੇ ਸਨ, ਵਾਪਸ ਪਰਤਣ ਲੱਗੇ। ਆਪਣੇ ਕੁਲੀਗ ਦੀ ਹੱਤਿਆ ਬਾਅਦ ਪੁਲਿਸ ਅਫਸਰਾਂ ਨੂੰ ਦਹਿਲ ਪੈ ਗਿਆ। ਲੜਨ ਵਾਸਤੇ ਉਨ੍ਹਾਂ ਵਿਚੋਂ ਸੱਤਿਆ ਖਤਮ ਹੋ ਗਈ। ਉਨ੍ਹਾਂ ਦੇ ਹੌਸਲੇ ਬੁਲੰਦ ਕਰਨ ਲਈ ਮੈਨੂੰ ਮੁੜ ਕੇ ਯਤਨ ਕਰਨੇ ਪੈਣੇ ਸਨ।

ਆਪ੍ਰੇਸ਼ਨ ਬਲੈਕ ਥੰਡਰ ਬਾਅਦ ਖਾੜਕੂ ਸਫਾਂ ਵਿਚ ਫਿਰ ਸੁਸਤੀ ਆ ਗਈ। ਮੈਂ ਮਹਿਸੂਸ ਕੀਤਾ ਕਿ ਇਸ ਆਪ੍ਰੇਸ਼ਨ ਪਿਛੋਂ ਸਾਨੂੰ ਲੋਕਾਂ ਨਾਲ ਵਧੀਕ ਰਾਬਤਾ ਕਾਇਮ ਕਰਨਾ ਚਾਹੀਦਾ ਸੀ। ਜਦੋਂ ਖਾੜਕੂਆਂ ਨੇ ਆਤਮ-ਸਮਰਪਣ ਕਰ ਦਿੱਤਾ ਤਾਂ ਗੁਰਦਾਸਪੁਰ ਜ਼ਿਲੇ ਦੇ 30 ਸਰਪੰਚ ਮੈਨੂੰ ਸਰਕਟ ਹਾਊਸ ਅੰਮ੍ਰਿਤਸਰ ਮਿਲੇ। ਉਨ੍ਹਾਂ ਨੇ ਦੱਸਿਆ ਕਿ ਲੋਕਾਂ 'ਚ ਦਰਬਾਰ ਸਾਹਿਬ ਵਿਚਲੇ ਖਾੜਕੂਆਂ ਵਾਸਤੇ ਕੋਈ ਹਮਦਰਦੀ ਨਹੀਂ ਸੀ, ਨਾ ਹੀ ਅਕਾਲੀ ਆਗੂਆਂ ਦੇ ਸੱਦੇ 'ਤੇ ਜਥਿਆਂ ਦੇ ਰੂਪ ਵਿਚ ਪੁਲਿਸ ਦਾ ਘੇਰਾ ਚੁਕਵਾਉਣ ਵਿਚ ਕੋਈ ਰੁਚੀ ਸੀ। ਉਨ੍ਹਾਂ ਦੱਸਿਆ ਕਿ ਦਰਬਾਰ ਸਾਹਿਬ ਅੰਦਰ ਖਾੜਕੂਆਂ ਦੀਆਂ ਜ਼ਿਆਦਤੀਆਂ ਤੋਂ ਸਿੱਖ ਕਿਸਾਨੀ ਅੱਕੀ ਪਈ ਸੀ। ਉਨ੍ਹਾਂ ਦੀਆਂ ਦਲੀਲਾਂ ਨੇ ਮੇਰੇ ਉਪਰ ਡੂੰਘਾ ਅਸਰ ਕੀਤਾ। ਮੈਨੂੰ ਲੱਗਾ, ਹੁਣ ਖਾੜਕੂ ਵਿਰੋਧੀ ਆਪ੍ਰੇਸ਼ਨਾਂ ਵਾਸਤੇ ਢੁਕਵਾਂ ਸਮਾਂ ਆ ਗਿਆ ਹੈ। ਕਾਨੂੰਨ ਦਾ ਸਤਿਕਾਰ ਕਰਨ ਵਾਲੀ ਜੱਟ ਸਿੱਖ ਕਿਸਾਨੀ ਦੀ ਪਰਿਵਾਰਕ ਇਜ਼ਤ ਆਬਰੂ ਵਿਚ ਵੀ ਵਿਘਨ ਪੈਣ ਲੱਗ ਪਿਆ ਸੀ।

ਇਸ ਦਾ ਜ਼ਿਕਰ ਮੈਂ ਰੇਅ (ਸਿਧਾਰਥ ਸ਼ੰਕਰ) ਕੋਲ ਕੀਤਾ, ਫਿਰ ਅੰਦਰੂਨੀ ਸੁਰੱਖਿਆ ਦੇ ਸਟੇਟ ਮੰਤਰੀ ਪੀ. ਚਿੰਦਬਰਮ ਨੂੰ ਲਿਖਤੀ ਰਿਪੋਰਟ ਭੇਜੀ। ਮੈਨੂੰ ਖੁਸ਼ੀ ਹੋਈ ਕਿ ਮੰਤਰੀ ਮੇਰੇ ਖਿਆਲਾਂ ਨਾਲ ਸਹਿਮਤ ਹੋ ਗਿਆ, ਪਰ ਜੁਆਨ ਸਿੱਖ ਅਫਸਰਾਂ ਦਾ ਇਕ ਧੜਾ ਜਿਹੜਾ ਗਿੱਲ ਦੀ ਲੀਡਰਸ਼ਿਪ ਤੋਂ ਪ੍ਰਭਾਵਿਤ ਸੀ, ਮੇਰੇ ਨਾਲ ਸਹਿਮਤ ਨਾ ਹੋਇਆ। ਇਨ੍ਹਾਂ ਦਾ ਖਿਆਲ ਸੀ ਕਿ ਸਹੀ ਸਮਾਂ ਆ ਗਿਆ ਹੈ ਜਦੋਂ ਖਾੜਕੂਆਂ ਦਾ ਪੂਰਾ ਸਫਾਇਆ ਹੋ ਸਕਦਾ ਹੈ, ਪੁਲਿਸ ਹਮਲਾਵਰ ਹੋਏ ਤਾਂ ਸਭ ਨੂੰ ਹੂੰਝ ਦੇਈਏ। ਰੇਅ ਨੇ ਇਸ ਧੜੇ ਦੀ ਗੱਲ ਮੰਨ ਲਈ। ਉਪਰੰਤ ਇਸ ਪਾਲਿਸੀ ਨੂੰ ਪ੍ਰਧਾਨ ਮੰਤਰੀ ਨੇ ਮੰਨ ਲਿਆ। ਫਲਸਰੂਪ ਵੱਡੀ ਪੱਧਰ 'ਤੇ ਗੁਰਦਾਸਪੁਰ, ਅੰਮ੍ਰਿਤਸਰ ਅਤੇ ਮੰਡ ਇਲਾਕੇ ਦੇ ਪਿੰਡਾਂ ਵਿਚ ਨੀਮ ਫੌਜੀ ਫੋਰਸਾਂ ਨੇ ਆਪ੍ਰੇਸ਼ਨ ਕੀਤੇ। ਇਕ ਵੀ ਖਾੜਕੂ ਨਾ ਫੜ ਸਕੇ, ਨਾ ਹਥਿਆਰ ਮਿਲੇ। ਉਲਟਾ ਅਸੀਂ ਕਾਨੂੰਨ ਮੰਨਣ ਵਾਲੇ ਮਾਸੂਮ ਲੋਕਾਂ ਨੂੰ ਖਿਝਾ ਬੈਠੇ ਤੇ ਸਿੱਖਾਂ ਦਾ ਮਨ ਜਿੱਤਣ ਦਾ ਸ਼ਾਨਦਾਰ ਮੌਕਾ ਖੁੰਝਾ ਲਿਆ।

ਖਾੜਕੂ ਲੀਡਰਸ਼ਿਪ ਦੇ ਥਿੰਕ ਟੈਂਕ ਨੂੰ ਸਾਡੀ ਨੀਤੀ ਦੀ ਬੱਜਰ ਗਲਤੀ ਦਾ ਪਤਾ ਲੱਗ ਗਿਆ। ਥੋੜ੍ਹੇ ਸਮੇਂ ਬਾਅਦ ਬਲੈਕ ਥੰਡਰ ਦੇ ਲਾਭਾਂ ਨੂੰ ਮਾਤ ਦੇ ਕੇ ਉਹ ਫਿਰ ਹਮਲਾਵਰ ਹੋ ਗਏ। ਹਤਾਸ਼ ਹੋ ਕੇ ਗਿੱਲ ਨੇ ਪੇਂਡੂਆਂ ਨੂੰ ਪੁਲਿਸ ਵਿਚ ਭਰਤੀ ਕਰਨਾ ਸ਼ੁਰੂ ਕਰ ਦਿਤਾ। ਪਹਿਲਾਂ ਉਨ੍ਹਾਂ ਦੇ ਰੈਂਕ ਦਾ ਨਾਮ ਵਿਲੇਜ ਡਿਫੈਂਸ ਆਫੀਸਰਜ਼ ਰੱਖਿਆ, ਪਿਛੋਂ ਸਪੈਸ਼ਲ ਪੁਲਿਸ ਆਫੀਸਰਜ਼ (ਐਸ. ਪੀ. ਓ.) ਕਰ ਦਿੱਤਾ। ਇਨ੍ਹਾਂ ਐਸ.ਪੀ.ਓ. ਨੇ ਬਹੁਤ ਥਾਂਵਾਂ 'ਤੇ ਮੌਕੇ ਦਾ ਲਾਭ ਉਠਾਉਂਦਿਆਂ, ਪੇਂਡੂਆਂ ਉਪਰ ਜ਼ਿਆਦਤੀਆਂ ਕੀਤੀਆਂ। ਪ੍ਰਾਪਤ ਕੀਤੀ ਤਾਕਤ ਸਦਕਾ ਉਨ੍ਹਾਂ ਨੇ ਲੁੱਟਾਂ-ਮਾਰਾਂ ਸ਼ੁਰੂ ਕਰ ਦਿੱਤੀਆਂ ਜਿਸ ਨਾਲ ਸਰਕਾਰ ਦੀ ਬਦਨਾਮੀ ਹੋਈ। ਗਵਰਨਰ ਨੂੰ ਲਿਖੇ ਪੱਤਰ ਵਿਚ ਮੈਂ ਅਣਜਾਣ ਬੰਦਿਆਂ ਦੀ ਵੱਡੀ ਗਿਣਤੀ ਵਿਚ ਕੀਤੀ ਭਰਤੀ ਦਾ ਸਖਤ ਵਿਰੋਧ ਕੀਤਾ। ਠਾਣੇ ਦੇ ਮੁੱਖ ਅਫਸਰਾਂ ਨੂੰ ਇਹ ਭਰਤੀਆਂ ਕਰਨ ਦਾ ਅਧਿਕਾਰ ਮਿਲ ਗਿਆ ਤੇ ਉਨ੍ਹਾਂ ਨੇ ਆਪਣੇ ਖਾਸ-ਉਲ-ਖਾਸ ਚਹੇਤਿਆਂ ਨੂੰ ਭਰਤੀ ਕਰ ਲਿਆ। ਇਹ ਸਾਰੀ ਕਾਰਵਾਈ ਅਣਵਿਉਂਤੀ ਅਤੇ ਨੁਕਸਾਨਦਾਇਕ ਸੀ।

**ਪੰਨਾ 357:** ਹਾਂ, ਖਾੜਕੂਆਂ ਦੀਆਂ ਹਰਕਤਾਂ ਬਾਰੇ ਖੁਫੀਆ ਸੂਚਨਾ ਜ਼ਰੂਰ ਵਧੀਕ ਮਿਲਣ ਲੱਗੀ। ਕਦੀ ਪੁਲਿਸ ਸਫਲ ਹੋ ਜਾਂਦੀ, ਕਦੀ ਲਗਦੇ ਦਾਅ ਖਾੜਕੂ ਆਪਣੀ ਤਾਕਤ ਦਿਖਾਉਣ ਲਈ ਅਣਕਿਆਸੀਆਂ ਥਾਂਵਾਂ ਉਤੇ ਮਾਸੂਮ ਲੋਕਾਂ ਨੂੰ ਮਾਰ ਜਾਂਦੇ। ਲੁਕਣ-ਮੀਟੀ ਦੀ ਇਹ ਖੇਡ ਉਦੋਂ ਤੱਕ ਜਾਰੀ ਰਹੀ ਜਦੋਂ ਤੱਕ ਮੈਂ ਪੰਜਾਬ ਛੱਡ ਕੇ ਪਰਤ ਆਇਆ।

ਮੇਰੀ ਨੀਤੀ ਤੇ ਕੰਮ ਢੰਗ ਦੀ ਕਿਉਂਕਿ ਕਦਰ ਨਾ ਰਹੀ, ਮਾਯੂਸ ਹੋ ਕੇ ਮੈਂ ਗਵਰਨਰ ਦੇ ਸਲਾਹਕਾਰ ਵਜੋਂ ਦੂਜੇ ਵਿਭਾਗਾਂ ਵੱਲ ਧਿਆਨ ਕਰ ਲਿਆ। ਸਿੱਖਣ ਦੀ ਨਵੀਂ ਪ੍ਰਕਿਰਿਆ ਸ਼ੁਰੂ ਹੋ ਗਈ। ਮਿਉਂਸਪਲ ਕਮੇਟੀਆਂ, ਪੇਂਡੂ ਵਿਕਾਸ, ਪਬਲਿਕ ਨਿਰਮਾਣ ਵਿਭਾਗ, ਟ੍ਰਾਂਸਪੋਰਟ, ਸਾਬਕ ਫੌਜੀ, ਮਜ਼ਦੂਰ, ਜੁਆਨ ਖਿਡਾਰੀ ਆਦਿਕ ਅਨੇਕ ਮਹਿਕਮੇ। ਇਨ੍ਹਾਂ ਮਹਿਕਮਿਆਂ ਦੇ ਸਕੱਤਰ ਮੈਨੂੰ ਸਲਾਹਾਂ ਦਿੰਦੇ ਤੇ ਆਪਣੇ ਕੰਮਾਂ ਦੀਆਂ ਗੁੰਝਲਾਂ ਦੱਸਦੇ। ਮੈਂ ਦੰਗ ਰਹਿ ਗਿਆ ਕਿ ਲੋਕ ਉੱਨਤੀ ਵਾਸਤੇ ਉਤਸ਼ਾਹ ਦਿਖਾਉਂਦੇ, ਪਰ ਨੌਕਰਸ਼ਾਹੀ ਵਾਰ ਵਾਰ ਉਨ੍ਹਾਂ ਦੇ ਉਦਮ ਵਿਚ ਰੁਕਾਵਟ ਬਣਦੀ। ਪੰਜਾਬ ਦੇ ਲੋਕ ਬੜੇ ਹਿੰਮਤੀ ਹਨ। ਸਟੇਟ ਆਪਣੇ ਆਪ ਬੜੀ ਤਰੱਕੀ ਕਰ ਸਕਦੀ ਹੈ ਜੇ ਸਰਕਾਰੀ ਕਾਨੂੰਨ ਅਤੇ ਅਫਸਰੀ ਰਵੱਈਆਂ ਲੋਕਾਂ ਦੇ ਉਤਸ਼ਾਹ ਨੂੰ ਮੰਦਾ ਨਾ ਕਰੇ।

> *ਇਕ ਦਿਨ ਰੇਅ (ਸਿਧਾਰਥ ਸ਼ੰਕਰ) ਨੇ ਰਾਜ ਭਵਨ ਬੁਲਾ ਕੇ ਮੈਨੂੰ ਦੱਸਿਆ ਕਿ ਸਰਕਾਰ ਤੁਹਾਨੂੰ ਮਿਜ਼ੋਰਮ ਦਾ ਗਵਰਨਰ ਲਾਉਣਾ ਚਾਹੁੰਦੀ ਹੈ। ਉਸ ਨੇ ਕਿਹਾ- ਮਿਜ਼ੋਰਮ ਕੋਈ ਖਾਸ ਥਾਂ ਤਾਂ ਨਹੀਂ, ਪਰ ਇਹ ਨਿਯੁਕਤੀ ਥੋੜ੍ਹੇ ਚਿਰ ਲਈ ਹੈ। ਜੰਮੂ ਕਸ਼ਮੀਰ ਦਾ ਗਵਰਨਰ ਜਗਮੋਹਨ ਰਿਟਾਇਰ ਹੋ ਰਿਹਾ ਹੈ, ਤੁਹਾਨੂੰ ਉਸ ਦੀ ਥਾਂ ਲਾਇਆ ਜਾਏਗਾ। ਮੇਰੇ ਦੋਸਤ ਨਾਰਾਇਣਨ ਨੇ ਇਹ ਖਬਰ ਤਸਦੀਕ ਕਰਦਿਆਂ ਦੱਸਿਆ ਕਿ ਫਾਰੂਕ ਅਬਦੁੱਲਾ ਤੁਹਾਨੂੰ ਲੈਣਾ ਚਾਹੁੰਦਾ ਹੈ। ਉਹ ਕਹਿੰਦਾ ਹੈ ਕਿ ਸਾਡਾ ਆਪਸੀ ਤਾਲਮੇਲ ਠੀਕ ਬੈਠੇਗਾ। ਨਾਰਾਇਣਨ ਨੇ ਵੀ ਫਾਰੂਕ ਕੋਲ ਮੇਰੀ ਸਿਫਤ ਕੀਤੀ।*



**ਪੰਨਾ 358:** ਹਰ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰਾਂ ਨਾਲ ਮੀਟਿੰਗਾਂ ਕੀਤੀਆਂ ਤਾਂ ਕਿ ਲੋਕਾਂ ਦੀਆਂ ਮੁਸ਼ਕਿਲਾਂ ਹੱਲ ਕਰੀਏ। ਨਵੇਂ ਅਫਸਰ ਵਧੇਰੇ ਕਰ ਕੇ ਹਾਂ-ਪੱਖੀ ਹੁੰਦੇ, ਮਦਦਗਾਰ ਹੁੰਦੇ ਪਰ ਉਨ੍ਹਾਂ ਦੀਆਂ ਭੇਜੀਆਂ ਸਕੀਮਾਂ ਚੰਡੀਗੜ੍ਹ ਬੈਠੇ ਉਨ੍ਹਾਂ ਦੇ ਸੀਨੀਅਰ ਰੱਦ ਕਰ ਦਿੰਦੇ।

ਸ਼ਾਮੀ ਤਿੰਨ ਵਜੇ ਮੈਂ ਪਬਲਿਕ ਨੂੰ ਮਿਲਣਾ ਸ਼ੁਰੂ ਕਰਦਾ। ਤਕਰੀਬਨ ਛੇ ਵਜੇ ਤਕ ਮੁਲਾਕਾਤੀਆਂ ਦਾ ਕੰਮ ਨਿਬੇੜ ਦਿੰਦਾ। ਕਦੀ ਕਦਾਈਂ ਅੱਠ ਵੀ ਵੱਜ ਜਾਂਦੇ। ਮੰਤਰੀ ਨਹੀਂ ਸਨ, ਸੋ ਲੋੜਵੰਦ ਲੋਕ ਸੈਕਟਰੀਆਂ ਨੂੰ ਮਿਲਦੇ ਜਾਂ ਮੈਨੂੰ। ਇਕੱਲਾ ਸਲਾਹਕਾਰ ਹੋਣ ਸਦਕਾ ਅੱਧੇ ਮਹਿਕਮੇ ਮੇਰੇ ਕੋਲ ਸਨ। ਆਮ ਬੰਦੇ ਨੂੰ ਮਿਲ ਕੇ ਮੈਨੂੰ ਸਕੂਨ ਮਿਲਦਾ, ਇਹ ਮੇਰੇ ਸੁਭਾਅ ਨਾਲ ਮੇਲ ਖਾਂਦਾ। ਹਰ ਸੰਭਵ ਮੌਕੇ ਮੈਂ ਮੱਦਦਗਾਰ ਹੁੰਦਾ। ਮੇਰੀ ਸ਼ੁਹਰਤ ਵਧੀ ਤਾਂ ਮੁਲਾਕਾਤੀਆਂ ਦੀ ਗਿਣਤੀ ਵਿਚ ਵਾਧਾ ਹੋਣਾ ਸੁਭਾਵਕ ਸੀ। ਧੀਰਜ ਨਾਲ ਸੁਣਦਾ ਤੇ ਸਹਾਇਤਾ ਕਰਦਾ।

ਸੀਨੀਅਰ ਅਫਸਰਾਂ ਦੀਆਂ ਫਾਈਲਾਂ ਨਾਲ ਵਾਹ ਦਿਲਚਸਪੀ ਵਾਲਾ ਹੁੰਦਾ। ਮੈਨੂੰ ਉਨ੍ਹਾਂ ਦੀ ਮਾਨਸਿਕਤਾ ਦਾ ਪਤਾ ਲੱਗ ਜਾਂਦਾ। ਕੁੱਝ ਸਕੱਤਰ ਵਾਕਈ ਬਹੁਤ ਵਧੀਆ ਮਾਹਿਰ ਸਨ ਜਿਵੇਂ ਤੇਜਿੰਦਰ ਖੰਨਾ ਜਿਹੜਾ ਪਹਿਲਾਂ ਭਾਰਤ ਦਾ ਤਜਾਰਤ ਸਕੱਤਰ ਤੇ ਫੇਰ ਦਿੱਲੀ ਦਾ ਲੈਫਟੀਨੈਂਟ ਗਵਰਨਰ ਨਿਯੁਕਤ ਹੋਇਆ। ਕੁੱਝ ਅਫਸਰ ਤਿੱਖੇ ਸਨ ਪਰ ਗੰਭੀਰ ਨਹੀਂ, ਦਫਤਰ ਦੇ ਸਮੇਂ ਵਿਚ ਵੀ ਗੌਲਫ ਖੇਡਦੇ ਰਹਿੰਦੇ। ਇੰਦਰਜੀਤ ਸਿੰਘ ਬਿੰਦਰਾ ਸ਼ਹਿਰੀ ਵਿਕਾਸ ਸਕੱਤਰ ਮੇਰੇ ਅਧੀਨ ਸੀ। ਮੈਂ ਉਸ ਨੂੰ ਇਸ ਦਾ ਕਾਰਨ ਪੁੱਛਿਆ। ਉਸ ਨੇ ਦਫਤਰ ਵਿਚ ਪੂਰਾ ਸਮਾਂ ਨਾ ਬੈਠਣ ਦਾ ਕਾਰਨ ਇਹ ਦੱਸਿਆ ਕਿ ਉਹ ਫਟਾਫਟ ਕੰਮ ਮੁਕਾ ਲੈਂਦਾ ਹੈ, ਉਸ ਦੇ ਮੇਜ਼ ਉਪਰ ਫਾਈਲ ਟਿਕੀ ਨਹੀਂ ਰਹਿੰਦੀ। ਕੁੱਝ ਹੱਦ ਤੱਕ ਇਹ ਗੱਲ ਸਹੀ ਵੀ ਸੀ, ਉਸ ਨੂੰ ਗੱਲ ਦੀ ਸਮਝ ਫਟਾਫਟ ਆ ਜਾਂਦੀ ਤੇ ਉਹ ਫੈਸਲਾ ਕਰ ਦਿੰਦਾ। ਦਰਬਾਰ ਸਾਹਿਬ ਦੁਆਲਿਉਂ ਦੁਕਾਨਾਂ ਚੁਕਵਾਉਣੀਆਂ, ਗਲਿਆਰਾ ਯੋਜਨਾ ਸਿਰੇ ਚਾੜ੍ਹਨੀ ਜ਼ਰੂਰੀ ਕੰਮ ਸਨ ਤਾਂ ਕਿ ਸੁਰੱਖਿਆ ਕਰਮੀ ਗਸ਼ਤ ਕਰ ਸਕਣ।

**ਪੰਨਾ 359:** ਗਲਿਆਰਾ ਯੋਜਨਾ ਕੇਂਦਰ ਸਰਕਾਰ ਦੀ ਦੇਰ ਪਹਿਲਾਂ ਦੀ ਸਕੀਮ ਸੀ ਜਿਸ ਨੂੰ ਅਕਾਲੀ ਸਿਰੇ ਨਹੀਂ ਚੜ੍ਹਨ ਦਿੰਦੇ ਸਨ। ਆਲੇ-ਦੁਆਲੇ ਵਸੇ ਘਰਾਂ ਵਿਚੋਂ ਦੀ ਲੰਘ ਕੇ ਖਾੜਕੂ ਆਰਾਮ ਨਾਲ ਦਰਬਾਰ ਸਾਹਿਬ ਵਿਚ ਜਾ ਪੁੱਜਦੇ। ਛੱਤਾਂ ਉਤੋਂ ਦੀ ਲੰਘ-ਲੰਘ ਬੰਦਾ ਸਿੱਧਾ ਪਰਿਕਰਮਾ ਵਿਚ ਉਤਰ ਸਕਦਾ ਸੀ। ਵਿਉਂਤ ਇਹ ਬਣਾਈ ਗਈ ਕਿ ਦਰਬਾਰ ਸਾਹਿਬ ਦੇ ਚੌਗਿਰਦੇ 30 ਫੁੱਟ ਚੌੜੀ ਖਾਲੀ ਪੁੱਟੀ ਰੱਖੀ ਜਾਵੇ ਤੇ ਵਧੀਆ ਦਰਖਤਾਂ, ਬਾਗਾਂ ਨਾਲ ਸ਼ਿੰਗਾਰੀ ਜਾਵੇ। ਸਾਡੀ ਵਿਉਂਤ ਇਸ ਕਰ ਕੇ ਸਿਰੇ ਚੜ੍ਹ ਗਈ ਕਿ ਉਜਾੜੇ ਦੇ ਮੁਆਵਜ਼ੇ ਦੀ ਪੇਸ਼ਕਸ਼ ਅਸੀਂ ਲੋਕਾਂ ਦੀ ਉਮੀਦ ਤੋਂ ਕਿਤੇ ਵਧੀਕ ਕਰ ਦਿੱਤੀ। ਕੁੱਝ ਲੋਕਾਂ ਨੇ ਨਵੇਂ ਘਰ ਖਰੀਦ ਕੇ ਪੁਰਾਣੇ ਢੁਹਾ ਕੇ ਸੁੱਖ ਦਾ ਸਾਹ ਲਿਆ ਕਿਉਂਕਿ ਉਹ ਖੁਦ ਅਮਨ-ਚੈਨ ਦੀ ਥਾਂ 'ਤੇ ਵਸਣ ਦੇ ਚਾਹਵਾਨ ਸਨ। ਦਰਬਾਰ ਸਾਹਿਬ ਨਜ਼ਦੀਕ ਵਸਣਾ ਸਗੋਂ ਦੁਸ਼ਵਾਰ ਹੋ ਗਿਆ ਸੀ। ਖਾੜਕੂ ਅਤੇ ਸੁਰੱਖਿਆ ਕਰਮੀ ਹਰ ਵਕਤ ਘੇਰਾ ਪਾਈ ਰੱਖਦੇ। ਰਤਾ ਗੜਬੜ ਹੁੰਦੀ, ਕਰਫਿਊ ਲੱਗ ਜਾਂਦਾ। ਲੋਕ ਤੰਗ ਆ ਗਏ ਸਨ।

> *ਮੇਰੀ ਪਾਲਿਸੀ ਅਤੇ ਕੰਮ ਢੰਗ ਦੀ ਕਿਉਂਕਿ ਕਦਰ ਨਾ ਰਹੀ, ਮਾਯੂਸ ਹੋ ਕੇ ਮੈਂ ਗਵਰਨਰ ਦੇ ਸਲਾਹਕਾਰ ਵਜੋਂ ਦੂਜੇ ਮਹਿਕਮਿਆਂ ਵੱਲ ਆਪਣਾ ਧਿਆਨ ਕਰ ਲਿਆ। ਸਿੱਖਣ ਦੀ ਨਵੀਂ ਪ੍ਰਕਿਰਿਆ ਸ਼ੁਰੂ ਹੋ ਗਈ। ਮਿਉਂਸਿਪਲ ਕਮੇਟੀਆਂ, ਪੇਂਡੂ ਵਿਕਾਸ, ਪਬਲਿਕ ਨਿਰਮਾਣ ਵਿਭਾਗ, ਟ੍ਰਾਂਸਪੋਰਟ, ਸਾਬਕ ਫੌਜੀ, ਮਜ਼ਦੂਰ, ਜੁਆਨ ਖਿਡਾਰੀ ਆਦਿਕ ਅਨੇਕ ਮਹਿਕਮੇ। ਇਨ੍ਹਾਂ ਮਹਿਕਮਿਆਂ ਦੇ ਸਕੱਤਰ ਮੈਨੂੰ ਸਲਾਹਾਂ ਦਿੰਦੇ ਤੇ ਆਪਣੇ ਕੰਮਾਂ ਦੀਆਂ ਗੁੰਝਲਾਂ ਦੱਸਦੇ। ਮੈਂ ਦੰਗ ਰਹਿ ਗਿਆ ਕਿ ਲੋਕ ਉੱਨਤੀ ਵਾਸਤੇ ਉਤਸ਼ਾਹ ਦਿਖਾਉਂਦੇ, ਪਰ ਨੌਕਰਸ਼ਾਹੀ ਵਾਰ ਵਾਰ ਉਨ੍ਹਾਂ ਦੇ ਉਦਮ ਵਿਚ ਰੁਕਾਵਟ ਬਣਦੀ। ਪੰਜਾਬ ਦੇ ਲੋਕ ਬੜੇ ਹਿੰਮਤੀ ਹਨ। ਸਟੇਟ ਆਪਣੇ ਆਪ ਬੜੀ ਤਰੱਕੀ ਕਰ ਸਕਦੀ ਹੈ ਜੇ ਸਰਕਾਰੀ ਕਾਨੂੰਨ ਅਤੇ ਅਫਸਰੀ ਰਵੱਈਆਂ ਲੋਕਾਂ ਦੇ ਉਤਸ਼ਾਹ ਨੂੰ ਮੰਦਾ ਨਾ ਕਰੇ।*

ਸੋਚਿਆ ਕਿ ਉਸਾਰੀਆਂ ਢਾਹੁਣ ਉਪਰੰਤ ਤੁਰਤ-ਫੁਰਤ ਇਸ ਨੂੰ ਸੰਵਾਰਨਾ ਸ਼ਿੰਗਾਰਨਾ ਸ਼ੁਰੂ ਕਰ ਦਿਆਂਗੇ। ਨਿਸ਼ਚਿਤ ਸਮਾਂ ਦੇ ਕੇ ਮੇਰੀ ਇਸ ਕੰਮ ਲਈ ਜ਼ਿਮੇਵਾਰੀ ਲਾਈ ਗਈ। ਮੈਂ ਬਿੰਦਰੇ ਨੂੰ ਸੱਦ ਲਿਆ। ਇਸ ਤਰ੍ਹਾਂ ਦੇ ਕੰਮ ਵਿਚ ਉਹ ਨਿਪੁੰਨ ਸੀ, ਕਿਉਂਕਿ ਜਿਹੜਾ ਬੰਦਾ ਸਹਿਮਤ ਨਾ ਹੁੰਦਾ, ਦਲੀਲਾਂ ਨਾਲ ਉਸ ਨੂੰ ਝੱਟ ਮਨਾ ਲੈਂਦਾ। ਸਮੇਂ ਤੋਂ ਪਹਿਲਾਂ ਅਸੀਂ ਕੰਮ ਨਿਬੇੜ ਲਿਆ। ਇਸ ਕੰਮ ਦਾ ਦੂਜਾ ਪੜਾਅ ਇਸ ਗਲਿਆਰੇ ਨੂੰ ਸ਼ਿੰਗਾਰਨ ਦਾ ਸੀ। ਇਹ ਕੰਮ ਗਵਰਨਰ ਨੇ ਆਪਣੇ ਹੱਥ ਲੈ ਲਿਆ। ਪੰਜਾਬ ਅਤੇ ਦਿੱਲੀ ਤੋਂ ਮਾਹਿਰ ਸੱਦੇ ਗਏ, ਸਲਾਹਾਂ ਲਈਆਂ। ਉਨ੍ਹਾਂ ਨੇ ਇੰਨੀਆਂ ਆਪਾ-ਵਿਰੋਧੀ ਸਲਾਹਾਂ ਦਿੱਤੀਆਂ ਕਿ ਰੇਅ ਉਲਝ ਗਿਆ। ਮੇਰੇ ਪੰਜਾਬ ਛੱਡਣ ਵੇਲੇ ਤੱਕ ਉਹ ਉਲਝਿਆ ਪਿਆ ਸੀ। ਆਉਂਦਾ ਹੋਇਆ ਮੈਂ ਕਹਿ ਆਇਆ ਕਿ ਜੇ ਕੰਮ ਲਟਕਦਾ ਰਿਹਾ, ਤੇ ਅਕਾਲੀ ਤਾਕਤ ਵਿਚ ਆ ਗਏ ਤਾਂ ਉਹ ਇਹ ਥਾਂ ਆਪਣੇ ਧਾਰਮਿਕ ਥਾਂ ਵਿਚ ਰਲਾ ਲੈਣਗੇ ਤੇ ਸਾਰਾ ਕੀਤਾ-ਕਰਾਇਆ ਖੇਹ ਹੋ ਜਾਵੇਗਾ, ਜਿੰਨੀ ਰਕਮ ਖਰਚੀ ਖੂਹ ਖਾਤੇ ਵਿਚ ਪੈ ਜਾਵੇਗੀ।

ਸੁਪਰੀਮ ਕੋਰਟ ਦੇ ਮੁੱਖ ਜੱਜ ਨੇ ਸਲਾਹ ਲਿਖ ਕੇ ਭੇਜੀ ਸੀ ਕਿ ਰਾਜਾਂ ਦੀਆਂ ਹਾਈਕੋਰਟਾਂ ਵਿਚਲੀਆਂ ਨਿਯੁਕਤੀਆਂ ਚੀਫ ਜਸਟਿਸ ਅਤੇ ਦੋ ਹੋਰ ਕੁਲੀਗ ਮਿਲ ਕੇ ਕਰਿਆ ਕਰਨਗੇ। ਇਹ ਫਾਈਲ ਦਿਲਚਸਪ ਸੀ। ਗ੍ਰਹਿ ਸਕੱਤਰ ਸੁਰਿੰਦਰ ਕਪੂਰ ਨੇ ਰੇਅ ਨੂੰ ਖੁਸ਼ ਕਰਨ ਲਈ ਇਸ ਸਲਾਹ ਦਾ ਵਿਰੋਧ ਲਿਖ ਦਿੱਤਾ। ਉਸ ਤੋਂ ਹੇਠਲੇ ਅਫਸਰਾਂ ਨੇ ਵੀ ਇਸ ਨਾਲ ਮਿਲਦੀ-ਜੁਲਦੀ ਇਬਾਰਤ ਲਿਖੀ ਸੀ। ਮੇਰੇ ਕੋਲ ਕੇਸ ਆਇਆ ਤਾਂ ਮੈਂ ਆਈ.ਏ.ਐਸ. ਅਫਸਰਾਂ ਦੀ ਕਮਜ਼ੋਰੀ ਉਤੇ ਹੈਰਾਨ ਰਹਿ ਗਿਆ। ਕਿਸੇ ਦੇ ਜਿਸਮ ਵਿਚ ਰੀੜ੍ਹ ਦੀ ਹੱਡੀ ਨਹੀਂ! ਆਪਣੀ ਨੋਟਿੰਗ ਵਿਚ ਮੈਂ ਗਵਰਨਰ ਨੂੰ ਲਿਖਿਆ ਕਿ ਸਿਆਸੀ ਨਿਯੁਕਤੀਆਂ ਕਾਰਨ ਜੁਡੀਸ਼ਰੀ ਨੂੰ ਕਮਜ਼ੋਰ ਕੀਤਾ ਜਾ ਰਿਹਾ ਹੈ। ਜੇ ਇਹ ਰੁਝਾਨ ਨਾ ਰੁਕਿਆ ਤਾਂ ਸਿਸਟਮ ਲੜਖੜਾ ਜਾਵੇਗਾ। ਇਸ ਫਾਈਲ ਬਾਰੇ ਰੇਅ ਨੇ ਕੋਈ ਫੈਸਲਾ ਨਾ ਕੀਤਾ, ਬੜੀ ਚੁਸਤੀ ਨਾਲ ਉਸ ਨੇ ਲਿਖਿਆ-ਪਾਪੂਲਰ ਸਰਕਾਰ ਆਉਣ ਤੱਕ ਇਹ ਫੈਸਲਾ ਪੈਂਡਿੰਗ ਰੱਖਿਆ ਜਾਵੇ, ਕਿਉਂਕਿ ਇਸ ਨਾਜ਼ੁਕ ਮਸਲੇ 'ਤੇ ਕੇਵਲ ਚੁਣੀ ਹੋਈ ਸਰਕਾਰ ਫੈਸਲਾ ਕਰਨ ਦੇ ਸਮਰੱਥ ਹੈ।

**ਪੰਨਾ 360:** ਦੂਜਾ ਦਿਲਚਸਪ ਕਿੱਸਾ ਪੀ.ਡਬਲਿਊ.ਡੀ. ਦੇ ਤਿੰਨ ਭ੍ਰਿਸ਼ਟ ਚੀਫ ਇੰਜੀਨੀਅਰਾਂ ਨੂੰ ਕੱਢਣ ਦਾ ਸੀ। ਸਾਰਿਆਂ ਨੂੰ ਪਤਾ ਸੀ ਕਿ ਚਾਰ ਚੀਫ ਹੰਢੇ ਹੋਏ ਕੁਰਪਟ ਹਨ, ਕਾਨੂੰਨੀ ਨੁਕਤਿਆਂ ਕਾਰਨ ਚੌਥੇ ਨੂੰ ਕੱਢਣ ਵਿਚ ਕਾਮਯਾਬ ਨਹੀਂ ਹੋਏ। ਉਨ੍ਹਾਂ ਦੇ ਸਿਆਸੀ ਪ੍ਰਭੂ ਅਤੇ ਕੁੱਝ ਅਫਸਰ ਸਮੇਂ ਤੋਂ ਪਹਿਲਾਂ ਉਨ੍ਹਾਂ ਕੋਲ ਸੂਚਨਾ ਪੁਚਾ ਦਿੰਦੇ। ਇਹ ਫਟਾਫਟ ਕੋਰਟ ਵਿਚ ਜਾ ਕੇ ਸਟੇਅ ਲੈ ਆਉਂਦੇ। ਮਹਿਕਮੇ ਦਾ ਸਕੱਤਰ ਰਾਜਿੰਦਰ ਸਿੰਘ ਮਾਨ ਪੂਰਾ ਈਮਾਨਦਾਰ ਅਫਸਰ ਸੀ ਪਰ ਇਹ ਵੀ ਬਹੁਤਾ ਸਮਾਂ ਗੌਲਫ ਖੇਡਣ ਵਿਚ ਬਿਤਾਉਂਦਾ। ਉਸ ਦੀ ਲਿਆਕਤ 'ਤੇ ਕੋਈ ਸ਼ੱਕ ਨਹੀਂ ਸੀ। ਭ੍ਰਿਸ਼ਟਾਚਾਰ ਵਿਰੋਧੀ ਬ੍ਰਾਂਚ ਦੇ ਡਾਇਰੈਕਟਰ ਦਲਬੀਰ ਸਿੰਘ ਮਾਂਗਟ ਨੇ ਮੈਨੂੰ ਇਨ੍ਹਾਂ ਇੰਜੀਨੀਅਰਾਂ ਬਾਰੇ ਗੁਪਤ ਰਿਪੋਰਟ ਭੇਜੀ। ਆਪਣੇ ਸਕੱਤਰ ਦੇ ਹੱਥ ਫਾਈਲ ਦਿੰਦਿਆਂ ਮੈਂ ਕਿਹਾ-ਇਸ ਦੀ ਨੋਟਿੰਗ ਚਾੜ੍ਹ ਕੇ ਲਿਆਈਂ; ਨਾਲੇ ਖਬਰਦਾਰ! ਕਿਸੇ ਜੂਨੀਅਰ ਨੂੰ ਤਾਂ ਕੀ, ਸੀਨੀਅਰ ਨੂੰ ਵੀ ਪਤਾ ਨਾ ਲੱਗੇ। ਉਸ ਨੇ ਆਖਾ ਮੰਨਿਆ ਤੇ ਉਸੇ ਰਾਤ ਫਾਈਲ ਲੈ ਕੇ ਮੇਰੀ ਰਿਹਾਇਸ਼ 'ਤੇ ਆ ਗਿਆ। ਰਾਜ ਭਵਨ ਰੇਅ ਕੋਲ ਮੈਂ ਇਹ ਫਾਈਲ ਲੈ ਗਿਆ ਤੇ ਕਿਹਾ ਕਿ ਇਨ੍ਹਾਂ ਨੂੰ ਅਗਾਊਂ ਰਿਟਾਇਰਮੈਂਟ ਦੇ ਹੁਕਮ ਜਾਰੀ ਕਰ ਦਿਉ, ਹੋ ਗਏ। ਸਕੱਤਰ ਨੇ ਲੋੜੀਂਦੇ ਨੋਟਿਸ ਤਿਆਰ ਕਰ ਕੇ ਤਿੰਨ ਤਿੰਨ ਮਹੀਨਿਆਂ ਦੀ ਐਡਵਾਂਸ ਤਨਖਾਹ ਦੇ ਚੈਕ ਕੱਟ ਦਿੱਤੇ ਤੇ ਭਰੋਸੇਯੋਗ ਬੰਦੇ ਰਾਹੀਂ ਦੇਰ ਰਾਤ ਉਨ੍ਹਾਂ ਦੇ ਘਰ ਪੁਚਾਉਣ ਦਾ ਕਾਰਜ ਕੀਤਾ। ਉਨ੍ਹਾਂ 'ਤੇ ਸਮਝੋ ਬਿਜਲੀ ਡਿਗੀ। ਪਲ 'ਚ ਨੌਕਰੀਆਂ ਚਲੀਆਂ ਗਈਆਂ ਤੇ ਅਦਾਲਤ ਵਿਚ ਜਾਣ ਦਾ ਸਮਾਂ ਵੀ ਨਾ ਮਿਲਿਆ। ਅਗਲੇ ਦਿਨ ਅਖਬਾਰਾਂ ਵਿਚ ਖਬਰ ਛਪੀ ਤਾਂ ਤਹਿਲਕਾ ਮਚ ਗਿਆ। ਲੋਕ ਖੁਸ਼ ਹੋਏ, ਕਿਉਂਕਿ ਉਹ ਇਨ੍ਹਾਂ ਇੰਜੀਨੀਅਰਾਂ ਦੇ ਕਾਰਿਆਂ ਤੋਂ ਜਾਣੂ ਸਨ। ਬਾਕੀ ਅਫਸਰਾਂ ਨੂੰ ਵੀ ਸਹੀ ਸੰਕੇਤ ਮਿਲ ਗਿਆ।

**ਪੰਨਾ 362:** ਮਈ 1989, ਇਕ ਦਿਨ ਰੇਅ ਨੇ ਰਾਜ ਭਵਨ ਬੁਲਾ ਕੇ ਮੈਨੂੰ ਦੱਸਿਆ ਕਿ ਸਰਕਾਰ ਤੁਹਾਨੂੰ ਮਿਜ਼ੋਰਮ ਦਾ ਗਵਰਨਰ ਲਾਉਣਾ ਚਾਹੁੰਦੀ ਹੈ। ਮਿਜ਼ੋਰਮ ਕੋਈ ਖਾਸ ਥਾਂ ਤਾਂ ਨਹੀਂ ਪਰ ਇਹ ਨਿਯੁਕਤੀ ਥੋੜ੍ਹੇ ਚਿਰ ਲਈ ਹੈ। ਜੰਮੂ-ਕਸ਼ਮੀਰ ਦਾ ਗਵਰਨਰ ਜਗਮੋਹਨ ਰਿਟਾਇਰ ਹੋ ਰਿਹਾ ਹੈ, ਤੁਹਾਨੂੰ ਉਸ ਦੀ ਥਾਂ ਲਾਇਆ ਜਾਏਗਾ। ਮੇਰੇ ਦੋਸਤ ਨਾਰਾਇਣਨ ਨੇ ਇਹ ਖਬਰ ਤਸਦੀਕ ਕਰਦਿਆਂ ਦੱਸਿਆ ਕਿ ਫਾਰੂਕ ਅਬਦੁੱਲਾ ਤੁਹਾਨੂੰ ਲੈਣਾ ਚਾਹੁੰਦਾ ਹੈ। ਉਹ ਕਹਿੰਦਾ ਹੈ ਕਿ ਸਾਡਾ ਆਪਸੀ ਤਾਲਮੇਲ ਠੀਕ ਬੈਠੇਗਾ। ਨਾਰਾਇਣਨ ਨੇ ਵੀ ਫਾਰੂਕ ਕੋਲ ਮੇਰੀ ਸਿਫਤ ਕੀਤੀ।

ਕੁੱਝ ਦਿਨ ਮੈਂ ਇਹ ਸੋਚਣ ਵਿਚ ਲੰਘਾ ਦਿੱਤੇ ਕਿ ਇਕ ਮੁਸ਼ਕਿਲ ਥਾਂ ਤੋਂ ਦੂਜੀ ਮੁਸ਼ਕਿਲ ਥਾਂ ਜਾਣਾ ਠੀਕ ਰਹੇਗਾ ਕਿ ਨਹੀਂ, ਪਰ ਆਖਰ ਮੈਂ ਰੇਅ ਕੋਲ ਸਹਿਮਤੀ ਦੇ ਦਿੱਤੀ। ਰੇਅ ਨੇ ਫੋਨ 'ਤੇ ਮੇਰੀ ਪਤਨੀ ਨੂੰ ਸਮਝਾਇਆ ਕਿ ਰਾਜ ਭਵਨ ਵਿਚ ਉਸ ਦੀਆਂ ਕੀ ਜ਼ਿੰਮੇਵਾਰੀਆਂ ਹੋਣਗੀਆਂ। ਰੇਅ ਦੇ ਕਹਿਣ 'ਤੇ ਹੀ ਮੈਂ ਬੀ.ਜੀ. ਦੇਸ਼ਮੁਖ ਨੂੰ ਸਾਊਥ ਬਲਾਕ ਉਸ ਦੇ ਦਫਤਰ ਮਿਲਿਆ। ਉਸ ਨੇ ਦੱਸਿਆ ਕਿ ਇਕ ਮਹੀਨੇ ਅੰਦਰ ਨਿਯੁਕਤੀ ਹੋ ਜਾਵੇਗੀ।

ਸਾਡੀ ਹੈਰਾਨੀ ਦਾ ਮੰਜ਼ਰ ਦੇਖੋ, ਕੁਝ ਦਿਨਾਂ ਬਾਅਦ ਦੂਰਦਰਸ਼ਨ 'ਤੇ ਖਬਰ ਸੁਣੀ ਕਿ ਜਗਮੋਹਨ ਦੀ ਥਾਂ ਜਨਰਲ ਕੇ.ਵੀ. ਕ੍ਰਿਸ਼ਨਾ ਰਾਉ ਨੇ ਚਾਰਜ ਲੈ ਲਿਆ ਹੈ। ਦੋ ਤਿੰਨ ਦਿਨਾਂ ਬਾਅਦ ਖਬਰ ਆਈ ਕਿ ਮਿਜ਼ੋਰਮ ਵੀ ਮੇਘਾਲਿਆ ਦੇ ਕਿਸੇ ਸਿਆਸਤਦਾਨ ਨੂੰ ਸੌਂਪ ਦਿੱਤਾ ਹੈ। ਮੈਨੂੰ ਲੱਗਾ, ਜਿਸ ਬੰਦੇ ਨੇ ਇੰਨੀਆਂ ਖਤਰਨਾਕ ਡਿਊਟੀਆਂ ਦਿੱਤੀਆਂ ਹੋਣ, ਇਹ ਉਸ ਨਾਲ ਜ਼ਿਆਦਤੀ ਹੈ। ਸਰਕਾਰ ਮੈਨੂੰ ਇੰਨਾ ਹੀ ਕਹਿ ਦਿੰਦੀ ਕਿ ਕਿਸੇ ਮਜਬੂਰੀਵਸ ਉਸ ਨੂੰ ਅਜਿਹਾ ਕਰਨਾ ਪੈ ਰਿਹਾ ਹੈ।

**ਪੰਨਾ 363:** ਜਦੋਂ ਗਵਰਨਰਾਂ ਦੀਆਂ ਨਿਯੁਕਤੀਆਂ ਹੋ ਗਈਆਂ, ਕਿਸੇ ਨੇ ਮੇਰੇ ਨਾਲ ਕੋਈ ਗੱਲ ਨਹੀਂ ਕੀਤੀ। ਚੌਥੇ ਦਿਨ ਰੇਅ ਦਾ ਫੋਨ ਆਇਆ-ਉਸ ਨੇ ਦੱਸਿਆ ਕਿ ਉਹ ਬਹੁਤ ਉਦਾਸ ਹੈ। ਮੈਂ ਉਸ ਨੂੰ ਕਿਹਾ ਕਿ ਮੈਨੂੰ ਦੁੱਖ ਪੁੱਜਾ ਹੈ। ਜਿਹੜਾ ਅਫਸਰ ਖਤਰਨਾਕ ਸਥਿਤੀ ਵਿਚ ਫਸੀ ਸਰਕਾਰ ਨੂੰ ਜ਼ਮਾਨਤ 'ਤੇ ਰਿਹਾ ਕਰ

*(ਬਾਕੀ ਸਫਾ 29 ਉਤੇ)*

## ਸੁਰਿੰਦਰ ਨੀਰ ਦੀ 'ਮਾਇਆ' ਬਨਾਮ ਜ਼ਿੰਦਗੀ ਦਾ ਜਸ਼ਨ (2)

# ਜ਼ਿੰਦਗੀ ਦੇ ਰਹੱਸ ਅਤੇ ਅਨੰਤ ਭਟਕਣ

***ਜੰਮੂ ਵੱਸਦੀ ਪੰਜਾਬੀ ਸਾਹਿਤਕਾਰ ਸੁਰਿੰਦਰ ਨੀਰ ਦੇ ਵੱਡ-ਆਕਾਰੀ ਨਾਵਲ 'ਮਾਇਆ' ਨੇ ਪੰਜਾਬੀ ਸਾਹਿਤ ਜਗਤ ਵਿਚ ਚੋਖੀ ਹਲਚਲ ਮਚਾਈ ਹੈ। ਹਰ ਬੁੱਧੀਜੀਵੀ ਅਤੇ ਪਾਠਕ ਨੇ ਇਸ ਨਾਵਲ ਦੇ ਟੈਕਸਟ ਦੇ ਵੱਖ-ਵੱਖ ਅਰਥ ਸਿਰਜਣ ਦਾ ਯਤਨ ਕੀਤਾ ਹੈ। ਸਾਹਿਤ ਜਗਤ ਵਿਚ ਚਿਰਾਂ ਬਾਅਦ ਅਜਿਹੀ ਰਚਨਾ ਸਾਹਮਣੇ ਆਈ ਹੈ ਜਿਸ ਬਾਰੇ ਇਸ ਤਰ੍ਹਾਂ ਦੀ ਚਰਚਾ ਹੋਈ ਹੈ। ਮੋਟੇ ਤੌਰ 'ਤੇ ਤਾਂ ਇਸ ਰਚਨਾ ਦਾ ਸਵਾਗਤ ਹੀ ਹੋਇਆ ਹੈ, ਪਰ ਕੁਝ ਪਾਠਕਾਂ/ਬੁੱਧੀਜੀਵੀਆਂ ਨੇ ਇਸ ਨਾਵਲ ਦੀ ਤਿੱਖੀ ਨੁਕਤਾਚੀਨੀ ਵੀ ਕੀਤੀ ਹੈ। ਇਸ ਨਾਵਲ ਬਾਰੇ 'ਪੰਜਾਬ ਟਾਈਮਜ਼' ਦੇ ਖੈਰ-ਖਵਾਹ ਅਤੇ ਮਿੱਤਰ ਗੁਰਦਿਆਲ ਸਿੰਘ ਬੱਲ ਨੇ ਲੰਮਾ ਲੇਖ ਲਿਖਿਆ ਹੈ। ਇਹ ਲੇਖ ਨਿਰਾ-ਪੁਰਾ ਇਸ ਨਾਵਲ ਬਾਰੇ ਹੀ ਨਹੀਂ, ਬਲਕਿ ਇਸ ਵਿਚ ਸੰਸਾਰ ਸਾਹਿਤ ਦੀਆਂ ਉਹ ਗੱਲਾਂ ਸਾਂਝੀਆਂ ਕੀਤੀਆਂ ਗਈਆਂ ਹਨ ਜਿਹੜੀਆਂ ਜ਼ਿੰਦਗੀ ਨੂੰ ਸਮਝਣ/ਸਮਝਾਉਣ ਲਈ ਕਹਿੰਦੇ-ਕਹਾਉਂਦੇ ਲੇਖਕਾਂ ਨੇ ਵੱਖ-ਵੱਖ ਸਮਿਆਂ ਵਿਚ ਆਪਣੀਆਂ ਲਿਖਤਾਂ ਦਾ ਹਿੱਸਾ ਬਣਾਈਆਂ ਸਨ। -ਸੰਪਾਦਕ***

'ਮਾਇਆ' ਨਾਵਲ ਵਿਚ ਨਾਇਕਾ ਬਲਬੀਰ ਕੌਰ ਦੀ ਤਲਾਸ਼ ਦੇ ਅਨੇਕਾਂ ਪਹਿਲੂ ਹਨ, ਪਰ ਸਾਹਿਬਜੀਤ ਨਾਲ ਉਸ ਦਾ ਰਿਸ਼ਤਾ, ਉਸ ਦੁਆਰਾ ਤਾਬਿੰਦਾ ਤੇ ਸੂਖਮ ਦੇ ਰੂਪ ਵਿਚ ਦੋ 'ਕਵਿਤਾਵਾਂ' ਦੀ ਲੱਭਤ ਅਤੇ ਅਮਰੀਕਾ ਵਿਚ ਵਰਮੌਂਟ ਹੱਟ ਵਾਲੇ ਪੜਾਅ ਤੋਂ ਬਾਅਦ ਮੈਕਲੋਡਗੰਜ ਵਿਚ ਐਲੈਕਸ ਬੋਹਿਮ, ਉਰਫ ਗੁਰੂ ਸਿਧਾਰਥ ਨਾਲ ਲੰਮੇ ਅਤੇ ਬੜੇ ਹੀ ਦਿਲਚਸਪ ਤੁਆਰਫ ਦੀ ਵਿਸ਼ੇਸ਼ ਅਹਿਮੀਅਤ ਹੈ। ਦਰਅਸਲ ਸੁਰਿੰਦਰ ਨੀਰ ਦੇ ਇਸ ਬਹੁਪਰਤੀ ਨਾਵਲ ਦੀ ਇਕ ਇਕ ਪਰਤ ਉਪਰ ਪੂਰੀ ਪੂਰੀ ਕਿਤਾਬ ਲਿਖੀ ਜਾ ਸਕਦੀ ਹੈ।

ਐਲੇਕਸ ਬੋਹਿਮ ਅਮਰੀਕਾ ਦਾ ਉਘਾ ਵਿਗਿਆਨੀ ਆਧੁਨਿਕ ਫਿਜ਼ਿਕਸ ਦੇ ਖੇਤਰ ਵਿਚ ਤਕੜਾ ਨਾਮਣਾ ਖੱਟਣ ਤੋਂ ਬਾਅਦ ਆਪਣੀ ਖੋਜ ਨੂੰ ਨਵੀਂ ਦਿਸ਼ਾ ਦੇਣ ਖਾਤਰ ਭਾਰਤੀ ਅਧਿਆਤਮਵਾਦ, ਖਾਸ ਕਰ ਕੇ ਬੁਧ ਮੱਤ, ਹਿੰਦੂ ਮੱਤ ਅਤੇ ਤਾਓਇਜ਼ਮ ਦੇ ਅਧਿਐਨ ਲਈ ਮੈਕਲੋਡਗੰਜ ਪੁੱਜਾ ਹੋਇਆ ਹੈ। ਮਾਇਆ ਦੀ ਉਸ ਨਾਲ ਮੁਢਲੀ ਗੁਫਤਗੂ ਇਸ ਪ੍ਰਕਾਰ ਹੈ, "ਮੈਂ ਸਾਇੰਸ ਤੇ ਰਹੱਸਵਾਦ ਵਿਚਕਾਰਲੇ ਉਸ ਸੂਖਮ ਰਿਸ਼ਤੇ ਨੂੰ ਜਾਣਨ ਅਤੇ ਸਮਝਣ ਲਈ ਭਾਰਤ ਵਿਚ ਥਾਂ-ਥਾਂ ਭਟਕਦਾ ਆਖਰ ਇਥੇ ਆ ਪੁੱਜਾ ਜਿਥੇ ਸਚਮੁਚ ਹੀ ਕਣ-ਕਣ ਵਿਚ ਰਹੱਸ ਛੁਪਿਆ ਹੁੰਦਾ ਹੈ। ਅਨੋਖੀ



**ਗੁਰਦਿਆਲ ਸਿੰਘ ਬੱਲ**

ਸ਼ਾਂਤੀ ਅਤੇ ਅਨੰਦ ਦਾ ਅਹਿਸਾਸ...।"

"ਕੀ ਸੱਚਮੁਚ ਇਥੇ ਆ ਕੇ ਤੁਹਾਨੂੰ ਉਸ ਸ਼ਾਂਤੀ ਅਤੇ ਅਨੰਦ ਦੀ ਪ੍ਰਾਪਤੀ ਹੋ ਗਈ ਗੁਰੂ ਸਿਧਾਰਥ, ਜਿਸ ਦੀ ਤਲਾਸ਼ ਵਿਚ ਤੁਸੀਂ ਸਾਰੀ ਦੁਨੀਆਂ ਗਾਹ ਕੇ ਇਥੇ ਪੁੱਜੇ ਸੀ।" ਮਾਇਆ ਨੇ ਹੈਰਾਨ ਹੋ ਕੇ ਪੁੱਛਿਆ ਤਾਂ ਗੁਰੂ ਜੀ ਕੁਝ ਪਲ ਖਾਮੋਸ਼ ਰਹਿ ਕੇ ਬੋਲੇ, "ਇਹ ਸ਼ਾਂਤੀ, ਅਨੰਦ, ਭਟਕਣ ਤੇ ਟਿਕਾਅ ਸਭ ਕੁਝ ਦਰਅਸਲ ਇਨਸਾਨ ਦੇ ਅੰਦਰ ਹੀ ਹੁੰਦਾ ਹੈ। ਇਹ ਇਨਸਾਨ ਦੀ ਮਾਨਸਿਕ ਸਥਿਤੀ ਉਤੇ ਮੁਨੱਸਰ ਹੈ। ਇਹ ਗੱਲ ਦਾਅਵੇ ਨਾਲ ਕਹਿ ਦੇਣੀ ਕਿ ਹੁਣ ਮੈਂ ਸਕੂਨ ਵਿਚ ਹਾਂ, ਕਿਉਂਕਿ ਮੇਰੀ ਭਟਕਣ ਨੂੰ ਟਿਕਾਅ ਆ ਗਿਆ ਹੈ, ਗਲਤ ਹੈ। ਟਿਕਾਅ ਵਿਚ ਵੀ ਭਟਕਣ ਹੈ ਅਤੇ ਭਟਕਣ ਵਿਚ ਹੀ ਟਿਕਾਅ...।" ਗੁਰੂ ਜੀ ਇਧਰ ਮਨ ਦੇ ਟਿਕਾਅ ਦੀ ਗੱਲ ਕਰ ਹੀ ਰਹੇ ਸਨ, ਉਧਰ ਕੁਦਰਤ ਮੌਸਮ ਦਾ ਟਿਕਾਅ ਡਾਵਾਂਡੋਲ ਕਰਨ ਲਈ ਗੜਗੜਾਹਟ ਨਾਲ ਬਿਜਲੀ ਪੈਦਾ ਕਰ ਦਿੰਦੀ ਹੈ ਤੇ ਸਾਰਾ ਜੰਗਲ ਗਹਿਰੇ ਹਨੇਰੇ ਵਿਚ ਡੁੱਬ ਜਾਂਦਾ ਹੈ।

---

"ਅੱਜ ਤਾਂ ਬੜੀ ਦੇਰ ਹੋ ਗਈ। ਵਕਤ ਦਾ ਪਤਾ ਹੀ ਨਹੀਂ ਲੱਗਾ।" ਗੁਰੂ ਸਿਧਾਰਥ ਨੇ ਚਾਰੇ ਪਾਸੇ ਫੈਲ ਚੁੱਕੇ ਹਨੇਰੇ ਵੱਲ ਵੇਖਦਿਆਂ ਕਿਹਾ ਤਾਂ ਮਾਇਆ ਹੱਸ ਪੈਂਦੀ ਹੈ।

ਇਸ ਤੋਂ ਬਾਅਦ ਨਾਵਲ ਦੇ ਪੰਨਾ 961-62 ਉਪਰ ਬਲਬੀਰ ਦੇ ਗੁਰੂ ਸਿਧਾਰਥ ਨਾਲ ਦੂਜੇ ਸੰਪਰਕ ਵਿਚ ਤਾਂ ਸੁਰਿੰਦਰ ਨੀਰ ਨੇ ਕਮਾਲ ਕੀਤਾ ਹੋਇਆ ਹੈ। ਵਿਸ਼ਾਲ ਆਡੀਟੋਰੀਅਮ ਵਿਚ ਗੁਰੂ ਜੀ ਜੀਵਨ ਦੇ ਭੇਤ ਸਮਝਾਉਣ ਲਈ ਪੂਰੇ ਜਾਹੋ-ਜਲਾਲ ਵਿਚ ਲੈਕਚਰ ਕਰ ਰਹੇ ਹਨ ਕਿ ਮਾਇਆ ਆਪਣੀ ਨਵੀਂ ਬਣੀ ਸਹੇਲੀ ਕਵੇਰੀ ਨਾਲ ਉਥੇ ਪਹੁੰਚ ਜਾਂਦੀ ਹੈ। ਮਾਇਆ ਦੇ ਸਾਦੇ ਲਿਬਾਸ, ਪਰ ਪ੍ਰਭਾਵਸ਼ਾਲੀ ਦਾਖਲੇ ਨਾਲ ਗੁਰੂ ਸਿਧਾਰਥ ਨੂੰ ਖਵਰੇ ਕੀ ਹੁੰਦਾ ਹੈ ਕਿ ਆਪਣਾ ਵਿਖਿਆਨ ਵਿਚਾਲੇ ਹੀ ਛੱਡ ਕੇ ਆਪ ਮੁਹਾਰੇ ਹੀ ਉਨ੍ਹਾਂ ਦੇ ਮੂੰਹੋਂ ਬਹੁਤ ਉਚੇ ਸ਼ਬਦਾਂ ਵਿਚ "ਯੂ ਆਰ ਡਿਸਟਰਬਿੰਗ ਮੀ" ਦਾ ਵਾਕ ਨਿਕਲ ਜਾਂਦਾ ਹੈ। ਖੈਰ! ਕਸੂਤੀ ਜਿਹੀ ਸਥਿਤੀ ਪੈਦਾ ਹੋ ਜਾਣ ਦੇ ਬਾਵਜੂਦ ਗੁਰੂ ਜੀ ਕਿਵੇਂ ਨਾ ਕਿਵੇਂ ਰੌਂਅ ਵਿਚ ਆ ਕੇ ਨਵੇਂ ਸਿਰਿਉਂ ਭਾਸ਼ਨ ਸ਼ੁਰੂ ਕਰਦੇ ਹਨ,

"ਹਾਂ, ਤਾਂ ਮੈਂ ਦੱਸ ਰਿਹਾ ਸਾਂ ਕਿ ਭਾਰਤੀ ਫਿਲਾਸਫੀ ਤੇ ਰਹੱਸਵਾਦ ਦਾ ਮੱਤ ਹੈ ਕਿ ਸਾਰਾ ਬ੍ਰਹਿਮੰਡ ਅਸਲ ਵਿਚ ਇਕੋ ਸੂਤਰ ਵਿਚ ਬੱਝਿਆ ਹੋਇਆ ਹੈ। ਇਕ ਜ਼ਿੰਦਾ ਤੇ ਗਤੀਸ਼ੀਲ ਗੁੱਛਾ ਹੈ। ਇਸ ਕਰ ਕੇ ਸਾਨੂੰ ਬ੍ਰਹਿਮੰਡ ਦੀ ਸਾਰੀ ਸਮਝ ਹੋਣੀ ਲਾਜ਼ਮੀ ਹੈ ਕਿ ਇਸ ਵਿਚ ਹਰ ਸ਼ੈਅ ਕਿਵੇਂ ਗਤੀਸ਼ੀਲ ਹੈ ਜਾਂ ਕਿਵੇਂ ਵਾਈਬਰੇਟ ਕਰਦੀ ਹੈ ਜਾਂ ਇੰਜ ਕਹੋ ਕਿ ਨ੍ਰਿਤ ਕਰਦੀ ਹੈ। ਜਦੋਂ ਅਸੀਂ ਬ੍ਰਹਿਮੰਡ ਨੂੰ ਯੂਨਿਟ ਦੇ ਰੂਪ ਵਿਚ ਬੱਝੇ ਹੋਏ ਇਸ ਦੇ ਮੌਸਮ ਅਤੇ ਊਰਜਾ ਨੂੰ ਸਮਝਾਂਗੇ ਜੋ ਹਰ ਚੀਜ਼ ਨੂੰ ਨਿਯੰਤਰਣ ਵਿਚ ਰੱਖਣ ਦਾ ਕੰਮ ਕਰਦੀ ਹੈ, ਉਦੋਂ ਹੀ ਅਸੀਂ ਸੱਤਯ ਨੂੰ ਸਮਝਣ ਦੇ ਕਾਬਲ ਹੋ ਸਕਾਂਗੇ, ਪਰ ਅਗਰ ਅਸੀਂ ਹਰ ਚੀਜ਼ ਨੂੰ ਅਲਹਿਦੇ ਰੂਪ ਵਿਚ ਵੇਖਣ ਦੀ ਗਲਤੀ ਕਰਾਂਗੇ, ਉਦੋਂ ਅਸੀਂ ਮਾਇਆ ਦੀ ਗ੍ਰਿਫਤ ਵਿਚ ਆ ਜਾਵਾਂਗੇ।" ਇਸ ਤੋਂ ਜਲਦੀ ਹੀ ਬਾਅਦ ਨਾਵਲ ਦੇ ਪੰਨਾ 465 ਉਪਰ ਅਸੀਂ ਮਾਇਆ ਨੂੰ ਗੁਰੂ ਸਿਧਾਰਥ ਦਾ ਚਿੱਤਰ ਬਣਾਉਣ ਦੀ ਕੋਸ਼ਿਸ਼ ਕਰਦਿਆਂ ਵੇਖਦੇ ਹਾਂ: ਨਾਵਲੀ ਪ੍ਰਵਚਨ ਅਨੁਸਾਰ ਉਸ ਨੇ ਦੁਬਾਰਾ ਪੈਨਸਿਲ ਚੁੱਕ ਲਈ, ਪਰ ਇਸ ਵਾਰ ਉਸ ਦੀ ਨਜ਼ਰ ਵਿਚ ਜੰਗਲ ਵਿਚ ਚੈਨ ਭਾਲਦਾ ਐਲੈਕਸ ਬੋਹਿਮ ਅਤੇ ਸਟੇਜ 'ਤੇ ਆਭਾ ਮੰਡਲ ਬਿਖੇਰਦੇ ਗੁਰੂ ਸਿਧਾਰਥ ਦੇ ਵਿਰੋਧਾਭਾਸੀ ਰੂਪ ਬਹੁ-ਸੰਦਰਭੀ ਵਿਧਾਨ ਰਾਹੀਂ ਸਾਂਝੀ ਸਪੇਸ ਅਤੇ ਸੰਗਠਿਤ ਵਿਅਕਤਿਤਵ ਦਾ ਨਿਰਮਾਣ ਕਰ ਰਹੇ ਸੀ ਤੇ ਪੈਨਸਿਲ ਦੇ ਕਮਾਲ ਨਾਲ ਵਾਤਾਵਰਨ ਦੇ ਅੰਤਰ ਵਿਰੋਧ ਵੀ ਆਪ ਮੁਹਾਰੇ ਹੀ ਉਘੜ ਰਹੇ ਹਨ।...ਇਨ੍ਹਾਂ ਲਾਈਨਾਂ ਤੋਂ ਲੱਗਦਾ ਹੈ ਕਿ ਮਾਇਆ ਦੇ ਮਨ ਵਿਚ ਕੋਈ ਤਕੜੀ ਘੁੰਡੀ ਫਸ ਗਈ ਜੋ ਅੱਗੇ ਜਾ ਕੇ ਗੁਰੂ ਸਿਧਾਰਥ ਦਾ ਸਾਰਾ ਜ਼ੋਰ ਲਗਾ ਦੇਵੇਗੀ ਪਰ ਕਿਸੇ ਸੂਰਤ ਵੀ ਖੁੱਲ੍ਹੇਗੀ ਬਿਲਕੁਲ ਨਹੀਂ।

---

ਸੁਰਿੰਦਰ ਨੀਰ ਨਾਵਲ ਦੇ ਪੰਨਾ 467-68 ਉਪਰ ਇਕ ਵਾਰ ਮੁੜ ਗੁਰੂ ਜੀ ਨੂੰ ਅਤੇ ਬਲਬੀਰ ਨੂੰ ਆਪਸੀ ਸੰਵਾਦ ਲਈ ਇਕ-ਦੂਜੇ ਦੇ ਸਾਹਮਣੇ ਲਿਆ ਖੜ੍ਹਾ ਕਰਦੀ ਹੈ।

"ਤੁਸੀਂ ਤਾਂ ਪਰਮਯੋਗੀ ਹੋ। ਗੁਰੂ ਜੀ ਤੁਸੀਂ ਦੱਸੋ, ਜਦੋਂ ਕੁੰਡਲਿਨੀ ਜਾਗ ਜਾਂਦੀ ਹੈ ਤਾਂ ਮਨੁੱਖ ਦੀ ਅਵਸਥਾ ਕੀ ਹੁੰਦੀ ਹੈ।"

"ਉਸ ਦਾ ਮਨ ਮਸਤਕ ਰੌਸ਼ਨ ਹੋ ਜਾਂਦਾ ਹੈ।"

"ਪਰ ਲੋਕੀਂ ਤਾਂ ਕਹਿੰਦੇ ਨੇ ਐਸਾ ਪਿਆਰ ਵਿਚ ਹੁੰਦਾ ਹੈ।"

"ਮੈਂ ਬ੍ਰਹਮ ਗਿਆਨ ਦੀ ਗੱਲ ਕਰ ਰਿਹਾ ਹਾਂ ਤੇ ਤੁਸੀਂ ਸੰਸਾਰਕ ਭਾਸ਼ਾ ਬੋਲ ਰਹੇ ਹੋ।"

"ਪਰ ਗੁਰੂ ਜੀ, ਬ੍ਰਹਮ ਗਿਆਨ ਦੀ ਅਵਸਥਾ ਨੂੰ ਅਪੜਨ ਵਾਲਾ ਬ੍ਰਹਮ ਗਿਆਨੀ ਵੀ ਤਾਂ ਪਹਿਲਾਂ ਸੰਸਾਰਕ ਕਿਰਿਆਵਾਂ ਵਿਚੋਂ ਉਸੇ ਤਰ੍ਹਾਂ ਗੁਜ਼ਰਦਾ ਹੈ ਜਿਵੇਂ ਕੋਈ ਦੂਜਾ ਸਾਧਾਰਨ ਮਨੁੱਖ। ਉਹ ਤਾਂ ਕਿਸੇ ਪਲ ਛਿਣ ਦੀ ਕਰਾਮਾਤ ਹੁੰਦੀ ਹੈ ਜੋ ਕਿਸੇ ਸਿਧਾਰਥ ਨੂੰ ਬੁੱਧ ਬਣਾ ਦਿੰਦੀ ਹੈ ਜਾਂ ਕਿਸੇ ਬੋਹਿਮ ਨੂੰ ਸਿਧਾਰਥ।"

ਗੁਰੂ ਜੀ ਨੇ ਮਾਇਆ ਦੀਆਂ ਡੂੰਘੀਆਂ ਨੀਲੀਆਂ ਅੱਖਾਂ 'ਚ ਵੇਖਿਆ ਜਿਥੇ ਕੋਈ ਵਿਚਿਤਰ ਰਹੱਸ ਛੁਪਿਆ ਹੋਇਆ ਸੀ, ਪ੍ਰੰਤੂ ਇਸੇ ਦੌਰਾਨ ਮਾਇਆ ਦਾ ਇਕ ਹੋਰ ਸਵਾਲ ਆ ਜਾਂਦਾ ਹੈ:

"ਮੈਂ ਤਾਂ ਕੋਰੇ ਜ਼ਿਹਨ ਤੇ ਸਾਧਾਰਨ ਬੁੱਧੀ ਵਾਲੀ ਇਨਸਾਨ ਹਾਂ ਗੁਰੂ ਜੀ, ਜਾਣਨ ਦੀ ਜਗਿਆਸਾ ਹੀ ਮੈਨੂੰ ਥਾਂ-ਥਾਂ ਭਟਕਾਉਂਦੀ ਹੈ, ਪਰ ਇਹ ਜਾਣਨਾ ਕੀ ਹੈ? ਇਸ ਦੀ ਮੈਨੂੰ ਸਮਝ ਨਹੀਂ। ਕਦੀ ਮੈਂ ਉਸ ਪੇਂਟਿੰਗ 'ਚ ਜਾਣਨਾ ਚਾਹੁੰਦੀ ਹਾਂ, ਕਦੀ ਕਿਤਾਬਾਂ ਚੋਂ, ਕਦੀ ਕਿਸੇ ਦੀ ਸੰਗਤ 'ਚੋਂ ਅਤੇ ਕਦੀ ਆਪਣੇ ਅੰਦਰ ਪਸਰੇ ਖਲਾਅ 'ਚੋਂ; ਪਰ ਮੈਨੂੰ ਕੁਝ ਨਹੀਂ ਸੁਝਦਾ, ਕੋਈ ਜਗਿਆਸਾ ਸ਼ਾਂਤ ਨਹੀਂ ਹੁੰਦੀ। ਕਿਸੇ ਤ੍ਰਿਪਤੀ ਦਾ ਅਹਿਸਾਸ ਨਹੀਂ ਹੁੰਦਾ। ਸਿਰਫ ਭਟਕਣ ਹੀ ਭਟਕਣ ਹੈ। ਤਨ ਦੀ, ਮਨ ਦੀ, ਰੂਹ ਦੀ...।"

ਗੁਰੂ ਸਿਧਾਰਥ ਅਤੇ ਬਲਬੀਰ ਦੇ ਇਸ ਸੰਵਾਦ ਤੋਂ ਪਤਾ ਲੱਗ ਜਾਂਦਾ ਹੈ ਕਿ ਬਾਬਾ ਜੀ ਕੋਲ ਉਸ ਦੀ ਤਲਾਸ਼ ਦਾ ਕਤਈ ਕੋਈ ਤੋੜ ਨਹੀਂ ਹੈ। ਮੈਂ ਜਦੋਂ ਇਹ ਸਤਰਾਂ ਪੜ੍ਹ ਰਿਹਾ ਸਾਂ ਤਾਂ ਮੇਰੇ ਮਨ 'ਚ ਲਗਾਤਾਰ ਗਾਲਿਬ ਦੀਆਂ ਇਹ ਸਤਰਾਂ ਘੁੰਮ ਰਹੀਆਂ ਸਨ,

ਇਬਨੇ ਮਰੀਅਮ ਹੂਆ ਕਰੇ ਕੋਈ
ਮੇਰੇ ਦੁਖ ਕੀ ਦੁਆ ਕਰੇ ਕੋਈ।

ਕਾਇਨਾਤ 'ਚ ਅੱਜ ਤੱਕ ਦੀ ਸਾਡੀ ਸਭ ਤੋਂ ਹੁਸੀਨ ਅਤੇ ਪਿਆਰੀ ਅੱਨਾ ਕਾਰੇਨਿਨਾ ਬਰਬਾਦ ਹੋ ਜਾਵੇਗੀ, ਪਰ ਉਹ ਵਿਚ-ਵਿਚਾਲੇ, ਜਾਂ ਸਮਝੌਤੇ ਦੀ ਕਿਸੇ ਵੀ ਸਥਿਤੀ ਨੂੰ ਕਿਸੇ ਸੂਰਤ ਵਿਚ ਵੀ ਪ੍ਰਵਾਨ ਨਹੀਂ ਕਰੇਗੀ। ਇਸੇ ਪ੍ਰਥਾਏ ਗਾਲਿਬ ਦਾ ਇਕ ਹੋਰ ਸ਼ਿਅਰ ਹੈ,

ਦਰਦ ਮਿੰਨਤ-ਕਸ਼ੇ-ਦਵਾ ਨਾ ਹੂਆ
ਮੈਂ ਨਾ ਅੱਛਾ ਹੂਆ, ਬੁਰਾ ਨਾ ਹੂਆ।



*ਆਰਥਰ ਮਿਲਰ ਤੇ ਮਾਰਲਿਨ ਮੁਨਰੋ: ਪਿਆਰ ਦੇ ਪਲ।*

ਮਸਲਨ, ਹੋਵੇਗਾ ਕੋਈ ਮਰੀਅਮ ਦਾ ਪੁੱਤਰ ਪੈਗੰਬਰ ਈਸਾ ਜੋ ਆਪਣੀ ਛੂਹ ਨਾਲ ਹੀ ਬਿਮਾਰਾਂ ਨੂੰ ਰਾਜ਼ੀ ਅਤੇ ਮੁਰਦਿਆਂ ਨੂੰ ਜ਼ਿੰਦਾ ਕਰ ਦੇਣ ਦੇ ਸਮਰੱਥ ਸੀ; ਪਰ ਸਵਾਦ ਤਦ ਆਵੇ ਜੇ ਉਸ ਕੋਲ ਬਲਬੀਰ, ਅੱਨਾ ਕਾਰੇਨਿਨਾ ਜਾਂ ਵਾਨਗੌਗ ਵਰਗੇ ਲੋਕਾਂ ਦੀ ਭਟਕਣ ਦਾ ਵੀ ਕੋਈ ਤੋੜ ਹੋਵੇ! ਅਜਿਹੀਆਂ ਰੂਹਾਂ ਦੇ ਦਰਦ ਦਾ ਤੋੜ ਕਿਸੇ ਖੁਦਾ ਕੋਲ ਨਹੀਂ ਹੁੰਦਾ।

ਮਨੁੱਖੀ ਆਤਮਾ ਦੀ ਭਟਕਣ ਜਾਂ ਹੋਂਦ ਦੇ ਅਰਥਾਂ ਦੀ ਤਲਾਸ਼ ਦੇ ਪ੍ਰਸੰਗ 'ਚ ਅੱਨਾ ਕਾਰੇਨਿਨਾ, ਕੈਥੀ ਅਤੇ ਵਾਨਗੌਗ ਤੋਂ ਬਾਅਦ ਐਕਟਰੈਸ ਮਾਰਲਿਨ ਮੁਨਰੋ ਦੇ ਤ੍ਰਾਸਦਿਕ ਅੰਤ ਦਾ ਜ਼ਿਕਰ ਵੀ ਕੋਈ ਕੁਥਾਵੇਂ ਨਹੀਂ ਹੋਵੇਗਾ। ਮਾਰਲਿਨ ਮੁਨਰੋ ਦਾ ਸਫਰ ਵੱਖਰੀ ਕਿਸਮ ਦੀ ਭਟਕਣ, ਤਲਾਸ਼ ਅਤੇ ਉਸ ਵਿਚ ਘਰ ਕਰ ਚੁੱਕੇ ਦੁਖਾਂਤ ਦੀ ਗਾਥਾ ਹੈ। ਮਾਰਲਿਨ ਦੇ ਪਿਤਾ ਦਾ ਕਿਸੇ ਨੂੰ ਪਤਾ ਨਹੀਂ ਤੇ ਮਾਂ ਉਸ ਦੀ ਦਾ ਮਾਨਸਿਕ ਤਵਾਜ਼ਨ ਠੀਕ ਨਹੀਂ ਹੈ। ਉਹ ਮਹਿਜ਼ 13 ਸਾਲਾਂ ਦੀ ਉਮਰੇ ਕਾਲ ਗਰਲ ਵਜੋਂ ਆਪਣੀ ਜ਼ਿੰਦਗੀ ਦਾ ਸਫਰ ਅਰੰਭ ਕਰਨ ਲਈ ਮਜਬੂਰ ਹੈ; ਪਰ ਬਹੁਤ ਜਲਦੀ ਹੀ ਉਸ ਦੀ ਕਿਸਮਤ ਹਾਲੀਵੁਡ ਦੇ ਫਿਲਮ ਜਗਤ ਵਿਚ ਤਾਂ ਖੁੱਲ੍ਹਦੀ ਹੀ ਖੁੱਲ੍ਹਦੀ ਹੈ, ਉਸ ਤੋਂ ਵੀ ਵੱਡੀ ਗੱਲ ਹੈ ਕਿ ਉਹ ਅਮਰੀਕਾ ਦੇ 50ਵਿਆਂ ਦੇ ਮਹਾਨ ਨਾਇਕ, ਬੇਸਬਾਲ ਚੈਂਪੀਅਨ ਜੋਅ ਡੋਮੈਗੀਓ ਨੂੰ ਆਪਣਾ ਪਤੀ ਬਣਾਉਣ ਵਿਚ ਸਫਲ ਹੋ ਜਾਂਦੀ ਹੈ। ਵਿਆਹ ਅਸਫਲ ਹੁੰਦਾ ਹੈ। ਅਖੀਰ ਵਿਚ ਮਹਾਨ ਨਾਟਕਕਾਰ ਆਰਥਰ ਮਿਲਰ ਜਿਸ ਨੂੰ ਅਮਰੀਕਾ ਦਾ ਸ਼ੇਕਸਪੀਅਰ ਕਹਿ ਲੈਣਾ ਅਤਿਕਥਨੀ ਨਹੀਂ ਹੋਵੇਗੀ, ਮਾਰਲਿਨ ਨਾਲ ਵਿਆਹ ਕਰਵਾ ਕੇ ਉਸ ਦੀ ਭਟਕਣ ਦਾ ਤੋੜ ਬਣਨ ਲਈ ਅੱਗੇ ਆਉਂਦਾ ਹੈ। ਆਰਥਰ ਮਿਲਰ ਸ਼ਕਤੀਸ਼ਾਲੀ ਫਾਦਰ ਫਿਗਰ ਹੈ ਅਤੇ ਮਾਸੂਮ ਮਾਰਲਿਨ ਜ਼ਬਰਦਸਤ ਅਸੁਰੱਖਿਅਤ ਭਾਵਨਾ ਦੀ ਸ਼ਿਕਾਰ ਹੈ; ਪਰ ਕੀ ਮਿਲਰ, ਮਾਰਲਿਨ ਦੇ ਦੁੱਖ ਦਾ ਦਾਰੂ ਕਰ ਸਕੇਗਾ? ਨਹੀਂ! ਕਦੀ ਵੀ ਨਹੀਂ!! ਮਾਰਲਿਨ ਦੇ ਆਤਮ-ਹੱਤਿਆ ਕਰ ਜਾਣ ਤੋਂ ਬਾਅਦ ਘਰ ਦੀ ਸੇਵਾਦਾਰ ਲੇਨਾ ਪੇਪੀਟੋਨ ਨੇ ਉਨ੍ਹਾਂ ਦੇ ਵਿਆਹੁਤਾ ਜੀਵਨ ਬਾਰੇ ਜੋ ਕਿਤਾਬ ਲਿਖੀ ਸੀ, ਅੱਜ 20-25 ਵਰ੍ਹੇ ਬਾਅਦ ਵੀ ਉਸ ਨੂੰ ਚੇਤੇ ਕਰਦਿਆਂ ਕਾਂਬੇ ਆ ਜਾਂਦੇ ਹਨ। ਮਾਰਲਿਨ ਦੀਆਂ ਨਿਰੰਤਰ ਸਿਸਕੀਆਂ ਤਾਂ 'ਮਾਰਲਿਨ ਮੁਨਰੋ ਕੌਨਫੀਡੈਂਸ਼ੀਅਲ' ਨਾਂ ਦੀ ਉਸ ਕਿਤਾਬ 'ਚ ਦਰਜ ਸਨ ਹੀ, ਆਰਥਰ ਮਿਲਰ ਦੀ ਬੇਵਸੀ ਵੀ ਘੱਟ ਤਰਸਯੋਗ ਨਹੀਂ ਸੀ।

ਲੇਖਿਕਾ ਦਾ ਖਿਆਲ ਸੀ ਅਤੇ ਕੁਝ ਹੋਰ ਲੋਕਾਂ ਦਾ ਵੀ ਵਿਚਾਰ ਹੈ ਕਿ ਮਾਰਲਿਨ ਦੀ ਤੜਫਾਹਟ ਬੱਚਾ ਪੈਦਾ ਕਰਨ ਲਈ ਸੀ, ਪਰ ਇਹ ਠੀਕ ਨਹੀਂ ਹੈ। ਬੱਚੇ ਨੇ ਵੀ ਮਾਰਲਿਨ ਦੇ ਦਰਦ ਦਾ ਦਾਰੂ ਨਹੀਂ ਸੀ ਬਣ ਸਕਣਾ। ਅੱਨਾ ਕਾਰੇਨਿਨਾ ਦੇ ਘਰੋਂ ਭੱਜਣ ਤੋਂ ਪਹਿਲਾਂ ਉਸ ਦੇ ਕੋਲ ਚੰਦ ਤੋਂ ਵੀ ਸੋਹਣਾ ਬਾਲ ਸੀ। ਫਿਰ ਪਿਆਰੀ ਜਿਹੀ ਬੱਚੀ ਉਸ ਨੂੰ ਵਰੋਂਸਕੀ ਤੋਂ ਵੀ ਮਿਲ ਗਈ ਸੀ। ਇਸੇ ਤਰ੍ਹਾਂ ਬੱਚਾ ਤਾਂ ਕੈਥੀ ਕੋਲ ਵੀ ਆ ਗਿਆ ਸੀ।

ਹੁਣ ਬੱਚੇ ਦੀ ਤਲਾਸ਼ ਦਾ ਤੋੜ ਹੋ ਸਕਣ ਦੀ ਗੱਲ ਜਦੋਂ ਆ ਹੀ ਗਈ ਹੈ ਤਾਂ ਪਾਠਕਾਂ ਨਾਲ 20ਵੀਂ ਸਦੀ ਦੀ ਸਭ ਤੋਂ ਅਦਭੁਤ ਫਰਾਂਸੀਸੀ ਐਕਟਰੈਸ ਬਰਗਿਸ਼ੀ ਬਾਰਦੋ ਬਾਰੇ ਗੱਲ ਕਰਨੀ ਵੀ ਸਹੀ ਹੋਵੇਗੀ। ਸਾਲ 1955 ਵਿਚ, 24-25 ਵਰ੍ਹਿਆਂ ਦੀ ਉਮਰ ਦੇ ਰੂਸੀ ਮੂਲ ਦੇ ਡਾਇਰੈਕਟਰ ਰੋਜਰ ਵਾਦਿਮ ਨੇ ਉਸ ਸਮੇਂ 17-18 ਸਾਲਾਂ ਦੀ ਬਾਰਦੋ 'ਤੇ ਆਪਣੀ ਕਹਾਣੀ ਕੇਂਦਰਿਤ ਕਰ ਕੇ ਜਦੋਂ 'ਐਂਡ ਗਾਡ ਕਰੀਏਟਿਡ ਵੂਮੈਨ' ਨਾਂ ਦੀ ਫਿਲਮ ਬਣਾਈ ਤਾਂ ਉਸ ਦੀ ਸ਼ੋਹਰਤ ਦੀ ਗੁੱਡੀ ਸਤਵੇਂ ਅਸਮਾਨ 'ਤੇ ਚੜ੍ਹ ਗਈ ਸੀ। ਵਾਦਿਮ ਅਤੇ ਬਾਰਦੋ ਦਾ ਆਪਸੀ ਸੰਪਰਕ ਬਹੁਤ ਡਰਾਮਈ ਅੰਦਾਜ਼ ਵਿਚ ਹੁੰਦਾ ਹੈ। ਬਾਰਦੋ ਆਪਣੀ ਮਾਂ ਨਾਲ ਐਲਗਰੇਟ ਨਾਂ ਦੇ ਉਸ ਜ਼ਮਾਨੇ ਦੇ ਉਘੇ ਡਾਇਰੈਕਟਰ ਦੇ ਸਟੂਡੀਓ ਵਿਚ ਆਉਂਦੀ ਹੈ। ਬਾਰਦੋ ਦੇ ਚਿਹਰੇ 'ਤੇ ਅਜਿਹੀ ਚਕ੍ਰਿਤ ਕਰ ਦੇਣ ਵਾਲੀ ਮਾਸੂਮੀਅਤ ਹੈ ਜੋ ਆਪਣੇ ਪਿੱਛੇ ਅਮੋੜ ਕਿਸਮ ਦੇ ਵੇਗ ਦੇ ਤੂਫਾਨਾਂ ਦੀ ਦੱਸ ਪਾ ਰਹੀ ਹੈ। ਨੌਜਵਾਨ ਵਾਦਿਮ ਨੀਵੀਂ ਪਾਈ ਬੈਠਾ ਹੈ। ਉਹ ਅਛੋਪਲੇ ਜਿਹੇ ਉਸ ਦੇ ਚਿਹਰੇ 'ਤੇ ਨਿਗ੍ਹਾ ਮਾਰਦਾ ਹੈ ਤੇ ਉਸੇ ਵੇਲੇ ਉਸਤਾਦ ਐਲਗਰੇਟ ਨੂੰ ਬਾਰਦੋ ਨੂੰ ਸਾਈਨ ਕਰ ਲੈਣ ਦੀ ਸਲਾਹ ਦਿੰਦਾ ਹੈ।

ਬਾਰਦੋ ਅਮੀਰ ਸਨਅਤਕਾਰ ਪਿਤਾ ਅਤੇ ਸੁਚੱਜੀ ਮਾਂ ਦੀ ਅਤਿ-ਆਕਰਸ਼ਕ ਚਤੁਰ ਧੀ ਸੀ। ਉਹ 14 ਵਰ੍ਹਿਆਂ ਦੀ ਸੀ ਜਦੋਂ 'ਈਲ' ਨਾਂ ਦੇ ਮੈਗਜ਼ੀਨ ਦੇ ਕਵਰ ਉਤੇ ਉਸ ਦੀ ਤਸਵੀਰ ਛਪੀ। ਇਹ ਤਸਵੀਰ ਕਿਧਰੇ ਫਿਲਮ ਨਿਰਮਾਤਾ ਮਾਰਕ ਐਲਗਰੇਟ ਦੀ ਨਜ਼ਰੀਂ ਪੈ ਗਈ। ਉਸ ਨੇ ਉਸੇ ਵਕਤ ਬਾਰਦੋ ਦੇ ਮਾਪਿਆਂ ਕੋਲ ਪਹੁੰਚ ਕਰ ਕੇ ਉਸ ਨੂੰ ਸਕਰੀਨ ਟੈਸਟ ਲਈ ਬੁਲਾ ਲਿਆ। ਅੱਗਿਉਂ ਚਮਕਦੀਆਂ ਅੱਖਾਂ ਵਾਲਾ ਨੌਜਵਾਨ ਰੋਜਰ ਵਾਦਿਮ ਉਸ ਦਾ ਅਸਿਸਟੈਂਟ ਸੀ।...ਤੇ ਫੇਰ ਬਾਰਦੋ ਅਤੇ ਵਾਦਿਮ ਵਿਹੰਦਿਆਂ ਸਾਰ ਹੀ ਇਕ-ਦੂਜੇ ਪ੍ਰਤੀ ਆਕਰਸ਼ਿਤ ਹੋ ਗਏ। ਕੁਝ ਹੀ ਦਿਨ ਬਾਅਦ ਸਕੂਲੋਂ ਭੱਜ ਕੇ ਬਾਰਦੋ, ਵਾਦਿਮ ਦੀਆਂ ਬਾਹਾਂ ਵਿਚ ਸੀ। ਫਿਰ ਜਲਦੀ ਹੀ ਬਾਰਦੋ, ਵਾਦਿਮ ਨਾਲ ਤੁਰੰਤ ਵਿਆਹ ਕਰਵਾਉਣ ਲਈ ਜ਼ਿਦ ਕਰੇਗੀ। ਕੱਚੀ ਉਮਰ ਹੋਣ ਕਾਰਨ ਮਾਂ-ਪਿਉ ਦੇ

*(ਅਗਲੇ ਸਫੇ 'ਤੇ ਜਾਰੀ)*

***ਆਰਥਰ ਮਿਲਰ ਜਿਸ ਨੂੰ ਅਮਰੀਕਾ ਦਾ ਸ਼ੇਕਸਪੀਅਰ ਵੀ ਕਹਿ ਲਿਆ ਜਾਵੇ ਤਾਂ ਸ਼ਾਇਦ ਕੋਈ ਅਤਿਕਥਨੀ ਨਹੀਂ ਹੋਵੇਗੀ, ਮਾਰਲਿਨ ਨਾਲ ਵਿਆਹ ਕਰਵਾ ਕੇ ਉਸ ਦੀ ਭਟਕਣ ਦਾ ਤੋੜ ਬਣਨ ਲਈ ਅੱਗੇ ਆਉਂਦਾ ਹੈ। ਆਰਥਰ ਮਿਲਰ ਸ਼ਕਤੀਸ਼ਾਲੀ ਫਾਦਰ ਫਿਗਰ ਹੈ ਅਤੇ ਮਸੂਮ ਮਾਰਲਿਨ ਜ਼ਬਰਦਸਤ ਅਸੁਰੱਖਿਅਤ ਭਾਵਨਾ ਦੀ ਸ਼ਿਕਾਰ ਹੈ; ਪਰ ਕੀ ਮਿਲਰ, ਮਾਰਲਿਨ ਦੇ ਦੁੱਖ ਦਾ ਦਾਰੂ ਕਰ ਸਕੇਗਾ? ਨਹੀਂ! ਕਦੀ ਵੀ ਨਹੀਂ!! ਮਾਰਲਿਨ ਦੇ ਆਤਮ-ਹੱਤਿਆ ਕਰ ਜਾਣ ਤੋਂ ਬਾਅਦ ਘਰ ਦੀ ਅਟੈਂਡੈਂਟ ਲੇਨਾ ਪੇਪੀਟੋਨ ਨੇ ਉਨ੍ਹਾਂ ਦੇ ਵਿਆਹੁਤਾ ਜੀਵਨ ਬਾਰੇ ਜੋ ਕਿਤਾਬ ਲਿਖੀ ਸੀ, ਅੱਜ 20-25 ਵਰ੍ਹੇ ਬਾਅਦ ਵੀ ਉਸ ਨੂੰ ਚੇਤੇ ਕਰਦਿਆਂ ਕਾਂਬੇ ਆ ਜਾਂਦੇ ਹਨ। ਮਾਰਲਿਨ ਦੀਆਂ ਨਿਰੰਤਰ ਸਿਸਕੀਆਂ ਤਾਂ 'ਮਾਰਲਿਨ ਮੁਨਰੋ ਕੌਨਫੀਡੈਂਸ਼ੀਅਲ' ਨਾਂ ਦੀ ਉਸ ਕਿਤਾਬ ਵਿਚ ਦਰਜ ਸਨ ਹੀ, ਆਰਥਰ ਮਿਲਰ ਦੀ ਬੇਵਸੀ ਵੀ ਘੱਟ ਤਰਸਯੋਗ ਨਹੀਂ ਸੀ।***




*ਮਾਰਲਿਨ ਦੇ ਜੀਵਨ ਬਾਰੇ ਉਸ ਦੀ ਅਟੈਂਡੈਂਟ ਲੇਨਾ ਪੇਪੀਟੋਨ ਵੱਲੋਂ ਲਿਖੀ ਦਾ ਨਾਂ 'ਮਾਰਲਿਨ ਮੁਨਰੋ ਕੌਨਫੀਡੈਂਸ਼ੀਅਲ' ਦਾ ਟਾਈਟਲ।*



ਖੇਡ ਸੰਸਾਰ

ਇਕਬਾਲ ਜੱਬੋਵਾਲੀਆ
ਫੋਨ:917-375-6395

# ਕਬੱਡੀ ਖਿਡਾਰੀ ਕਪੂਰਥਲੀਆ ਕਾਰੀ

ਮਾਂ-ਖੇਡ ਕਬੱਡੀ ਪੰਜਾਬੀਆਂ ਦੇ ਰੋਮ-ਰੋਮ ਵਿਚ ਵਸੀ ਹੋਈ ਏ। ਕਬੱਡੀ ਨੂੰ ਪਿਆਰ ਕਰਨ ਵਾਲੇ ਦੁਨੀਆਂ ਦੇ ਕਿਸੇ ਖਿਤੇ ਵਿਚ ਚਲੇ ਜਾਣ, ਕਦੇ ਨਹੀ ਭੁੱਲਦੇ। ਆਪਣੇ ਸਮੇਂ ਦਾ ਬੇਹਤਰੀਨ ਕਬੱਡੀ ਖਿਡਾਰੀ ਕਪੂਰਥਲੀਆ ਕਾਰੀ ਅੱਜ ਕੱਲ੍ਹ ਨਿਊ ਯਾਰਕ ਰਹਿੰਦਾ ਹੈ। ਕਪੂਰਥਲੇ ਦੇ ਪਿੰਡ ਖਾਨੋਆਲ ਦੇ ਇਸ ਗੱਭਰੂ ਨੇ ਕਬੱਡੀ 'ਚ ਮਾਅਰਕੇ ਮਾਰ ਕੇ ਮਾਤਾ-ਪਿਤਾ ਤੇ ਇਲਾਕੇ ਦੀ ਬੱਲੇ ਬੱਲੇ ਕਰਾਈ। ਕਬੱਡੀ ਖਿਡਾਰੀ ਜਿੰਦਰ ਖਾਨੋਆਲ ਵੀ ਇਸੇ ਪਿੰਡ ਤੋਂ ਹੈ। ਪ੍ਰੀਤਾ, ਫਿੱਡੂ, ਕਿੰਦੂ, ਸੁਰਖਪੁਰ ਦੇ ਮੰਗੀ ਤੇ ਦੁੱਲਾ, ਗੁਰਮੇਲ ਗੇਲਾ ਵੀ ਕਪੂਰਥਲੇ ਦੇ ਹੀ ਨਾਮੀ ਖਿਡਾਰੀ ਹਨ।

ਸੰਨ 1958 'ਚ ਖਾਨੋਆਲ ਦੇ ਸ. ਸਰੂਪ ਸਿੰਘ ਦੇ ਘਰ ਮਾਤਾ ਰਤਨ ਕੌਰ ਦੀ ਕੁੱਖੋਂ ਜਨਮੇ ਕਾਰੀ ਨੇ ਪ੍ਰਾਇਮਰੀ ਪਿੰਡੋਂ ਅਤੇ ਅੱਠਵੀਂ ਸਿੱਧਵਾਂ ਤੋਂ ਕੀਤੀ। ਹਾਇਰ ਸੈਕੰਡਰੀ ਰਣਧੀਰ ਸਕੂਲ ਕਪੂਰਥਲਾ ਤੋਂ ਕਰਕੇ ਗਰੈਜੂਏਸ਼ਨ 'ਨਵਾਬ ਜੱਸਾ ਸਿੰਘ ਆਹਲੂਵਾਲੀਆ' ਤੋਂ ਕੀਤੀ। ਰਣਧੀਰ ਸਕੂਲ ਦੇ ਡੀ ਪੀ ਈ ਕਰਨੈਲ ਸਿੰਘ ਸਿਧਵਾਂ ਦੀ ਛਤਰਛਾਇਆ ਹੇਠ ਕਬੱਡੀ ਖੇਡਣੀ ਸ਼ੁਰੂ ਕੀਤੀ। ਕਰਨੈਲ ਸਿੰਘ ਦੀ ਬਦਲੀ ਕਿਤੇ ਹੋਰ ਜਗ੍ਹਾ ਹੋ ਜਾਣ 'ਤੇ ਉਸ ਨੇ ਸਲਾਹ ਦਿਤੀ ਕਿ ਅਗਰ ਗੇਮ ਚਾਲੂ ਰੱਖਣੀ ਹੈ ਤਾਂ ਸਰਬਣ ਸਿੰਘ ਬੱਲ ਕੋਲ ਜਾਓ। ਸ. ਬੱਲ ਉਸ ਵੇਲੇ ਜਿਲ੍ਹਾ ਕਪੂਰਥਲਾ ਖੇਡ ਵਿਭਾਗ ਦੇ ਕੋਚ ਹੁੰਦੇ ਸਨ। ਇਹ ਗੱਲ 1976 ਦੀ ਹੈ।

1976 ਵਿਚ ਸਕੂਲਾਂ ਦੀ ਨੈਸ਼ਨਲ ਕਬੱਡੀ ਖੇਡੀ ਅਤੇ ਸੋਨ ਤਮਗਾ ਜਿਤਿਆ। ਲੁਧਿਆਣੇ ਵਾਲਾ ਨਰਿੰਦਰ ਰੰਗੀ ਅਤੇ ਕੁਲਵੰਤ ਸਿੰਘ ਸਾਥੀ ਖਿਡਾਰੀ ਹੁੰਦੇ ਸਨ। ਰੰਗੀ ਕਬੱਡੀ ਦੇ ਨਾਲ ਨਾਲ ਭਲਵਾਨੀ ਵੀ ਕਰਦਾ ਸੀ ਅਤੇ ਕੁਲਵੰਤ ਸਿੰਘ ਬਾਅਦ ਵਿਚ ਪੁਲਿਸ ਵਿਚ ਭਰਤੀ ਹੋ ਗਿਆ। ਕਪੂਰਥਲੇ ਵਲੋਂ ਕਾਰੀ ਅਤੇ ਸੁਰਿੰਦਰਪਾਲ 5-6 ਖਿਡਾਰੀ ਹੁੰਦੇ ਸਨ। ਸਪੋਰਟਸ ਸਕੂਲ ਜਲੰਧਰ ਵਲੋਂ ਗੁਰਚਰਨ, ਬਲਕਾਰ ਸਿੰਘ, ਬਠਿੰਡੇ ਤੋਂ ਖੜਕ ਸਿੰਘ, ਰੋਪੜ ਤੋਂ ਤੁਲਸੀ ਸਿੰਘ, ਸ਼ੇਰਪੁਰ ਤੋਂ ਨਿੰਮਾ, ਕੁਲਵੰਤ ਟੂਟੀ, ਮਨਜੀਤ ਅਤੇ ਚਮਿਆਰੇ ਵਾਲਾ ਗੁਰਪਾਲ ਪਾਲੀ ਸਨ। ਪੱਤੜੀਏ ਬੋਲੇ ਅਤੇ ਚੱਕਾਂ ਵਾਲੇ ਪੰਡਿਤ ਨਾਲ ਵੀ ਕਈ ਮੈਚ ਖੇਡੇ। ਇਕ ਵਾਰ ਸਟੇਡੀਅਮ ਵਿਚ ਉਹ ਪ੍ਰੈਕਟਿਸ ਕਰ ਰਹੇ ਸਨ ਤਾਂ ਕੁਝ ਅੰਗਰੇਜ਼ੀ ਅਖ਼ਬਾਰਾਂ ਦੇ ਪ੍ਰੈਸ ਰਿਪੋਰਟਰ ਆ ਕੇ ਗੱਲਬਾਤ ਕਰਨ ਲੱਗੇ। ਕਾਰੀ ਨੂੰ ਪਤਾ ਨਹੀਂ ਸੀ ਕਿ ਉਹ ਕਿਉਂ ਪੁਛ ਰਹੇ ਹਨ। ਉਦੋਂ ਪਤਾ ਲੱਗਾ ਜਦੋਂ ਦੂਜੇ ਦਿਨ ਦੀ ਅਖ਼ਬਾਰ ਵਿਚ ਉਹਦੇ ਬਾਰੇ ਵੱਡਾ ਸਾਰਾ ਲੇਖ ਛਪਿਆ।

ਕਾਰੀ ਨੇ ਅਨੰਦਪੁਰ ਸਾਹਿਬ, ਢੁੱਡੀਕੇ, ਪਟਿਆਲੇ, ਬਰਿਆਲ (ਬਠਿੰਡਾ), ਬੁੱਢੀ ਪਿੰਡ (ਹੁਸ਼ਿਆਰਪੁਰ), ਪਾਂਛਟਾ ਅਤੇ ਦਿੱਲੀ



ਕਾਰੀ ਇਕ ਮੈਚ ਸਮੇਂ ਮੁੱਖ ਮਹਿਮਾਨ ਨਾਲ ਹੱਥ ਮਿਲਾਉਂਦੇ ਹੋਏ

ਚੈਂਪੀਅਨਸ਼ਿਪ ਖੇਡੀ। ਨੈਸ਼ਨਲ ਸਟਾਈਲ ਦੀ ਓਪਨ ਚੈਂਪੀਅਨਸ਼ਿਪ ਸੋਲਨ, ਗੰਗਾਨਗਰ, ਜੈਪੁਰ, ਖਾਮਗਾਓਂ (ਲਾਗੇ ਨਾਗਪੁਰ) ਅਤੇ ਇੰਟਰਵਰਸਿਟੀ ਦੀ ਨਾਰਥ-ਪੋਲ, ਸਾਊਥ-ਪੋਲ ਖੇਡਿਆ। ਦੂਰ ਦੂਰ ਤੱਕ ਮੈਚ ਖੇਡਣ ਜਾਣਾ ਤਾਂ ਕਈ ਕਈ ਦਿਨ ਬਾਹਰ ਰਹਿਣਾ ਪੈਂਦਾ। ਆਮ ਕਰਕੇ ਸਰਬਣ ਬੱਲ ਹੀ ਦੂਰ ਦੂਰ ਟੀਮ ਲੈ ਕੇ ਜਾਇਆ ਕਰਦਾ। ਕਈ ਵਾਰ ਖਾਲਸਾ ਕਾਲਜ ਦੇ ਡੀ ਪੀ ਈ ਮੋਹਣ ਸਿੰਘ ਵੀ ਨਾਲ ਜਾਂਦੇ।

ਸੰਜੇ ਗਾਂਧੀ ਦੀ ਮੌਤ ਤੋਂ ਬਾਅਦ ਸੰਜੇ ਮੈਮੋਰੀਅਲ ਆਲ ਇੰਡੀਆ ਕਬੱਡੀ ਚੈਂਪੀਅਨਸ਼ਿਪ ਦਿੱਲੀ ਸਟੇਡੀਅਮ ਵਿਚ ਕਰਵਾਈ ਗਈ। ਵਿਰੋਧੀ ਟੀਮ ਦਿੱਲੀ ਦੀ ਸੀ ਜਿਸ ਵਿਚ ਜਿਆਦਾ ਖਿਡਾਰੀ ਹਰਿਆਣੇ ਤੋਂ ਸਨ। ਕਾਰੀ ਦੀ ਕਪਤਾਨੀ ਹੇਠ ਖੇਡੀ ਟੀਮ ਨੇ ਸਖਤ ਮੁਕਾਬਲੇ ਵਿਚ ਇਕ ਨੰਬਰ 'ਤੇ ਜਿੱਤ ਪ੍ਰਾਪਤ ਕੀਤੀ। ਜਿੱਤ ਦੀ ਖ਼ੁਸ਼ੀ ਵਿਚ ਖੀਵੇ ਹੋਏ ਜਲੰਧਰ ਦੇ ਕੋਚ ਸਰਦੂਲ ਸਿੰਘ ਨੇ ਆਪਣੇ ਪਿਸਤੌਲ ਵਿਚੋਂ ਪਰਾਂਹ ਨੂੰ ਗੋਲੀਆਂ ਕੱਢ ਦਿਤੀਆਂ। ਵਿਰੋਧੀ ਟੀਮ ਵਾਲੇ ਰੌਲਾ ਪਾ ਕੇ ਬਹਿ ਗਏ ਕਿ ਉਨ੍ਹਾਂ ਨੂੰ ਡਰਾ ਕੇ ਜਿੱਤੇ ਹਨ। ਮੈਚ ਦੁਬਾਰਾ ਹੋਣਾ ਚਾਹੀਦੈ। ਇਸ ਰੌਲੇ-ਰੱਪੇ ਅਤੇ ਕਸ਼ਮਕਸ਼ ਵਿਚ ਦੂਜੇ ਦਿਨ ਫਿਰ ਮੈਚ ਕਰਾਉਣ ਦਾ ਫੈਸਲਾ ਹੋਇਆ। ਜ਼ਬਰਦਸਤ ਮੁਕਾਬਲੇ ਵਿਚ ਉਨ੍ਹਾਂ ਫਿਰ ਦੋ ਨੰਬਰਾਂ 'ਤੇ ਚੈਂਪੀਅਨਸ਼ਿਪ ਜਿੱਤੀ ਤੇ ਗੋਲਡ ਮੈਡਲ ਦੇ ਹੱਕਦਾਰ ਬਣੇ। ਕਾਰੀ ਦੇ ਨਾਲ ਪੱਤੜੀਆ ਬੋਲਾ, ਬੇਵੀ, ਮਦਨ ਗੋਗੀ, ਬਲਕਾਰ ਸਿੰਘ ਸੈਦੋਵਾਲ, ਗਿਆਨੀ ਜਰਨੈਲ ਸਿੰਘ ਅਤੇ ਪੀ ਏ ਪੀ ਦਾ ਪਲੇਅਰ ਸੁੱਖਾ (ਛੀਨਾ) ਜੋ ਅੱਜ ਕੱਲ੍ਹ ਡੀ ਐਸ ਪੀ ਹੈ, ਸਾਥੀ ਖਿਡਾਰੀ ਸਨ।

1982-83 ਦੀ ਯੂਨੀਵਰਸਿਟੀ ਦੀ ਕਪਤਾਨੀ ਵੀ ਕਾਰੀ ਨੇ ਕੀਤੀ। ਕਪੂਰਥਲੇ ਦੀ ਤਕੜੀ ਚੈਂਪੀਅਨਸ਼ਿਪ ਵਿਚ ਪੰਜਾਬ ਪੁਲਿਸ ਵਿਚ ਖੇਡਦੇ ਫਿੱਡੂ ਹੋਰਾਂ ਨਾਲ ਡੱਟ ਕੇ ਮੁਕਾਬਲਾ ਕੀਤਾ। ਰਾਜਿੰਦਰ ਕੁਮਾਰ ਬੇਵੀ, ਜਰਨੈਲ, ਗਿਆਨੀ ਮੋਠਾਂ ਆਲੀਆ, ਮਦਨ ਲਾਲ ਗੋਗੀ, ਦਲਜੀਤ ਸਿੰਘ ਅਤੇ ਬਲਕਾਰ ਸਿੰਘ (ਕਬੱਡੀ ਖਿਡਾਰੀ ਗਾਸ਼ੇ ਦਾ ਭਰਾ) ਖਿਡਾਰੀ ਸਨ। ਰਮੀਦੀ ਚੈਂਪੀਅਨਸ਼ਿਪ ਅਤੇ ਆਲ ਇੰਡੀਆ ਚੈਂਪੀਅਨਸ਼ਿਪ ਵਿਚ ਵਧੀਆ ਗੇਮ ਦਿਖਾਈ।

ਮੱਖਣ ਸਿੰਘ ਡੀ ਪੀ ਈ, ਸ਼ਿਵਦੇਵ, ਬਲਵਿੰਦਰ ਫਿੱਡੂ, ਮਨਜੀਤ, ਮੂਰਤੀ ਅਤੇ ਬੇਗੋਵਾਲ ਦੇ ਦਿਲਬਾਗ ਬਾਘਾ ਡੀ ਪੀ ਈ ਸੀਨੀਅਰ ਖਿਡਾਰੀਆਂ ਨੇ 'ਕੱਠੇ ਹੋ ਕੇ ਬੇਗੋਵਾਲ ਦੋਸਤਾਨਾ ਮੈਚ ਕਰਵਾਇਆ। ਸੀਨੀਅਰ ਖਿਡਾਰੀਆਂ ਵਿਚ 'ਕੱਲਾ ਕਾਰੀ ਹੀ ਛੋਟੀ ਉਮਰ ਦਾ ਖਿਡਾਰੀ ਸੀ। ਕਾਰੀ ਨੇ ਛੋਟੀ ਉਮਰੇ 35 ਕਿਲੋ ਭਾਰ ਤੋਂ ਸ਼ੁਰੂ ਕਰ ਕੇ ਵੱਡੇ ਵੱਡੇ ਮੈਚ ਖੇਡੇ। ਪ੍ਰੀਤੇ ਦੀ ਟੀਮ ਦਾ ਖਿਡਾਰੀ ਬਣ ਕੇ ਉਸ ਨੇ ਪਟਿਆਲੇ ਚੈਂਪੀਅਨਸ਼ਿਪ ਖੇਡੀ।

1983-84 'ਚ ਸਾਹਨੇਵਾਲ ਆਖਰੀ ਚੈਂਪੀਅਨਸ਼ਿਪ ਖੇਡੀ। ਜਿਆਦਾਤਰ ਖਿਡਾਰੀ ਪੁਲਿਸ ਦੇ ਸਨ। ਉਥੋਂ ਗੋਲਡ ਮੈਡਲ ਜਿੱਤਿਆ। ਇਸ ਚੈਂਪੀਅਨਸ਼ਿਪ ਤੋਂ ਬਾਅਦ ਕਾਰੀ 1985 'ਚ ਨਿਊ ਯਾਰਕ ਆ ਪਹੁੰਚਿਆ ਅਤੇ ਨਿਊ ਯਾਰਕ ਦੇ ਖੇਡ ਮੈਦਾਨਾਂ ਵਿਚ ਗੱਜਣ ਲੱਗਾ। ਕਾਲਜ ਦੇ ਪੁਰਾਣੇ ਸਾਥੀ ਰਾਜਿੰਦਰ ਕੁਮਾਰ ਬੇਵੀ ਤੇ ਕਾਰੀ ਫਿਰ 'ਕੱਠੇ ਹੋ ਗਏ। ਆਪਣਾ ਸ਼ੌਕ ਬਰਕਰਾਰ ਰੱਖਣ ਲਈ 'ਕਪੂਰਥਲਾ ਸਪੋਰਟਸ ਕਲੱਬ' ਬਣਾਇਆ ਅਤੇ ਨਿਊ ਯਾਰਕ, ਨਿਊ ਜਰਸੀ, ਫਿਲਾਡੈਲਫੀਆ ਅਤੇ ਓਹਾਇਓ ਦੇ ਟੂਰਨਾਮੈਂਟਾਂ ਵਿਚ ਵਾਲੀਬਾਲ ਮੈਚ ਖੇਡੇ ਅਤੇ ਜਿੱਤੇ। ਕਈ ਵਾਰ ਫੁੱਟਬਾਲ ਮੈਚਾਂ ਵਿਚ ਵੀ ਆਪਣੇ ਕਲੱਬ ਵਲੋਂ ਖੇਡਿਆ। ਆਲੇ-ਦੁਆਲੇ ਦੇ ਖੇਡ-ਮੇਲਿਆਂ ਵਿਚ ਕਾਰੀ, ਮੰਗੀ, ਬੇਵੀ- ਤਿੰਨੇ ਸਰਗਰਮ ਹੋ ਕੇ ਹਿੱਸਾ ਲੈਂਦੇ। ਕਾਰੀ ਬੇਟੀ, ਬੇਟੇ ਅਤੇ ਪਤਨੀ ਨਾਲ ਖੁਸ਼ੀ ਭਰਿਆ ਜੀਵਨ ਬਿਤਾ ਰਿਹਾ ਹੈ। ਬੇਟਾ ਮਨਦੀਪ ਸਿੰਘ ਭੰਗੜੇ ਦਾ ਸ਼ੌਕੀਨ ਹੈ। ਕਾਰੀ ਹੋਰੀਂ ਪੰਜ ਭਰਾ ਅਤੇ ਦੋ ਭੈਣਾਂ ਹਨ। ਮਾਤਾ ਪਿਤਾ ਅਤੇ ਇਕ ਭਰਾ ਇਸ ਦੁਨੀਆਂ ਤੋਂ ਤੁਰ ਗਏ ਹਨ। ਤਿੰਨ ਭਰਾ ਅਮਰੀਕਾ ਰਹਿੰਦੇ ਹਨ।

ਕਾਰੀ, ਮੰਗੀ, ਬੇਵੀ ਦੀ ਤਿਕੜੀ ਨਿਊ ਯਾਰਕ ਦੇ ਖੇਡ ਮੇਲਿਆਂ ਵਿਚ ਬੜੀ ਸਰਗਰਮ ਰਹਿੰਦੀ ਹੈ। ਵਾਲੀਬਾਲ ਆਪ ਵੀ ਖੇਡਦੇ ਹਨ ਤੇ ਨਵੇਂ ਖਿਡਾਰੀਆਂ ਨੂੰ ਵੀ ਖਿਡਾਉਂਦੇ ਹਨ। 'ਕਪੂਰਥਲਾ ਸਪੋਰਟਸ ਕਲੱਬ' ਵਲੋਂ ਫੁੱਟਬਾਲ, ਵਾਲੀਬਾਲ ਅਤੇ ਬੱਚਿਆਂ ਦੀਆਂ ਖੇਡਾਂ ਕਰਵਾਈਆਂ ਜਾਂਦੀਆਂ ਹਨ। ਕਬੱਡੀ ਦੇ ਮਹਾਂਬਲੀ ਉਸਤਾਦ ਸਰਬਣ ਬੱਲ ਦੀ ਉਸਤਾਦੀ ਨੂੰ ਹਮੇਸ਼ਾਂ ਯਾਦ ਰੱਖਦੇ ਹਨ ਅਤੇ ਸਤਿਕਾਰਦੇ ਹਨ।



ਕਾਰੀ 1980-81 ਦੌਰਾਨ ਇਕ ਮੈਚ ਵਿਚ ਬਲਵਿੰਦਰ ਫਿੱਡੂ ਨੂੰ ਰੋਕਣ ਦੀ ਕੋਸ਼ਿਸ਼ ਕਰਦਾ ਹੋਇਆ



1982-83 ਸਮੇਂ ਕਾਰੀ (ਐਨ ਖੱਬੇ) ਖੇਡ ਡਾਇਰੈਕਟਰ ਐਮ ਐਸ ਸੰਧੂ ਤੋਂ ਟਰਾਫੀ ਲੈਂਦੇ ਹੋਏ, ਨਾਲ ਖੜ੍ਹੇ ਹਨ ਸਰਵਣ ਸਿੰਘ ਬੱਲ

# ਜ਼ਿੰਦਗੀ ਦੇ ਰਹੱਸ ਅਤੇ ਅਨੰਤ ਭਟਕਣ

(ਪਿਛਲੇ ਸਫੇ ਦੀ ਬਾਕੀ)

ਇਤਰਾਜ਼ ਕਰਨ 'ਤੇ ਉਹ ਆਤਮ-ਹੱਤਿਆ ਦੀ ਪਹਿਲੀ ਗੰਭੀਰ ਕੋਸ਼ਿਸ਼ ਕਰੇਗੀ। ਇਹ ਸਿਲਸਿਲਾ ਅਗਲੀ ਉਮਰ ਦੌਰਾਨ ਵਾਰ-ਵਾਰ ਵਾਪਰਦਾ ਰਹੇਗਾ। ਧੀ ਦੀ ਆਤਮ-ਹੱਤਿਆ ਦੀ ਪਹਿਲੀ ਗੰਭੀਰ ਕੋਸ਼ਿਸ਼ ਤੋਂ ਤੁਰੰਤ ਪਿਛੋਂ ਹੀ ਮਾਤਾ-ਪਿਤਾ ਹਥਿਆਰ ਸੁੱਟ ਦੇਣਗੇ ਅਤੇ ਬਾਰਦੋ ਦਾ ਵਾਦਿਮ ਨਾਲ ਵਿਆਹ ਹੋ ਜਾਵੇਗਾ। ਇਹ ਵਿਆਹ ਕਿਹੋ ਜਿਹਾ ਸੀ ਅਤੇ ਕਿੰਨਾ ਚਿਰ ਨਿਭਿਆ, ਇਹ ਹੁਣ ਪਾਠਕਾਂ ਨੂੰ ਨੈਟ ਤੋਂ ਵਾਦਿਮ ਵਲੋਂ ਕਈ ਦਹਾਕੇ ਪਹਿਲਾਂ 'ਮੈਮਾਇਰਜ਼ ਆਫ ਦਿ ਡੈਵਿਲ' ਸਿਰਲੇਖ ਹੇਠ ਲਿਖੀ ਆਪਣੀਆਂ ਯਾਦਾਂ ਦੀ ਪੁਸਤਕ ਵਿਚੋਂ ਖੁਦ ਪੜ੍ਹਨਾ ਪਵੇਗਾ।

ਰੋਜਰ ਵਾਦਿਮ ਆਪਣੀਆਂ ਯਾਦਾਂ ਦੇ ਸ਼ੁਰੂ ਵਿਚ ਹੀ ਬੜੇ ਮਾਣਮੱਤੇ ਅੰਦਾਜ਼ ਵਿਚ ਦੱਸਦਾ ਹੈ ਕਿ ਇਹ ਪੁਸਤਕ ਉਸ ਨੇ ਆਪਣੇ ਬੱਚਿਆਂ ਲਈ ਤੋਹਫੇ ਵਜੋਂ ਲਿਖੀ ਸੀ। 1996 ਵਿਚ ਉਮਰ ਦਾ 60ਵਾਂ ਵਰ੍ਹਾ ਪਾਰ ਕਰਦਿਆਂ ਹੀ ਬਰਗਿਸ਼ੀ ਬਾਰਦੋ ਨੇ ਆਪਣੀ ਸਵੈ-ਜੀਵਨੀ ਡਿਕਟੇਟ ਕਰਵਾ ਦਿੱਤੀ। 'ਲਵਰਜ਼, ਹਸਬੈਂਡਜ, ਪ੍ਰੈਗਨੈਂਸੀਜ਼ ਐਂਡ ਬਰੇਕ ਡਾਊਨਜ਼' ਸਿਰਲੇਖ ਹੇਠ ਉਘੀ ਕਾਲਮਨਵੀਸ ਸੁਸੰਨਾ ਹਰਬਰਟ ਵੱਲੋਂ ਲਿਖਿਆ ਇਸ ਵੱਡ-ਆਕਾਰੀ ਪੁਸਤਕ ਦਾ ਦਿਲਚਸਪ ਰਿਵਿਊ ਟੈਲੀਗਰਾਫ ਗਰੁਪ ਵਲੋਂ ਸਰਕੂਲੇਟ ਕੀਤਾ ਗਿਆ ਸੀ ਜੋ ਭਾਰਤ ਦੇ ਤਿੰਨ ਅਹਿਮ ਅੰਗਰੇਜ਼ੀ ਅਖਬਾਰਾਂ ਵਿਚ ਉਸੇ ਸਾਲ 8 ਅਕਤੂਬਰ ਨੂੰ ਛਪਿਆ ਸੀ।

ਚਾਰ ਵਿਆਹ ਕਰਵਾਉਣ ਤੇ ਅਨੇਕਾਂ ਬੰਦਿਆਂ ਨਾਲ ਯਾਰਾਨੇ ਲਾ ਪਲਾਂ 'ਚ ਤੋੜ ਜਾਣ ਵਾਲੀ ਬਾਰਦੋ ਇਸ ਸਵੈ-ਜੀਵਨੀ ਵਿਚ ਵਾਰ-ਵਾਰ ਆਪਣੇ ਆਪ ਨੂੰ ਇਸਾਈ ਜਗਤ ਦੇ ਸਭ ਤੋਂ ਵੱਧ ਸਤਿਕਾਰਤ ਸੰਤ ਫਰਾਂਸਿਸ ਆਫ ਅਸੀਸੀ ਦਾ ਅਵਤਾਰ ਦੱਸਦੀ ਹੈ।...ਤੇ ਇਸ ਕਿਤਾਬ ਵਿਚ ਸਭ ਤੋਂ ਭਿਆਨਕ ਕਾਂਡ ਬਾਰਦੋ ਦੇ ਇਕਲੌਤੇ ਪੁੱਤ ਨਿਕੋਲਸ ਦੇ ਜਨਮ ਨਾਲ ਸਬੰਧਤ ਹੈ।

ਹਰ ਅਜਨਬੀ ਦੀ ਤਲਾਸ਼ ਦਾ ਆਪਣਾ ਵੱਖਰਾ ਰੰਗ ਅਤੇ ਆਪਣਾ ਹੀ ਤਰਕ ਹੁੰਦਾ ਹੈ। ਮੇਰੇ ਜ਼ਿਹਨ ਵਿਚ ਫੈਜ਼ ਅਹਿਮਦ ਫੈਜ਼ ਦਾ ਸ਼ਿਅਰ ਉਭਰ ਆਇਆ ਹੈ,

ਇਸ਼ਕ ਕਾ ਹਰ ਦਾਗ ਬਰਾਬਰ ਹੈ
ਯਹਾਂ ਅੱਛਾ ਬੁਰਾ ਨਹੀਂ ਹੋਤਾ।

ਹੁਣ ਜ਼ਰਾ ਵੇਖੋ ਜਿਸ ਪੁੱਤਰ ਨੂੰ ਜਨਮ ਦੇਣ ਦੀ ਖਾਤਰ ਮਾਰਲਿਨ ਜਾਨ ਤੁੜਾ ਲੈਂਦੀ ਹੈ, ਉਥੇ ਫਰਾਂਸੀਸੀ ਕਲਾ ਜੁਗਤ ਦੀ ਆਈਕੋਨ ਬਾਰਦੋ ਆਪਣੇ ਪੁੱਤਰ ਦੇ ਜਨਮ 'ਤੇ ਉਸ ਬਾਰੇ ਕਿਸ ਕਿਸਮ ਦਾ ਹੁੰਗਾਰਾ ਭਰਦੀ ਹੈ। 'ਇਨੀਸ਼ੀਅਲਜ਼ ਬੀ.ਬੀ.' ਨਾਂ ਦੀ ਸਵੈ-ਜੀਵਨੀ ਵਿਚ ਲਿਖੇ ਵੇਰਵੇ ਦਾ ਸਾਰ ਇਉਂ ਹੈ,

ਬਾਰਦੋ ਕਿਸੇ ਫਿਲਮ ਵਿਚ ਆਪਣੇ ਨਾਲ ਕੰਮ ਕਰਨ ਵਾਲੇ ਯੱਕ ਚੈਰੀਅਰ ਨਾਂ ਦੇ ਸਾਥੀ ਐਕਟਰ ਤੋਂ ਗਰਭਵਤੀ ਹੋ ਜਾਂਦੀ ਹੈ। ਬੱਚਾ ਪੈਦਾ ਕਰਨ ਦੇ ਉਹ ਮੁੱਢੋਂ ਹੀ ਵਿਰੁਧ ਹੈ; ਉਸ ਨੂੰ ਜ਼ਰੂਰਤ ਹੀ ਨਹੀਂ ਹੈ। ਯੱਕ ਚੈਰੀਅਰ ਨਾਲ ਵਿਆਹ ਲਈ ਵੀ ਉਹ ਤਿਆਰ ਨਹੀਂ ਹੈ। ਪਹਿਲਾ ਤਾਂ ਉਹ ਗਰਭਪਾਤ ਲਈ ਹਰ ਤਰ੍ਹਾਂ ਦਾ ਓੜ੍ਹ-ਪੋੜ੍ਹ ਕਰਦੀ ਹੈ, ਪਰ ਕਾਮਯਾਬੀ ਨਾ ਮਿਲਣ 'ਤੇ ਉਹ ਇਕ ਪਿਛੋਂ ਇਕ ਕੁਐਕ ਕੋਲ ਗੇੜਾ ਬੰਨ੍ਹ ਦਿੰਦੀ ਹੈ।

ਸਵੈ-ਜੀਵਨੀ ਵਿਚ ਸਬੰਧਤ ਪਹਿਰਾ ਹੂ-ਬ-ਹੂ ਇਸ ਤਰ੍ਹਾਂ ਹੈ,

ਬਰਗਿਸ਼ੀ ਬਾਰਦੋ ਜੋ ਫਰਾਂਸ ਦੀ ਸਭ ਤੋਂ



ਵਿਆਹ ਵੇਲੇ ਬਾਰਦੋ ਤੇ ਵਾਦਿਮ।

ਵੱਡੀ ਸੁਪਰਸਟਾਰ ਹੈ ਅਤੇ ਕੌਮਾਂਤਰੀ ਪ੍ਰਸਿੱਧੀ ਦੀ ਸਿਖਰ 'ਤੇ ਹੈ, ਉਸ ਦਾ ਗਰਭਪਾਤ ਕਰਨ ਦਾ ਜੋਖਮ ਕੋਈ ਨਹੀਂ; ਕੋਈ ਵੀ ਨਹੀਂ ਉਠਾਏਗਾ...ਕਿਧਰੇ ਜ਼ਰਾ ਜਿੰਨੀ ਕੋਈ ਹਬੀ ਨਬੀ ਹੋ ਜਾਣ 'ਤੇ ਆਪਣਾ ਕਰੀਅਰ ਕੌਣ ਬਰਬਾਦ ਕਰੇਗਾ? ਅਖੀਰ ਹਸਪਤਾਲ ਜਾ ਕੇ ਪੈਦਾ ਹੋਣ ਵਾਲੇ ਨਿਕੋਲਸ ਨਾਂ ਦੇ ਬੱਚੇ ਪ੍ਰਤੀ ਉਸ ਦੇ ਮਨ ਅੰਦਰ ਜਿਸ ਕਿਸਮ ਦੀ ਕੁੜਿੱਤਣ ਹੈ, ਉਸ ਦਾ ਕੋਈ ਪਾਰਾਵਾਰ ਨਹੀਂ ਹੈ। ਉਸ ਨੂੰ ਤਾਂ ਇਸ ਕੁੱਤੇ ਕੰਮ ਲਈ ਘਰ ਵਿਚ ਰੱਖੇ ਆਪਣੇ ਪਾਲਤੂ ਕੁੱਤੇ ਤੋਂ ਕੁਝ ਸਮੇਂ ਲਈ ਵੱਖ ਰਹਿਣ ਦਾ ਬੇਹੱਦ ਦੁੱਖ ਹੈ। ਬਾਰਦੋ ਲਿਖਦੀ ਹੈ, "ਮੈਨੂੰ ਬੇਪਨਾਹ ਦਰਦ ਮਹਿਸੂਸ ਹੋ ਰਿਹਾ ਸੀ। ਮੈਨੂੰ ਆਪਣੇ ਪਿਆਰੇ ਕੋਕਰ ਸਪੇਨੀਅਲ ਨੂੰ ਪਿੱਛੇ ਘਰ ਛੱਡ ਕੇ ਹਸਪਤਾਲ ਆਉਣ ਲਈ ਮਜਬੂਰ ਹੋਣਾ ਪੈ ਰਿਹਾ ਸੀ।" ਤੇ ਫਿਰ ਬੱਚਾ ਪੈਦਾ ਹੋਣ 'ਤੇ ਡਾਕਟਰ ਪੁੱਤਰ ਪੈਦਾ ਹੋਣ ਦੀ ਸੂਚਨਾ ਦੇਣ ਲਈ ਜਦੋਂ ਖੁਸ਼ੀ ਨਾਲ ਕਿਲਕਾਰੀ ਮਾਰਦੀ ਹੈ ਤਾਂ ਸਰੀਰਕ ਕਮਜ਼ੋਰੀ ਦੇ ਬਾਵਜੂਦ ਬਾਰਦੋ ਉਤਨੇ ਹੀ ਜ਼ੋਰ ਨਾਲ ਉਚੀ ਦੇਣੀ ਇਹ ਕਹਿੰਦਿਆਂ ਚੀਕ ਉਠਦੀ ਹੈ, "ਮੇਰੀ ਜਾਣੇ ਜੁੱਤੀ। ਮੈਂ ਇਸ ਵੱਲ ਤੱਕਣਾ ਵੀ ਨਹੀਂ ਹੈ।" ਬਾਰਦੋ ਦੀ ਜ਼ਿੰਦਗੀ ਅਜੀਬ ਤਰ੍ਹਾਂ ਦੇ ਵਿਰੋਧਾਭਾਸਾਂ ਨਾਲ ਭਰੀ ਹੋਈ ਸੀ। ਉਹ ਸਾਰੀ ਉਮਰ ਪੋਰਨੋਗਰਾਫੀ ਦੇ ਖਿਲਾਫ ਰਹੀ। ਸੈਕਸ ਦੇ ਬਜ਼ਾਰੂ ਵਸਤ ਬਣ ਜਾਣ ਦੇ ਤਸੱਵਰ ਤੋਂ ਹੀ ਉਸ ਨੂੰ ਚਿੜ੍ਹ ਸੀ। ਉਹ ਇਸ ਨੂੰ ਪੱਛਮੀ ਸਭਿਅਤਾ ਜਾਂ ਫਰਾਂਸ ਦੀਆਂ ਮਹਾਨ ਕਦਰਾਂ ਦਾ ਨਿਖੇਧ ਮੰਨਦੀ ਸੀ ਅਤੇ ਇਸ 'ਤੇ ਉਹ ਦੁਖੀ ਹੁੰਦੀ ਸੀ। ਇਕ ਜਗ੍ਹਾ 'ਤੇ ਗਰਭ ਰੋਕੂ ਗੋਲੀਆਂ ਦੀ ਖੁੱਲ੍ਹੇਆਮ ਵਰਤੋਂ 'ਤੇ ਅਫਸੋਸ ਪ੍ਰਗਟ ਕਰਦਿਆਂ ਉਹ ਲਿਖਦੀ ਹੈ, "ਮਾੜੀ ਗੱਲ ਹੈ, ਸਾਡੀਆਂ ਕੁੜੀਆਂ ਅੱਜਕੱਲ੍ਹ ਸੈਕਸ ਦੇ ਮਿਸਟੀਕ ਨੂੰ ਕੋਈ ਅਹਿਮੀਅਤ ਹੀ ਨਹੀਂ ਦਿੰਦੀਆਂ। ਉਹ ਮਰਦਾਂ ਦੀ ਬੇਹੂਦਾ ਰੀਸ ਕਰਨ ਲੱਗ ਪਈਆਂ ਹਨ। ਉਹ ਮੌਕਾ ਮਿਲਦੇ ਹੀ ਆਪਣੇ ਜਿਸਮ ਨੂੰ ਮਰਦਾਂ ਦੇ ਹਵਾਲੇ ਇਤਨੀ ਮੌਜ ਨਾਲ ਕਰ ਦਿੰਦੀਆਂ ਹਨ, ਜਿਤਨੀ ਮੌਜ ਨਾਲ ਅਸੀਂ ਆਪਣੇ ਜ਼ਮਾਨੇ ਵਿਚ ਡਨਹਿੱਲ ਦੀ ਸਿਗਰਟਾਂ ਵੀ ਨਹੀਂ ਪੀਂਦੇ ਸਾਂ। ਇਨਸਾਨੀ ਜੀਵਨ ਦੀ ਸ਼ਾਨ ਅਤੇ ਸਾਰਾ ਰਹੱਸ ਹੀ ਜਾਂਦਾ ਰਿਹਾ ਹੈ ਜੋ ਨਿਸ਼ਚੇ ਹੀ ਗਹਿਰੀ ਚਿੰਤਾ ਦਾ ਲਖਾਇਕ ਹੈ।"

ਪਿਛਲੇ ਸਾਲ ਮੈਂ ਆਪਣੇ ਨੌਜਵਾਨ ਮਿੱਤਰ ਧਰਮਜੀਤ ਦੇ ਹੱਥ ਮਹਾਨ ਮਾਰਕਸਵਾਦੀ ਚਿੰਤਕ ਜਾਰਜ ਲੁਕਾਚ ਵਲੋਂ ਕੀਤੇ ਨੀਤਸ਼ੇ ਦਰਸ਼ਨ ਦੇ ਕ੍ਰਿਟੀਕ ਨਾਲ ਬਾਰਦੋ ਦੀ ਜੀਵਨੀ ਅਤੇ ਕਈ ਸਾਲ ਪਹਿਲਾਂ ਛਪਿਆ ਸੁਸੰਨਾ ਹਰਬਰਟ ਦਾ ਰਿਵਿਊ ਜਦੋਂ ਸੌਂਪਿਆ ਤਾਂ ਪੜ੍ਹ ਕੇ ਉਹ ਸਾਰਾ ਦਿਨ ਬਾਰਦੋ ਦੀ ਸ਼ਖਸੀਅਤ ਦੇ 'ਆਊਟਸਾਈਡਰ ਆਯਾਮਾਂ' ਬਾਰੇ ਗੱਲਾਂ ਕਰਦਿਆਂ ਧੰਨ-ਧੰਨ ਕਰੀ ਗਿਆ ਸੀ। ਦੂਜੇ ਪਾਸੇ ਮੈਨੂੰ ਇਹ ਤਸੱਲੀ ਸੀ ਕਿ ਮੇਰੀ ਗੱਲ ਆਖਰ ਕਿਸੇ ਦੇ ਗੇੜ ਵਿਚ ਤਾਂ ਆਈ। ਵੱਡੀ ਗੱਲ ਇਹ ਹੈ ਕਿ ਮੈਨੂੰ ਅਤੇ ਮੇਰੇ ਇਸ ਅਜ਼ੀਜ਼, ਸਾਨੂੰ ਦੋਵਾਂ ਨੂੰ ਬਾਰਦੋ ਦੇ ਆਪਣੇ ਅੰਦਰ ਸੰਤ ਫਰਾਂਸਿਸ ਦੀ ਆਤਮਾ ਦੇ ਵਾਸ ਹੋਣ ਬਾਰੇ ਦਾਅਵੇ 'ਤੇ ਕੋਈ ਇਤਰਾਜ਼ ਨਹੀਂ ਸੀ।

(ਚਲਦਾ)

# ਦੇਸੀ ਕੁੜੀ

***ਪੰਜਾਬ ਦੇ ਪਰਦੇਸੀਆਂ ਨੂੰ ਪਰਾਈ ਧਰਤੀ ਨੇ ਬੜਾ ਕੁਝ ਦਿੱਤਾ ਹੈ ਜਿਸ ਨਾਲ ਰਵਾਂ ਜ਼ਿੰਦਗੀ ਲਈ ਅਨੇਕਾਂ ਰਾਹ ਹੀ ਨਹੀਂ ਖੁੱਲ੍ਹੇ, ਸਗੋਂ ਹੋਰ ਵੀ ਮੋਕਲੇ ਹੋ ਗਏ; ਪਰ ਇਹ ਅਹਿਸਾਸ ਵੀ ਹਰ ਮੋੜ ਉਤੇ ਐਨ ਸਿੱਧਾ ਆਣ ਟੱਕਰਿਆ ਕਿ ਵਰ੍ਹਿਆਂ ਬਾਅਦ ਵੀ ਜ਼ਿੰਦਗੀ ਦੇ ਇਸ ਬੂਟੇ ਦੀਆਂ ਜੜ੍ਹਾਂ ਧਰਤੀ ਵਿਚ ਨਹੀਂ ਲੱਗ ਸਕੀਆਂ, ਬਲਕਿ ਇਹ ਸਦਾ ਹਵਾ ਵਿਚ ਲਟਕਦਾ ਮਹਿਸੂਸ ਹੋਇਆ ਹੈ। ਰਾਠੇਸ਼ਵਰ ਸਿੰਘ ਸੂਰਾਪੁਰੀ ਦੀ ਕਹਾਣੀ 'ਦੇਸੀ ਕੁੜੀ' ਇਸੇ ਰੰਗ ਦੀ ਰਚਨਾ ਹੈ ਜਿਸ ਵਿਚ ਮਾਪਿਆਂ ਦੇ ਚਾਅ, ਬੱਚਿਆਂ ਦੇ 'ਪਿਆਰ' ਦੇ ਬੁੱਲੇ ਅੱਗੇ ਤੀਲਾ-ਤੀਲਾ ਹੋ ਜਾਂਦੇ ਹਨ। ਇਸ ਵਿਚ ਪੀੜ੍ਹੀ ਪਾੜੇ ਦਾ ਦਰਦ ਤਾਂ ਹੈ ਹੀ, ਪਰਾਈ ਧਰਤ ਉਤੇ ਖੁਰ ਰਹੀਆਂ ਕਦਰਾਂ-ਕੀਮਤਾਂ ਦਾ ਝੋਰਾ ਵੀ ਹੈ। -ਸੰਪਾਦਕ***

## ਕਹਾਣੀ



**ਰਾਠੇਸ਼ਵਰ ਸਿੰਘ ਸੂਰਾਪੁਰੀ**
ਫੋਨ: 916-969-9337

ਪ੍ਰੀਤਮ ਕੌਰ ਦੇਖਦੇ ਹੀ ਦੇਖਦੇ ਜ਼ਨਾਨੀਆਂ ਦੀਆਂ ਬਾਹਾਂ ਵਿਚ ਲੁੜਕ ਗਈ। ਲਾਲ ਕੱਪੜੇ ਅਤੇ ਸੁਨਹਿਰੀ ਗੋਟੇ ਨਾਲ ਸ਼ਿੰਗਾਰੀ ਸ਼ਗਨਾਂ ਦੀ ਗੜਵੀ ਹੱਥੋਂ ਛੁੱਟ ਕੇ ਉਸ ਦੇ ਪਤੀ ਪੂਰਨ ਸਿੰਘ ਦੇ ਪੈਰਾਂ ਵਿਚ ਜਾ ਡਿੱਗੀ। ਉਸ ਨੇ ਝੱਟ-ਪੱਟ ਸਹਾਰਾ ਦੇ ਕੇ ਆਪਣੀ ਪਤਨੀ ਨੂੰ ਸੰਭਾਲਦਿਆਂ ਅੰਦਰ ਸੋਫ਼ੇ 'ਤੇ ਲਿਟਾ ਦਿੱਤਾ। ਹੁਣ ਉਹ ਚੁੱਪ-ਚਾਪ, ਟੱਡੀਆਂ ਹੋਈਆਂ ਅੱਖਾਂ ਨਾਲ ਟਿਕਟਿਕੀ ਲਗਾਈ, ਛੱਤ 'ਤੇ ਘੁੰਮਦੇ ਪੱਖੇ ਵੱਲ ਦੇਖੀ ਜਾ ਰਹੀ ਸੀ। ਅੱਖਾਂ ਦੇ ਕੋਇਆਂ ਵਿਚੋਂ ਹੰਝੂਆਂ ਦੀਆਂ ਘਰਾਲ਼ਾਂ ਵਗ ਕੇ ਤਕੀਆ ਭਿਉਂ ਰਹੀਆਂ ਸਨ। ਪੂਰਨ ਸਿੰਘ ਉਸ ਦੇ ਸਿਰਹਾਣੇ ਨੀਵੀਂ ਪਾਈ ਬੈਠਾ ਪੈਰਾਂ ਦੇ ਅੰਗੂਠਿਆਂ ਨਾਲ ਫ਼ਰਸ਼ ਖੁਰਚ ਰਿਹਾ ਸੀ, ਜਿਵੇਂ ਕੋਈ ਗੁਆਚੀ ਕੀਮਤੀ ਚੀਜ਼ ਭਾਲ਼ ਰਿਹਾ ਹੋਵੇ। ਦੋਵਾਂ ਦੇ ਹਿਰਦਿਆਂ ਵਿਚ ਵਿਚਾਰਾਂ ਦਾ ਜਵਾਰ-ਭਾਟਾ ਛੱਲਾਂ ਮਾਰ ਰਿਹਾ ਸੀ।

ਉਨ੍ਹਾਂ ਦੇ ਲਾਡਲੇ ਪੁੱਤਰ ਤਰਸੇਮ ਸਿੰਘ ਦੇ ਵਿਆਹ ਦੀਆਂ ਸਾਰੀਆਂ ਰਸਮਾਂ ਚੰਗੀਆਂ-ਭਲੀਆਂ ਨੇਪਰੇ ਚੜ੍ਹ ਗਈਆਂ ਸਨ। ਹੁਣ ਤਾਂ ਬੱਸ, ਨਵੀਂ ਬਹੂ ਦੇ ਗ੍ਰਹਿ ਪ੍ਰਵੇਸ਼ ਦੀ ਤਿਆਰੀ ਲਈ ਸੁਆਣੀਆਂ ਡੋਲ਼ੀ ਦੀ ਉਡੀਕ ਕਰ ਰਹੀਆਂ ਸਨ। ਫ਼ੁੱਲਾਂ ਨਾਲ ਲੱਦੀ ਦੁੱਧ ਚਿੱਟੀ ਲਿੰਮੋਜ਼ਿਨ ਕਾਰ ਗੇਟ ਮੂਹਰੇ ਆ ਕੇ ਖੜੋ ਗਈ। ਆਖ਼ਿਰ ਉਹ ਸੁਲੱਖਣੀ ਘੜੀ ਆਣ ਪਹੁੰਚੀ ਸੀ ਜਿਸ ਦੀ ਹਰ ਮਾਂ-ਪਿਉ ਨੂੰ ਉਡੀਕ ਰਹਿੰਦੀ ਆ। ਸਭ ਦੀਆਂ ਨਜ਼ਰਾਂ ਗੱਡੀ 'ਚੋਂ ਬਾਹਰ ਆਉਣ ਵਾਲੇ ਲਾੜਾ-ਲਾੜੀ ਵੱਲ ਲੱਗੀਆਂ ਹੋਈਆਂ ਸਨ। ਜਿਉਂ ਹੀ ਕਾਰ ਵਿਚੋਂ ਉਤਰੇ ਪੂਰਨ ਸਿੰਘ ਨੇ ਪ੍ਰੀਤਮ ਕੌਰ ਨੂੰ ਕੁੱਝ ਦੱਸਿਆ, ਇਹ ਭਾਣਾ ਵਾਪਰ ਗਿਆ!

ਵਿਆਹ ਦੇ ਕਈ ਸਾਲ ਬੀਤ ਜਾਣ ਪਿਛੋਂ ਵੀ ਪ੍ਰੀਤਮ ਕੌਰ ਦੇ ਕੋਈ ਔਲਾਦ ਨਹੀਂ ਸੀ ਹੋਈ। ਔਲਾਦ ਲਈ ਉਸ ਨੇ ਪਤਾ ਨਹੀਂ ਕਿੰਨੀਆਂ ਕੁ ਸੁੱਖਣਾ ਸੁੱਖੀਆਂ, ਰਾਤ-ਬਰਾਤੇ ਚੌਰਾਹਿਆਂ ਵਿਚ ਝਾੜੂ ਦਿਤਾ, ਮੱਛੀਆਂ ਨੂੰ ਆਟੇ ਦੀਆਂ ਗੋਲ਼ੀਆਂ ਪਾਈਆਂ, ਗਊਆਂ ਨੂੰ ਪੇੜਾ ਚਾਰਿਆ, ਸਾਧੂ-ਸੰਤਾਂ ਨੂੰ ਪ੍ਰਸ਼ਾਦਾ ਛਕਾਇਆ-ਜੋ ਵੀ ਕਿਸੇ ਨੇ ਆਖਿਆ, ਉਸ ਕੀਤਾ। ਅੰਤ ਡਾਕਟਰੀ ਇਲਾਜ ਨਾਲ ਕਿਤੇ ਜਾ ਕੇ ਮਸੀਂ ਉਸ ਦੀ ਗੋਦ ਹਰੀ ਹੋਈ ਤੇ ਪੂਰੇ ਸੱਤ ਸਾਲ ਬਾਅਦ ਪਰਮਾਤਮਾ ਨੇ ਪੁੱਤਰ ਦੀ ਦਾਤ ਬਖ਼ਸ਼ੀ। ਬੜੇ ਹੀ ਤਰਸੇਵੇਂ ਬਾਅਦ ਮਿਲੇ ਪੁੱਤਰ ਦਾ ਨਾਂ ਉਨ੍ਹਾਂ ਤਰਸੇਮ ਸਿੰਘ ਹੀ ਰੱਖ ਲਿਆ।

ਪ੍ਰੀਤਮ ਕੌਰ ਨੂੰ ਤਾਂ ਹੁਣ ਜਿਵੇਂ ਕਾਰੂੰ ਦਾ ਖ਼ਜ਼ਾਨਾ ਮਿਲ ਗਿਆ ਹੋਵੇ! ਦਿਨਾਂ ਵਿਚ ਹੀ ਉਸ ਦੇ ਚਿਹਰੇ 'ਤੇ ਨਿਖ਼ਾਰ ਆ ਗਿਆ। ਆਪਣੇ ਪੁੱਤਰ ਦਾ ਉਹ ਭੋਰਾ ਵਸਾਹ ਨਹੀਂ ਸੀ ਕਰਦੀ। ਪੂਰਨ ਸਿੰਘ ਨੂੰ ਵੀ ਆਪਣੇ ਵੰਸ਼ ਦੇ ਅੱਗੇ ਚੱਲਦੇ ਰਹਿਣ ਦੀ ਆਸ ਬੱਝ ਗਈ ਸੀ।

ਉਨ੍ਹਾਂ ਦੋਵਾਂ ਨੂੰ ਹੁਣ ਉਹ ਦਿਨ ਯਾਦ ਆ ਰਹੇ ਹਨ, ਜਦੋਂ ਤੋਤਲੀਆਂ-ਤੋਤਲੀਆਂ ਗੱਲਾਂ ਕਰਦਾ ਤਰਸੇਮ ਪੜ੍ਹਨ ਜਾਣ ਲੱਗ ਪਿਆ ਸੀ। ਪੂਰਨ ਸਿੰਘ ਉਸ ਨੂੰ ਉਂਗਲੀ ਲਾ ਸਕੂਲੇ ਛੱਡ ਆਉਂਦਾ ਤੇ ਛੁੱਟੀ ਹੋਣ ਤੋਂ ਘੰਟਾ ਪਹਿਲਾਂ ਹੀ ਸਕੂਲ ਦੇ ਮੈਦਾਨ ਵਿਚ ਲੱਗੀ ਟਾਹਲੀ ਦੀ ਛਾਂਵੇਂ ਜਾ ਬੈਠਦਾ। ਜਿਉਂ ਹੀ ਤਰਸੇਮ ਬਾਹਰ ਆਉਂਦਾ, ਉਸ ਦਾ ਬਸਤਾ ਫੜ, ਘਨੇੜੀ ਚੁੱਕ ਕੇ ਘਰ ਵੱਲ ਤੁਰ ਪੈਂਦਾ।

ਇਕ ਦਿਨ ਖੇਤਾਂ ਵਿਚ ਭੱਤਾ ਲੈ ਕੇ ਗਈ ਪ੍ਰੀਤਮ ਕੌਰ ਨੂੰ ਪੂਰਨ ਸਿੰਘ ਕਹਿਣ ਲੱਗਾ, "ਤਰਸੇਮ ਦੀ ਬੀਬੀ! ਤੂੰ ਮੁੰਡੇ ਦੇ ਖਾਣ-ਪੀਣ ਦਾ ਖਿਆਲ ਰੱਖਿਆ ਕਰ, ਹੱਡੀਂ-ਪੈਰੀਂ ਤਾਂ ਬਥੇਰਾ ਖੁੱਲ੍ਹਾ ਜਾਪਦੈ, ਲਗਦੈ ਛੇਤੀ ਕੱਦ ਕੱਢ ਜੂ, ਨਾਲੇ ਮੈਨੂੰ ਭੋਰਾ 'ਰਾਮ ਹੋਜੂ।"

"ਨਾ ਖਾਣ-ਪੀਣ ਨੂੰ ਤੈਂ ਘਰ 'ਬੂਰੀ' ਬੰਨ੍ਹੀਂ ਆਂ?" ਆਖ ਕੇ ਪ੍ਰੀਤਮ ਕੌਰ ਨੀਵੀਂ ਪਾ ਕੇ ਬੈਠ ਗਈ। ਪਾਣੀ ਦੇ ਘੁੱਟ ਨਾਲ ਬੁਰਕੀ ਅੰਦਰ ਲੰਘਾਉਂਦਾ ਪੂਰਨ ਸਿੰਘ ਗਿਣਤੀਆਂ-ਮਿਣਤੀਆਂ ਵਿਚ ਪੈ ਗਿਆ। ਅਜੇ ਤਾਂ ਆੜ੍ਹਤੀ ਦਾ ਕਰਜ਼ਾ ਸਿਰ ਸੀ। ਖਾਦ ਵੀ ਉਧਾਰੀ ਚੁੱਕੀ ਹੋਈ ਸੀ। ਫ਼ਸਲ ਵੱਲ ਨਿਗ੍ਹਾ ਮਾਰਦਿਆਂ ਉਸ ਨੇ ਉਪਰ ਵਲ ਮੂੰਹ ਕਰ, ਦੋਵੇਂ ਹੱਥ ਜੋੜ ਅਰਜ਼ੋਈ ਕੀਤੀ, "ਐਤਕਾਂ ਮਿਹਰ ਕਰੀਂ ਦਾਤਿਆ! ਕਿਤੇ ਫੇਰ ਨਾ ਪੱਕੀ-ਪਕਾਈ ਫਸਲ ਖਰਾਬ ਕਰ ਦੇਈਂ।"

ਪੂਰਨ ਸਿੰਘ ਦਿਨ-ਰਾਤ ਖੇਤਾਂ ਵਿਚ ਮਿਹਨਤ ਕਰਦਾ, ਤੇ ਘਰ ਪ੍ਰੀਤਮ ਕੌਰ ਆਪਣੇ ਪੁੱਤਰ ਦੇ ਪਾਲਣ-ਪੋਸਣ ਵਿਚ ਕੋਈ ਕਸਰ ਨਹੀਂ ਸੀ ਛੱਡ ਰਹੀ। ਉਹ ਆਪ ਤਾਂ ਭਾਵੇਂ ਰੁੱਖੀ-ਸੁੱਖੀ ਖਾ ਕੇ ਅਤੇ ਘਸਿਆ-ਪਿਟਿਆ ਪਹਿਨ ਕੇ ਗੁਜ਼ਾਰਾ ਕਰ ਲੈਂਦੀ, ਪਰ ਪੁੱਤਰ ਨੂੰ ਹੀਣੇਪਨ ਦਾ ਅਹਿਸਾਸ ਨਹੀਂ ਸੀ ਹੋਣ ਦੇਣਾ ਚਾਹੁੰਦੀ। ਜਦ ਤਰਸੇਮ ਚੰਗੇ ਲੀੜੇ ਪਾ ਕੇ ਬਾਹਰ ਖੇਡਣ ਜਾਂਦਾ ਤਾਂ ਉਸ ਨੂੰ ਨਜ਼ਰ-ਟਪਾਰ ਤੋਂ ਬਚਾਉਣ ਲਈ, ਤਵੇ ਦੇ ਪੁੱਠੇ ਪਾਸੇ ਉਂਗਲੀ ਘਸਾ ਕੇ, ਉਸ ਦੇ ਕਾਲਖ ਦਾ ਟਿੱਕਾ ਲਾ ਕੇ ਤੋਰਦੀ।

ਤੇ ਹੁਣ ਪ੍ਰੀਤਮ ਕੌਰ ਦੇ ਸਿਰਹਾਣੇ ਬੈਠਾ ਪੂਰਨ ਸਿੰਘ, ਆਪਣੇ ਮੱਥੇ 'ਤੇ ਹੱਥ ਮਾਰ ਕੇ ਕਹਿਣ ਲੱਗਾ, "ਜੇ ਉਥੇ ਸਰਦਾ ਹੁੰਦਾ ਤਾਂ ਆਹ ਬਾਹਰ ਆਉਣ ਦਾ ਅੱਕ ਮੈਂ ਕਾਹਨੂੰ ਚੱਬਣਾ ਸੀ। ਮੈਂ ਇੱਥੇ 'ਕੱਲੇ ਨੇ ਅੱਠ ਸਾਲ ਦਾ ਬਣਵਾਸ ਕੱਟਿਆ, ਤੂੰ ਓਥੇ ਵੱਖਰੀ ਖੱਜਲ ਹੁੰਦੀ ਰਈ", ਆਖ਼ ਪੂਰਨ ਸਿੰਘ ਦੀਆਂ ਅੱਖਾਂ 'ਚ ਪਾਣੀ ਆ ਗਿਆ। "ਜੇ ਆਹੀ ਦਿਨ ਦੇਖਣੇ ਸੀ ਤਾਂ...", ਕਹਿੰਦਿਆਂ ਉਸ ਦੀ ਘਿੱਗੀ ਬੱਝ ਗਈ। ਪ੍ਰੀਤਮ ਕੌਰ ਉਸ ਦਾ ਹੱਥ ਫੜ ਕੇ ਪਲੋਸਣ ਲੱਗ ਪਈ, ਪਰ ਬੋਲਿਆ ਉਹਤੋਂ ਵੀ ਕੁੱਝ ਨਾ ਗਿਆ।

ਪੂਰਨ ਸਿੰਘ ਜੋ ਚਾਰ ਸਿਆੜ ਉਸ ਦੇ ਹਿੱਸੇ ਆਏ ਸਨ, ਵੇਚ ਕੇ ਅਮਰੀਕਾ ਆ ਗਿਆ ਸੀ। ਇਥੇ ਆ ਕੇ ਉਸ ਨੇ ਖੇਤਾਂ ਵਿਚ ਮਜ਼ਦੂਰੀ ਕੀਤੀ। ਕਈ ਸਾਲਾਂ ਦੀ ਜੱਦੋਜਹਿਦ ਪਿਛੋਂ ਸਿਆਸੀ ਪਨਾਹ ਮਿਲੀ ਤਾਂ ਆਪਣੇ ਪਰਿਵਾਰ ਨੂੰ ਵੀ ਇੱਥੇ ਮੰਗਵਾ ਲਿਆ। ਤਰਸੇਮ ਸਿੰਘ ਨੇ ਇੱਥੇ ਆਉਣ ਤੋਂ ਪਹਿਲਾਂ ਦਸ ਜਮਾਤਾਂ ਪਾਸ ਕਰ ਲਈਆਂ ਸਨ, ਹੁਣ ਕਾਲਜ ਜਾਣ ਲੱਗ ਪਿਆ। ਖਰਚੇ ਬਹੁਤ ਵਧ ਗਏ ਸਨ ਤੇ ਕਮਾਉਣ ਵਾਲੀ ਸੀ 'ਕੱਲੀ ਜਾਨ! ਗੁਜ਼ਾਰਾ ਹੋਣਾ ਮੁਸ਼ਕਿਲ ਹੋ ਰਿਹਾ ਸੀ। ਪ੍ਰੀਤਮ ਕੌਰ ਨੂੰ ਇਕ ਦਿਨ ਗੁਰਦੁਆਰੇ ਕਿਸੇ ਜ਼ਨਾਨੀ ਨੇ ਇਕ ਪਰਚਾ ਪੜ੍ਹਦਿਆਂ ਦੱਸਿਆ ਕਿ ਇਕ ਡਾਕਟਰ ਜੋੜੇ ਨੂੰ ਘਰੇਲੂ ਕੰਮ ਅਤੇ ਬੱਚਿਆਂ ਦੀ ਦੇਖ-ਭਾਲ ਲਈ ਕਿਸੇ ਪੰਜਾਬੀ ਔਰਤ ਦੀ ਲੋੜ ਹੈ। ਉਸ ਇਹ ਨੌਕਰੀ ਕਰ ਲਈ ਤੇ ਗ੍ਰਹਿਸਥ ਦੀ ਗੱਡੀ ਲੀਹੇ ਪੈ ਕੇ ਸਾਵੀਂ-ਪੱਧਰੀ ਤੁਰਨ ਜੋਗੀ ਹੋ ਗਈ।

ਤਰਸੇਮ ਵਾਕਿਆ ਹੀ ਹੱਡੀਂ-ਪੈਰੀਂ ਖੁੱਲ੍ਹਾ ਨਿਕਲਿਆ ਸੀ, ਤੇ ਕੱਦ ਵੀ ਸੋਹਣਾ ਕਰ ਗਿਆ। ਤਰਸੇਮ ਹੁਣ ਹੌਂਡਾ ਕਾਰ 'ਤੇ ਪੜ੍ਹਨ ਜਾਂਦਾ ਤੇ ਪੜ੍ਹਾਈ ਵੀ ਮਨ ਲਗਾ ਕੇ ਕਰ ਰਿਹਾ ਸੀ। ਗੁਰਦੁਆਰੇ ਜ਼ਨਾਨੀਆਂ ਜਦੋਂ ਕਦੇ ਉਹਦੇ ਰਿਸ਼ਤੇ ਬਾਰੇ ਗੱਲ ਤੋਰਦੀਆਂ ਤਾਂ ਪ੍ਰੀਤਮ ਕੌਰ ਬੜੇ ਨਖ਼ਰੇ ਨਾਲ ਆਖ਼ਦੀ, "ਨਾ ਭੈਣੇ! ਅਜੇ ਤਾਂ ਅਸੀਂ ਮੁੰਡੇ ਨੂੰ ਜੀਨੀਅਰ (ਇੰਜੀਨੀਅਰ) ਬਣਾਣਾ...ਨਾਲ਼ੇ ਵਿਆਹ ਅਸੀਂ ਆਪਣੇ ਭਾਈਚਾਰੇ 'ਚ ਕਰਨਾ, ਇੰਡੀਆ ਜਾ ਕੇ। ਅਸੀਂ ਤਾਂ ਬਹੂ ਉਹ ਲੈ ਕੇ ਆਣੀ ਆਂ ਜਿਹੜੀ ਸਾਡੀ ਭੋਰਾ ਸੇਵਾ ਵੀ ਕਰੇ। ਮੇਰਾ ਮੁੰਡਾ ਤਾਂ ਬਾਹਲਾ ਈ ਸਾਊ ਆ। ਆਹ ਸ਼ੁਰਲੀਆਂ-ਮੁਰਲੀਆਂ ਜਿਹੀਆਂ ਬਿਆਹ ਕੇ ਅਸੀਂ ਕੀ ਕਰਨੀਆਂ।" ਤੇ ਕਦੀ ਇਹ ਗੱਲ ਸੁਣਨ ਵਾਲੀ ਕੋਈ ਜ਼ਨਾਨੀ ਇਹ ਕਹਿ ਕੇ 'ਅਸਮਾਨ ਵੱਲ ਥੁੱਕਿਆਂ ਮੁੜ ਆਪਣੇ ਮੂੰਹ ਚਈ ਪੈਂਦਾ' ਦੂਜੇ ਪਾਸੇ ਮੂੰਹ ਭਵਾ ਲੈਂਦੀ।

ਇਕ ਰਾਤ ਪੂਰਨ ਸਿੰਘ ਨੇ ਪਤਨੀ ਨੂੰ ਆਖਿਆ, "ਪ੍ਰੀਤਮ ਕੁਰੇ! ਮੁੰਡਾ ਹੁਣ ਜਿੰਮ ਜਾਂਦੈ, ਤੇ ਓਨੂੰ ਜਰਾ ਵਾਧੂ ਖੁਰਾਕ ਦੀ ਲੋੜ ਆ, ਇਸ ਗੱਲੋਂ ਕੋਈ ਕਸਰ ਨਾ ਛੱਡੀਂ।"

"ਨਾ ਮੈਨੂੰ ਕੋਈ ਵਿਰਵਾ? ਮੈਂ ਕਿਹੜਾ ਕੋਈ ਹੋਰ ਪਿੱਛੋਂ ਨਾਲ ਲੈ ਕੇ ਆਈ ਆਂ ਬਈ ਦਗੈਜ਼ ਕਰੂੰਗੀ।"

ਮੁੰਡਾ ਸੋਹਣਾ ਸੁਨੱਖਾ ਦਰਸ਼ਨੀ ਜਵਾਨ ਸੀ, ਗੁੜ ਨੂੰ ਮੱਖੀਆਂ ਤਾਂ ਫਿਰ ਆਉਣੀਆਂ ਹੀ ਸਨ! ਹੁਣ ਤਾਂ ਉਸ ਦੀਆਂ ਦੋਸਤ ਕੁੜੀਆਂ, ਘਰ ਵੀ ਆਉਣ ਲੱਗ ਪਈਆਂ ਸਨ। ਕਦੇ ਕੋਈ ਕਾਲ਼ੀ, ਕਦੇ ਮਕਸੀਕਣ, ਕਦੇ ਗੋਰੀ ਆ ਜਾਂਦੀ। ਕੁੱਕੀਆਂ ਨਾਲ ਬਲੈਕ-ਕੌਫ਼ੀ ਪੀਂਦੀਆਂ, ਤੇ ਤਰਸੇਮ ਨਾਲ ਹੱਸਦੀਆਂ-ਖੇਡਦੀਆਂ, ਗੱਲਾਂ-ਬਾਤਾਂ ਮਾਰ ਕੇ ਉਸ ਦੀ ਮਾਂ ਨੂੰ ਆਉਣ-ਜਾਣ ਵੇਲੇ ਬੱਸ, ਹਾਏ-ਬਾਏ ਕਰ ਜਾਂਦੀਆਂ।

ਪ੍ਰੀਤਮ ਕੌਰ ਅਕਸਰ ਆਪਣੇ ਪਤੀ ਨਾਲ ਇਹ ਕਥਾ ਛੇੜ ਕੇ ਬੈਠ ਜਾਂਦੀ, "ਨਾ ਇਨ੍ਹਾਂ ਨਖ਼ੱਸਮੀਆਂ ਨੂੰ ਪੁੱਛਣ ਵਾਲਾ ਕੋਈ ਨ੍ਹੀਂ? ਅੱਧੀ-ਅੱਧੀ ਰਾਤ ਤੱਕ ਘਰੋਂ ਬਾਰ੍ਹ ਤੁਰੀਆਂ ਫਿਰਦੀਆਂ...ਮਾਪੇ ਪੁੱਛਦੇ ਨ੍ਹੀਂ ਇਨ੍ਹਾਂ ਨੂੰ, ਪਈ ਕਿੱਥੋਂ ਆਈ ਆਂ ਐਸ ਵੇਲੇ?"

"ਤੈਨੂੰ ਕਿੰਨੀ ਵਾਰ ਸਮਝਾਇਆ, ਪਈ ਤੈਂ ਲੈਣਾ ਕੀ ਆ ਇਨ੍ਹਾਂ ਗੱਲਾਂ 'ਚੋਂ...ਹੈਂ? ਤੇਰਾ ਤਾਂ ਮੁੰਡਾ, ਤੇਰੀ ਕੇੜ੍ਹਾ ਕੁੜੀ ਆ। ਮੁੜ-ਮੁੜ ਓਹੀ ਘਾਣੀ ਛੇੜ ਕੇ ਬਹਿ ਜਾਨੀ ਆਂ।" ਆਖ਼ ਕੇ ਪੂਰਨ ਸਿੰਘ ਨੇ ਮੂੰਹ 'ਤੇ ਚਾਦਰ ਲੈ ਲਈ।

"ਤੈਨੂੰ ਓਦਣ ਪਤਾ ਲੱਗੂ ਜਿੱਦਣ ਕੋਈ ਕਾਲੀ-ਪੀਲੀ ਜਈ ਲਿਆ ਕੇ ਤੇਰੇ ਘਰ ਬਠਾਲ ਤੀ। ਖਾ ਲਈਂ ਫੇਰ ਓਦ੍ਹੀਆਂ ਪੱਕੀਆਂ...ਐਨੀਂ ਬਾਰ ਕਿਹਾ, ਬਈ ਮੁੰਡੇ ਨਾਲ ਗੱਲ ਕਰ, ਪਈ ਸਾਨੂੰ ਤਾਂ ਕੋਈ 'ਦੇਸੀ ਕੁੜੀ' ਚਾਈਦੀ ਐ, ਜਿਹੜੀ ਸਾਡਾ ਵੀ ਖਿਆਲ ਕਰੇ।" ਪ੍ਰੀਤਮ ਸਿੰਘ ਦੇ ਘੁਰਾੜੇ ਸੁਣ ਕੇ ਬੁੜਬੁੜ ਕਰਦੀ ਉਹ ਵੀ ਬੱਖ ਲੈ ਕੇ ਪੈ ਗਈ।

ਇਹ ਦੇਸੀ ਕੁੜੀ ਵਾਲੀ ਗੱਲ ਮੁੰਡੇ ਨਾਲ ਇਕ ਦਿਨ ਪ੍ਰੀਤਮ ਕੌਰ ਨੇ ਆਪ ਹੀ ਛੇੜ ਲਈ, "ਦੇਖ ਕਾਕਾ! ਆਹ ਫਰੈਂਡਾਂ-ਫਰੂੰਡਾਂ ਤੂੰ ਜਿੰਨੀਆਂ ਮਰਜੀ ਆ ਬਣਾਈ ਜਾਹ, ਪਰ ਮੇਰੀ ਇਕ ਗੱਲ ਧਿਆਨ ਲਾ ਕੇ ਸੁਣ, ਬਹੂ ਮੈਨੂੰ ਦੇਸੀ ਚਾਈਦੀ ਆ ਨਹੀਂ ਤਾਂ ਮੇਰਾ...।"

"ਮੇਰਾ ਮਰੀ ਦਾ ਮੂੰਹ ਦੇਖੇਂਗਾ, ਇਹੋ ਕਹਿਣਾ ਚਾਹੁੰਦੇ ਆਂ ਨਾ ਤੁਸੀਂ? ਵਿਆਹ ਮੈਂ ਬੀਬੀ! ਦੇਸੀ ਕੁੜੀ ਨਾਲ ਈ ਕਰਾਊਂਗਾ...ਹੁਣ ਤਾਂ ਖੁਸ਼ ਐਂ ਨਾ?" ਆਖ਼ ਕੇ ਤਰਸੇਮ ਸਿੰਘ ਨੇ ਆਪਣੀ ਮਾਂ ਨੂੰ ਕਲ਼ਾਵੇ ਵਿਚ ਲੈ ਲਿਆ।

ਹੌਲੀ-ਹੌਲੀ ਤਰਸੇਮ ਦੀਆਂ ਪਹਿਲੀਆਂ ਦੋਸਤ ਕੁੜੀਆਂ ਦਾ ਆਉਣ-ਜਾਣ ਘਟਦਾ-ਘਟਦਾ ਬੰਦ ਹੀ ਹੋ ਗਿਆ। ਤਰਸੇਮ ਦਾ ਇੰਜੀਨੀਅਰਿੰਗ ਦਾ ਕੋਰਸ ਵੀ ਪੂਰਾ ਹੋ ਗਿਆ ਸੀ। ਉਸ ਦੀ ਗਰੈਜੂਏਸ਼ਨ 'ਤੇ ਪੂਰਨ ਸਿੰਘ ਤੇ ਪ੍ਰੀਤਮ ਕੌਰ ਵੀ ਗਏ। ਵੱਡੇ ਸਿਨੇਮਾ ਹਾਲ ਵਰਗੇ ਹਾਲ ਵਿਚ ਹੋਰ ਵੀ ਬਹੁਤ ਸਾਰੇ ਲੋਕ ਫ਼ੁੱਲਾਂ ਦੇ ਗੁਲਦਸਤੇ ਲੈ ਕੇ ਪਹੁੰਚੇ ਹੋਏ ਸਨ। ਇਕ ਸਕਰੀਨ 'ਤੇ ਕਾਲਜ ਬਾਰੇ, ਸਟਾਫ਼ ਬਾਰੇ ਤੇ ਗਰੈਜੂਏਟ ਹੋਣ ਜਾ ਰਹੇ ਬੱਚਿਆਂ ਬਾਰੇ ਜਾਣਕਾਰੀ ਦਿੱਤੀ ਜਾ ਰਹੀ ਸੀ। ਆਪਣੇ-ਆਪਣੇ ਬੱਚਿਆਂ ਦੀ ਹੌਸਲਾ-ਅਫਜ਼ਾਈ ਲਈ ਸਾਰੇ ਤਾੜੀਆਂ ਮਾਰਦੇ ਹੂਟਿੰਗ ਕਰ ਰਹੇ ਸਨ। ਜਦੋਂ ਪਗੜੀ ਸਜਾਈ, ਛੇ ਫੁੱਟ ਉਚਾ ਭਰਵੇਂ ਜੁੱਸੇ ਵਾਲ਼ਾ ਗਭਰੂ, ਤਰਸੇਮ ਸਿੰਘ ਕਾਲ਼ਾ ਗਾਊਨ ਪਾਈ ਆਪਣੀ ਡਿਗਰੀ ਲੈਣ ਪਹੁੰਚਿਆ ਤਾਂ ਉਸ ਦੇ ਦੋਸਤਾਂ 'ਚੋਂ ਇਕ ਨੇ ਉਚੀ ਆਵਾਜ਼ ਵਿਚ ਕਿਹਾ 'ਸਿੰਘ ਇਜ਼ ਕਿੰਗ।' ਸੁਣ ਕੇ ਪੂਰਨ ਸਿੰਘ ਦਾ ਮਾਣ ਨਾਲ ਸੀਨਾ ਹੋਰ ਵੀ ਚੌੜਾ ਹੋ ਗਿਆ।

ਤਰਸੇਮ ਸਿੰਘ ਨੂੰ ਹੁਣ ਇਕ ਵੱਡੀ ਕੰਪਨੀ ਵਿਚ ਨੌਕਰੀ ਮਿਲ ਗਈ ਸੀ। ਉਸ ਦੀ ਤਨਖ਼ਾਹ ਬਾਰੇ ਸੁਣ ਕੇ ਤਾਂ ਪੂਰਨ ਸਿੰਘ ਅਵਾਕ ਹੀ ਰਹਿ ਗਿਆ ਸੀ!

"ਪ੍ਰੀਤਮ ਕੁਰੇ ਆਪਾਂ ਤਾਂ ਹੁਣ ਪਿੰਡ ਕੋਠੀ ਪਾ ਕੇ ਉਥੇ ਈ ਰਹਾਂਗੇ।" ਪੂਰਨ ਸਿੰਘ ਨੂੰ ਲੱਗਾ, ਹੁਣ ਦਿਨ ਫਿਰ ਗਏ ਹਨ।

"ਆਪਣੇ ਪਿੰਡ ਦੀ ਨੈਰ੍ਹ ਕੰਢੇ, ਕਿਸੇ ਤੋਂ ਚਾਰ ਕਿੱਲੇ ਬੈਅ ਲੈ ਕੇ ਬਚਾਲੇ ਕੋਠੀ ਪਾਮਾਂਗੇ...ਦਾਦੇ ਮਗਾਣੀ ਬਥੇਰੀ ਤੰਗੀ ਕੱਟੀ ਆ ਪੈਲ੍ਹਾਂ। ਮੈਂ ਤਾਂ ਹੁਣ ਬਣ-ਠਣ ਕੇ ਰਿਹਾ ਕਰੂੰ। ਗੁਜਾਰੇ ਜੋਗੇ ਪੈਸੇ ਤਾਂ ਮੁੰਡੇ ਨੇ ਭੇਜ ਈ ਦਿਆ ਕਰਨੇ ਆਂ!" ਪ੍ਰੀਤਮ ਕੌਰ ਵੀ ਡਾਢੀ ਖੁਸ਼ ਸੀ।

ਤਰਸੇਮ ਸਿੰਘ ਨੇ ਪੰਦਰੀਂ ਦਿਨੀਂ ਜਦ ਆਪਣੀ ਪਹਿਲੀ ਤਨਖ਼ਾਹ ਦਾ ਚੈਕ ਲਿਆ ਕੇ ਆਪਣੇ ਪਿਓ ਨੂੰ ਫੜਾਇਆ ਤਾਂ ਪੂਰਨ ਸਿੰਘ ਨੂੰ ਲੱਗਿਆ ਜਿਵੇਂ ਉਸ ਦਾ ਕੱਦ ਅਸਮਾਨ ਜਿੰਨਾ ਉਚਾ ਹੋ ਗਿਆ ਹੋਵੇ। ਉਹਨੇ ਆਪਣੇ ਪੁੱਤਰ ਦਾ ਮੱਥਾ ਚੁੰਮ ਕੇ ਅਸੀਸ ਦਿੱਤੀ ਤੇ ਦੋਵੇਂ ਹੱਥ ਜੋੜ ਕੇ ਛੱਤ ਵਲ ਮੂੰਹ ਕਰਦਿਆਂ ਆਖਿਆ, "ਧੰਨ ਹੈਂ ਤੂੰ ਵਾਹਿਗੁਰੂ!"

"ਤਰਸੇਮ ਦੇ ਭਾਪਾ! ਉਪਰ ਪੱਖੇ ਨਾਲ ਕੀ ਗੱਲਾਂ ਕਰੀ ਜਾਂਦੈਂ?...ਏਦਾਂ ਗੱਲ ਨੀ ਬਣਨੀ! ਵਾਹਿਗੁਰੂ ਦਾ ਸ਼ੁਕਰ ਕਰਨ ਤਾਂ ਗੁਰਦੁਆਰੇ ਜਾਣਾ ਪੈਣਾ...ਮੈਂ ਤਾਂ 'ਖੰਡਪਾਠ ਸੁੱਖਿਆ ਹੋਇਐ!" ਪ੍ਰੀਤਮ ਕੌਰ ਨੇ ਹੱਸਦਿਆਂ ਆਖਿਆ।

"ਚੱਲ ਤੂੰ ਜਿੱਦਾਂ ਮਰਜੀ ਕਰ ਲੀਂ! ਜਦ ਤੂੰ ਨ੍ਹੀਂ ਮੇਰਾ ਕੈਣ੍ਹਾਂ ਮੋੜਦੀ ਤਾਂ ਮੈਂ ਕਿਹੜਾ ਤੈਨੂੰ ਨ੍ਹਾਂ ਕਰਨ ਲੱਗਾਂ?" ਦੋਵੇਂ ਮੁਸਕਰਾਉਂਦੇ ਅੰਦਰ ਚਲੇ ਗਏ।

ਹੁਣ ਕਦੀ-ਕਦੀ ਤਰਸੇਮ ਸਿੰਘ ਨਾਲ ਇਕ ਦੇਸੀ ਕੁੜੀ ਘਰ ਆਉਣ-ਜਾਣ ਲੱਗ ਪਈ ਸੀ। ਉਹ ਜਦ ਪ੍ਰੀਤਮ ਕੌਰ ਦੇ ਪੈਰੀਂ ਹੱਥ ਲਾਉਂਦੀ ਤਾਂ ਉਹ ਪਿਆਰ ਨਾਲ ਉਸ ਨੂੰ ਆਪਣੇ ਕਲ਼ਾਵੇ ਵਿਚ ਲੈ ਲੈਂਦੀ। ਕੁੜੀ ਨੇ ਮਿੱਠੀਆਂ-ਮਿੱਠੀਆਂ ਗੱਲਾਂ ਨਾਲ ਪ੍ਰੀਤਮ ਕੌਰ ਦਾ ਮਨ ਮੋਹ ਲਿਆ ਸੀ। ਕਿੰਨੀ ਭਲੀ ਕੁੜੀ ਜਾਪਦੀ ਸੀ ਉਹ! ਕੀ ਮਜਾਲ ਸਿਰ ਤੋਂ ਚੁੰਨੀ ਵੀ ਲੱਥ ਜਾਏ। ਉਹ ਤਰਸੇਮ ਦੀ ਕੰਪਨੀ ਵਿਚ ਹੀ ਕੰਮ ਕਰਦੀ ਸੀ। ਮਾਂ-ਪਿਉ ਕਿਸੇ ਹੋਰ ਸ਼ਹਿਰ ਰਹਿੰਦੇ ਸਨ।

ਪਹਿਲਾਂ ਤਾਂ ਉਹ ਕਦੀ-ਕਦੀ ਹੀ ਆਉਂਦੀ ਸੀ, ਫਿਰ ਹਰ ਵੀਕ-ਐਂਡ 'ਤੇ ਆਉਣ ਲੱਗ ਪਈ। ਕਿਸੇ ਵੇਲੇ ਇਕ ਦੋ ਰਾਤਾਂ ਰਹਿ ਵੀ ਜਾਂਦੀ ਅਤੇ ਕਦੇ ਹੁਣ ਤਰਸੇਮ ਸਿੰਘ ਵੀ ਰਾਤ ਨੂੰ ਘਰ ਨਾ ਆਉਂਦਾ। ਫਿਰ ਦੋਵੇਂ ਜਣੇ, ਇਕ ਹਫ਼ਤੇ ਲਈ 'ਹਵਾਈ' ਘੁੰਮ-ਫਿਰ ਆਏ।

"ਪ੍ਰੀਤਮ ਕੁਰੇ! ਐਤਕਾਂ ਮੁੰਡੇ ਨੇ ਪੈਸੇ ਨ੍ਹੀਂ ਦਿੱਤੇ ਆਪਾਂ ਨੂੰ! ਪਿਛਲੇ ਮਹੀਨੇ ਵੀ ਦੋ ਕੁ ਸੌ ਡਾਲਰ ਈ ਦਿੱਤਾ ਸੀ। ਤੈਨੂੰ ਨ੍ਹੀਂ ਲੱਗਦਾ, ਪਈ ਮੁੰਡਾ ਕੁੜੀ 'ਤੇ ਕੁੱਝ ਜਾਦਾ ਈ ਖਰਚ ਕਰੀ ਜਾਂਦੈ?" ਇਕ ਦਿਨ ਪੂਰਨ ਸਿੰਘ ਨੇ ਕਿਹਾ।

ਇਹ ਗੱਲ ਤਾਂ ਪ੍ਰੀਤਮ ਕੌਰ ਨੂੰ ਵੀ ਖੁੜਕਦੀ ਸੀ, ਪਰ ਉਸ ਨੂੰ ਇਹ ਦੇਸੀ ਕੁੜੀ ਜਚ ਗਈ ਸੀ, ਤੇ ਅੰਦਰੋ-ਅੰਦਰੀ ਉਹਨੂੰ ਬਹੂ ਮੰਨੀ ਬੈਠੀ ਸੀ। ਆਪਣੇ ਪਤੀ ਨੂੰ ਹੌਸਲਾ ਦਿੰਦਿਆਂ ਉਸ ਆਖਿਆ, "ਚੱਲ ਕੋਈ ਨ੍ਹੀਂ। ਉਨ੍ਹਾਂ ਦੇ ਖੇਲ੍ਹਣ-ਮੱਲ੍ਹਣ ਦੇ ਦਿਨ ਆਂ, ਤੂੰ ਐਵੇਂ ਨਾ ਬੌਤੀ ਚਿੰਤਾ ਕਰਿਆ ਕਰ।"

"ਉਹ ਤਾਂ ਠੀਕ ਆ, ਪਰ ਆਪਾਂ ਨੂੰ ਤਾਂ ਅਜੇ ਇਹ ਵੀ ਨ੍ਹੀਂ ਪਤਾ ਪਈ ਉਹ ਕੁੜੀ ਹੈ ਕੌਣ? ਜਾਣੀ ਉਹਦੇ ਮਾਂ- ਬਾਪ ਕੌਣ ਆਂ, ਤੇ ਜਾਤ ਬਰਾਦਰੀ ਕੀ ਆ? ਮੇਰੇ ਕੈਣ੍ਹ ਦਾ ਮਤਲਬ ਤੂੰ ਐਵੇਂ ਨਾ ਭੁੱਲ੍ਹ ਜਾਈਂ ਕਿਤੇ! ਸਾਡਾ ਇਕੋ-ਇਕ ਤਾਂ ਮੁੰਡਾ।"

"ਤਰਸੇਮ ਦੇ ਭਾਪਾ! ਤੂੰ ਤਾਂ ਐਵੇਂ ਸੋਚੀਂ ਪਿਆ ਰੈਨ੍ਹਾਂ। ਚੰਗੀ-ਭਲੀ ਹਸਮੁੱਖ ਕੁੜੀ ਆ, ਜਦੋਂ ਘਰ ਆਉਂਦੀ ਆ ਤਾਂ ਰੌਣਕ ਲੱਗ ਜਾਂਦੀ ਆ। ਹੋਰ ਆਪਾਂ ਨੇ ਕੀ ਲੈਣਾ?"

"ਪਤਾ ਨ੍ਹੀਂ ਮੇਰਾ ਦਿਲ ਅਜੇ ਕਿਉਂ ਨ੍ਹੀਂ ਭਿੱਜਦਾ। ਜਦੋਂ ਪੈਲ੍ਹਾਂ-ਪੈਲ੍ਹਾਂ ਆਉਂਦੀ ਸੀ ਤਾਂ ਸਿਰ ਤੋਂ ਚੁੰਨੀ ਨਹੀਂ ਸੀ ਲੈਣ੍ਹ ਦਿੰਦੀ...ਹੁਣ ਗੋਡਿਆਂ ਤਾਈਂ ਪਤਲੂਣ ਜਿਹੀ ਪਾਈ ਘੁੰਮੀ ਜਾਂਦੀ ਆ।"

"ਮੈਨੂੰ ਆਪਣੇ ਦੁੱਧ 'ਤੇ ਪੂਰਾ ਭਰੋਸਾ। ਮੇਰਾ ਮੁੰਡਾ ਕੋਈ ਗਲਤ ਕੰਮ ਨ੍ਹੀਂ ਕਰ ਸਕਦਾ। ਤੂੰ ਐਵੇਂ ਨਾ ਕੁੜ੍ਹੀ ਜਾਇਆ ਕਰ।"

"ਅੱਛਾ ਫਿਰ ਤੂੰ ਮੁੰਡੇ ਨੂੰ ਕਹੁ, ਕੁੜੀ ਦੇ ਮਾਂ-ਪਿਉ ਆ ਕੇ ਸਾਡੇ ਨਾਲ ਗੱਲ-ਬਾਤ ਕਰ ਲੈਣ। ਐਦਾਂ ਕੱਚੇ-ਕੁਆਰੇ ਘੁੰਮਣਾ ਮੈਨੂੰ ਤਾਂ ਚੰਗਾ ਨ੍ਹੀਂ ਲੱਗਦਾ।"

ਫਿਰ ਇਕ ਦਿਨ ਉਸ ਕੁੜੀ ਦੇ ਮਾਂ-ਪਿਉ ਆ ਕੇ ਇਹ ਰਿਸ਼ਤਾ ਪੱਕਾ ਕਰ ਗਏ। ਮਾਇਕ ਹਾਲਤ ਉਨ੍ਹਾਂ ਦੀ ਕੋਈ ਬਹੁਤੀ ਚੰਗੀ ਨਹੀਂ ਸੀ ਜਾਪਦੀ, ਬੰਦੇ ਵੀ ਕੁੱਝ ਚੁਸਤ ਜਿਹੇ ਹੀ ਲੱਗਦੇ ਸਨ।

ਜਦੋਂ ਤਰਸੇਮ ਦਾ ਇਹ ਰਿਸ਼ਤਾ ਤੈਅ ਹੋ ਗਿਆ ਤਾਂ ਦੋਵੇਂ ਪਹਿਲਾਂ ਨਾਲੋਂ ਕੁੱਝ ਵਧੇਰੇ ਹੀ ਖੁੱਲ੍ਹ ਗਏ। ਐਤਕਾਂ ਉਸ ਨੇ ਚੈਕ ਵੀ ਲਿਆ ਕੇ ਆਪਣੀ ਮੰਗੇਤਰ ਨੂੰ ਫੜਾ ਦਿੱਤਾ। ਜਦੋਂ ਇਸ ਬਾਰੇ ਪੂਰਨ ਸਿੰਘ ਨੇ ਆਪਣੀ ਪਤਨੀ ਨਾਲ ਗੱਲ ਕੀਤੀ ਤਾਂ ਅੱਗਿਉਂ ਉਹ ਕਹਿਣ ਲੱਗੀ, "ਹੁਣ ਛੱਡ ਵੀ ਤਰਸੇਮ ਦੇ ਬਾਪੂ! ਚੰਗਾ ਸਗੋਂ ਆਪਣੀ ਕਬੀਲਦਾਰੀ ਆਪੇ ਸਾਂਭਣ, ਮੈਂ ਤਾਂ ਹੁਣ ਕੰਮ ਵੀ ਛੱਡ ਦੇਣਾ। ਬੱਸ, ਪੱਕੀ-ਪਕਾਈ ਰੋਟੀ ਮਿਲ ਜਾਏ, ਹੋਰ ਆਪਾਂ ਨੇ ਕੀ ਲੈਣਾ...ਦਖਲ-ਦਾਜੀ ਕਰ ਕੇ?"

ਨਵੀਂ ਜੋੜੀ ਹੁਣ ਘਰ ਨਾਲੋਂ ਬਾਹਰ ਜ਼ਿਆਦਾ ਰਹਿਣ ਲੱਗ ਪਈ। ਜਦੋਂ ਕਦੇ ਆਉਂਦੇ ਵੀ, ਤਾਂ ਆਪ ਖਾਣਾ ਬਾਹਰ ਹੀ ਖਾ ਆਉਂਦੇ, ਤੇ ਹਾਏ-ਬਾਏ ਕਰ ਕੇ ਆਪਣੇ ਕਮਰੇ ਵਿਚ ਚਲੇ ਜਾਂਦੇ। ਜੇ ਕਦੇ ਪੂਰਨ ਸਿੰਘ ਕੁੱਝ ਕਹਿਣ ਲਈ ਮੂੰਹ ਖੋਲ੍ਹਦਾ

**(ਬਾਕੀ ਸਫਾ 31 ਉਤੇ)**



# ਅੱਖ ਦਾ ਇਸ਼ਾਰਾ ਸਮਝੀਏ

ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

ਮਨੁਖ ਸਿਰਫ ਮੂੰਹ ਰਾਹੀਂ ਬੋਲ ਕੇ ਹੀ ਆਪਣੇ ਭਾਵ ਨਹੀਂ ਵਿਅਕਤ ਕਰਦਾ ਬਲਕਿ ਅਜਿਹੇ ਮਕਸਦ ਲਈ ਸਰੀਰ ਦੇ ਅੰਗਾਂ ਦੀ ਵੀ ਖੂਬ ਵਰਤੋਂ ਕਰਦਾ ਹੈ। ਮਨੁਖੀ ਇਰਾਦੇ ਪ੍ਰਗਟ ਕਰਨ ਲਈ ਸਾਰੇ ਹੀ ਦਿਸਦੇ ਅੰਗਾਂ ਜਿਵੇਂ ਨੱਕ, ਬੁਲ੍ਹ, ਸਿਰ, ਬਾਹਾਂ, ਹੱਥ, ਲੱਤਾਂ, ਪੈਰ, ਮੋਢੇ, ਪੱਟ ਆਦਿ ਦੀ ਵਰਤੋਂ ਕੀਤੀ ਜਾਂਦੀ ਹੈ। ਮਿਸਾਲ ਵਜੋਂ ਪੱਟ 'ਤੇ ਹੱਥ ਮਾਰਨਾ ਅਰਥਾਤ ਥਾਪੀ ਮਾਰਨਾ ਕਿਸੇ ਨੂੰ ਲੜਨ ਜਾਂ ਘੁਲਣ ਆਦਿ ਲਈ ਲਲਕਾਰ ਹੈ। ਇਹ ਠੀਕ ਹੈ ਕਿ ਜ਼ੁਬਾਨ ਤੋਂ ਬੋਲੇ ਜਾਂਦੇ ਸ਼ਬਦਾਂ ਦੀ ਅਭਿਵਿਅੰਜਨ ਸਮਰਥਾ ਅਸੀਮ ਹੈ ਪਰ ਤਨ ਦੀ ਭਾਸ਼ਾ ਦੀ ਮਹੱਤਤਾ ਨੂੰ ਘਟਾ ਕੇ ਨਹੀਂ ਦੇਖਿਆ ਜਾ ਸਕਦਾ। ਤਨ ਦੀਆਂ ਹਰਕਤਾਂ ਭਾਵੇਂ ਸੁਤੰਤਰ ਤੌਰ 'ਤੇ ਵੀ ਮਨੁਖੀ ਪ੍ਰਗਟਾ ਦਾ ਵਸੀਲਾ ਹਨ ਪਰ ਕਈ ਹਾਲਤਾਂ ਵਿਚ ਮੌਖਿਕ ਭਾਸ਼ਾ ਦੀਆਂ ਪੂਰਕ ਬਣਦੀਆਂ ਹਨ। ਅਕਸਰ ਹੀ ਇਨ੍ਹਾਂ ਰਾਹੀਂ ਮਨੁਖ ਆਪਣੀ ਗੱਲ 'ਤੇ ਜ਼ੋਰ ਦੇਣ ਦਾ ਜਤਨ ਕਰਦਾ ਹੈ। ਇਸ ਲਈ ਮਨੋਵਿਗਿਆਨੀ ਅਤੇ ਭਾਸ਼ਾ ਵਿਗਿਆਨੀ ਮਨੁਖੀ ਭਾਵਾਂ ਦੇ ਮਾਧਿਅਮ ਵਜੋਂ ਤਨ ਦੀ ਬੋਲੀ ਨੂੰ ਸਮਝਣ ਦਾ ਵਿਸ਼ੇਸ਼ ਅਧਿਐਨ ਕਰਦੇ ਹਨ। ਅਸੀਂ ਅਨੇਕਾਂ ਮਨੋਭਾਵਨਾਵਾਂ ਪ੍ਰਗਟਾਉਣ ਲਈ ਦੰਦਾਂ ਦੀ ਵਰਤੋਂ ਦਾ ਸੰਖੇਪ ਜ਼ਿਕਰ ਦੰਦਾਂ ਵਾਲੇ ਲੇਖ ਵਿਚ ਕਰ ਚੁਕੇ ਹਾਂ।

ਮੂੰਹ ਨੂੰ ਛੱਡ ਕੇ ਮਨੁਖੀ ਸਰੀਰ ਦਾ ਸਭ ਤੋਂ ਭਾਵਪੂਰਤ ਜੇ ਕੋਈ ਅੰਗ ਹੈ ਤਾਂ ਉਹ ਅੱਖਾਂ ਹਨ। ਪੰਜਾਬੀ ਤੇ ਸ਼ਾਇਦ ਹੋਰ ਭਾਸ਼ਾਵਾਂ ਵਿਚ ਵੀ ਖਾਣਾ ਸ਼ਬਦ ਤੋਂ ਬਾਅਦ ਸਭ ਤੋਂ ਵਧ ਮੁਹਾਵਰੇ ਕਹਾਵਤਾਂ ਅੱਖਾਂ ਨਾਲ ਸਬੰਧਤ ਹਨ। ਲੋਕ ਗੀਤਾਂ ਤੇ ਕਾਵਿ-ਸਾਹਿਤ ਵਿਚ ਵੀ ਅੱਖਾਂ ਦਾ ਚੋਖਾ ਜ਼ਿਕਰ ਹੈ। ਫੈਜ਼ ਨੇ ਤਾਂ ਇਹ ਕਹਿ ਕੇ ਗੱਲ ਹੀ ਖਤਮ ਕਰ ਦਿੱਤੀ, "ਤੇਰੀ ਆਂਖੋਂ ਕੇ ਸਿਵਾ ਦੁਨੀਆਂ ਮੇਂ ਰੱਖਾ ਕਿਆ ਹੈ?" ਅੱਖਾਂ ਥਾਣੀਂ ਮਨੁਖੀ ਰੂਹ ਝਲਕਦੀ ਹੈ। ਮਨੁਖ ਇਨ੍ਹਾਂ ਨਾਲ ਆਪ ਬਾਹਰੀ ਦੁਨੀਆਂ ਦੇਖਦਾ ਦੇਖਦਾ ਆਪੇ ਦੀ ਵੀ ਖੂਬ ਝਲਕ ਦਿਖਾ ਜਾਂਦਾ ਹੈ। ਇਸ ਡੂੰਘੀ ਝੀਲ ਵਿਚ ਚੁਭੀ ਮਾਰਨ ਨਾਲ ਕਿਹੜੀ ਗੱਲ ਹੈ ਜਿਸ ਦਾ ਸਿਆਣਾ ਬੰਦਾ ਪਤਾ ਨਹੀਂ ਲਗਾ ਸਕਦਾ। ਅੱਖਾਂ ਚੰਚਲ, ਸ਼ਰਾਰਤੀ, ਭੋਲੀਆਂ, ਖਚਰੀਆਂ, ਰੋਹੀਲੀਆਂ, ਪਿਆਰ ਭਰੀਆਂ, ਤਰਸਵਾਨ, ਉਡੀਕਵਾਨ, ਲਲਚਾਈਆਂ, ਨਿਰਭਾਵ, ਗੱਲ ਕੀ ਹਰ ਮਨੁਖੀ ਚਰਿਤਰ ਦੀ ਤਰਜਮਾਨੀ ਕਰਦੀਆਂ ਹਨ। ਅੱਖਾਂ ਤਲਵਾਰ ਜਿਹੀਆਂ ਹੁੰਦੀਆਂ ਹਨ, ਨੇਜ਼ੇ ਦੀ ਧਾਰ ਜਿਹੀਆਂ ਹੁੰਦੀਆਂ ਹਨ, ਤੀਰ ਤਾਂ ਆਮ ਹੀ ਚਲਾਉਂਦੀਆਂ ਹਨ। ਅੱਖਾਂ ਵਿਚ ਤਿਨਕੇ ਲੁਕੇ ਹੁੰਦੇ ਹਨ, ਅੰਗਰੇਜ਼ਾਂ ਦੀਆਂ ਅੱਖਾਂ ਵਿਚ ਤਾਂ ਸ਼ਤੀਰ ਵੀ ਵੜ ਸਕਦੇ ਹਨ। ਅੱਖਾਂ ਦੀ ਖੂਬੀ ਇਹ ਹੈ ਕਿ ਇਹ ਧੁਨੀ ਤੋਂ ਸੱਖਣੀਆਂ ਹੁੰਦੀਆਂ ਹੋਈਆਂ ਵੀ ਬੇਹੱਦ ਬੜਬੋਲੀਆਂ ਹੋ ਸਕਦੀਆਂ ਹਨ। ਇਸ ਦੇ ਖਾਮੋਸ਼ ਬੋਲ ਸ੍ਰੋਤੇ ਤੱਕ ਹੀ ਪੁੱਜਦੇ ਹਨ, ਦੂਜਾ ਇਨ੍ਹਾਂ ਦੀ ਪ੍ਰਤੀਤੀ ਨਹੀਂ ਕਰ ਸਕਦਾ।

ਅੱਜ ਅਸੀਂ ਅੱਖਾਂ ਦੀਆਂ ਕੁਝ ਭਾਵਪੂਰਤ ਹਰਕਤਾਂ ਅਤੇ ਸੈਨਤਾਂ ਦੀ ਗੱਲ ਕਰਨੀ ਹੈ। ਅੱਖਾਂ ਦੀਆਂ ਵੰਨ-ਸੁਵੰਨੀਆਂ ਗਤੀਆਂ ਨੇ ਅਨੇਕਾਂ ਮਹਾਵਰੇ ਕਹਾਵਤਾਂ ਦੀ ਸਿਰਜਣਾ ਕੀਤੀ ਹੈ। ਮਨੋਵਿਗਿਆਨੀ ਦੱਸਦੇ ਹਨ ਕਿ ਅੱਖ ਨਾਲ ਅੱਖ ਮਿਲਾ ਕੇ ਗੱਲ ਕਰਨ ਵਾਲਾ ਬੰਦਾ ਅਵੱਸ਼ ਤੁਹਾਡੀ ਗੱਲ ਵਿਚ ਦਿਲਚਸਪੀ ਲੈ ਰਿਹਾ ਹੈ। ਕਈ ਵਾਰੀ ਇਹ ਦਿਲਚਸਪੀ ਸਿਰਫ ਗੱਲ ਤੱਕ ਹੀ ਨਹੀਂ ਰਹਿੰਦੀ ਬਲਕਿ ਖਿਸਕਦੀ-ਖਿਸਕਦੀ ਖੁਦ ਬੰਦੇ ਪ੍ਰਤੀ ਵੀ ਪੈਦਾ ਹੋ ਜਾਂਦੀ ਹੈ। ਭਾਵ ਅੱਖਾਂ ਵਿਚ ਅੱਖਾਂ ਪਾ ਕੇ ਦੇਖਦਿਆਂ ਦੇਖਦਿਆਂ 'ਅੱਖਾਂ ਚਾਰ ਹੋ ਜਾਣਾ' ਵਾਲਾ ਕਿੱਸਾ ਸ਼ੁਰੂ ਹੋ ਜਾਂਦਾ ਹੈ। ਸ਼ਬਦਾਂ ਦੀ ਤਰ੍ਹਾਂ ਅੱਖਾਂ ਦੀਆਂ ਸੈਨਤਾਂ ਵੀ ਬਹੁਅਰਥਕ ਹੁੰਦੀਆਂ ਹਨ। ਇਸ ਤਰ੍ਹਾਂ ਅੱਖ ਨਾਲ ਅੱਖ ਰਲਾਉਣ ਵਾਲਾ ਦੂਜੇ ਦੀ ਬਰਾਬਰੀ ਕਰ ਰਿਹਾ ਹੁੰਦਾ ਹੈ। ਜੇ ਕੋਈ ਗੱਲ ਕਰਦਿਆਂ ਟਿਕਟਿਕੀ ਹੀ ਬੰਨ੍ਹ ਲਵੇ ਤਾਂ ਇਸ ਦਾ ਮਤਲਬ ਉਹ ਤੁਹਾਨੂੰ ਇਕ ਤਰ੍ਹਾਂ ਟਿਚ ਸਮਝਦਾ ਹੋਇਆ ਧਮਕਾਉਣ ਜਾਂ ਨੀਚਾ ਦਿਖਾਉਣ ਦੀ ਕੋਸ਼ਿਸ਼ ਵਿਚ ਹੈ। ਇਸ ਨੂੰ 'ਕੈਰੀ ਅੱਖ ਨਾਲ ਦੇਖਣਾ' ਕਿਹਾ ਜਾਂਦਾ ਹੈ। ਨਿਸ਼ਚੇ ਹੀ ਇਸ ਨਾਲ ਚਿਹਰੇ ਦੇ ਹਾਵ-ਭਾਵ ਵੀ ਤਣਾਅ ਭਰਪੂਰ ਹੋ ਜਾਣਗੇ। ਭੈਅਭੀਤ ਹੋਇਆ ਸ਼ਿਕਾਰ ਕਈ ਵਾਰੀ ਬੋਲ ਪੈਂਦਾ ਹੈ, 'ਯਾਰ ਤੂੰ ਮੇਰੇ ਵੱਲ ਦੇਖਦਾ ਕਿੰਦਾਂ ਹੈਂ?' ਅਜਿਹੀ ਝਾਕਣੀ ਦੀ ਤਾਬ ਨਹੀਂ ਝੱਲੀ ਜਾਂਦੀ। ਇਸ ਤੋਂ ਉਲਟ ਕਈ ਵਾਰ ਤੁਹਾਡੀ ਗੱਲ ਸੁਣਦਾ ਕੋਈ ਬੰਦਾ ਆਸੇ-ਪਾਸੇ ਝਾਕਣ ਲਗਦਾ ਹੈ ਜਿਸ ਦਾ ਸਿਧਾ ਜਿਹਾ ਮਤਲਬ ਹੈ ਕਿ ਉਹ ਤੁਹਾਡੀ ਗੱਲ ਵਿਚ ਦਿਲਚਸਪੀ ਨਹੀਂ ਲੈ ਰਿਹਾ। ਤੁਸੀਂ ਜਾਂ ਤਾਂ ਬੋਰ ਹੋ ਜਾਂ ਉਹ ਤੁਹਾਡੇ ਨਾਲ ਸਹਿਮਤ ਨਹੀਂ ਜਾਂ ਆਪਣੀ ਪ੍ਰਤੀਕ੍ਰਿਆ ਛੁਪਾ ਰਿਹਾ ਹੈ। ਇਸ ਨੂੰ ਅੱਖ ਨਾ ਮਿਲਾਉਣਾ ਕਹਿੰਦੇ ਹਨ। ਜੇ ਕੋਈ ਗੱਲ ਕਰਦੇ ਸਮੇਂ ਥੱਲੇ ਨੂੰ ਦੇਖਦਾ ਹੈ ਤਾਂ ਇਸ ਦਾ ਮਤਲਬ ਜਾਂ ਤਾਂ ਉਹ ਸ਼ਰਮਸਾਰ ਹੈ ਜਾਂ ਆਪਣੇ ਆਪ ਨੂੰ ਤੁਹਾਡੇ ਤੋਂ ਨੀਵਾਂ ਸਮਝਦਾ ਹੈ। 'ਅੱਖ ਨੀਵੀਂ' ਹੋਣਾ ਜਾਂ 'ਅੱਖ ਨਾ ਚੁੱਕ ਸਕਣਾ' ਮੁਹਾਵਰੇ ਇਥੋਂ ਹੀ ਬਣੇ। ਕੁਝ ਦਲੇਰ ਆਦਮੀ ਅਜਿਹੀ ਸਥਿਤੀ ਵਿਚ ਅੱਖ ਚੁੱਕ ਕੇ ਦੇਖਣ ਦਾ ਹੌਸਲਾ ਕਰ ਵੀ ਲੈਂਦੇ ਹਨ। ਕਈ ਵਾਰੀ ਕੋਈ ਕੁੱਕੜ ਵਾਂਗ ਪਾਸਿਆਂ ਨੂੰ ਦੇਖਦਾ ਹੈ, ਜਿਸ ਨੂੰ ਕਨਖੀ ਕਿਹਾ ਜਾਂਦਾ ਹੈ। ਕਨਖੀ ਸ਼ਬਦ 'ਕੰਨ ਅੱਖੀ' ਦਾ ਹੀ ਸੰਜੋਗ ਹੈ, ਭਾਵ ਕੰਨ ਵੱਲ ਦੀ ਝਾਕਣੀ। ਕਨਖੀ ਦੇਖਣਾ ਇਕ ਤਰ੍ਹਾਂ ਚੋਰੀ ਚੋਰੀ ਦੇਖਣਾ ਹੁੰਦਾ ਹੈ ਤਾਂ ਕਿ ਕਿਸੇ ਨੂੰ ਪਤਾ ਨਾ ਲੱਗੇ। ਇਹ ਇਕ ਤਰ੍ਹਾਂ ਦੀ ਵਿਅੰਗ ਝਾਕਣੀ ਵੀ ਹੋ ਸਕਦੀ ਹੈ ਤੇ ਹਲਕੀ ਜਿਹੀ ਘੂਰੀ ਵੀ। 'ਅੱਖ ਭਰ ਕੇ ਦੇਖਣਾ' ਵਿਚ ਪੂਰੇ ਧਿਆਨ ਜਾਂ ਦਿਲਚਸਪੀ ਦੇ ਭਾਵ ਹਨ। ਅੱਖ-ਵਿਗਿਆਨੀ ਦਸਦੇ ਹਨ ਕਿ ਅਜਿਹੀ ਦ੍ਰਿਸ਼ਟੀ ਸਮੇਂ ਅੱਖ ਦੀ ਪੁਤਲੀ ਵੱਡੀ ਹੋ ਜਾਂਦੀ ਹੈ ਜਿਸ ਨਾਲ ਬਾਹਰਲੇ ਦ੍ਰਿਸ਼ ਦੀਆਂ ਭਰਪੂਰ ਕਿਰਨਾਂ ਤੁਹਾਡੇ ਦ੍ਰਿਸ਼ਟੀ-ਪਟ 'ਤੇ ਪੈਣ ਲਗਦੀਆਂ ਹਨ। ਇਸ ਸਮੇਂ 'ਅੱਖਾਂ ਲਿਸ਼ਕਣ' ਵੀ ਲਗਦੀਆਂ ਹਨ। ਇਸ ਸਥਿਤੀ ਵਿਚ ਮਨੁਖ ਅੰਦਰੂਨੀ ਸੋਚ-ਵਿਚਾਰਾਂ ਵਿਚ ਪਿਆ ਹੁੰਦਾ ਹੈ। 'ਅੱਖ ਦਾ ਤਾਰਾ' ਉਕਤੀ ਕਿਸੇ ਬਹੁਤ ਲਾਡਲੇ ਬੱਚੇ ਜਾਂ ਮਹਿਬੂਬ ਲਈ ਵਰਤੀ ਜਾਂਦੀ ਹੈ। ਅੱਖ ਦਾ ਤਾਰਾ ਅੱਖ ਦੀ ਪੁਤਲੀ ਹੀ ਹੈ ਜੋ ਤੁਹਾਡੀਆਂ ਅੱਖਾਂ ਵਿਚ ਵਸਦੀ ਹੈ। ਪੁਤਲੀਆਂ ਵਿਚੋਂ ਬਾਹਰਲੇ ਜਗਤ ਦਾ ਨਿਕਾ ਬਿੰਬ ਦਿਖਾਈ ਦਿੰਦਾ ਹੈ, ਮਾਨੋ ਇਹ ਪੁਤਲੀ ਦੀ ਨਿਆਈਂ ਹੈ ਜੋ ਵਾਸਤਵਿਕ ਜਗਤ ਦੀਆਂ ਗਤੀਵਿਧੀਆਂ ਅਨੁਸਾਰ ਨੱਚਦੀ ਰਹਿੰਦੀ ਹੈ। ਗੌਰ ਕਰੋ ਅੰਗਰੇਜ਼ੀ ਵਿਚ ਇਸ ਨੂੰ pupil ਕਿਹਾ ਜਾਂਦਾ ਹੈ ਜੋ puppet ਤੋਂ ਬਣਿਆ ਹੈ। ਪਰ ਘਬਰਾਹਟ ਵਿਚ ਅੱਖਾਂ ਵਿਚ ਤਰਨ ਵਾਲੇ ਭੰਬੂ ਤਾਰੇ ਹੋਰ ਹਨ, ਇਹ ਮਨੁਖ ਦੇ ਆਪਣੇ ਨਿੱਜੀ ਹਨ, ਕੋਈ ਹੋਰ ਤੁਹਾਡੇ ਭੰਬੂ ਤਾਰੇ ਨਹੀਂ ਦੇਖ ਸਕਦਾ।



ਕਈ ਵਾਰੀ ਕੋਈ ਆਦਮੀ ਗੱਲਾਂ ਕਰਦੇ ਵਕਤ ਉਪਰ ਨੂੰ ਝਾਕਣ ਲਗਦਾ ਹੈ। ਅਜਿਹਾ ਬੰਦਾ ਆਪਣੇ ਆਪ ਨੂੰ ਤੁਹਾਡੇ ਤੋਂ ਉਚਾ ਸਮਝਦਾ ਹੈ। ਆਕਾਸ਼ ਨਾਲ ਗੱਲਾਂ ਕਰਦਾ ਐਵੇਂ ਨਹੀਂ ਮੁਹਾਵਰਾ ਬਣਿਆ। ਪਰ ਜੇ ਉਹ ਆਪ ਗੱਲ ਕਥ ਕਰਦਾ ਜਾਂ ਭਾਸ਼ਣ ਕਰਦਾ ਉਪਰ ਨੂੰ ਝਾਕਣ ਲੱਗੇ ਤਾਂ ਇਸ ਦਾ ਮਤਲਬ ਉਹ ਕੁਝ ਯਾਦ ਕਰ ਰਿਹਾ ਹੈ, ਸੰਭਵ ਹੈ ਰਟੇ ਹੋਏ ਸ਼ਬਦ।

ਤੁਸੀਂ ਦੇਖਿਆ ਹੋਵੇਗਾ ਕਿ ਕਈ ਲੋਕ ਗੱਲ ਕਰਦੇ ਵਕਤ ਅੱਖਾਂ ਬਿਲਕੁਲ ਨਹੀਂ ਝਮਕਦੇ ਜਾਂ ਬਹੁਤ ਘਟ ਝਮਕਦੇ ਹਨ। ਮਨੋ-ਵਿਗਿਆਨੀਆਂ ਅਨੁਸਾਰ ਇਸ ਦਾ ਭਾਵ ਹੁੰਦਾ ਹੈ ਕਿ ਅਜਿਹਾ ਮਨੁਖ ਕਿਸੇ ਉਤੇਜਨਾ ਭਰੀ ਸਥਿਤੀ ਤੋਂ ਅਨਪ੍ਰਭਾਵਤ ਹੋਣ ਦਾ ਝਲਕਾਰਾ ਦੇ ਰਿਹਾ ਹੈ। ਤਾਸ਼ ਦੀ ਖੇਡ ਸਮੇਂ ਕਿਸੇ ਕੋਲ ਚੰਗੇ ਪੱਤੇ ਆ ਜਾਣ ਸਮੇਂ ਅਜਿਹੀ ਤੱਕਣੀ ਦੇਖੀ ਜਾ ਸਕਦੀ ਹੈ। 'ਅੱਖ ਨੀ ਝਮਕਾਉਂਦਾ ਬਾਈ ਤਾਂ' ਬਾਈ ਫਿਰ ਸ਼ਰਾਰਤੀ ਅੱਖ ਨਾਲ ਹੋਰ ਪਾਸੇ ਝਾਕਣ ਲਗਦਾ ਹੈ। ਦੂਜੇ ਬੰਨੇ ਕਈ ਲੋਕ ਗੱਲਬਾਤ ਸਮੇਂ ਜਾਂ ਬੇਮਤਲਬ ਹੀ ਅੱਖਾਂ ਬਹੁਤ ਝਮਕਾਉਂਦੇ ਹਨ। ਅਜਿਹੇ ਲੋਕ ਅੰਦਰੋਂ ਕਿਸੇ ਕਾਰਨ ਦੁਖੀ ਹੋਏ ਹੁੰਦੇ ਹਨ। ਸ਼ਾਇਦ ਅੱਖਾਂ ਨੂੰ ਅੱਥਰੂਆਂ ਤੋਂ ਬਚਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੁੰਦੀ ਹੈ। ਬਹੁਤੀ ਸੋਚ ਕਾਰਨ ਵੀ ਅੱਖਾਂ ਦੀ ਗਤੀ ਤੇਜ਼ ਹੋ ਜਾਂਦੀ ਹੈ। ਅੱਖਾਂ ਬੰਦ ਰੱਖਣਾ ਵੀ ਕਸ਼ਟਦਾਇਕ ਸਥਿਤੀ ਤੋਂ ਬਚਣ ਦਾ ਇਕ ਸਹਿਜ ਪ੍ਰਤੀਕ੍ਰਮ ਹੈ। ਗੋਲੇ ਕਬੂਤਰ ਅਕਸਰ ਹੀ ਅਜਿਹਾ ਕਰਦੇ ਹਨ। ਇਸ ਲਈ ਅੱਖ ਚੁਰਾਉਣਾ, ਅੱਖ ਮੁੰਦ ਲੈਣਾ ਜਾਂ ਅੱਖ ਮੀਟਣਾ ਮੁਹਾਵਰੇ ਚਲਦੇ ਹਨ। ਪਰ ਅੱਖਾਂ ਮੀਟ ਜਾਣਾ ਤਾਂ ਹਮੇਸ਼ਾ ਲਈ ਦੁਨੀਆਂ ਦੇ ਕਸ਼ਟਾਂ ਤੋਂ ਬਚ ਨਿਕਲਣਾ ਹੈ। ਗੱਲ ਸੁਣਦੇ ਸਮੇਂ ਜੇ ਕੋਈ ਬੰਦਾ ਤੁਹਾਡੇ ਨਾਲ ਅੱਖ ਨਹੀਂ ਮਿਲਾ ਰਿਹਾ ਤਾਂ ਉਹ ਅਵੱਸ਼ ਝੂਠਾ ਜਾਂ ਸ਼ਰਮਸਾਰ ਹੈ ਤੇ ਤੁਹਾਡੀ ਗੱਲ ਤੋਂ ਬਚਣ ਦਾ ਰਾਹ ਲੱਭ ਰਿਹਾ ਹੈ।

ਅੱਖਾਂ ਪਾੜ ਪਾੜ ਕੇ ਦੇਖਣ ਦੀ ਸਥਿਤੀ ਕਈ ਇਰਾਦਿਆਂ ਦੀ ਅਰਥਾਵੀਂ ਹੈ। ਜਾਂ ਤਾਂ ਇਸ ਤਰ੍ਹਾਂ ਕਰਦਾ ਬੰਦਾ ਕਿਸੇ ਗੱਲੋਂ ਹੱਕਾ-ਬੱਕਾ ਹੈ, ਜਾਂ ਦੁਖੀ ਹੈ। ਅੱਖਾਂ ਕੱਢਣਾ ਤਾਂ ਅਜਿਹੇ ਭਾਵਾਂ ਨੂੰ ਹੋਰ ਵੀ ਸ਼ਿਦਤ ਨਾਲ ਪੇਸ਼ ਕਰਨਾ ਹੈ। ਕਿਸੇ ਵੱਲ ਲਲਚਾਏ ਇਰਾਦਿਆਂ ਨਾਲ ਵੀ ਪਾੜ-ਪਾੜ ਕੇ ਝਾਕਿਆ ਜਾਂਦਾ ਹੈ। ਇਸਤਰੀਆਂ ਨੂੰ ਪੁਛੋ ਮਰਦ ਉਨ੍ਹਾਂ ਦੇ ਉਭਾਰਾਂ ਵੱਲ ਕਿਵੇਂ ਪਾੜ ਖਾਣੀਆਂ ਨਜ਼ਰਾਂ ਨਾਲ ਤੱਕਦੇ ਹਨ। ਪਥਰਾਈਆਂ ਅੱਖਾਂ ਨਿਰਭਾਵ ਦੀ ਨਿਸ਼ਾਨੀ ਹੈ। ਮਾਨੋ ਜਜ਼ਬਾਤ ਦੇ ਸਰੋਤ ਸੁੱਕ ਗਏ ਹਨ ਜਾਂ ਅੱਖਾਂ ਦਾ ਪਾਣੀ ਮਰ ਚੁੱਕਾ ਹੈ। ਅੱਖ ਮਾਰਨ ਦੇ ਮਨੋਰਥ ਦਾ ਤਾਂ ਸਭ ਨੂੰ ਪਤਾ ਹੀ ਹੈ। ਜੋ ਆਦਤਨ ਅੱਖ ਮਾਰਦੇ ਰਹਿੰਦੇ ਹਨ, ਉਹ ਤੁਹਾਡੇ ਨਾਲ ਝੂਠਾ ਜਿਹਾ ਜਜ਼ਬਾਤੀ ਸਬੰਧ ਬਣਾਉਣ ਦਾ ਢੰਭ ਰਚਦੇ ਹਨ।

# ਸਰਵ ਸਾਂਝੀਆਂ ਪੰਜਾਬੀ ਕਾਨਫਰੰਸਾਂ ਦੀ ਦੇਣ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੇ ਵਿਕਾਸ ਲਈ ਅਰੰਭੀਆਂ ਕਾਨਫਰੰਸਾਂ ਦੇ ਚੰਗੇ ਨਤੀਜੇ ਨਿਕਲ ਰਹੇ ਹਨ। ਪਿਛਲੇ ਹਫਤੇ ਵਾਲੀ ਏਸ਼ੀਆ ਆਧਾਰਤ ਕਾਨਫਰੰਸ ਦਾ ਪ੍ਰਭਾਵ ਤਿੱਖਾ ਤੇ ਧੁਰ ਅੰਦਰ ਤੱਕ ਅਸਰ ਕਰਨ ਵਾਲਾ ਸੀ। ਇਸ ਵਿਚ ਇਸਲਾਮਾਬਾਦ ਦੇ ਹਾਰਿਸ ਖਲੀਕ ਤੋਂ ਜਾਫਨਾ (ਸ੍ਰੀਲੰਕਾ) ਦੇ ਅਸ਼ੋਕ ਕੈਂਥ ਨੇ ਹੀ ਨਹੀਂ, ਕਾਬੁਲ (ਅਫਗਾਨਿਸਤਾਨ) ਦੀ ਡਾ. ਅਨਾਰਕਲੀ ਹੋਨਰਯਾਰ ਤੋਂ ਟੋਕੀਓ (ਜਪਾਨ) ਦੀ ਮੈਡਮ ਟਾਈਕੋ ਤਕ ਦੀ ਸ਼ਿਰਕਤ ਦੱਸਦੀ ਹੈ ਕਿ ਹੁਣ ਇਹ ਮਿਥੀਆਂ ਸੀਮਾਵਾਂ ਨੂੰ ਟੱਪ ਕੇ ਸਭ ਦੇ ਸਭ ਪੰਜਾਬੀ ਮੋਹ ਰਖਣ ਵਾਲਿਆਂ ਨੂੰ ਆਪਣੇ ਵਲ ਖਿੱਚ ਰਹੀ ਹੈ। ਇਥੇ ਪਹੁੰਚੇ ਸਾਰੇ ਪ੍ਰਤੀਨਿਧਾਂ ਨੇ ਆਪੋ-ਆਪਣੇ ਦੇਸ਼ ਵਿਚ ਪੰਜਾਬੀ ਰਹਿਤਲ ਤੇ ਪਹਿਚਾਣ ਨੂੰ ਬਣਾਈ ਰੱਖਣ ਦੇ ਯਤਨਾਂ ਦਾ ਖੁਲਾਸਾ ਦੇ ਕੇ ਬਾਕੀ ਮੈਂਬਰਾਂ ਨੂੰ ਨਵੇਂ ਕਦਮ ਚੁੱਕਣ ਲਈ ਪ੍ਰੇਰਿਆ। ਜੇ ਹਾਮਿਦ ਕਰਜ਼ਾਈ ਦੀ ਸਰਕਾਰ ਅਫਗਾਨਿਸਤਾਨ ਵਿਚ ਉਚੇਚੇ ਸਿੱਖ ਸਕੂਲ ਖੋਲ੍ਹ ਕੇ ਅਤੇ ਹਿੰਦੂ-ਸਿੱਖ ਪੰਜਾਬੀਆਂ ਲਈ ਇੱਕ ਵਿਸ਼ੇਸ਼ ਮਿੰਨੀ ਸਿਟੀ ਸਥਾਪਤ ਕਰਕੇ ਖਾਨਾਜੰਗੀ ਵੇਲੇ ਛੱਡ ਗਏ ਪੰਜਾਬੀਆਂ ਨੂੰ ਵਾਪਸ ਲਿਆਉਣ ਦੇ ਯਤਨ ਕਰ ਰਹੀ ਹੈ ਤਾਂ ਪਾਕਿਸਤਾਨ ਦਾ ਪੰਜਾਬੀ ਭਾਈਚਾਰਾ ਆਪਣੇ ਆਪ ਨੂੰ ਭਾਸ਼ਾ ਲਈ ਯੋਗ ਲਿਪੀ ਦੇ ਮਸਲੇ ਤੋਂ ਉਤਾਂਹ ਉਠ ਕੇ ਘਰ ਘਰ ਵਿਚ ਪੰਜਾਬੀ ਬੋਲਣ ਤੇ ਪੰਜਾਬੀ ਕਦਰਾਂ ਕੀਮਤਾਂ ਉਤੇ ਪਹਿਰਾ ਦੇਣ ਵਲ ਵਧੇਰੇ ਧਿਆਨ ਦੇ ਰਿਹਾ ਹੈ। ਜੇ ਜਪਾਨ ਦੇ ਯੁਵਕ ਯੁਵਤੀਆਂ ਪੰਜਾਬੀਆਂ ਦੇ ਭੰਗੜੇ ਤੇ ਗਿੱਧੇ ਵਲ ਪ੍ਰੇਰੇ ਜਾ ਰਹੇ ਹਨ ਤਾਂ ਸ੍ਰੀ ਲੰਕਾ ਵਿਚ ਸੀਤਾ ਵਾਟਿਕਾ ਤੇ ਰਾਮ ਸੇਤੂ ਪੁਲ ਦੀ ਪਹਿਚਾਣ ਕਰਨ ਵਾਲੇ ਗੁਰੂ ਨਾਨਕ ਦੀ ਉਸ ਦੇਸ਼ ਵਿਚ ਯਾਤਰਾ ਦੇ ਪੈਰ ਚਿੰਨ੍ਹ ਪਛਾਨਣ ਵਿਚ ਲੱਗੇ ਹੋਏ ਹਨ।

ਵਾਈਸ ਚਾਂਸਲਰ ਡਾ. ਜਸਪਾਲ ਸਿੰਘ ਨੇ ਇਨ੍ਹਾਂ ਕਾਨਫਰੰਸਾਂ ਦਾ ਸਾਰ ਦਿੰਦਿਆਂ ਦੱਸਿਆ ਕਿ ਯੂਨੀਵਰਸਿਟੀ ਦੀਆਂ ਖੇਤਰੀ ਕਾਨਫਰੰਸਾਂ ਦੇ ਪ੍ਰਭਾਵ ਅਧੀਨ ਪੱਛਮੀ ਬੰਗਾਲ ਤੇ ਉਤਰਾਖੰਡ ਦੀਆਂ ਸਰਕਾਰਾਂ ਨੇ ਕਲਕੱਤਾ ਤੇ ਦੇਹਰਾਦੂਨ ਵਿਚ ਪੰਜਾਬੀ ਅਕਾਡਮੀਆਂ ਸਥਾਪਤ ਕਰਨ ਦਾ ਨਿਰਣਾ ਲਿਆ ਹੈ। ਮੁੱਖ ਮੰਤਰੀ ਮਮਤਾ ਬੈਨਰਜੀ ਨੇ ਲੋੜੀਂਦਾ ਪਲਾਟ ਦੇਣ ਤੋਂ ਇਲਾਵਾ ਪੰਜ ਕਰੋੜ ਖਰਚ ਕਰਕੇ ਕੋਲਕਤਾ ਵਿਚ ਗੁਰੂ ਨਾਨਕ ਪੰਜਾਬੀ ਅਕਾਡਮੀ ਸਥਾਪਤ ਕਰਨ ਦਾ ਐਲਾਨ ਕੀਤਾ ਹੈ। ਉਨ੍ਹਾਂ ਹਰ ਕਿਸੇ ਨੇ ਭਾਰਤ ਦੀ ਵੰਨ ਸੁਵੰਨਤਾ ਦੀ ਵਡਿਆਈ ਕਰਦਿਆਂ ਪੰਜਾਬੀ ਸੁਭਾਅ ਦੀ ਦਰਿਆ ਦਿਲੀ ਨੂੰ ਸੰਸਾਰ ਦੇ ਕੋਨੇ ਕੋਨੇ ਤੱਕ ਪਹੁੰਚਾਉਣ ਦਾ ਵਚਨ ਲਿਆ।

ਯੂਨੀਵਰਸਿਟੀ ਦੇ ਵਰਲਡ ਪੰਜਾਬੀ ਸੈਂਟਰ ਦੇ ਸਹਿਯੋਗ ਨਾਲ ਰਚਾਈ ਗਈ ਇਸ ਕਾਨਫਰੰਸ ਵਿਚ ਦਿੱਲੀ ਦੀ ਪੰਜਾਬੀ ਅਕਾਡਮੀ ਤੇ ਉਥੋਂ ਦੀ ਉਘੀ ਪੰਜਾਬੀ ਹਸਤੀ ਤਰਲੋਚਨ ਸਿੰਘ ਨੇ ਵਿਸ਼ੇਸ਼ ਭੂਮਿਕਾ ਨਿਭਾਈ ਅਤੇ ਇਸ ਵਿਚ ਕਾਬਲ ਵਿਚ ਕਾਊਂਸਲਰ ਰਹਿ ਚੁੱਕੇ ਡਾ. ਮਨਮੋਹਨ ਨੇ ਵਿਸ਼ੇਸ਼ ਯੋਗਦਾਨ ਪਾਇਆ।

ਕਾਨਫਰੰਸ ਦੀ ਸਫਲਤਾ ਤੋਂ ਪ੍ਰਭਾਵਤ ਹੋ ਕੇ ਨਵੀਂ ਚੁਣੀ ਗਈ ਮਿਸ ਇੰਡੀਆ 2013 ਬੀਬੀ ਨਵਰੀਤ ਕੌਰ ਢਿੱਲੋਂ ਨੇ 50,000 ਰੁਪਏ ਦੀ ਰਾਸ਼ੀ ਯੂਨੀਵਰਸਿਟੀ ਨੂੰ ਮਹਿਲਾ ਸਸ਼ਕਤੀਕਰਨ ਲਈ ਦਾਨ ਕੀਤੀ। ਇਸ ਰਾਸ਼ੀ ਨੂੰ ਉਸ ਨੇ ਯੂਨੀਵਰਸਿਟੀ ਤੋਂ ਪ੍ਰਾਪਤ ਕੀਤੀ ਵਿਦਿਆ ਦਾ ਤਿਲ ਫੁੱਲ ਸ਼ੁਕਰਾਨਾ ਕਿਹਾ। ਦਰਸ਼ਕਾਂ ਤੇ ਸਰੋਤਿਆਂ ਨੇ ਉਸ ਦੇ ਇਸ ਅਮਲ ਦਾ ਤਾੜੀਆਂ ਮਾਰ ਕੇ ਸਵਾਗਤ ਕੀਤਾ। ਕਾਨਫਰੰਸ ਦਾ ਸਮੁੱਚਾ ਪ੍ਰਭਾਵ ਵਿਲੱਖਣ ਤੇ ਨਿਆਰਾ ਸੀ।

**ਨਵੇਂ ਰਾਜਾਂ ਦੀ ਰਾਜਧਾਨੀ ਦਾ ਮਸਲਾ**

ਭਾਰਤ ਦੇ ਨਵ-ਨਿਰਧਾਰਤ ਰਾਜ ਤਿਲੰਗਾਨਾ ਵਿਚ ਹੈਦਰਾਬਾਦ ਦੇ ਸ਼ਹਿਰ ਨੂੰ ਆਉਣ ਵਾਲੇ ਦਸ ਸਾਲਾਂ ਲਈ ਦੋਵਾਂ ਤੈਲਗੂ ਭਾਸ਼ੀ ਰਾਜਾਂ ਦੀ ਰਾਜਧਾਨੀ ਬਣਾਈ ਰੱਖਣ ਦਾ ਸੁਝਾਓ ਠੀਕ ਨਹੀਂ ਹੈ। ਰਿਆਲ ਸੀਮਾ ਵਜੋਂ ਜਾਣੇ ਜਾਂਦੇ ਤਟਵਰਤੀ ਸਿਆਸਤਦਾਨਾਂ ਲਈ ਵੀ ਹੈਦਰਾਬਾਦ ਨੂੰ ਜੱਫਾ ਪਾਈ ਰੱਖਣਾ ਹਾਨੀਕਾਰਕ ਹੋਵੇਗਾ। ਉਨ੍ਹਾਂ ਨੂੰ ਚਾਹੀਦਾ ਹੈ ਕਿ ਤੁਰੰਤ ਪੂਰਬੀ ਤੱਟ ਦੇ ਸ਼ਹਿਰ ਓਂਗੋਲ ਜਾਂ ਵਿਜੇਵਾੜਾ ਨੂੰ ਅਪਨਾ ਕੇ ਇਸ ਨੂੰ ਭੁਵਨੇਸ਼ਵਰ, ਚੇਨਈ ਤੇ ਪੁਡੂਚੇਰੀ ਵਾਂਗ ਉਸਾਰਨ ਤੇ ਪਿਆਰਨ ਅਤੇ ਸਜਾਉਣ। ਚੁਣੀ ਗਈ ਥਾਂ ਸਮੁੰਦਰੀ ਜਹਾਜ਼ਾਂ ਦਾ ਮੋਖ ਦੁਆਰ ਵੀ ਬਣ ਸਕਦੀ ਹੈ ਤੇ ਵਣਜ ਵਪਾਰ ਦਾ ਵੱਡਾ ਕੇਂਦਰ ਵੀ। ਇਨ੍ਹਾਂ ਦੋਨੋਂ ਸ਼ਹਿਰਾਂ ਦੇ ਤਿਰੁਪੱਟੀ ਦਾ ਜਗਤ ਪ੍ਰਸਿੱਧ ਮੰਦਰ ਤੇ ਕੁਰਨੂਲ ਦਾ ਉਹ ਸ਼ਹਿਰ ਬਹੁਤ ਨੇੜੇ ਹੋਣਾ ਜਿਹੜਾ ਪਹਿਲਾਂ ਆਂਧਰਾ ਪ੍ਰਦੇਸ਼ ਦੀ ਰਾਜਧਾਨੀ ਰਹਿ ਚੁੱਕਾ ਹੈ, ਉਨ੍ਹਾਂ ਦੇ ਵਿਕਾਸ ਲਈ ਸਹਾਈ ਹੋਵੇਗਾ। ਅਖੰਡ ਆਂਧਰਾ ਪ੍ਰਦੇਸ਼ ਲਈ ਹੈਦਰਾਬਾਦ ਦੇ ਮਹੱਤਵ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਪਰ ਕਲ੍ਹ ਨੂੰ ਓਂਗਲ ਤੇ ਵਿਜੇਵਾੜਾ ਤਟਵਰਤੀ ਰਿਆਲ ਸੀਮਾ ਹੋਰ ਵੀ ਮਕਬੂਲ ਹੋ ਸਕਦੇ ਹਨ। ਸਮੇਂ ਨਾਲ ਰਾਜਧਾਨੀਆਂ ਕਿਵੇਂ ਵਿਕਾਸ ਕਰਦੀਆਂ ਹਨ, ਇਹ ਵੇਖਣ ਲਈ ਪਾਕਿਸਤਾਨ ਜਾ ਕੇ ਇਸਲਾਮਾਬਾਦ ਵੇਖਣ ਦੀ ਲੋੜ ਨਹੀਂ ਗੁਜਰਾਤ ਰਾਜ ਦਾ ਗਾਂਧੀਨਗਰ ਜਾਂ ਪੰਜਾਬ ਤੇ ਹਰਿਆਣਾ ਦਾ ਚੰਡੀਗੜ੍ਹ ਦੇਖ ਲੈਣਾ ਹੀ ਕਾਫੀ ਹੈ। ਹੈਦਰਾਬਾਦ ਨੂੰ ਜੱਫਾ ਮਾਰੀ ਰੱਖਣਾ ਜਾਂ ਇਸ ਨੂੰ ਦਸ ਸਾਲ ਵਾਸਤੇ ਸਾਂਝੀ ਰਾਜਧਾਨੀ ਬਣਾਈ ਰੱਖਣ ਦਾ ਨਤੀਜਾ ਸਮਾਂ ਪਾ ਕੇ ਇਸ ਦੇ ਕੇਂਦਰ ਸ਼ਾਸਤ ਖੇਤਰ ਐਲਾਨੇ ਜਾਣ ਦਾ ਸਬੱਬ ਬਣ ਸਕਦਾ ਹੈ ਜਿਸ ਦਾ ਤੇਲਗੂ ਭਾਸ਼ੀ ਕਿਸੇ ਵੀ ਧਿਰ ਨੂੰ ਕੋਈ ਲਾਭ ਨਹੀਂ ਹੋਣ ਲੱਗਿਆ। ਉਨ੍ਹਾਂ ਨੂੰ ਚੰਡੀਗੜ੍ਹ ਤੋਂ ਸਬਕ ਸਿਖਣਾ ਚਾਹੀਦਾ ਹੈ ਜਿੱਥੇ ਅਸਲੀ ਚੰਡੀਗੜ੍ਹ ਨੂੰ ਨਕਲੀ ਤੇ ਨਕਲੀ ਨੂੰ ਅਸਲੀ ਕਰਨ ਦੀਆਂ ਤਦਬੀਰਾਂ ਵੀ ਸਾਹ ਲੈ ਰਹੀਆਂ ਹਨ। ਭਾਵੇਂ ਅਜ ਦੇ ਦਿਨ ਤੇਲੰਗਾਨਾ ਰਾਜ ਦਾ ਜਨਮ ਅਖੰਡ ਆਂਧਰਾ ਪ੍ਰਦੇਸ਼ ਦੀ ਮੌਤ ਵਾਂਗ ਜਾਪਦਾ ਹੈ ਪਰ ਲੰਗਾਨਾ ਤੋਂ ਬਾਹਰ ਦੇ ਖੇਤਰ ਦਾ ਨਾਂ ਰਿਆਲ ਸੀਮਾ ਹੋਣ ਉਪਰੰਤ ਇੱਕ ਰਾਜ ਦੀ ਮ੍ਰਿਤੂ ਦੋ ਰਾਜਾਂ ਨੂੰ ਜਨਮ ਦੇਵੇਗੀ। ਇਕ ਅਕੇਲਾ ਦੋ ਗਿਆਰਾਂ, ਦੇ ਸੱਚ ਨੂੰ ਪ੍ਰਵਾਨ ਕਰਕੇ ਇਸ ਘਟਨਾਕ੍ਰਮ ਦਾ ਸੁਆਗਤ ਕਰਨਾ ਚਾਹੀਦਾ ਹੈ। ਪਰ ਦੋਹਾਂ ਰਾਜਾਂ ਦਾ ਭਲਾ ਇਸ ਵਿਚ ਹੈ ਕਿ ਸਾਂਝੇ ਸੁਪਨੇ ਲਏ ਬਿਨਾ ਸੁਤੰਤਰ ਹੋਣਾ ਸਿਖਣ ਤੇ ਇਸ ਦੇ ਮਜ਼ੇ ਮਾਣਨ। ਤੇਲੰਗਾਨਾ ਤੋਂ ਬਾਹਰ ਵਾਲੇ ਆਪਣੇ ਰਾਜ ਦਾ ਨਾਂ ਸੀਮਾਂਸਰਾ ਰਖ ਕੇ ਰਾਜਧਾਨੀ ਓਂਗੋਲ ਬਣਾ ਲੈਣ ਤਾਂ ਇਸ ਵਿਚ ਵੀ ਚੰਗੀ ਗੱਲ ਹੈ।

**ਅੰਤਿਕਾ:** (ਸਾਹਿਰ ਲੁਧਿਆਣਵੀ)

ਮਾਯੂਸ ਤੋ ਹੂੰ ਵਾਅਦੇ ਸੇ ਤਿਰੇ
ਕੁਛ ਆਸ ਨਹੀਂ ਕੁਛ ਆਸ ਭੀ ਹੈ,
ਮੈਂ ਅਪਨੇ ਖਿਆਲੋਂ ਕੇ ਸਦਕੇ
ਤੂ ਪਾਸ ਨਹੀਂ ਔਰ ਪਾਸ ਭੀ ਹੈ।
ਦਿਲ ਨੇ ਖੁਸ਼ੀ ਮਾਂਗੀ ਥੀ ਮਗਰ
ਜੋ ਤੂ ਨੇ ਦੀਆ ਅੱਛਾ ਹੀ ਦੀਆ,
ਜਿਸ ਗ਼ਮ ਕਾ ਤੁਆਲਕ ਹੋ ਤੁੱਝ ਸੇ
ਵੋਹ ਰਾਸ ਨਹੀਂ ਔਰ ਰਾਸ ਭੀ ਹੈ।

## ਖਾੜਕੂ, ਸਿਆਸੀ ਆਕਾ ਤੇ ਆਵਾਮ

(ਸਫਾ 25 ਦੀ ਬਾਕੀ)

ਦਿੰਦਾ ਸੀ, ਉਸ ਨਾਲ ਇਹ ਵਰਤਾਰਾ? ਇਕ ਦੋ ਦਿਨਾਂ ਬਾਅਦ ਰੇਅ ਦਾ ਫੋਨ ਆਇਆ ਕਿ ਨਵੀਂ ਦਿੱਲੀ ਮੁੱਖ ਮੰਤਰੀਆਂ ਦੀ ਕਾਨਫਰੰਸ ਵਿਚ ਮੇਰੇ ਨਾਲ ਚੱਲਣਾ। ਮੇਰੇ ਐਨ ਸਾਹਮਣੇ ਰਾਜੀਵ ਗਾਂਧੀ ਬੈਠਾ ਮੇਰੇ ਨਾਲ ਅੱਖ ਨਹੀਂ ਮਿਲਾ ਸਕਿਆ। ਇਸ ਵਿਚ ਹੈਰਾਨੀਜਨਕ ਕੁੱਝ ਵੀ ਨਹੀਂ ਸੀ। ਉਸ ਦੀ ਸ਼ਰਮਿੰਦਗੀ ਪਿੱਛੇ ਕਾਰਨ ਸੀ।

ਕਾਨਫਰੰਸ ਖਤਮ ਹੋਈ ਤਾਂ ਮੈਂ ਬੰਬੇ ਜਾ ਕੇ ਟਾਟਾ ਸਨਜ਼ ਦੇ ਡਾਇਰੈਕਟਰ ਨਾਨੀ ਪਾਲਖੀਵਾਲਾ ਨੂੰ ਮਿਲਿਆ। ਲਾਅ ਕਾਲਜ ਵਿਚ ਉਹ ਮੇਰਾ ਟੀਚਰ ਸੀ ਤੇ ਪੁਲਿਸ ਵਿਚ ਨੌਕਰੀ ਕਰਦਿਆਂ ਮੈਂ ਉਸ ਨਾਲ ਲਗਾਤਾਰ ਸੰਪਰਕ ਰੱਖਿਆ ਸੀ। ਇਕ ਵਾਰੀ ਬੰਬੇ ਹਾਈਕੋਰਟ ਵਿਚ ਉਸ ਨੇ ਮੇਰੇ ਡਿਫੈਂਸ ਵਿਚ ਕੇਸ ਵੀ ਲੜਿਆ। ਕਿਸੇ ਨੇ ਅਦਾਲਤੀ ਮਾਨਹਾਨੀ ਦਾ ਕੇਸ ਕਰ ਦਿੱਤਾ ਸੀ ਕਿ ਰੋਟਰੀ ਕਲੱਬ ਵਿਚ ਮੈਂ ਅਦਾਲਤਾਂ ਵਿਰੁਧ ਇਤਰਾਜ਼ਯੋਗ ਟਿੱਪਣੀਆਂ ਦਿੱਤੀਆਂ ਸਨ। ਮੈਂ ਪਾਲਖੀਵਾਲਾ ਨਾਲ ਇਹ ਸਾਰਾ ਕੁਝ ਵਿਚਾਰਿਆ ਤਾਂ ਉਸ ਨੇ ਦੋ ਟੁੱਕ ਫੈਸਲਾ ਸੁਣਾ ਦਿੱਤਾ- ਸਮਾਂ ਆ ਗਿਐ, ਤੂੰ ਸਰਕਾਰ ਨਾਲੋਂ ਨਾਤਾ ਤੋੜ। ਮੈਂ ਤੈਨੂੰ ਵਿਸ਼ਾਲ ਟਾਟਾ ਸਲਤਨਤ ਵਿਚ ਸ਼ਾਨਦਾਰ ਨੌਕਰੀ ਦਿਵਾਵਾਂਗਾ।

ਇਹ ਭਰੋਸਾ ਲੈ ਕੇ ਮੈਂ ਚੰਡੀਗੜ੍ਹ ਆ ਕੇ ਗਵਰਨਰ ਨੂੰ ਲਿਖ ਦਿੱਤਾ ਕਿ ਸਲਾਹਕਾਰ ਦੀ ਜ਼ਿੰਮੇਵਾਰੀ ਤੋਂ ਮੈਨੂੰ ਮੁਕਤ ਕੀਤਾ ਜਾਵੇ। ਉਹ ਚੌਂਕ ਗਿਆ, ਕਿਹਾ-ਡਿਊਟੀ ਛੱਡ ਦੇਣ ਦਾ ਸਵਾਲ ਹੀ ਨਹੀਂ ਪੈਦਾ ਹੁੰਦਾ। ਮੈਂ ਉਸ ਨਾਲ ਬਹਿਸਦਿਆਂ ਕਿਹਾ-ਸਰਕਾਰ ਨੇ ਮੇਰੀ ਹੱਤਕ ਕੀਤੀ ਹੈ, ਹੁਣ ਮੈਂ ਸਰਕਾਰ ਦਾ ਕੰਮ ਨਹੀਂ ਕਰ ਸਕਦਾ। ਲੋਕਾਂ ਦਾ ਭਲਾ ਵੀ ਇਸੇ ਵਿਚ ਹੈ। ਜਵਾਬ ਸੀ-ਤੁਹਾਡੇ ਇਸ ਤਰ੍ਹਾਂ ਇਹ ਅਹੁਦਾ ਛੱਡਣ ਸਦਕਾ ਆਉਂਦੀਆਂ ਚੋਣਾਂ ਵਿਚ ਕਾਂਗਰਸ ਦਾ ਨੁਕਸਾਨ ਹੋ ਸਕਦਾ ਹੈ। ਸੋਚਿਆ, 'ਚਲੋ ਚੋਣਾਂ ਤਾਂ ਆ ਹੀ ਗਈਆਂ ਹਨ, ਮੈਂ ਉਦੋਂ ਤੱਕ ਰੁਕ ਜਾਨਾਂ, ਕਿਤੇ ਮੇਰੇ ਉਪਰ ਸਿਆਸੀ ਬਲੈਕਮੇਲ ਕਰਨ ਦਾ ਧੱਬਾ ਨਾ ਲੱਗ ਜਾਵੇ।' ਰੇਅ ਨੂੰ ਮੇਰੀ ਇਹ ਦਲੀਲ ਵੀ ਪਸੰਦ ਨਾ ਆਈ। ਥੋੜ੍ਹੀ ਦੇਰ ਬਾਅਦ ਉਸ ਦਾ ਫੋਨ ਆਇਆ ਕਿ ਉਹ ਦਿੱਲੀ ਜਾ ਕੇ ਕੁੱਝ ਲੋਕਾਂ ਨਾਲ ਗੱਲ ਕਰੇਗਾ, ਉਦੋਂ ਤੱਕ ਦਫਤਰ ਨਹੀਂ ਛੱਡਣਾ।

(ਚਲਦਾ)

# ਲਹੂ ਭਿੱਜੀ ਦਾਸਤਾਨ

## ਪੰਜਾਬ ਅਗਸਤ ਸਤੰਬਰ 1947




*1947 ਵਿਚ ਭਾਰਤ ਦੀ ਵੰਡ ਵੇਲੇ ਜੋ ਹਾਲ ਪੰਜਾਬ ਦਾ ਹੋਇਆ ਸੀ, ਉਸ ਦਾ ਦਰਦ ਬਿਆਨ ਤੋਂ ਬਾਹਰ ਹੈ। ਇਸ ਦਰਦ ਅਤੇ ਵੰਡ ਨਾਲ ਸਬੰਧਤ ਹੋਰ ਮੁੱਦਿਆਂ-ਮਸਲਿਆਂ ਬਾਰੇ ਸੰਸਾਰ ਪ੍ਰਸਿੱਧ ਲੇਖਕ ਜੋੜੀ ਲੈਰੀ ਕੋਲਿਨਜ਼ ਅਤੇ ਡੌਮੀਨੀਕ ਲੈਪੀਆ ਨੇ 'ਫਰੀਡਮ ਐਟ ਮਿਡਨਾਈਟ' ਨਾਂ ਦੀ ਕਿਤਾਬ ਲਿਖੀ ਸੀ। ਡਾ. ਪਰਮਜੀਤ ਸਿੰਘ ਢੀਂਗਰਾ ਨੇ ਇਸ ਕਿਤਾਬ ਦੇ ਆਧਾਰ 'ਤੇ ਦਰਦ ਨਾਲ ਵਿੰਨ੍ਹਿਆ ਇਹ ਲੇਖ ਲਿਖਿਆ ਹੈ। ਇਹ 1947 ਦੇ ਉਸ ਪੰਜਾਬ ਦੀ ਦਾਸਤਾਨ ਹੈ ਜਿਸ ਦੇ ਹਮਸਾਏ ਮਾਂ ਪਿਉ ਜਾਏ ਇਕ-ਦੂਜੇ ਦੇ ਲਹੂ ਦੇ ਤਿਹਾਏ ਹੋ ਗਏ ਸਨ। -ਸੰਪਾਦਕ*

ਭਾਰਤ ਦੇ ਲੋਕ ਜਦੋਂ ਆਜ਼ਾਦੀ ਦਿਹਾੜਾ ਮਨਾਉਣ ਵਿਚ ਰੁੱਝੇ ਹੋਏ ਸਨ, ਉਦੋਂ ਪੰਜਾਬ ਵਿਚ ਹਿੰਸਾ ਦਾ ਤਾਂਡਵ ਨੱਚਿਆ ਜਾ ਰਿਹਾ ਸੀ। ਅੰਮ੍ਰਿਤਸਰ ਵਿਚ ਜਿਸ ਸਮੇਂ ਸ਼ਹਿਰ ਦੇ ਨਵੇਂ ਅਫ਼ਸਰ ਆਜ਼ਾਦੀ ਦਾ ਜਸ਼ਨ ਮਨਾਉਣ ਦੀਆਂ ਰਸਮਾਂ ਪੂਰੀਆਂ ਕਰ ਰਹੇ ਸਨ, ਉਸ ਸਮੇਂ ਉਥੋਂ ਸਿਰਫ਼ ਇੱਕ ਮੀਲ ਤੋਂ ਵੀ ਘੱਟ ਦੂਰੀ 'ਤੇ ਗੁੱਸੇ ਵਿਚ ਪਾਗਲ ਹੋਏ ਸਿੱਖਾਂ ਦਾ ਇੱਕ ਜਥਾ ਮੁਸਲਿਮ ਬਸਤੀ ਨੂੰ ਤਹਿਸ-ਨਹਿਸ ਕਰ ਰਿਹਾ ਸੀ। ਉਨ੍ਹਾਂ ਨੇ ਬਸਤੀ ਦੇ ਇੱਕ-ਇੱਕ ਬਾਸ਼ਿੰਦੇ ਨੂੰ ਬੜੀ ਬੇਰਹਿਮੀ ਨਾਲ ਕਤਲ ਕਰ ਦਿੱਤਾ। ਔਰਤਾਂ ਦੀ ਅਸਮਤ ਲੁੱਟੀ ਗਈ। ਫਿਰ ਉਨ੍ਹਾਂ ਨੂੰ ਉਸੇ ਹਾਲਤ ਵਿਚ ਕੰਬਦੇ-ਥਰਥਰਾਉਂਦੇ ਹੋਏ ਜਿਸਮਾਂ ਨੂੰ, ਪਾਵਨ ਧਰਤੀ ਦੀਆਂ ਗਲੀਆਂ-ਬਜ਼ਾਰਾਂ ਵਿਚ ਜਲੂਸ ਕੱਢਦੇ ਹੋਏ ਅੰਤ ਗਲ ਵੱਢ ਕੇ ਕਤਲ ਕਰ ਦਿੱਤਾ ਗਿਆ।



**ਪਰਮਜੀਤ ਢੀਂਗਰਾ**
**ਫੋਨ: 91-94173-58120**

ਪਟਿਆਲੇ ਦੀ ਸਿੱਖ ਰਿਆਸਤ ਵਿਚ ਟੋਲੇ ਭੁੱਖੇ-ਭੇੜੀਆਂ ਵਾਂਗ ਪਿੰਡਾਂ 'ਚ ਘੁੰਮ ਰਹੇ ਸਨ ਤੇ ਜਿਹੜਾ ਮੁਸਲਮਾਨ, ਪਾਕਿਸਤਾਨ ਵੱਲ ਜਾਣ ਦੀ ਕੋਸ਼ਿਸ਼ ਵਿਚ ਉਨ੍ਹਾਂ ਦੇ ਕਾਬੂ ਆ ਜਾਂਦਾ, ਉਹਦੇ 'ਤੇ ਟੁੱਟ ਪੈਂਦੇ। ਮਹਾਰਾਜੇ ਦੇ ਭਰਾ ਭਲਿੰਦਰ ਸਿੰਘ ਦਾ ਸਾਹਮਣਾ ਅਜਿਹੇ ਹੀ ਇੱਕ ਟੋਲੇ ਨਾਲ ਹੋਇਆ ਤਾਂ ਉਹਨੇ ਉਨ੍ਹਾਂ ਨੂੰ ਸਮਝਾਉਂਦਿਆਂ ਕਿਹਾ, "ਫ਼ਸਲਾਂ ਵੱਢਣ ਦਾ ਸਮਾਂ ਹੈ ਤੇ ਆਪਣੇ-ਆਪਣੇ ਘਰਾਂ ਨੂੰ ਚਲੇ ਜਾਓ।" ਪਰ ਟੋਲੇ ਦੇ ਮੋਢੀ ਨੇ ਹਵਾ ਵਿਚ ਕਿਰਪਾਨ ਘੁੰਮਾਉਂਦਿਆਂ ਕਿਹਾ, "ਪਹਿਲਾਂ ਅਸਾਂ ਇੱਕ ਹੋਰ ਫ਼ਸਲ ਵੱਢਣੀ ਏ।"

ਅੰਮ੍ਰਿਤਸਰ ਦਾ ਲਾਲ ਇੱਟਾਂ ਵਾਲਾ ਰੇਲਵੇ ਸਟੇਸ਼ਨ ਵੱਡੇ ਸ਼ਰਨਾਰਥੀ ਕੈਂਪ ਵਿਚ ਬਦਲ ਚੁੱਕਾ ਸੀ। ਪੱਛਮੀ ਪੰਜਾਬ ਵਿਚੋਂ ਦੌੜ ਕੇ ਹਜ਼ਾਰਾਂ ਹਿੰਦੂ-ਸਿੱਖ ਉਥੇ ਇਕੱਠੇ ਹੋ ਗਏ ਸਨ। ਉਹ ਮੁਸਾਫ਼ਰਖਾਨੇ ਵਿਚ, ਟਿਕਟ ਘਰ ਦੇ ਕੋਲ, ਪਲੇਟਫਾਰਮਾਂ 'ਤੇ ਖੜ੍ਹੀ ਭੀੜ 'ਚੋਂ ਆਪਣੇ ਗੁੰਮ ਹੋਏ ਟੱਬਰਾਂ, ਰਿਸ਼ਤੇਦਾਰਾਂ ਅਤੇ ਦੋਸਤਾਂ-ਮਿੱਤਰਾਂ ਨੂੰ ਲੱਭ ਰਹੇ ਸਨ।

15 ਅਗਸਤ ਦੇ ਤੀਜੇ ਪਹਿਰ ਤੋਂ ਬਾਅਦ ਸਟੇਸ਼ਨ ਮਾਸਟਰ ਚੰਨੀ ਸਿੰਘ ਆਪਣੀ ਨੀਲੀ ਟੋਪੀ ਅਤੇ ਹੱਥ ਵਿਚ ਫੜੀ ਲਾਲ ਝੰਡੀ ਦਾ ਰੋਅਬ ਝਾੜਦੇ ਹੋਏ, ਰੋਂਦੀ ਚੀਕ-ਚਿਹਾੜਾ ਪਾਉਂਦੀ ਭੀੜ ਨੂੰ ਚੀਰ ਕੇ ਅੱਗੇ ਵਧਿਆ। ਥੋੜ੍ਹੀ ਹੀ ਦੇਰ ਬਾਅਦ 10 ਨੰਬਰ ਡਾਊਨ ਐਕਸਪ੍ਰੈਸ ਦੇ ਪਹੁੰਚਣ 'ਤੇ ਸਾਹਮਣੇ ਆਉਣ ਵਾਲੇ ਦ੍ਰਿਸ਼ ਲਈ ਉਹ ਪੂਰੀ ਤਰ੍ਹਾਂ ਤਿਆਰ ਸੀ। ਪੁਰਸ਼ ਤੇ ਔਰਤਾਂ ਮਿੱਟੀ-ਘੱਟੇ ਨਾਲ ਭਰੇ ਤੀਜੇ ਦਰਜੇ ਦੇ ਪੀਲੇ ਰੰਗ ਦੇ ਡੱਬਿਆਂ 'ਤੇ ਟੁੱਟ ਪੈਣਗੇ ਅਤੇ ਪਾਗਲਾਂ ਵਾਂਗ ਉਸ ਭੀੜ ਵਿਚੋਂ ਉਸ ਬੱਚੇ ਨੂੰ ਢੂੰਡਣ ਦੀ ਕੋਸ਼ਿਸ਼ ਕਰਨਗੇ, ਜਿਸ ਨੂੰ ਕਾਹਲੀ ਵਿਚ ਉਹ ਪਿੱਛੇ ਛੱਡ ਆਏ ਸਨ। ਚੀਕ-ਚੀਕ ਕੇ ਲੋਕਾਂ ਦੇ ਨਾਂ ਲੈਣਗੇ। ਹਰ ਕੋਈ ਇੱਕ-ਦੂਜੇ ਨਾਲ ਧੱਕਮ-ਧੱਕੀ ਹੁੰਦਾ ਹੋਇਆ ਅੱਗੇ ਜਾਣ ਦੀ ਕੋਸ਼ਿਸ਼ ਕਰੇਗਾ।

ਸਟੇਸ਼ਨ ਮਾਸਟਰ ਚੰਨੀ ਸਿੰਘ ਨੇ ਪਲੇਟਫਾਰਮ ਦੇ ਇੱਕ ਸਿਰੇ 'ਤੇ ਖਲੋ ਲਾਲ ਝੰਡੀ ਦਿਖਾ ਕੇ ਗੱਡੀ ਰੁਕਵਾ ਦਿੱਤੀ। ਚਾਰ ਹਥਿਆਰਬੰਦ ਸਿਪਾਹੀ ਉਤਰੇ ਹੋਏ ਚਿਹਰੇ ਵਾਲੇ ਇੰਜਣ ਡਰਾਈਵਰ ਕੋਲ ਆਪਣੀਆਂ ਬੰਦੂਕਾਂ ਤਾਣੀ ਖੜ੍ਹੇ ਸਨ। ਜਦੋਂ ਭਾਫ਼ ਦੀ ਸੀਟੀ ਅਤੇ ਬ੍ਰੇਕਾਂ ਰਗੜਨ ਦੀ ਤਿੱਖੀ ਆਵਾਜ਼ ਗੂੰਜੀ ਤਾਂ ਚਾਰੇ ਪਾਸੇ ਜਿਵੇਂ ਸੰਨਾਟਾ ਛਾ ਗਿਆ। ਪਲੇਟਫਾਰਮ 'ਤੇ ਖੜ੍ਹੀ ਭੀੜ ਨੂੰ ਜਿਵੇਂ ਸੱਪ ਸੁੰਘ ਗਿਆ ਹੋਵੇ। ਸਟੇਸ਼ਨ ਮਾਸਟਰ ਘੂਰ-ਘੂਰ ਕੇ ਡੱਬਿਆਂ ਨੂੰ ਦੇਖ ਰਿਹਾ ਸੀ ਪਰ ਅੰਦਰੋਂ ਨਾ ਕੋਈ ਆਵਾਜ਼ ਆਈ, ਨਾ ਕੋਈ ਮੁਸਾਫ਼ਰ ਹੇਠਾਂ ਉਤਰਿਆ। ਇੰਜ ਜਾਪਦਾ ਸੀ ਜਿਵੇਂ ਇਹ ਮੁਸਾਫ਼ਰਾਂ ਦੀ ਨਹੀਂ, ਭੂਤਾਂ ਦੀ ਟਰੇਨ ਹੋਵੇ। ਸਟੇਸ਼ਨ ਮਾਸਟਰ ਨੇ ਇੱਕ ਝਟਕੇ ਨਾਲ ਪਹਿਲੇ ਡੱਬੇ ਦਾ ਦਰਵਾਜ਼ਾ ਖੋਲ੍ਹਿਆ ਅਤੇ ਅੰਦਰ ਗਿਆ। ਇੱਕ ਪਲ ਉਹਦੀ ਸਮਝ ਨੂੰ ਕਾਠ ਮਾਰ ਗਿਆ। 10 ਡਾਊਨ ਐਕਸਪ੍ਰੈਸ ਵਿਚ ਕੋਈ ਵੀ ਮੁਸਾਫ਼ਰ ਨਹੀਂ ਸੀ, ਸਿਵਾਏ ਲਾਸ਼ਾਂ ਦੇ ਢੇਰਾਂ ਦੇ। ਕਿਸੇ ਦਾ ਗਲ ਵੱਢਿਆ ਹੋਇਆ ਸੀ; ਕਿਸੇ ਦੀ ਖੋਪੜੀ ਚਕਨਾਚੂਰ ਸੀ; ਕਿਸੇ ਦੀਆਂ ਆਂਦਰਾਂ ਬਾਹਰ ਨਿਕਲੀਆਂ ਹੋਈਆਂ ਸਨ। ਡੱਬਿਆਂ ਦੇ ਆਉਣ-ਜਾਣ ਵਾਲੇ ਰਸਤੇ ਵਿਚ ਹੱਥ, ਪੈਰ ਤੇ ਕੱਟੇ ਹੋਏ ਧੜ ਖਿੱਲਰੇ ਹੋਏ ਸਨ। ਮਨੁੱਖਾਂ ਦੇ ਇਸ ਭਿਆਨਕ ਢੇਰ ਵਿਚੋਂ ਚੰਨੀ ਸਿੰਘ ਨੂੰ ਦੱਬੀ-ਘੁਟੀ ਆਵਾਜ਼ ਸੁਣਾਈ ਦਿੱਤੀ। ਇਹ ਸੋਚ ਕੇ ਕਿ ਸ਼ਾਇਦ ਉਨ੍ਹਾਂ ਵਿਚੋਂ ਕੋਈ ਜਿਉਂਦਾ ਹੋਵੇ, ਉਹਨੇ ਉਚੀ ਸਾਰੀ ਆਵਾਜ਼ ਦਿੱਤੀ, "ਅੰਬਰਸਰ ਆ ਗਿਐ। ਇੱਥੇ ਸਾਰੇ ਹਿੰਦੂ ਤੇ ਸਿੱਖ ਨੇ। ਪੁਲਿਸ ਹੈਗੀ। ਡਰੋ ਨਾ।"

ਉਹਦੇ ਸ਼ਬਦ ਸੁਣ ਕੇ ਲਾਸ਼ਾਂ ਦੇ ਢੇਰ ਵਿਚ ਕਿਤੇ-ਕਿਤੇ ਹਿਲਜੁਲ ਹੋਣ ਲੱਗੀ। ਇੱਕ ਦ੍ਰਿਸ਼ ਦੇਖ ਕੇ ਉਹ ਕੰਬ ਗਿਆ। ਇੱਕ ਔਰਤ ਨੇ ਆਪਣੇ ਕੋਲ ਡਿੱਗੇ ਪਏ ਪਤੀ ਦੇ ਵੱਢੇ ਸਿਰ ਨੂੰ ਚੁੱਕਿਆ ਤੇ ਛਾਤੀ ਨਾਲ ਲਾ ਕੇ ਪਾਗਲਾਂ ਵਾਂਗ ਚੀਕਣ ਲੱਗੀ। ਕੋਈ ਪੁਰਸ਼ ਲਾਸ਼ਾਂ ਦੇ ਢੇਰ 'ਚੋਂ ਮਰੇ ਹੋਏ ਬੱਚੇ ਦੀ ਲਾਸ਼ ਦੇਖ ਕੇ ਸੁੰਨ ਹੋਇਆ, ਜੜ੍ਹ ਹੋ ਗਿਆ। ਜਦੋਂ ਪਲੇਟਫਾਰਮ 'ਤੇ ਜੁੜੀ ਭੀੜ ਨੂੰ ਪਤਾ ਲੱਗਿਆ ਤਾਂ ਚਾਰੇ ਪਾਸੇ ਗੁੱਸੇ ਤੇ ਸੋਗ ਦੀ ਲਹਿਰ ਦੌੜ ਗਈ। ਚੰਨੀ ਸਿੰਘ ਜਦੋਂ ਅਖੀਰਲੇ ਡੱਬੇ ਵਿਚ ਲਾਸ਼ਾਂ ਤੋਂ ਲੰਘਦਾ ਪਹੁੰਚਿਆ ਤਾਂ ਉਹਦਾ ਸਿਰ ਚਕਰਾ ਰਿਹਾ ਸੀ। ਉਹਦੇ ਅੰਦਰੋਂ ਇੱਕੋ ਆਵਾਜ਼ ਆ ਰਹੀ ਸੀ ਕਿ ਰੱਬ ਨੇ ਇਹ ਸਭ ਕੁਝ ਕਿਉਂ ਹੋਣ ਦਿੱਤਾ।

ਅਖੀਰਲੇ ਡੱਬੇ 'ਤੇ ਮੋਟੇ-ਮੋਟੇ ਅੱਖਰਾਂ 'ਚ ਲਿਖਿਆ ਹੋਇਆ ਸੀ, "ਪਟੇਲ ਅਤੇ ਨਹਿਰੂ ਨੂੰ ਸਾਡੇ ਵੱਲੋਂ ਆਜ਼ਾਦੀ ਦਾ ਤੋਹਫ਼ਾ।"



***ਔਖੇ ਵੇਲੇ: ਤੁਰਨ ਤੋਂ ਆਹਰੀ ਕੁੜੀ ਨੂੰ ਆਪਣੇ ਮੋਢੇ ਉਤੇ ਬਿਠਾਈ ਲਿਜਾ ਰਿਹਾ ਇਕ ਬਜ਼ੁਰਗ।***

ਅਜਿਹਾ ਪਹਿਲਾਂ ਕਦੇ ਨਹੀਂ ਸੀ ਹੋਇਆ। ਅਜਿਹੀ ਤਬਾਹੀ ਦੇ ਮੰਜ਼ਰ ਅਤੇ ਇੰਨੀ ਵੱਡੀ ਪੱਧਰ 'ਤੇ ਕਤਲੋਗਾਰਤ ਮਨੁੱਖ ਨੇ ਪਹਿਲਾਂ ਕਦੇ ਦੇਖਣੀ ਤਾਂ ਦੂਰ, ਚਿਤਵੀ ਵੀ ਨਹੀਂ ਸੀ। ਇਸ ਭਿਆਨਕਤਾ ਪਿੱਛੇ ਕੋਈ ਤਰਕ ਨਹੀਂ ਸੀ। ਪਹਿਲੇ ਸੰਸਾਰ ਯੁੱਧ ਦੇ ਚਾਰ ਵਰ੍ਹਿਆਂ ਵਿਚ ਜਿੰਨੇ ਅਮਰੀਕੀ ਮਾਰੇ ਗਏ ਸਨ, ਉਸ ਤੋਂ ਅੱਧੇ ਹਿੰਦੋਸਤਾਨੀ ਕੁਝ ਹੀ ਦਿਨਾਂ ਵਿਚ ਇਸ ਕਤਲੋਗਾਰਤ ਦੌਰਾਨ ਮਾਰੇ ਗਏ। ਹਰ ਥਾਂ ਇਹੀ ਵਾਪਰਿਆ ਕਿ ਗਿਣਤੀ ਵਿਚ ਜਿਹੜੇ ਜਿੰਨੇ ਜ਼ਿਆਦਾ ਅਤੇ ਤਾਕਤਵਰ ਸਨ, ਉਨ੍ਹਾਂ ਨੇ ਗਿਣਤੀ ਵਿਚ ਥੋੜ੍ਹੇ ਅਤੇ ਕਮਜ਼ੋਰਾਂ ਨੂੰ ਮਾਰ ਮੁਕਾਇਆ। ਨਵੀਂ ਦਿੱਲੀ ਦੀ ਔਰੰਗਜ਼ੇਬ ਰੋਡ ਦੇ ਸ਼ਾਨਦਾਰ ਬੰਗਲਿਆਂ ਵਿਚ, ਪੁਰਾਣੀ ਦਿੱਲੀ ਦੇ ਚਾਂਦਨੀ ਚੌਕ ਦੇ ਸੁਨਿਆਰਿਆਂ ਦੇ ਇਲਾਕੇ, ਅੰਬਰਸਰ ਦੇ ਮੁਹੱਲਿਆਂ, ਲਾਹੌਰ ਦੇ ਨਗਰਾਂ ਦੀਆਂ ਆਲੀਸ਼ਾਨ ਕੋਠੀਆਂ, ਰਾਵਲਪਿੰਡੀ ਦੇ ਬਾਜ਼ਾਰਾਂ, ਚਾਰੇ-ਪਾਸੇ ਦੀਵਾਰ ਨਾਲ ਘਿਰੇ ਪਿਸ਼ਾਵਰ ਸ਼ਹਿਰ ਵਿਚ, ਛੋਟੀਆਂ-ਵੱਡੀਆਂ ਦੁਕਾਨਾਂ, ਕੱਚੀਆਂ-ਪੱਕੀਆਂ ਝੌਂਪੜੀਆਂ, ਪਿੰਡਾਂ ਦੀਆਂ ਗਲੀਆਂ, ਇੱਟਾਂ ਦੇ ਭੱਠਿਆਂ, ਕਾਰਖਾਨਿਆਂ, ਖੇਤਾਂ, ਰੇਲਵੇ ਸਟੇਸ਼ਨਾਂ, ਚਾਹਖਾਨਿਆਂ, ਭਾਵ ਹਰ ਥਾਂ ਵੱਖ-ਵੱਖ ਜਾਤਾਂ, ਕੌਮਾਂ, ਬਰਾਦਰੀਆਂ ਦੇ ਲੋਕ ਇਕੱਠੇ ਰਹਿ ਰਹੇ ਸਨ; ਸਾਰੇ ਪੀੜ੍ਹੀਆਂ ਤੋਂ ਇੱਕ-ਦੂਜੇ ਦੇ ਦੁੱਖਾਂ-ਸੁੱਖਾਂ ਦੇ ਭਾਈਵਾਲ ਸਨ ਪਰ ਨਫ਼ਰਤ ਤੇ ਪਾਗਲਪਣ ਦੇ ਇਸ ਝੱਖੜ ਨੇ ਸਾਰੇ ਅੰਨ੍ਹੇ ਕਰ ਦਿੱਤੇ ਸਨ। ਸਾਰੇ ਇੱਕ-ਦੂਜੇ ਦੇ ਦੁਸ਼ਮਣ ਬਣ ਚੱਕੇ ਸਨ। ਇਹ ਯੁੱਧ ਨਹੀਂ ਸੀ, ਗ੍ਰਹਿ-ਯੁੱਧ ਵੀ ਨਹੀਂ ਸੀ, ਨਾ ਹੀ ਛਾਪੇਮਾਰ ਲੜਾਈ ਸੀ, ਸਗੋਂ ਜ਼ਲਜ਼ਲਾ ਸੀ ਜਿਸ ਵਿਚ ਸਮਾਜ ਪੂਰੀ ਤਰ੍ਹਾਂ ਢਹਿ-ਢੇਰੀ ਹੋ ਰਿਹਾ ਸੀ। ਇੱਕ ਦੀ ਹਰਕਤ ਦੂਜੇ ਨੂੰ ਭੜਕਾ ਰਹੀ ਸੀ। ਇੱਕ ਭਿਆਨਕ ਘਟਨਾ ਦੂਜੀ ਦਾ ਸਬੱਬ ਬਣਦੀ। ਹਰ ਕਤਲ ਤੋਂ ਬਾਅਦ ਇੱਕ ਹੋਰ ਕਤਲ ਹੁੰਦਾ। ਹਰ ਅਫ਼ਵਾਹ ਦੇ ਜੁਆਬ ਵਿਚ ਦੂਜੀ ਅਫ਼ਵਾਹ ਫੈਲਾਈ ਜਾਂਦੀ। ਹਰ ਅੱਤਿਆਚਾਰ ਦਾ ਜੁਆਬ ਅੱਤਿਆਚਾਰ ਨਾਲ ਦਿੱਤਾ ਜਾਂਦਾ। ਜਿਵੇਂ ਕਿਸੇ ਵਿਸਫੋਟ ਤੋਂ ਬਾਅਦ ਢਹਿੰਦੀ ਹੋਈ ਇਮਾਰਤ ਨੂੰ ਸਲੋ-ਮੋਸ਼ਨ ਰਾਹੀਂ ਢਹਿੰਦੇ ਹੋਏ ਦਿਖਾਇਆ ਜਾਂਦਾ ਹੈ, ਇਉਂ ਪੰਜਾਬੀ ਸਮਾਜ ਦੀਆਂ ਕੰਧਾਂ ਢਹਿੰਦੀਆਂ ਹੋਈਆਂ ਨਜ਼ਰ ਆ ਰਹੀਆਂ ਸਨ।

ਇਸ ਗੱਲ ਦਾ ਯਕੀਨ ਨਹੀਂ ਸੀ ਹੋ ਰਿਹਾ ਕਿ ਕਿਵੇਂ ਹਿੰਦੂ-ਸਿੱਖ-ਮੁਸਲਮਾਨ ਇੱਕ-ਦੂਜੇ ਦੇ ਲਹੂ ਦੇ ਤਿਹਾਏ ਹੋ ਗਏ ਹਨ। ਭਾਰਤ ਵਿਚ ਹਰ ਚੀਜ਼ ਹਮੇਸ਼ਾਂ ਵੱਡੇ ਪੱਧਰ 'ਤੇ ਵਾਪਰਦੀ ਹੈ। ਪੰਜਾਬ ਵਿਚ ਜਿੰਨੇ ਵੱਡੇ ਪੱਧਰ 'ਤੇ ਲੋਕ ਮਾਰੇ ਗਏ ਤੇ ਉਸ ਤੋਂ ਲੋਕਾਂ ਨੂੰ ਜਿੰਨੀ ਤਕਲੀਫ਼ ਹੋਈ ਤੇ ਉਨ੍ਹਾਂ ਨੇ ਜਿੰਨੀਆਂ ਮੁਸੀਬਤਾਂ ਝੱਲੀਆਂ; ਅਜਿਹੀ ਮਿਸਾਲ ਕਿਤੇ ਨਹੀਂ ਮਿਲਦੀ। ਯੂਰਪ ਵਿਚ ਲੋਕ ਇੱਕ-ਦੂਜੇ ਨੂੰ ਬੰਬਾਂ ਅਤੇ ਤੋਪਾਂ ਦੇ ਗੋਲਿਆਂ ਨਾਲ ਮਾਰਦੇ ਸਨ, ਜਾਂ ਗੈਸ ਚੈਂਬਰਾਂ ਵਿਚ ਬੰਦ ਕਰ ਕੇ ਮੌਤ ਦੇ ਘਾਟ ਉਤਾਰ ਦਿੰਦੇ ਸਨ ਪਰ ਪੰਜਾਬ ਦੇ ਲੋਕ ਬਾਂਸਾਂ, ਲਾਠੀਆਂ, ਹਾਕੀਆਂ, ਚਾਕੂ, ਛੁਰੇ, ਡੰਡੇ, ਤਲਵਾਰਾਂ, ਹਥੌੜਿਆਂ ਅਤੇ ਇੱਟਾਂ, ਪੱਥਰਾਂ ਭਾਵ ਜੋ ਵੀ ਨੇੜੇ ਹੈ, ਉਸੇ ਨਾਲ ਜਾਨ ਲੈਣੋਂ ਨਹੀਂ ਹਿਚਕਿਚਾਏ। ਇਹ ਕਤਲੇਆਮ ਅਚਾਨਕ ਐਵੇਂ ਨਹੀਂ ਸੀ ਹੋਇਆ, ਸਗੋਂ ਲੀਡਰਾਂ ਦੇ ਭੜਕਾਊ ਭਾਸ਼ਨਾਂ ਅਤੇ ਨਾਅਰਿਆਂ ਨੇ ਉਨ੍ਹਾਂ ਨੂੰ ਉਕਸਾਇਆ ਤੇ ਫਿਰ ਉਹ ਬੇਕਾਬੂ ਹੋ ਗਏ। ਹਿੰਸਾ, ਲਾਲਚ, ਧਰਮ ਸਭ ਨੇ ਉਨ੍ਹਾਂ ਨੂੰ ਅੰਨ੍ਹਿਆਂ ਕਰ ਦਿੱਤਾ।

ਗੋਰਖਾ ਰਜੀਮੈਂਟ ਦਾ ਕੈਪਟਨ ਅੱਖੀਂ-ਦੇਖੀਂ ਤਸਵੀਰ ਬਾਰੇ ਲਿਖਦਾ ਹੈ: "ਲਾਹੌਰ ਦੀਆਂ ਨਾਲੀਆਂ ਵਹਿੰਦੇ ਹੋਏ ਲਹੂ ਨਾਲ ਲਾਲ ਹੋ ਗਈਆਂ ਸਨ। ਇਹ ਖ਼ੂਬਸੂਰਤ ਸ਼ਹਿਰ ਜਿਸ ਨੂੰ ਪੂਰਬ ਦਾ ਪੈਰਿਸ ਕਿਹਾ ਜਾਂਦਾ ਸੀ, ਹੁਣ ਉਜਾੜੇ ਅਤੇ ਤਬਾਹੀ ਦੀ ਜਿਉਂਦੀ-ਜਾਗਦੀ ਤਸਵੀਰ ਬਣਿਆ ਹੋਇਆ ਸੀ। ਸਾਰੀਆਂ ਸੜਕਾਂ 'ਤੇ ਹਿੰਦੂਆਂ ਦੇ ਘਰ ਅੱਗ ਵਿਚ ਸੜ ਰਹੇ ਸਨ। ਮੁਸਲਿਮ ਪੁਲਿਸ ਅਤੇ ਫ਼ੌਜੀ ਖੜ੍ਹੇ ਦੇਖ ਰਹੇ ਸਨ। ਰਾਤ ਨੂੰ ਉਨ੍ਹਾਂ ਘਰਾਂ ਨੂੰ ਤਹਿਸ-ਨਹਿਸ ਕਰਦੇ ਲੁਟੇਰਿਆਂ ਦੀਆਂ ਆਵਾਜ਼ਾਂ ਇੰਜ ਆ ਰਹੀਆਂ ਸਨ ਜਿਵੇਂ ਲੱਕੜ ਨੂੰ ਸਿਉਂਕ ਦੇ ਕੀੜੇ ਖਾ ਰਹੇ ਹੋਣ।"



***ਆਜ਼ਾਦੀ ਕਿ ਉਜਾੜਾ: ਸੜਕਾਂ ਉਤੇ ਨੰਗੇ ਪੈਰੀਂ ਵਿਲਕ ਰਹੇ ਲੋਕ।***

ਨੇੜੇ ਹੀ ਅੰਬਰਸਰ ਸ਼ਹਿਰ ਦੇ ਜ਼ਿਆਦਾਤਰ ਮੁਸਲਿਮ ਇਲਾਕਿਆਂ ਵਿਚ ਇੱਟਾਂ ਅਤੇ ਮਲਬੇ ਦੇ ਢੇਰਾਂ ਤੋਂ ਇਲਾਵਾ ਕੁਝ ਨਹੀਂ ਸੀ ਬਚਿਆ। ਉਨ੍ਹਾਂ ਵਿਚੋਂ ਕਾਲਾ ਧੂੰਆਂ ਗੁੱਛਿਆਂ ਦੇ ਰੂਪ ਵਿਚ ਵਲ ਖਾਂਦਾ ਉਪਰ ਆਕਾਸ਼ ਵੱਲ ਵਧ ਰਿਹਾ ਸੀ। ਪੰਜਾਬ ਦੇ ਹਰ ਸ਼ਹਿਰ ਦਾ ਚਿਹਰਾ ਅਜਿਹੇ ਦ੍ਰਿਸ਼ਾਂ ਨੇ ਬਦਸੂਰਤ ਕਰ ਦਿੱਤਾ ਸੀ। ਲਾਇਲਪੁਰ ਵਿਚ ਕੱਪੜੇ ਦੀ ਇੱਕ ਮਿੱਲ ਦੇ ਮੁਸਲਮਾਨ ਮਜ਼ਦੂਰ ਆਪਣੇ ਵਾਂਗ ਹੀ ਕੰਮ ਕਰਨ ਵਾਲੇ ਸਿੱਖ ਮਜ਼ਦੂਰਾਂ 'ਤੇ ਟੁੱਟ ਪਏ। ਉਨ੍ਹਾਂ 'ਚੋਂ ਇੱਕ ਨੂੰ ਕਤਲ ਕਰ ਦਿੱਤਾ ਗਿਆ।

ਸ਼ਿਮਲੇ ਵਿਚ ਸੇਸਿਲ ਹੋਟਲ ਦੇ ਵਿਹੜੇ 'ਚ ਗਰਮੀਆਂ ਦੌਰਾਨ ਬਰਤਾਨਵੀ ਰਾਜ ਦੇ ਅਫ਼ਸਰ ਬਹਿ ਕੇ ਚਾਹ ਦੀਆਂ ਚੁਸਕੀਆਂ ਲਿਆ ਕਰਦੇ ਸਨ। ਲਾਰਡ ਮਾਊਂਟਬੈਟਨ ਦੇ ਇੱਕ ਅਫ਼ਸਰ ਦੀ ਪਤਨੀ ਨੇ ਉਥੇ ਜੋ ਕੁਝ ਦੇਖਿਆ, ਉਸ ਨੂੰ ਪੜ੍ਹ ਕੇ ਦਿਲ ਦਹਿਲ ਜਾਂਦਾ ਹੈ: "ਸਾਈਕਲਾਂ 'ਤੇ ਸਵਾਰ ਕੁਝ ਸਿੱਖ ਨੰਗੀਆਂ ਕਿਰਪਾਨਾਂ ਚਮਕਾਉਂਦੇ ਹੋਏ ਮਾਲ ਰੋਡ 'ਤੇ ਮੁਸਲਮਾਨਾਂ ਦਾ ਇੰਜ ਪਿੱਛਾ ਕਰ ਰਹੇ ਸਨ ਜਿਵੇਂ ਸ਼ਿਕਾਰੀ ਲੂੰਬੜੀਆਂ ਦਾ ਕਰਦੇ ਹਨ। ਉਹ ਆਪਣੇ ਹਫ਼ਦੇ ਹੋਏ ਸ਼ਿਕਾਰਾਂ ਦੇ ਪਿੱਛਿਉਂ ਦੀ ਆ ਕੇ ਵਾਰ ਕਰਦੇ ਸਨ ਅਤੇ ਇੱਕ ਹੀ ਵਾਰ ਨਾਲ ਸਿਰ ਧੜ ਨਾਲੋਂ ਵੱਖ ਕਰ ਦਿੰਦੇ ਸਨ।" ਇੱਕ ਹੋਰ ਅੰਗਰੇਜ਼ ਔਰਤ ਨੇ ਇਸੇ ਤਰ੍ਹਾਂ ਮੌਤ ਦਾ ਸ਼ਿਕਾਰ ਹੋਣ ਵਾਲੇ ਇੱਕ ਹੋਰ ਆਦਮੀ ਦਾ ਵੱਢਿਆ ਸਿਰ ਸੜਕ 'ਤੇ ਲੁੜਕਦਾ ਦੇਖਿਆ ਜਿਸ 'ਤੇ ਤੁਰਕੀ ਟੋਪੀ ਉਂਜ ਦੀ ਉਂਜ ਪਈ ਹੋਈ ਸੀ। ਉਹਦਾ ਹਤਿਆਰਾ ਆਪਣੀ ਖ਼ੂਨ ਲਿੱਬੜੀ ਕਿਰਪਾਨ ਚਮਕਾਉਂਦਾ ਹੋਇਆ ਤੇਜ਼ੀ ਨਾਲ ਦੂਜੇ ਸ਼ਿਕਾਰ ਦੀ ਭਾਲ ਵਿਚ ਅੱਗੇ ਚਲਾ ਗਿਆ। ਨਾਲ ਹੀ ਉਹ ਲਲਕਾਰੇ ਮਾਰ ਰਿਹਾ ਸੀ, "ਅਜੇ ਹੋਰ ਮਾਰਾਂਗਾ, ਛੱਡਾਂਗਾ ਨਹੀਂ ਹੋਰ ਮਾਰਾਂਗਾ।"

ਕਿਸੇ ਦਾ ਕਾਤਲ ਉਹਦਾ ਦੋਸਤ ਵੀ ਹੋ ਸਕਦਾ ਸੀ ਤੇ ਅਜਨਬੀ ਵੀ। ਮਿੰਟਗੁਮਰੀ ਦੇ ਬਾਜ਼ਾਰ ਵਿਚ ਨਿਰੰਜਨ ਸਿੰਘ ਚਾਹ ਵਾਲਾ ਹੁੰਦਾ ਸੀ। ਉਹ ਪੰਦਰਾਂ ਵਰ੍ਹਿਆਂ ਤੋਂ ਚਮੜੇ ਦੇ ਮੁਸਲਮਾਨ ਵਪਾਰੀ ਨੂੰ ਆਸਾਮ ਦੀ ਗਰਮਾ-ਗਰਮ ਸੁਆਦੀ ਚਾਹ ਪਿਲਾਉਂਦਾ ਆ ਰਿਹਾ ਸੀ। ਅਗਸਤ ਦੀ ਇੱਕ ਸਵੇਰ ਨੂੰ ਉਹੀ ਮੁਸਲਮਾਨ ਉਹਦੀ ਹੱਟੀ 'ਤੇ ਆਇਆ। ਨਿਰੰਜਨ ਸਿੰਘ ਨੇ ਚਾਹ ਬਣਾਉਂਦਿਆਂ ਅਚਾਨਕ ਉਹਦੇ ਵੱਲ ਵੇਖਿਆ। ਉਹਦਾ ਚਿਹਰਾ ਨਫ਼ਰਤ ਤੇ ਹਿੰਸਾ ਦਾ ਹਨੇਰਾ ਬਿੰਬ ਬਣਿਆ ਹੋਇਆ ਸੀ। ਉਹ ਨਿਰੰਜਨ ਸਿੰਘ ਵੱਲ ਉਂਗਲ ਕਰ ਕੇ ਉਚੀ-ਉਚੀ ਕਹਿ ਰਿਹਾ ਸੀ, "ਮਾਰ ਦਿਓ ਇਹਨੂੰ, ਬਚ ਕੇ ਨਾ ਜਾਏ, ਮਾਰ ਦਿਓ।"

ਦਰਜਨ ਦੇ ਕਰੀਬ ਮੁਸਲਮਾਨ ਗੁੰਡੇ ਭੱਜਦੇ ਹੋਏ ਗਲੀ ਵਿਚੋਂ ਨਿਕਲੇ। ਇੱਕ ਨੇ ਤਲਵਾਰ ਦੇ ਇੱਕੋ ਵਾਰ ਨਾਲ ਨਿਰੰਜਨ ਸਿੰਘ ਦੀ ਲੱਤ ਵੱਢ ਦਿੱਤੀ। ਦੂਜੇ ਹੀ ਪਲ ਉਨ੍ਹਾਂ ਨੇ ਉਹਦੇ 90 ਵਰ੍ਹਿਆਂ ਦੇ ਬਜ਼ੁਰਗ ਬਾਪ ਅਤੇ ਇਕਲੌਤੇ ਪੁੱਤ ਨੂੰ ਮਾਰ ਦਿੱਤਾ। ਬੇਹੋਸ਼ ਹੋਣ ਤੋਂ ਪਹਿਲਾਂ ਉਹਨੇ ਅਖੀਰਲਾ ਦ੍ਰਿਸ਼ ਦੇਖਿਆ ਕਿ ਜਿਸ ਆਦਮੀ ਨੂੰ ਉਹ ਪੰਦਰਾਂ ਵਰ੍ਹਿਆਂ ਤੋਂ ਚਾਹ ਪਿਲਾਉਂਦਾ ਆ ਰਿਹਾ ਸੀ, ਉਹ ਉਹਦੀ ਅਠਾਰਾਂ ਵਰ੍ਹਿਆਂ ਦੀ ਧੀ ਨੂੰ ਮੋਢੇ 'ਤੇ ਲੱਦੀ ਲਈ ਜਾ ਰਿਹਾ ਸੀ ਤੇ ਉਹ ਵਿਲਕਦੀ ਹਿਰਨੀ ਵਾਂਗ ਡਰ ਨਾਲ ਚੀਕ ਰਹੀ ਸੀ।

ਜ਼ਿਲ੍ਹਿਆਂ ਦੇ ਜ਼ਿਲ੍ਹੇ ਅਜਿਹੇ ਸਨ ਜਿਨ੍ਹਾਂ ਵਿਚ ਇੱਕ ਵੀ ਸ਼ਹਿਰ ਜਾਂ ਕਸਬਾ ਅਜਿਹਾ ਨਹੀਂ ਸੀ ਬਚਿਆ ਜਿਸ ਦੇ ਬਾਜ਼ਾਰ ਸਹੀ ਸਲਾਮਤ ਹੋਣ। ਹਰ ਥਾਂ ਘੱਟ ਗਿਣਤੀਆਂ ਵਿਚ ਦਹਿਸ਼ਤ ਤੇ ਡਰ ਪਸਰਿਆ ਹੋਇਆ ਸੀ।

ਜਿੱਥੇ ਸਿੱਖਾਂ ਦਾ ਜ਼ੋਰ ਸੀ, ਉਥੇ ਉਹ ਵਧੇਰੇ ਸੰਗਠਿਤ ਸਨ ਤੇ ਸਭ ਤੋਂ ਵੱਧ ਬੇਰਹਿਮ ਹਤਿਆਰੇ ਵੀ ਸਨ। ਅਹਿਮਦ ਜ਼ਫ਼ਰ-ਉਲਾ ਫਿਰੋਜ਼ਪੁਰ ਕੋਲ ਇੱਕ ਪਿੰਡ ਵਿਚ ਮੁਸਲਿਮ ਮੁਜਾਰਾ ਸੀ। ਇੱਕ

# ਪੰਜਾਬੀ ਸਿਨੇਮੈ ਵਿਚ ਬਾਲੀਵੁੱਡ ਕਲਾਕਾਰ


ਗ੍ਰੇਸੀ ਸਿੰਘ


ਮਾਹੀ ਗਿੱਲ

ਪੰਜਾਬੀ ਸਿਨੇਮਾ ਅੱਜਕੱਲ੍ਹ ਸਫ਼ਲਤਾ ਦੀਆਂ ਬੁਲੰਦੀਆਂ ਛੂਹ ਰਿਹਾ ਹੈ। ਇਹੀ ਕਾਰਨ ਹੈ ਕਿ ਹੁਣ ਬਾਲੀਵੁੱਡ ਦੇ ਸਟਾਰ ਵੀ ਪੰਜਾਬੀ ਫ਼ਿਲਮਾਂ ਵਿਚ ਆਉਣ ਲਈ ਰਾਜ਼ੀ ਹੋ ਰਹੇ ਹਨ। 2012 ਵਿਚ ਬਾਲੀਵੁੱਡ ਦੇ ਕਾਫ਼ੀ ਸਿਤਾਰਿਆਂ ਨੇ ਪੰਜਾਬੀ ਦੀਆਂ ਫ਼ਿਲਮਾਂ ਕੀਤੀਆਂ। 2013 ਵਿਚ ਵੀ ਬਾਲੀਵੁੱਡ ਦੇ ਕਾਫ਼ੀ ਸਿਤਾਰੇ ਪੰਜਾਬੀ ਫ਼ਿਲਮਾਂ ਵਿਚ ਨਜ਼ਰ ਆਉਣਗੇ। ਹਿੰਦੀ ਐਕਸ਼ਨ ਫ਼ਿਲਮਾਂ ਦੇ ਮੰਨੇ-ਪ੍ਰਮੰਨੇ ਸਿਤਾਰੇ ਸੰਨੀ ਦਿਓਲ ਨੇ ਵੀ ਪੰਜਾਬੀ ਫ਼ਿਲਮ ਬਣਾਉਣ ਦੀ ਇੱਛਾ ਜ਼ਾਹਰ ਕੀਤੀ ਹੈ। ਇਸ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਪੰਜਾਬੀ ਸਿਨੇਮੇ ਨੇ ਕੀ ਮੁਕਾਮ ਹਾਸਲ ਕੀਤਾ ਹੈ। ਸਾਲ 2012 ਵਿਚ 'ਆਪਾਂ ਫੇਰ ਮਿਲਾਂਗੇ' ਫ਼ਿਲਮ ਵਿਚ ਹਿੰਦੀ ਫ਼ਿਲਮਾਂ ਦੀ ਨਾਇਕਾ ਗ੍ਰੇਸੀ ਸਿੰਘ ਨੇ ਬਤੌਰ ਨਾਇਕਾ ਕੰਮ ਕੀਤਾ ਸੀ। ਇਸੇ ਤਰ੍ਹਾਂ 'ਦੇਵ ਡੀ' ਫ਼ਿਲਮ ਦੀ ਨਾਇਕਾ ਮਾਹੀ ਗਿੱਲ ਨੇ ਗਾਇਕ ਤੇ ਅਦਾਕਾਰ ਗਿੱਪੀ ਗਰੇਵਾਲ ਨਾਲ ਫ਼ਿਲਮ 'ਕੈਰੀ ਆਨ ਜੱਟਾ' ਵਿਚ ਬਤੌਰ ਨਾਇਕਾ ਕੰਮ ਕੀਤਾ। ਇਸ ਫ਼ਿਲਮ ਨੇ ਚੰਗੀ ਕਮਾਈ ਦੇ ਨਾਲ ਨਾਲ ਸਫ਼ਲਤਾ ਵੀ ਹਾਸਲ ਕੀਤੀ। ਚਰਚਾ ਵਿਚ ਰਹਿਣ ਵਾਲੀ ਮੋਨਿਕਾ ਬੇਦੀ ਨੇ ਫ਼ਿਲਮ 'ਸਿਰਫ਼ਿਰੇ' ਵਿਚ ਆਪਣੀ ਅਦਾ ਦੇ ਜਲਵੇ ਬਿਖੇਰੇ। ਇਹ ਫ਼ਿਲਮ ਭਾਵੇਂ ਚੰਗਾ ਕਾਰੋਬਾਰ ਨਹੀਂ ਕਰ ਸਕੀ ਪਰ ਮੋਨਿਕਾ ਦੀ ਇਸ ਵਿਚ ਦਮਦਾਰ ਐਂਟਰੀ ਰਹੀ। ਪੰਜਾਬੀ ਨਾਲ ਦੂਰ ਨੇੜੇ ਦਾ ਸਬੰਧ ਨਾ ਰੱਖਣ ਵਾਲੀ ਕਲੋਡੀਆ ਸਿਸਲਾ ਨੇ ਵੀ ਫ਼ਿਲਮ 'ਯਾਰ ਪਰਦੇਸੀ' ਵਿਚ ਬਤੌਰ ਨਾਇਕਾ ਰੋਲ ਅਦਾ ਕੀਤਾ। ਹਿੰਦੀ ਫ਼ਿਲਮਾਂ ਵਿਚ ਨਾਂਹ-ਪੱਖੀ ਕਿਰਦਾਰ ਨਿਭਾਉਣ ਵਾਲੇ ਮੁਕੇਸ਼ ਰਿਸ਼ੀ ਨੇ ਪੰਜਾਬੀ ਸਿਨੇਮੇ ਵਿਚ ਹਾਜ਼ਰੀ ਲਵਾਉਂਦਿਆਂ ਗਾਇਕ-ਅਦਾਕਾਰ ਅਮਰਿੰਦਰ ਗਿੱਲ ਦੀ ਫ਼ਿਲਮ 'ਟੌਹਰ ਮਿੱਤਰਾਂ ਦੀ' ਵਿਚ ਅਹਿਮ ਕਿਰਦਾਰ ਨਿਭਾਇਆ। 2013 ਵਿਚ ਗਿੱਪੀ ਗਰੇਵਾਲ ਦੀ ਫ਼ਿਲਮ 'ਲੱਕੀ ਦੀ ਅਣਲੱਕੀ ਸਟੋਰੀ' ਵਿਚ ਜੈਕੀ ਸ਼ਰਾਫ਼ ਆ ਰਿਹਾ ਹੈ। ਜ਼ਿੰਮੀ ਸ਼ੇਰਗਿੱਲ ਦੀ ਪੰਜਾਬੀ ਫ਼ਿਲਮ 'ਰੰਗੀਲੇ' ਵਿਚ ਨੇਹਾ ਧੂਪੀਆ ਬਤੌਰ ਨਾਇਕਾ ਨਜ਼ਰ ਆਈ। ਸਿਆਲੀ ਭਗਤ 'ਪੇਂਡੂ ਨਹੀਂ ਦਿਲਾਂ ਦੇ ਮਾੜੇ' ਫ਼ਿਲਮ ਵਿਚ ਨਜ਼ਰ ਆਏਗੀ। ਆਰਤੀ ਛਾਬੜੀਆ, ਦੀਆ ਮਿਰਜ਼ਾ ਵੀ ਪੰਜਾਬੀ ਫ਼ਿਲਮਾਂ ਵਿਚ ਨਜ਼ਰ ਆਉਣਗੀਆਂ।


ਸਿਆਲੀ ਭਗਤ



# ਸ੍ਰੀਦੇਵੀ ਨੇ ਇਕ ਵਾਰ ਫਿਰ ਸਿਰਾ ਲਾਇਆ

ਸੱਚਮੁੱਚ ਸ੍ਰੀਦੇਵੀ ਨੇ ਸਿਰਾ ਲਾ ਦਿੱਤਾ ਹੈ। ਆਪਣੀ ਦੂਜੀ ਪਾਰੀ ਦੌਰਾਨ ਵੀ ਉਸ ਨੇ ਆਪਣੀ ਪਹਿਲੀ ਪਾਰੀ ਜਿੰਨੀ ਹੀ ਚਰਚਾ ਕਰਵਾ ਲਈ ਹੈ। ਪਿੱਛੇ ਜਿਹੇ ਉਸ ਦੀ ਫਿਲਮ 'ਇੰਗਲਿਸ਼ ਵਿੰਗਲਿਸ਼' ਨੇ ਧੁੰਮਾਂ ਪਾਈਆਂ ਸਨ, ਹੁਣ ਪ੍ਰਸਿੱਧ ਫੈਸ਼ਨ ਪਰਚੇ 'ਵੋਗ' ਵਿਚ ਛਪਵਾਈਆਂ ਫੋਟੋਆਂ ਨੇ ਉਸ ਦੀ ਬੱਲੇ ਬੱਲੇ ਕਰ ਦਿੱਤੀ ਹੈ। ਸ੍ਰੀਦੇਵੀ ਨੇ ਅਗਲੇ ਸਾਲ 13 ਅਗਸਤ ਨੂੰ 50 ਸਾਲ ਦੀ ਹੋ ਜਾਣਾ ਹੈ, ਪਰ ਅੱਜ ਵੀ ਉਹ ਖਬਰਾਂ ਵਿਚ ਰਹਿਣ ਜੋਗੀ ਸਮਰੱਥਾ ਰੱਖਦੀ ਹੈ। ਉਮਰ ਦੇ ਲਿਹਾਜ਼ ਨਾਲ ਉਸ ਨੂੰ ਕੁਝ ਨਿਰਮਾਤਾਵਾਂ ਨੇ ਚਰਿੱਤਰ ਅਦਾਕਾਰਾ ਵਾਲੇ ਕਿਰਦਾਰਾਂ ਦੀ ਪੇਸ਼ਕਸ਼ ਕੀਤੀ ਸੀ, ਪਰ ਉਸ ਨੇ ਸਾਫ ਮਨਾ ਕਰ ਦਿੱਤਾ। ਉਹ ਅਸਲ ਵਿਚ ਅਜੇ ਵੀ ਜਵਾਨੀ ਵਾਲੇ ਰੰਗ ਦੀਆਂ ਫਿਲਮਾਂ ਬਣਾਉਣੀਆਂ ਚਾਹੁੰਦੀ ਹੈ। ਇਸੇ ਕਰ ਕੇ ਉਸ ਨੇ ਹੁਣ 'ਵੋਗ' ਵਿਚ ਰੰਗੀਲੀਆਂ ਫੋਟੋਆਂ ਛਪਵਾਈਆਂ ਹਨ। ਕਿਸੇ ਵੇਲੇ ਫਿਲਮੀ ਦਰਸ਼ਕਾਂ ਦਾ ਦਿਲ ਲੁੱਟਣ ਵਾਲੀ ਇਹ ਅਦਾਕਾਰਾ ਅੱਜ ਵੀ ਕੱਲ੍ਹ ਵਾਂਗ ਆਪਣਾ ਜਾਦੂ ਚਲਾਉਣ ਲਈ ਤਤਪਰ ਹੈ। ਸ੍ਰੀਦੇਵੀ ਦਾ ਜਨਮ ਤਾਮਿਲਨਾਡੂ ਦੇ ਉਸ ਕਸਬੇ ਦਾ ਹੈ ਜੋ ਪਟਾਕਿਆਂ ਲਈ ਬੜਾ ਮਸ਼ਹੂਰ ਹੈ। ਕਸਬੇ ਦਾ ਨਾਂ ਹੈ ਸਿਵਾਕਸ਼ੀ। ਫਿਲਮੀ ਦੁਨੀਆਂ ਵਿਚ ਸ੍ਰੀਦੇਵੀ ਪਟਾਕੇ ਵਾਂਗ ਹੀ ਚੱਲੀ ਸੀ। ਉਸ ਨੇ ਫਿਲਮੀ ਸਫਰ ਸ਼ੁਰੂ ਬਾਲ ਕਲਾਕਾਰ ਵਜੋਂ ਕੀਤਾ ਸੀ। ਉਦੋਂ ਉਸ ਦੀ ਉਮਰ ਮਹਿਜ਼ 4 ਸਾਲ ਸੀ। 1975 ਵਿਚ ਬਣੀ ਹਿੰਦੀ ਫਿਲਮ 'ਜੂਲੀ' ਵਿਚ ਉਸ ਨੇ ਬਾਲ ਕਲਾਕਾਰ ਵਜੋਂ ਹੀ ਕੰਮ ਕੀਤਾ ਸੀ। ਫਿਰ 13 ਸਾਲ ਦੀ ਉਮਰ ਵਿਚ ਉਹ ਦੱਖਣੀ ਭਾਰਤ ਦੀਆਂ ਫਿਲਮਾਂ ਦੀ ਹੀਰੋਇਨ ਬਣ ਗਈ, ਪਰ ਹਿੰਦੀ ਫਿਲਮਾਂ ਵਿਚ ਦਾਖਲੇ ਤੋਂ ਬਾਅਦ ਉਹ ਰਾਤੋ-ਰਾਤ ਸਟਾਰ ਬਣ ਗਈ। ਇਹ 1978 ਦੀ ਗੱਲ ਹੈ ਅਤੇ ਬਤੌਰ ਹੀਰੋਇਨ ਉਸ ਦੀ ਪਹਿਲੀ ਫਿਲਮ 'ਸੋਲਵਾਂ ਸਾਲ' ਰਿਲੀਜ਼ ਹੋਈ। ਇਹ ਫਿਲਮ ਤਾਂ ਬਹੁਤੀ ਨਹੀਂ ਚੱਲੀ, ਪਰ 1983 ਵਿਚ 'ਹਿੰਮਤਵਾਲਾ' ਦੀ ਸਫਲਤਾ ਨੇ ਉਸ ਨੂੰ ਚੋਟੀ 'ਤੇ ਪਹੁੰਚਾ ਦਿੱਤਾ। ਇਸ ਤੋਂ ਬਆਦ ਤਾਂ ਫਿਰ ਸਫਲ ਫਿਲਮਾਂ ਦੀ ਲਾਈਨ ਹੀ ਲੱਗ ਗਈ। ਉਦੋਂ ਫਿਲਮੀ ਦੁਨੀਆਂ ਵਿਚ ਉਸ ਦਾ ਮੁੱਖ ਮੁਕਾਬਲਾ ਜਯਾ ਪ੍ਰਦਾ ਨਾਲ ਹੁੰਦਾ ਸੀ ਜੋ ਅੱਜਕੱਲ੍ਹ ਸਿਆਸਤ ਦੇ ਖੇਤਰ ਵਿਚ ਸਰਗਰਮ ਹੈ। ਪਿਛਲੇ ਸਾਲ 2012 ਵਿਚ 15 ਸਾਲਾਂ ਦੇ ਵਕਫੇ ਪਿੱਛੋਂ ਉਸ ਦੀ ਹਿੰਦੀ ਫਿਲਮ 'ਇੰਗਲਿਸ਼ ਵਿੰਗਲਿਸ਼' ਰਿਲੀਜ਼ ਹੋਈ। ਫਿਲਮ ਵਾਹਵਾ ਸਫਲ ਰਹੀ ਅਤੇ ਉਸ ਦੇ ਕੰਮ ਦੀ ਵੀ ਪ੍ਰਸ਼ੰਸਾ ਹੋਈ, ਕਿਉਂਕਿ ਪਹਿਲੀਆਂ ਫਿਲਮਾਂ ਵਿਚ ਉਹ ਅਦਾਕਾਰੀ ਦੀ ਥਾਂ ਨਖਰੇ ਵੱਧ ਪ੍ਰਦਰਸ਼ਿਤ ਕਰਦੀ ਹੁੰਦੀ ਸੀ। ਸਾਲ 2013 ਵਿਚ ਭਾਰਤ ਸਰਕਾਰ ਨੇ ਉਸ ਨੂੰ ਪਦਮਸ੍ਰੀ ਦਾ ਖਿਤਾਬ ਵੀ ਦੇ ਦਿੱਤਾ। ਪਿਛਲੇ ਸਾਲ ਹੀ ਮੋਬਾਈਲ ਫੋਨਾਂ ਉਤੇ ਇਕ ਸਰਵੇਖਣ ਕੀਤਾ ਗਿਆ ਸੀ। ਇਸ ਵਿਚ ਸ੍ਰੀਦੇਵੀ ਨੂੰ ਚਾਹੁਣ ਵਾਲਿਆਂ ਦੀ ਗਿਣਤੀ ਸਭ ਤੋਂ ਵੱਧ ਸੀ। ਹੁਣ ਉਹ ਇਸ ਚਰਚਾ ਨੂੰ ਹੋਰ ਅੱਗੇ ਵਧਾ ਕੇ ਮੁੜ ਕਾਮਯਾਬ ਹੋਣਾ ਚਾਹੁੰਦੀ ਹੈ।



# 'ਚੇਨਈ ਐਕਸਪ੍ਰੈਸ' ਸਭ ਤੋਂ ਤੇਜ਼

ਸਟਾਰ ਅਦਾਕਾਰ ਸ਼ਾਹਰੁਖ ਖ਼ਾਨ ਅਤੇ ਦੀਪਿਕਾ ਪਾਦੂਕੋਣ ਦੀ ਨਵੀਂ ਫਿਲਮ 'ਚੇਨਈ ਐਕਸਪ੍ਰੈਸ' ਨੇ ਫਿਲਮੀ ਦੁਨੀਆ ਵਿਚ ਤਹਿਲਕਾ ਮਚਾ ਦਿੱਤਾ ਹੈ। ਇਸ ਨੇ ਪਹਿਲੇ ਹੀ ਦਿਨ ਬਾਕਸ ਉਤੇ 33.12 ਕਰੋੜ ਰੁਪਏ ਕਮਾ ਲਏ। ਫਿਲਮ ਨੇ ਪਹਿਲੇ ਤਿੰਨ ਦਿਨਾਂ ਅਤੇ ਵੀਰਵਾਰ ਨੂੰ ਹੋਏ ਵਿਸ਼ੇਸ਼ ਸ਼ੋਆਂ ਦੌਰਾਨ ਵਿਚ 100 ਕਰੋੜ ਰੁਪਏ ਕਮਾ ਕੇ ਰਿਕਾਰਡ ਬਣਾ ਦਿੱਤਾ ਹੈ। ਫ਼ਿਲਮ ਨੇ ਲੰਘੇ ਵੀਰਵਾਰ ਵਿਸ਼ੇਸ਼ ਸ਼ੋਆਂ ਦੌਰਾਨ 6.75 ਕਰੋੜ ਰੁਪਏ, ਸ਼ੁੱਕਰਵਾਰ ਨੂੰ 33.12 ਕਰੋੜ ਰੁਪਏ, ਸ਼ਨਿੱਚਰਵਾਰ ਨੂੰ 28.05 ਕਰੋੜ ਅਤੇ ਐਤਵਾਰ ਨੂੰ 32.50 ਕਰੋੜ ਰੁਪਏ ਕਮਾ ਲਏ। ਇਸ ਤੋਂ ਪਹਿਲਾਂ ਪੰਜ ਦਿਨਾਂ ਵਿਚ 100 ਕਰੋੜ ਰੁਪਏ ਕਮਾਉਣ ਦਾ ਰਿਕਾਰਡ ਸਲਮਾਨ ਖ਼ਾਨ ਦੀ ਫ਼ਿਲਮ 'ਏਕ ਥਾ ਟਾਈਗਰ' ਦੇ ਨਾਂ ਸੀ। ਰੋਹਿਤ ਸ਼ੈਟੀ ਦੀ ਨਿਰਦੇਸ਼ਨਾ ਹੇਠ ਭੱਜ ਰਹੀ 'ਚੇਨਈ ਐਕਸਪ੍ਰੈਸ' ਦੀ ਨਿਰਮਾਤਾ ਸ਼ਾਹਰੁਖ ਖਾਨ ਦੀ ਪਤਨੀ ਗੌਰੀ ਖਾਨ ਹੈ ਅਤੇ ਇਸ ਫਿਲਮ ਉਤੇ ਕੁੱਲ 70 ਕਰੋੜ ਰੁਪਏ ਖ਼ਰਚ ਆਏ ਹਨ।


'ਚੇਨਈ ਐਕਸਪ੍ਰੈਸ' ਦੀ ਸ਼ੂਟਿੰਗ ਵੇਲੇ ਹਾਸਾ-ਠੱਠਾ ਕਰਦੇ ਸ਼ਾਹਰੁਖ ਤੇ ਦੀਪਿਕਾ।

ਫਿਲਮ ਕਾਰੋਬਾਰੀਆਂ ਨੇ ਇਸ ਫਿਲਮ ਦੀ ਪਹਿਲੇ ਦਿਨ ਦੀ ਕਮਾਈ ਨੂੰ ਵੀ ਰਿਕਾਰਡ ਕਰਾਰ ਦਿੱਤਾ ਹੈ। ਇਸ ਫਿਲਮ ਨੇ ਪਹਿਲੇ ਦਿਨ ਦੀ ਕੁੱਲ ਕਮਾਈ ਦਾ ਸਲਮਾਨ ਖਾਨ ਦੀ ਫਿਲਮ 'ਏਕ ਥਾ ਟਾਈਗਰ' ਦਾ ਰਿਕਾਰਡ ਵੀ ਤੋੜ ਦਿੱਤਾ ਹੈ। 'ਏਕ ਥਾ ਟਾਈਗਰ' ਫਿਲਮ ਨੇ ਪਹਿਲੇ ਦਿਨ 32.93 ਕਰੋੜ ਕਮਾਏ ਸਨ। 'ਚੇਨਈ ਐਕਸਪ੍ਰੈਸ' ਆਮਿਰ ਖਾਨ ਦੀ ਫਿਲਮ '3 ਇਡੀਅਟਸ' ਦੀ ਵਿਸ਼ੇਸ਼ ਸ਼ੋਆਂ ਦੀ ਕੁੱਲ ਕਮਾਈ ਦਾ ਰਿਕਾਰਡ ਵੀ ਪਛਾੜ ਦਿੱਤਾ ਹੈ। '3 ਇਡੀਅਟਸ' ਨੇ ਵਿਸ਼ੇਸ਼ ਸ਼ੋਆਂ ਵਿਚ 2.75 ਕਰੋੜ ਕਮਾਏ ਸਨ ਅਤੇ ਇਸ ਫਿਲਮ ਨੇ 6 ਕਰੋੜ ਰੁਪਏ ਖਿੱਚ ਲਏ ਹਨ।

ਫਿਲਮ ਵਿਚ ਸ਼ਾਹਰੁਖ਼ ਅਤੇ ਦੀਪਿਕਾ ਤੋਂ ਇਲਾਵਾ ਲੇਖ ਟੰਡਨ, ਕਾਮਨੀ ਕੌਸ਼ਲ ਦੀਆਂ ਅਹਿਮ ਭੂਮਿਕਾਵਾਂ ਹਨ। ਫਿਲਮ ਦੀ ਸ਼ੁਰੂਆਤ 5 ਅਕਤੂਬਰ 2012 ਨੂੰ ਸ਼ੁਰੂ ਹੋਈ ਸੀ ਅਤੇ ਇਸ ਦਾ ਪ੍ਰਚਾਰ ਦੱਬ ਕੇ ਕੀਤਾ ਗਿਆ। ਹੁਣ ਭਾਰਤ ਭਰ ਵਿਚ ਇਸ ਦੇ 3500 ਪ੍ਰਿੰਟ ਅਤੇ ਵਿਦੇਸ਼ਾਂ ਵਿਚ 700 ਤੋਂ ਉਤੇ ਪ੍ਰਿੰਟ ਜਾਰੀ ਕੀਤੇ ਗਏ ਹਨ। ਸ਼ਾਹਰੁਖ ਅਤੇ ਦੀਪਿਕਾ ਇਸ ਤੋਂ ਪਹਿਲਾਂ 'ਓਮ ਸ਼ਾਂਤੀ ਓਮ' (2007) ਵਿਚ ਵੀ ਇਕੱਠੇ ਆਏ ਸਨ। ਉਦੋਂ ਇਸ ਫਿਲਮ ਨੇ ਵੀ ਚੰਗੀ ਕਮਾਈ ਕੀਤੀ ਸੀ। 'ਚੇਨਈ ਐਕਸਪ੍ਰੈਸ' ਦਾ ਸੰਗੀਤ ਵਿਸ਼ਾਲ ਅਤੇ ਸ਼ੇਖਰ ਦੀ ਜੋੜੀ ਨੇ ਤਿਆਰ ਕੀਤਾ ਹੈ। ਫਿਲਮ ਅਲੋਚਕਾਂ ਨੇ ਵੀ ਇਸ ਫਿਲਮ ਨੂੰ ਵਾਹ-ਵਾਹ ਨੰਬਰ ਦਿੱਤੇ ਹਨ। ਇਨ੍ਹਾਂ ਦਾ ਕਹਿਣਾ ਹੈ ਕਿ ਰੋਹਿਤ ਸ਼ੈਟੀ ਆਪਣਾ ਰੰਗ ਦਿਖਾਉਣ ਵਿਚ ਕਾਮਯਾਬ ਰਿਹਾ ਹੈ। 'ਚੇਨਈ ਐਕਸਪ੍ਰੈਸ' ਤੋਂ ਪਹਿਲਾਂ ਰੋਹਿਤ ਸ਼ੈਟੀ ਦੀਆਂ ਫ਼ਿਲਮਾਂ 'ਸਿੰਘਮ' ਅਤੇ 'ਗੋਲਮਾਲ' ਨੇ ਵੀ ਚੋਖੀ ਕਮਾਈ ਕੀਤੀ ਸੀ। 'ਚੇਨਈ ਐਕਸਪ੍ਰੈਸ' ਲਈ ਤਾਂ ਹੁਣ ਅਗਲੀ ਚੁਣੌਤੀ 200 ਕਰੋੜ ਰੁਪਏ ਦਾ ਟੀਚਾ ਪਾਰ ਕਰਨ ਦੀ ਬਣ ਗਈ ਲਗਦੀ ਹੈ। ਫਿਲਮੀ ਕਾਰੋਬਾਰ ਨਾਲ ਸਬੰਧਤ ਲੋਕਾਂ ਮੁਤਾਬਕ 'ਚੇਨਈ ਐਕਸਪ੍ਰੈਸ' ਜਿੰਨੀ ਸਪੀਡ ਨਾਲ ਭੱਜ ਰਹੀ ਹੈ, ਫਿਲਮ ਇਹ ਟੀਚਾ ਵੀ ਪਾਰ ਕਰ ਲਵੇਗੀ।


ਦੀਪਿਕਾ ਪਾਦੂਕੋਣ

# AASA (Asian American Seniors Association)
# NKPI (Navraaz K. Productions Inc.) &
# PHACA (Pakistan Heritage and Cultural Association)

*Proudly present*



## The 6th Global Punjabi Milaap
## Punjabi Sanjh

## *Sat., August 24, 2013*

*(2 p.m. to 6 p.m)*

**Holiday Inn.:** 200 E Rand Road, Mt. Prospect, IL 60059

## ਗਲੋਬਲ ਪੰਜਾਬੀ ਮਿਲਾਪ
## 'ਪੰਜਾਬੀ ਸਾਂਝ'

## 24 ਅਗਸਤ 2013

**ਸਨਿਚਰਵਾਰ**

*ਬਾਅਦ ਦੁਪਹਿਰ 2 ਤੋਂ ਸ਼ਾਮ 6 ਵਜੇ ਤੱਕ*

ਸਾਡਾ ਮਨੋਰਥ 1947 ਦੀ ਮੰਦਭਾਗੀ ਵੰਡ ਕਰਕੇ ਵਿਛੜੇ ਲੋਕਾਂ ਨੂੰ ਇਕ ਦੂਜੇ ਦੇ ਨਜ਼ਦੀਕ ਲਿਆਉਣਾ ਹੈ। ਇਨ੍ਹਾਂ ਵਿਚੋਂ ਬਹੁਤ ਸਾਰੇ ਲੋਕ ਵਿਦੇਸ਼ਾਂ ਵਿਚ ਵੱਸੇ ਹੋਏ ਹਨ ਅਤੇ ਉਹ ਆਪਣੇ ਮਾਂ-ਭੂਮੀ ਅਤੇ ਬਚਪਨ ਦੀਆਂ ਯਾਦਾਂ ਸਾਂਝੀਆਂ ਕਰਕੇ ਖੁਸ਼ੀ ਮਹਿਸੂਸ ਕਰਨਗੇ।




**We bring the people of Punjab together who were affected by the partition of 1947. Many of them live overseas, so they can freely share memories of their birthplace & childhood.**

**For Further Information, Please Contact: senioraasa@aol.com OR**
**Thakar S. Basati: 847-736-6092, Prof. Jagindar Singh Ramdev: 847-543-7565**
**Sajid Chaudhry: 773-213-3775**

***SPONSORS AND ORGANIZERS:***

Amolak Singh Gidda, Happy Heer, Narinderpal S. Sood, Nazar Naqvi, Satinder Singh Sussana, Azad Driving School, Sandhu Patroleum, Ali Akhtar, Javed Bhatty, Riaz Baber, Kishwar Mehmood, Bakhshish Singh Gahley, Kuldip S. Turke, Tahir Zohail, Ajmer S Pannu, Asif Malik, Raja Razak, GS Bhullar, Abdul Jalil, Satkal Trust, PHO Chicago, PCS Chicago, Punjab Sweets, Ravi Carpets, Punjabi American Org., IFCAPS, Chicago Punjabi Lions Club, Punjabi Youth Assoc.

Media: Punjab Times, Raunak Mela Radio, www.ChanPardesiradio.com, Urdu Times, Pakistan News

**!!!!!!!!!!!Sponsors Welcome!!!!!!!!!!!! FREE PARKING AVAILABLE**


Punjabi RADIO USA
PUNJABI RADIO USA
GURBANI RADIO
NON-STOP PUNJABI
NON-STOP HINDI
non-stop hindi
Punjabi RADIO USA
Contact Us
Listen for free:
1. Punjabi Radio USA LIVE!
2. Gurbani Radio
3. Non-Stop Punjabi Songs
4. Non-Stop Hindi Songs
ਪੰਜਾਬੀ ਰੇਡੀਓ ਯੂਐਸਏ
Punjabi RADIO USA
Uniting Punjabi's All Over
www.PunjabiRadioUSA.com
408-272-5200
ਗੁਰਬਾਣੀ
24 ਘੰਟੇ ਸੁਣਨ ਲਈ
Dial 832.551.5029 Ext. 4
www.GurbaniRadio.org
ਪੰਜਾਬੀ ਗਾਣੇ
24 ਘੰਟੇ ਸੁਣਨ ਲਈ
Dial 832.551.5029 Ext. 3
www.NonStopPunjabi.com
DOWNLOAD THE NEW FREE IPHONE and ANDROID APP (Search for "Punjabi Radio USA" in App store and Google Play)


KHALSA
INSURANCE AGENCY, INC.
STARTING A NEW OR HAVE AN EXISTING TRUCKING BUSINESS?
LONG HAUL OR LOCAL TRUCKING
» General Liability
» Auto Liability
» Bobtail Liability (Non-Trucking)
» Cargo
» Physical Damage
» Work - Comp
Call now for the LOWEST PRICES!
408-272-2500
www.KHALSAINSURANCE.com
3750 McKee Rd Suite A , San Jose, CA 95127
Call to check our lowest rates for Auto • Home • Health • Life. You won't believe It.
Licensed in: Alabama • Arkansas • Arizona • California • Colorado • Connecticut • DC • Georgia
Florida • Idaho • Iowa • Indiana • Illinois • Kansas • Louisiana • Maryland • Mississippi • Michigan
Minnesota • Nevada • New Jersey • New York • New Mexico • Oregon • Ohio • Oklahoma
Pennsylvania • Texas • Utah • Virginia • Vermont • Washington • Wisconsin
Khalsa Insurance Agency, Inc. CA LICENSE #0F89805

# Clay Oven



**We Cater!**
For all occasions
Up to 10,000 people
All live cooking on the spot.

Lunch Buffet
11am-3pm
$7.95

*Dinner 20% off*

ਕੈਟਰਿੰਗ ਲਈ ਸਾਨੂੰ ਕਾਲ ਕਰੋ

Call for packages today
**Ph: 847-219-7432**

ਅਸੀਂ ਮਿਡਵੈਸਟ ਦੀਆਂ ਸਾਰੀਆਂ ਸਟੇਟਾਂ ਵਿਚ ਕੈਟਰਿੰਗ ਕਰਦੇ ਹਾਂ

855 East Schaumburg Rd., Schaumburg, IL 60194
Ph: 847-524-3007




28523 Ford Road, Garden City, MI 48135 - e-mail: DICECDJ@GMAIL.COM - www.thedjdice.com

# The Anu Attorney Immigration Law Firm
## Law offices of Anu Peshawaria

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



*Anu Peshawaria*
*Attorney at Law*

*Licensed to practice Immigration & Bankruptcy in all 50 states.*
More than 20 year experience in US immigration & Indian law

**US IMMIGRATION**
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

**FAMILY LAW**
*Divorce *Annulment
*International Custody

**INCORPORATIONS**
*International Contracts, Mergers
*Attorney Supreme Court of India
*Bankruptcy Consultation & Filing

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801, Pine Street, # 21 H, Seattle, Washington 98101
Offices: Seattle, WA *Fremont, CA *UK *Canada *India

Weekends & Evening Appointments Available

# Syan Video Production, Inc.



ਰਾਜਿੰਦਰ ਸਿੰਘ

ਵਿਆਹ-ਸ਼ਾਦੀ ਹੋਵੇ, ਖੁਸ਼ੀ ਦਾ ਕੋਈ ਵੀ ਮੌਕਾ ਜਾਂ ਫਿਰ ਯਾਦਗਾਰੀ ਪਲ ਆਪਣੀਆਂ ਯਾਦਾਂ ਨੂੰ ਬਿਹਤਰੀਨ ਤਰੀਕੇ ਨਾਲ ਸਾਂਭਣ ਲਈ ਸੇਵਾ ਦਾ ਮੌਕਾ ਦਿਓ ਮਿਸ਼ੀਗਨ, ਇੰਡੀਆਨਾ, ਇਲੀਨਾਏ, ਓਹਾਇਓ, ਆਇਓਆ

*Professional HD Video & Digital Photo Production*

Multiple Camera shooting/Digital Still Photography
(with flush mount album)
Live Video Display With Large Screens
DJ Service with Laser Lights
Call Toll Free: 1-800-RAJ-SYAN
(with 17 years Experienced)

**Call:734-261-0936 or 734-890-1767**
e-mail: raj@syanvideo.com or visit at: www.syanvideo.com

# Dhillon Truck Stop
## Dhillon Road Service

Interstate 40, exit 356, San Jon, NM




ਡੀਜ਼ਲ ਅਤੇ ਰੋਡ ਸਰਵਿਸ

New & Used Tires
Oil Change

ਨਿਊ ਮੈਕਸੀਕੋ ਦੀ ਸਕੇਲ ਉਤੇ ਵੀ ਸਰਵਿਸ ਦਿੰਦੇ ਹਾਂ

Ph:575-576-4111, 575-815-8536

ੴ ਸਤਿਗੁਰ ਪ੍ਰਸਾਦਿ॥

# ਪ੍ਰਕਾਸ਼ ਉਤਸਵ ਸ੍ਰੀ ਗੁਰੂ ਗ੍ਰੰਥ ਸਾਹਿਬ

## ਪਹਿਲੀ ਸਤੰਬਰ 2013 (ਦਿਨ ਐਤਵਾਰ)

**Primo West -The Palms Conference Hall**

**2353 Perry Rd., Plainfield, IN 46168**



### ਪਹੁੰਚ ਰਹੇ ਰਾਗੀ-ਢਾਡੀ ਜਥੇ ਅਤੇ ਪੰਥਕ ਬੁਲਾਰੇ

ਹਜ਼ੂਰੀ ਰਾਗੀ ਭਾਈ ਗੁਰਮੇਲ ਸਿੰਘ, ਅਮਰੀਕਨ ਸਿੱਖਸ ਕੀਰਤਨੀ ਜਥਾ (ਗੁਰੂ ਰਾਮ ਦਾਸ ਆਸ਼ਰਮ, ਲਾਸ ਏਂਜਲਸ, ਕੈਲੀਫੋਰਨੀਆ), ਕਥਾਵਾਚਕ ਭਾਈ ਪਰਮਜੀਤ ਸਿੰਘ ਉਤਰਾਖੰਡ, ਭਾਈ ਹਰਿੰਦਰ ਸਿੰਘ, ਸੈਨ ਐਨਟੋਨੀਓ, ਟੈਕਸਸ, ਢਾਡੀ ਜਥਾ ਗਿਆਨੀ ਕੇਵਲ ਸਿੰਘ ਕੋਮਲ, ਡਾ. ਅਮਰਜੀਤ ਸਿੰਘ ਵਾਸ਼ਿੰਗਟਨ

ਸ਼ਬਦ ਗੁਰੂ ਜੁਗੋ ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਦਿਹਾੜਾ ਮਿਡਵੈਸਟ ਦੀਆਂ ਸੰਗਤਾਂ ਵਲੋਂ ਪਹਿਲੀ ਸਤੰਬਰ 2013, ਐਤਵਾਰ ਨੂੰ ਇੰਡੀਅਨਐਪੋਲਿਸ ਵਿਚ ਪਹਿਲੀ ਵਾਰ ਮਨਾਇਆ ਜਾ ਰਿਹਾ ਹੈ। ਇਸ ਮੌਕੇ ਪੰਥ ਪ੍ਰਸਿਧ ਕੀਰਤਨੀ ਅਤੇ ਢਾਡੀ ਜਥੇ, ਕਥਾਵਾਚਕ ਤੇ ਪੰਥਕ ਬੁਲਾਰੇ ਪਹੁੰਚ ਰਹੇ ਹਨ। ਸਮੂਹ ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਇਸ ਸਮਾਗਮ ਵਿਚ ਪਹੁੰਚ ਕੇ ਗੁਰ ਸ਼ਬਦ ਕੀਰਤਨ ਤੇ ਵਿਆਖਿਆ ਅਤੇ ਪੰਥਕ ਬੁਲਾਰਿਆਂ ਦੇ ਵਿਚਾਰ ਸੁਣ ਕੇ ਜੀਵਨ ਸਫਲੇ ਕਰੋ ਜੀ।

*ਗੁਰੂ ਕਾ ਲੰਗਰ ਅਤੁੱਟ ਵਰਤੇਗਾ ਜੀ।*

## ਸਹਿਯੋਗੀ ਗੁਰਦੁਆਰਾ ਕਮੇਟੀਆਂ ਅਤੇ ਸੰਸਥਾਵਾਂ

**ਗੁਰਦੁਆਰਾ ਗੁਰ ਸ਼ਬਦ ਪ੍ਰਕਾਸ਼, ਇੰਡੀਅਨਐਪੋਲਿਸ**
ਰਾਜਪਾਲ ਸਿੰਘ ਭੱਠਲ 559-970-8608, ਬਲਵਿੰਦਰ ਸਿੰਘ ਸੰਧੂ 317-627-4870, ਭੁਪਿੰਦਰ ਸਿੰਘ ਤੁੰਗ 317-373-6299, ਕਰਤਾਰ ਸਿੰਘ ਬੈਂਸ 317-902-2665, ਹਰਪਾਲ ਸਿੰਘ ਚੀਮਾ 317-408-3211, ਗੁਰਜੀਤ ਸਿੰਘ ਸੰਘੇੜਾ 707-249-5093, ਜਗਤਾਰ ਸਿੰਘ ਲਿੱਧੜ 317-371-1406, ਪਰਮਿੰਦਰ ਸਿੰਘ ਗਰੇਵਾਲ 317-457-4500, ਤਰਲੋਕ ਸਿੰਘ 317-650-4420, ਸੁਖਵਿੰਦਰ ਸਿੰਘ ਗਿਰਨ 908-803-2814, ਕੁਲਦੀਪ ਸਿੰਘ 317-313-9996, ਹਰਭਜਨ ਸਿੰਘ ਬਾਜਵਾ 317-441-9494, ਪਰਮਿੰਦਰ ਸਿੰਘ 317-354-5870

**ਗੁਰਦੁਆਰਾ ਸ੍ਰੀ ਹਰਗੋਬਿੰਦ ਸਾਹਿਬ, ਗਰੀਨਵੁਡ**
ਭੁਪਿੰਦਰ ਸਿੰਘ, ਸੁਖਮਿੰਦਰ ਸਿੰਘ, ਦਲਜੀਤ ਸਿੰਘ, ਹਰਦੀਪ ਸਿੰਘ, ਹਰਵਿੰਦਰ ਸਿੰਘ, ਜਸਵੀਰ ਸਿੰਘ, ਗੁਰਪ੍ਰੀਤ ਸਿੰਘ, ਗੁਰਦੀਪ ਸਿੰਘ, ਸੁਰਜੀਤ ਸਿੰਘ, ਹਰਕਿਸ਼ਨ ਸਿੰਘ, ਚਤਰਪਾਲ ਸਿੰਘ ਆਹਲੂਵਾਲੀਆ, ਹਰਪਾਲ ਸਿੰਘ।

**ਗੁਰਦੁਆਰਾ ਗੁਰੂ ਨਾਨਕ ਸਿੱਖ ਸੁਸਾਇਟੀ ਇੰਕ, ਇੰਡੀਅਨਐਪੋਲਿਸ**
ਗੁਰਦਿਆਲ ਸਿੰਘ, ਮਾਸਟਰ ਫੁੰਮਣ ਸਿੰਘ, ਸਵਰਨ ਸਿੰਘ, ਮਲਕੀਤ ਸਿੰਘ, ਜਰਨੈਲ ਸਿੰਘ, ਰੇਸ਼ਮ ਸਿੰਘ, ਚਰਨਜੀਤ ਸਿੰਘ ਸਾਹੀ, ਪ੍ਰੀਤਮੋਹਨ ਸਿੰਘ।

**ਸੰਤ ਬਾਬਾ ਪ੍ਰੇਮ ਸਿੰਘ ਸਿੱਖ ਕਲਚਰਲ ਸੁਸਾਇਟੀ, ਇੰਡੀਅਨਐਪੋਲਿਸ**
ਬਲਦੇਵ ਸਿੰਘ ਸੱਲ੍ਹਾਂ, ਗੁਰਮੀਤ ਸਿੰਘ ਸੱਲ੍ਹਾਂ, ਜਸਬੀਰ ਸਿੰਘ ਡਿਪਟੀ, ਇੰਦਰਜੀਤ ਸਿੰਘ ਡਾਲਾ, ਸੰਨੀ ਡਾਲਾ, ਮਨਜੀਤ ਸਿੰਘ ਸੱਲ੍ਹਾਂ, ਨੀਟੂ ਘੋਤੜਾ, ਲਖਵਿੰਦਰ ਸਿੰਘ ਲੱਖੀ, ਰੂਬਲ ਸਿੰਘ, ਦਲਵਿੰਦਰ ਸਿੰਘ ਗੋਰਾਇਆ, ਬਲਵਿੰਦਰ ਸਿੰਘ ਖੱਖ, ਬਲਦੇਵ ਸਿੰਘ ਰਾਈਸ ਮਿਲ, ਪ੍ਰਿਥਪਾਲ ਸਿੰਘ ਘੋਤੜਾ, ਜਸਪਾਲ ਸਿੰਘ ਘੋਤੜਾ।

**ਗੁਰਦੁਆਰਾ ਗੁਰੂ ਨਾਨਕ ਦਰਬਾਰ, ਫਿਸ਼ਰ, ਇੰਡੀਆਨਾ**
ਭਾਈ ਕੁਲਵਿੰਦਰ ਸਿੰਘ, ਰਣਜੀਤ ਸਿੰਘ ਦਿਓਲ, ਰਾਜਿੰਦਰ ਸਿੰਘ, ਬਲਦੇਵ ਸਿੰਘ, ਬਲਵਿੰਦਰ ਸਿੰਘ ਸੰਘੇੜਾ, ਓਂਕਾਰ ਸਿੰਘ, ਗੁਰਬਚਨ ਸਿੰਘ, ਜੇ ਪੀ ਖਹਿਰਾ, ਰਸ਼ਪਾਲ ਸਿੰਘ, ਬਲਦੇਵ ਸਿੰਘ ਥਿੰਦ, ਕਮਲਜੀਤ ਸਿੰਘ ਬੈਂਸ, ਅਮਰੀਕ ਸਿੰਘ, ਪਰਮਜੀਤ ਸਿੰਘ, ਨੱਥਾ ਸਿੰਘ ਤੂਰ, ਪਰਮਜੀਤ ਸਿੰਘ ਸੈਣੀ, ਡਾ. ਕੰਵਲਦੀਪ ਸਿੰਘ ਸਿੱਧੂ, ਡਾ. ਹਰਕੀਰਤ ਸਿੰਘ ਸੱਗੂ, ਦਲਵਾਰਾ ਸਿੰਘ, ਗੁਰਪ੍ਰੀਤ ਸਿੰਘ ਮੱਲ੍ਹੀ, ਬੀਬੀ ਪਸ਼ਵਿੰਦਰ ਕੌਰ, ਕਮਲਜੀਤ ਸਿੰਘ।

**ਗੁਰਦੁਆਰਾ ਗੋਬਿੰਦ ਮਾਰਗ ਸੁਸਾਇਟੀ, ਇੰਡੀਅਨਐਪੋਲਿਸ**
ਅਮਨਦੀਪ ਸਿੰਘ ਸੁੱਖ, ਅਵਤਾਰ ਸਿੰਘ, ਸਰਬਜੀਤ ਸਿੰਘ, ਹਰਬੰਸ ਸਿੰਘ, ਅਮਰਜੀਤ ਸਿੰਘ, ਸਨਦੀਪ ਸਿੰਘ।

**ਮੀਰੀ ਪੀਰੀ ਸਪੋਰਟਸ ਕਲੱਬ, ਗਰੀਨਵੁਡ (ਇੰਡੀਆਨਾ)**
ਪਰਮਜੀਤ ਸਿੰਘ ਸਿੱਧੂ, ਸਤਵੰਤ ਸਿੰਘ ਨਿੱਜਰ, ਕੁਲਵੰਤ ਸਿੰਘ ਦਿਓਲ, ਦਰਸ਼ਨ ਸਿੰਘ ਦਰੜ, ਅਮਰਜੀਤ (ਜਿੰਮੀ) ਬਰਾੜ, ਤੀਰਥ ਅਟਵਾਲ (ਮਿੱਤਰਾਂ ਦਾ ਢਾਬਾ), ਮਨਜੀਤ ਸਿੰਘ ਨਾਗਰਾ, ਸਵਰਨ ਸਿੰਘ ਧਾਮੀ, ਸੁਖਦੇਵ ਸਿੰਘ ਭੋਗਲ, ਸੁਖਦੇਵ ਸਿੰਘ ਤੂਰ, ਬਲਦੇਵ ਸਿੰਘ ਬਾਲਾ।

**ਹੋਰ ਸਹਿਯੋਗੀ:** ਪ੍ਰੋ. ਨਿਰੰਜਣ ਸਿੰਘ ਢੇਸੀ, ਪ੍ਰਿੰਸੀਪਲ ਜਸਬੀਰ ਸਿੰਘ, ਡਾ. ਬਜਿੰਦਰ ਸਿੰਘ, ਡਾ. ਰਾਜਿੰਦਰ ਸਿੰਘ, ਗੁਰਿੰਦਰ ਸਿੰਘ ਸੰਧੂ, ਕੁਲਦੀਪ ਸਿੰਘ ਚੱਠਾ, ਰਵੀਪਾਲ ਸਿੰਘ, ਮਲਕ ਸਿੰਘ, ਕਮਲਜੀਤ ਸਿੰਘ, ਮਨਪ੍ਰੀਤ ਸਿੰਘ ਮਨੀ, ਹਰਨੇਕ ਸਿੰਘ, ਜਸਵੰਤ ਸਿੰਘ, ਕਥਾਵਾਚਕ ਭਾਈ ਹਰਮਨਪ੍ਰੀਤ ਸਿੰਘ।

**Mayflower Insurance and Tax services,CPA (Bobby Shah 317-300-0300)**

**Pattar and Company (Ravindra B. Pattar 317-791-2216)**

**Restaurant and Indian Grocery Stores:**
Desi Bazar Greenwood, IN 317-888-2040
Indian Bazar Greenwood, IN 317-865-9600
Tandoori King Indianapolis, IN 317-240-8000
Delhi Palace Indian Restaurant 317-824-1600
Indian Palace Indian Restaurant 317-298-0773

***For More Info., Please Contact:***

**S. Avtar Singh Bassi 201-913-3000**
**S. Hardeep Singh Virdi 310-801-8801**
**S. Kulbir Singh 812-236-9342**
**S. Manjit Singh Purewal 317-383-7862**
**S. Balwinder Singh Sandhu 317-627-4870**
**S. Kartar Singh Bains 317-902-2665**
**S. Bhupinder Singh Tung 317-373-6299**